ਸੱਚੋ-ਸੱਚ

ਅਮਰੀਕਾ ਦਾ ਸਫ਼ਰਨਾਮਾ

ਨਰਿੰਦਰ ਸਿੰਘ ਕਪੂਰ



ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ ਸੰਗ੍ਰਹਿ	:	ਮਾਲਾ ਮਣਕੇ
ਲੇਖ ਸੰਗ੍ਰਹਿ	:	ਡੂੰਘੀਆਂ ਸਿਖਰਾਂ ਰਾਹ-ਰਸਤੇ ਅੰਤਰ ਝਾਤ ਆਹਮੋ-ਸਾਹਮਣੇ ਬੂਹੇ-ਬਾਰੀਆਂ ਸੁਖ਼ਨ-ਸੁਨੇਹੇ ਵਿਆਖਿਆ-ਵਿਸ਼ਲੇਸ਼ਣ ਸੱਚੋ-ਸੱਚ ਤਰਕਵੇਦ
ਆਲੋਚਨਾ ਅਤੇ ਖੋਜ	:	ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ ਪੰਜਾਬੀ ਪੱਤਰਕਾਰੀ ਦਾ ਵਿਕਾਸ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ ਜੱਸਾ ਸਿੰਘ ਆਹਲੂਵਾਲੀਆ ਮਾਰਟਿਨ ਲੂਥਰ ਕਿੰਗ ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ

ਸੱਚੋ-ਸੱਚ

ਨਰਿੰਦਰ ਸਿੰਘ ਕਪੂਰ

Sacho-Sach

(America Da Safarnama)

(A Collection of Essays)

by

Dr. Narinder Singh Kapoor
4245, Phase 2, Urban Estate,
PATIALA 147002, India

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

ਅਮਰੀਕਾ ਵਿੱਚ ਵੱਸਦੇ ਆਪਣੇ

ਮਿੱਤਰਾਂ ਦੇ ਨਾਂ, ਜਿਨ੍ਹਾਂ ਦੇ ਕੰਧਾੜੇ ਚੜ੍ਹ ਕੇ

ਅਮਰੀਕਾ ਵੇਖਿਆ

ਤਤਕਰਾ

ਮੁੱਢਲੇ ਸ਼ਬਦ

ਇਹ ਸਫ਼ਰਨਾਮਾ ਆਪਣੀ ਵਿਦੇਸ਼ ਯਾਤਰਾ ਦੌਰਾਨ ਜੋ ਕੁੱਝ ਵੇਖਿਆ, ਸੁਣਿਆ, ਸਮਝਿਆ, ਪਰਖਿਆ ਅਤੇ ਮਹਿਸੂਸਿਆ ਹੈ, ਉਸ ਦਾ ਸੱਚੋ-ਸੱਚੋ ਬਿਆਨ ਹੈ।

ਅਜੋਕਾ ਸੰਸਾਰ ਮੰਜੀ ਦੇ ਵਾਣ ਵਾਂਗ ਬੁਣਿਆ ਜਾ ਚੁਕਾ ਹੈ। ਸਾਰਾ ਸੰਸਾਰ ਸਾਡੇ ਨਾਲ ਅਤੇ ਅਸੀਂ ਸਾਰੇ ਸੰਸਾਰ ਨਾਲ ਨੇੜਿਓਂ ਜੁੜੇ ਹੋਏ ਹਾਂ।

ਸੰਸਾਰ ਉਤਨਾ ਕੁ ਵੀ ਵੱਡਾ ਹੁੰਦਾ ਹੈ, ਜਿਤਨਾ ਵੱਡਾ ਇਸ ਨੂੰ ਅਸੀਂ ਸਮਝਦੇ ਹਾਂ। ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲੈਣ ਅਤੇ ਆਪਣੇ ਆਪ ਨੂੰ ਸੰਸਾਰ ਦੇ ਕਲਾਵੇ ਵਿੱਚ ਲਿਆਉਣ ਦੀਆਂ ਸੰਭਾਵਨਾਵਾਂ ਵਿਗਿਆਨ ਨੇ ਉਜਾਗਰ ਕਰ ਦਿੱਤੀਆਂ ਹਨ।

ਯਾਤਰਾ ਨਾਲ ਪੱਖਪਾਤ ਮਿਟਦੇ ਹਨ, ਸੰਕੀਰਣਤਾ ਘਟਦੀ ਹੈ, ਦੂਜਿਆਂ ਨੂੰ ਪ੍ਰਵਾਨ ਕਰਨ ਦੀ ਦਲੇਰੀ ਉਪਜਦੀ ਹੈ ਅਤੇ ਦ੍ਰਿਸ਼ਟੀ ਅਤੇ ਦ੍ਰਿਸ਼ ਵਿਚਕਾਰ ਵਿੱਥ ਘਟਣ ਨਾਲ ਮਨ ਦਾ ਵਿਹੜਾ ਵਿਸ਼ਾਲ ਹੁੰਦਾ ਹੈ।

ਮਹੱਤਵਪੂਰਨ ਪੱਖ ਮੰਜ਼ਲ ਤੇ ਪਹੁੰਚਣਾ ਨਹੀਂ, ਠੀਕ ਢੰਗ ਨਾਲ ਯਾਤਰਾ ਕਰਨਾ ਹੁੰਦਾ ਹੈ। ਮੱਥੇ ਦੀ ਥਾਲੀ ਵਿੱਚ, ਜਗਿਆਸਾ ਅਤੇ ਧਿਆਨ ਦੀਆਂ ਅੱਖਾਂ ਪਰੋਸ ਕੇ, ਮਹਿਬੂਬ ਦੇ ਦਿਲ ਵਾਲੀ ਅਤੇ ਸਰਬੱਤ ਦੇ ਭਲੇ ਦੀ ਵਿਸ਼ਾਲ ਦ੍ਰਿਸ਼ਟੀ ਨਾਲ ਤੁਸੀਂ ਜੇ ਦੁਨੀਆਂ ਨੂੰ ਨਿਹਾਰਨ ਨਿਕਲੋਗੇ ਤਾਂ ਅਨੁਭਵ ਦੀਆਂ ਦੌਲਤਾਂ ਆਪ-ਮੁਹਾਰੇ ਤੁਹਾਡੀ ਝੋਲੀ ਵਿੱਚ ਆ ਜਾਣਗੀਆਂ। ਇਵੇਂ ਦੂਜਿਆਂ ਦੀਆਂ ਚੰਗੀਆਂ ਗੱਲਾਂ ਨੂੰ ਅਪਨਾਉਣ, ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਲਾਹੁਣ, ਆਪਣੇ ਦੋਸ਼ਾਂ ਨੂੰ ਤਿਆਗਣ ਅਤੇ ਆਪਣੇ ਆਪ ਨੂੰ ਸਮੁੱਚੀ ਮਾਨਵਜਾਤੀ ਨਾਲ ਇਕ-ਸੁਰ ਕਰਨ ਦੀ ਅਮੀਰੀ ਅਤੇ ਦਲੇਰੀ ਉਪਜੇਗੀ।

ਅਣਗਾਹੇ ਰਾਹ ਅਤੇ ਨਵੀਆਂ ਮੰਜ਼ਲਾਂ ਸਾਨੂੰ ਸੂਰਜ ਦੀਆਂ ਬਰੂਹਾਂ ਤੱਕ ਪਹੁੰਚਣ ਲਈ ਪਰੇਰ ਰਹੀਆਂ ਹਨ।

ਜਿਹੜੇ ਟੁਰ ਪੈਂਦੇ ਹਨ, ਉਹ ਬਿੰਦੇ ਬੂਹਿਆਂ ਤਕ ਅਪੜ ਹੀ ਜਾਂਦੇ ਹਨ।

- ਨਰਿੰਦਰ ਸਿੰਘ ਕਪੂਰ
ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸੱਚੋ-ਸੱਚ

ਅਮਰੀਕਾ ਦਾ ਸਫ਼ਰਨਾਮਾ

ਨਰਿੰਦਰ ਸਿੰਘ ਕਪੂਰ



ਦੁਨੀਆਂ ਦਾ ਸਭ ਤੋਂ ਵੱਡਾ ਮੇਲਾ

ਅਮਰੀਕਾ ਅੰਦਰ ਦਾਖਲ ਹੋਣ ਦੇ ਅਨੇਕਾਂ ਰਾਹ ਹਨ ਪਰ ਬਾਹਰ ਨਿਕਲਣ ਲਈ ਕੋਈ ਦਰਵਾਜ਼ਾ ਨਹੀਂ ।

ਲੱਖਾਂ ਲੋਕ ਅਮਰੀਕਾ ਵੇਖਣ ਗਏ ਪਰ ਅਜੇ ਤੱਕ ਨਹੀਂ ਪਰਤੇ।

ਅਮਰੀਕਾ ਨੂੰ ਵੇਖ ਕੇ ਇੰਜ ਪ੍ਰਤੀਤ ਹੁੰਦਾ ਹੈ ਕਿ ਜਿਹੜਾ ਪੂਜਾ-ਪਾਠ ਅਸੀਂ ਕਰਦੇ ਹਾਂ, ਉਸ ਦਾ ਫਲ ਅਮਰੀਕਨ ਲੋਕ ਭੋਗ ਰਹੇ ਹਨ।

ਅਸੀਂ ਪੂਜਾ-ਪਾਠ ਨੂੰ ਹੀ ਆਪਣਾ ਕੰਮ ਬਣਾ ਲਿਆ ਹੈ ਜਦੋਂ ਕਿ ਉਹ ਕੰਮ ਨੂੰ ਵੀ ਪਾਠ-ਪੂਜਾ ਵਾਲੀ ਸ਼ਰਧਾ ਨਾਲ ਕਰਦੇ ਹਨ।

ਅਮਰੀਕਾ ਦੀ ਅਮੀਰੀ ਨੂੰ ਵੇਖ ਕੇ ਉਤਨੀ ਹੈਰਾਨੀ ਨਹੀਂ ਹੋਈ, ਜਿਤਨਾ ਭਾਰਤ ਦੀ ਗਰੀਬੀ ਦਾ ਡੂੰਘਾ ਅਹਿਸਾਸ ਹਇਆ।

ਅਮਰੀਕਾ ਵਿਚ ਮੁੱਢਲੇ ਦਿਨਾਂ ਦੌਰਾਨ ਮੇਰੀ ਹਾਲਤ ਉਸ ਵਿਅਕਤੀ ਵਾਲੀ ਸੀ ਜਿਹੜਾ ਆਪਣੇ ਕਿਸੇ ਬਹੁਤ ਅਮੀਰ ਰਿਸ਼ਤੇਦਾਰ ਦੇ ਘਰ ਬੁਲਾਇਆ ਤਾਂ ਜਾਂਦਾ ਹੈ ਪਰ ਉਥੇ ਉਹ ਸਹਿਮਿਆ-ਸਹਿਮਿਆ, ਡਰਿਆ-ਡਰਿਆ, ਉਦਾਸ-ਉਦਾਸ ਅਤੇ ਓਪਰਾ-ਓਪਰਾ ਅਨੁਭਵ ਕਰਦਾ ਹੈ।

ਸਾਡੇ ਦੇਸ਼ ਵਿੱਚ ਕਿਸੇ ਦਾ ਹਾਲ ਪੁੱਛ ਵੇਖੋ, ਅੱਗੋਂ ਉੱਤਰ ਮਿਲੇਗਾ 'ਕੁਝ ਕੱਟ ਗਈ ਹੈ, ਬਾਕੀ ਰਹਿੰਦੀ ਵੀ ਕੱਟ ਜਾਵੇਗੀ', 'ਜੋ ਦਿਨ ਗੁਜ਼ਰ ਜਾਵੇ, ਸ਼ੁਕਰ ਹੈ', 'ਦਿਨ ਕਟੀ ਕਰ ਰਹੇ ਹਾਂ' ਆਦਿ। ਇਹ ਸਾਰੇ ਉੱਤਰ ਸਜ਼ਾ ਭੁਗਤ ਰਹੇ ਕੈਦੀਆਂ ਦੇ ਮਨ ਦੀ ਸਥਿਤੀ ਨੂੰ ਬਿਆਨ ਕਰਦੇ ਹਨ।

ਅਸੀਂ ਜੂਨ ਹੰਢਾਉਣ ਆਏ ਹਾਂ। ਸਾਡਾ ਉਦੇਸ਼ ਜੀਵਨ ਨੂੰ ਮਾਣਨਾ ਨਹੀਂ, ਇਸ ਦੁਰਲੱਭ ਜੀਵਨ ਨੂੰ ਪ੍ਰਭੂ-ਭਗਤੀ ਵਿੱਚ ਲਾਉਣਾ ਹੈ, ਉਸ ਦਾ ਭਾਣਾ ਮੰਨਣਾ ਹੈ, ਇਸ ਜੀਵਨ ਨੂੰ ਅਗਲਾ ਜੀਵਨ ਸੰਵਾਰਨ ਲਈ ਵਰਤਣਾ ਹੈ।

ਅਮਰੀਕਾ ਦੀ ਅਮੀਰੀ, ਉਥੇ ਦੀ ਵਿਸ਼ਾਲਤਾ ਅਤੇ ਉਸ ਥਾਂ ਦੀ ਸੁੰਦਰਤਾ ਨੂੰ ਦੇਖ ਕੇ ਭਾਰਤ ਦੀ ਗਰੀਬ਼ੀ ਦੇ ਕਾਰਨਾਂ ਨੂੰ ਸਮਝਣ ਵਿੱਚ ਬਹੁਤੀ ਦੇਰ ਨਹੀਂ ਲਗਦੀ।

ਸਾਡਾ ਰੱਬ ਸਾਡੀ ਗਰੀਬੀ ਵਿੱਚ ਸਾਡਾ ਭਾਈਵਾਲ ਹੈ।

ਵੱਸਦੇ ਰਹਿਣ ਮੇਰੇ ਦੋਸਤ ਅਤੇ ਦੋਸਤਾਂ ਵਰਗੇ ਰਿਸ਼ਤੇਦਾਰ ਜਿਨ੍ਹਾਂ ਦੇ ਘਰਾਂ ਦੇ ਥਿੰਦੇ ਬੂਹੇ, ਮਹਿਬੂਬ ਦੀਆਂ ਬਾਹਵਾਂ ਵਾਂਗ ਖੁੱਲ੍ਹੇ ਸਨ। ਮੈਂ ਵੀ ਆਪਣੇ ਮੱਥੇ ਵਿੱਚ ਆਸਾਂ ਦਾ ਦੀਵਾ ਬਾਲ ਕੇ ਨਿਕਲਿਆ ਸਾਂ। ਉਨ੍ਹਾਂ ਦੇ ਮੁਖੜਿਆਂ ਉਤੇ ਮਾਲ-ਗੱਡੀ ਜਿੰਨੀ ਲੰਮੀ ਮੁਸਕਰਾਹਟ ਨੇ ਮੈਨੂੰ ਕੋਲੰਬਸ ਵਾਲਾ ਭਰੋਸਾ ਦਿੱਤਾ ਸੀ।

ਉਨ੍ਹਾਂ ਨੇ ਇਕ ਬਾਲ ਵਾਂਗ ਮੈਨੂੰ ਆਪਣੇ ਕੰਧਾੜੇ ਚੁੱਕ ਲਿਆ।

ਉਨ੍ਹਾਂ ਦੇ ਕੰਧਾੜੇ ਚੜ੍ਹ ਕੇ ਮੈਂ ਯੋਰਪ ਅਤੇ ਅਮਰੀਕਾ ਵੇਖਿਆ ਹੈ।

ਬਿਨਾਂ ਸਿਰ ਦੇ ਭਾਰਤ ਵਾਪਸ ਆ ਗਿਆ ਹਾਂ, ਸਿਰ ਤਾਂ ਉਨ੍ਹਾਂ ਦੇ ਸ਼ੁਕਰਾਨੇ ਵਿੱਚ ਝੁਕਿਆ ਉਥੇ ਹੀ ਰਹਿ ਗਿਆ ਹੈ।

ਉਨ੍ਹਾਂ ਨੇ ਮੈਨੂੰ ਭੱਜ ਭੱਜ ਕੇ ਅਮਰੀਕਾ ਵਿਖਾਇਆ।

ਉਨ੍ਹਾਂ ਨੂੰ ਮੇਰੇ ਨਾਲੋਂ ਵੀ ਵਧੇਰੇ ਚਾਅ ਸੀ।

ਉਥੇ ਹੀ ਮਹਿਸੂਸ ਹੋਇਆ ਕਿ ਦੋਸਤੀ ਵਿੱਚ ਕਿਤਨਾ ਨਿੱਘ ਹੁੰਦਾ ਹੈ।

ਉਥੇ ਪਹੁੰਚ ਕੇ ਮਹਿਸੂਸ ਹੋਇਆ ਕਿ ਦਸ ਵਰ੍ਹੇ ਪਹਿਲਾਂ ਆਉਣਾ ਚਾਹੀਦਾ ਸੀ। ਅਮਰੀਕਾ ਨੂੰ ਵੇਖ ਕੇ ਉਮੰਗ ਉਠੀ ਕਿ ਉਥੇ ਹੀ ਜੰਮਣਾ ਚਾਹੀਦਾ ਸੀ।

ਯੋਰਪ ਭਾਵੇਂ ਬੁੱਢਾ ਹੋ ਰਿਹਾ ਹੈ ਪਰ ਅਮਰੀਕਾ ਜਵਾਨ ਹੈ। ਜਵਾਨੀ ਦਾ ਜੋ ਵੀ ਸੁਪਨਾ ਕਿਸੇ ਵਿਅਕਤੀ ਨੇ ਚਿਤਵਿਆ ਹੋਇਆ ਹੈ, ਉਹ ਉਸ ਨੂੰ ਅਮਰੀਕਾ ਵਿੱਚ ਸਹਿਜੇ ਹੀ ਲੱਭ ਪਵੇਗਾ। ਅਮਰੀਕਾ ਵਿੱਚ ਕੁਰਾਹੇ ਪਈ ਜਵਾਨੀ ਵੀ ਦਿਸੇਗੀ, ਭੋਗ-ਵਿਲਾਸ ਵਿੱਚ ਉਲਝੀ ਜਵਾਨੀ ਵੀ ਵੇਖੋਗੇ, ਨਵੀਨਤਾ ਦੇ ਵੰਨ-ਸੁਵੰਨੇ ਰੂਪਾਂ ਨੂੰ ਸਿਰਜਣ ਅਤੇ ਅਣਗਾਹੀਆਂ ਮੰਜ਼ਲਾਂ ਵੱਲ ਤੁਹਾਨੂੰ ਵਹੀਰਾਂ ਘੱਤ ਰਹੀ ਜਵਾਨੀ ਵੀ ਦਿਖਾਈ ਦੇਵੇਗੀ। ਅਮਰੀਕਾ ਦੀ ਜਵਾਨੀ ਦੇ ਇਤਨੇ ਰੰਗ ਅਤੇ ਰੂਪ ਹਨ ਕਿ ਭਾਰਤ ਦੀ ਜਵਾਨ ਪੀੜ੍ਹੀ ਨਾਲ ਉਸ ਦੀ ਤੁਲਨਾ ਕਰਨੀ ਯੋਗ ਪ੍ਰਤੀਤ ਨਹੀਂ ਹੁੰਦੀ।

ਅਮਰੀਕਾ ਹਰ ਪੱਖੋਂ ਜਵਾਨ ਹੈ, ਸਰੀਰ ਵੱਲੋਂ, ਦਿਮਾਗ ਵੱਲੋਂ, ਆਦਰਸ਼ਾਂ ਵੱਲੋਂ, ਉਦੇਸ਼ਾਂ ਵੱਲੋਂ। ਅਮਰੀਕਾ ਉੱਛਲ-ਉੱਛਲ, ਡੁੱਲ੍ਹ-ਡੁੱਲ੍ਹ ਪੈਂਦਾ ਦੇਸ਼ ਹੈ।

ਅਮਰੀਕਾ ਨੂੰ ਆਪ ਵੀ ਨਹੀਂ ਪਤਾ ਕਿ ਉਸ ਦੇ ਕਿਤਨੇ ਰੰਗ-ਰੂਪ ਹਨ। ਅਮਰੀਕਾ ਕਿਸੇ ਦੇਸ਼ ਦਾ ਨਾਂ ਨਹੀਂ, ਇਹ ਆਧੁਨਿਕ ਸਭਿਅਤਾ ਦਾ ਸਿਰਨਾਵਾਂ ਹੈ।

ਅਮਰੀਕਾ ਨੂੰ ਆਪ ਵੀ ਨਹੀਂ ਪਤਾ ਕਿ ਉਸ ਨੇ ਸਾਰੇ ਸੰਸਾਰ ਨੂੰ, ਨਵੇਂ ਰੂਪਾਂ ਵਿਚ ਰੰਗ ਕੇ, ਕਿਤਨਾ ਬਦਲ ਦਿੱਤਾ ਹੈ।

ਅਜੋਕੇ ਸੰਸਾਰ ਦਾ ਹਰ ਦੇਸ਼ ਅਮਰੀਕਾ ਜਿਤਨਾ ਖੁਸ਼ਹਾਲ ਹੋਣਾ ਚਾਹੁੰਦਾ ਹੈ।

ਅਮਰੀਕਾ ਦੀ ਵਿਸ਼ਾਲਤਾ, ਅਮਰੀਕਾ ਦੀ ਅਮੀਰੀ, ਅਮਰੀਕਾ ਦੀ ਜਵਾਨੀ ਅਤੇ ਅਮਰੀਕਾ ਦੀ ਸੁੰਦਰਤਾ ਨੂੰ ਮਾਣਨ ਲਈ ਉਤਨਾ ਹੀ ਵਿਸ਼ਾਲ, ਉਤਨਾ ਹੀ ਅਮੀਰ, ਉਤਨਾ ਹੀ ਸੁੰਦਰ ਦਿਲ ਚਾਹੀਦਾ ਹੈ।

ਜਿਨ੍ਹਾਂ ਦੀ ਨਜ਼ਰ ਵਿੱਚ ਟੀਰ ਹੈ, ਉਹ ਅਮਰੀਕਾ ਨੂੰ ਸਹੀ ਕੋਣ ਤੋਂ ਨਹੀਂ ਵੇਖ ਸਕਦੇ। ਸਾਡੀ ਗਰੀਬੀ ਇਤਨੀ ਸੰਘਣੀ ਅਤੇ ਵਿਸ਼ਾਲ ਹੈ ਕਿ ਅਸੀਂ ਅਮਰੀਕਾ ਦੀ ਅਮੀਰੀ ਅਤੇ ਵਿਸ਼ਾਲਤਾ ਦਾ ਅਨੁਮਾਨ ਨਹੀਂ ਲਾ ਸਕਦੇ, ਸੋ ਅਮਰੀਕਾ ਨੂੰ ਭੰਡਣ ਲਈ ਅਸੀਂ ਅਨੇਕਾਂ ਵਾਕ ਘੜ ਲਏ ਹਨ। ਇਹ ਵਾਕ ਸਾਡੀ ਪਦਾਰਥਕ ਅਤੇ ਬੌਧਿਕ ਕੰਗਾਲੀ ਦਾ ਹੀ ਮੁਜ਼ਾਹਰਾ ਕਰਦੇ ਹਨ।

ਅਮਰੀਕਾ ਨੂੰ ਸੁੰਗੜੇ ਅਤੇ ਸੰਕੋਚੇ ਹੋਏ ਦਿਲ ਨਾਲ ਵੇਖਣਾ ਆਪਣੇ ਆਪ ਨਾਲ ਵਧੀਕੀ ਹੈ। ਅਮਰੀਕਾ ਬਾਰੇ ਹਰ ਵਿਅਕਤੀ ਨੇ ਬੜਾ ਕੁੱਝ ਸੁਣਿਆ ਹੁੰਦਾ ਹੈ ਪਰ ਉਥੇ ਪਹੁੰਚ ਕੇ ਸਭ ਕੁੱਝ ਇਤਨਾ ਵੱਖਰਾ ਅਤੇ ਸੋਹਣਾ ਅਤੇ ਨਿਆਰਾ ਵਿਖਾਈ ਦਿੰਦਾ ਹੈ ਕਿ ਸਾਨੂੰ ਆਪਣੀ ਸੋਚ ਉਤੇ ਸ਼ਰਮ ਆਉਣ ਲੱਗ ਪੈਂਦੀ ਹੈ ਪਰ ਅਮਰੀਕਾ ਕਿਸੇ ਨੂੰ ਸ਼ਰਮਸਾਰ ਨਹੀਂ ਹੋਣ ਦਿੰਦਾ।

ਅਮਰੀਕਾ ਨੂੰ ਵੇਖ ਕੇ ਮੈਨੂੰ ਇੱਕ ਕਹਾਣੀ ਯਾਦ ਆਈ। ਇੱਕ ਵਾਰੀ ਖੁਲ੍ਹੇ ਸਮੁੰਦਰ ਦੀ ਇੱਕ ਮੱਛਲੀ ਇੱਕ ਖੂਹ ਵਿੱਚ ਆ ਡਿੱਗੀ। ਖੂਹ ਦੇ ਡੱਡੂ ਨੇ ਪੁੱਛਿਆ: ਤੂੰ ਕਿਥੋਂ ਆਈ ਹੈਂ? ਉੱਤਰ ਮਿਲਿਆ, ਸਮੁੰਦਰ ਵਿਚੋਂ। ਡੱਡੂ ਨੇ ਪੁੱਛਿਆ, ਸਮੁੰਦਰ ਕਿਤਨਾ ਵੱਡਾ ਹੁੰਦਾ ਹੈ? ਮੱਛਲੀ ਨੇ ਕਿਹਾ, ਬਹੁਤ ਹੀ ਵੱਡਾ, ਉੱਥੇ ਬਹੁਤ ਪਾਣੀ ਹੁੰਦਾ ਹੈ। ਡੱਡੂ ਨੇ ਦੋ ਇੰਚ ਛਾਲ ਮਾਰ ਕੇ ਕਿਹਾ, ਇਤਨਾ ਪਾਣੀ ਹੁੰਦਾ ਹੋਵੇਗਾ? ਪਰ ਮੱਛਲੀ ਨੇ ਕਿਹਾ, ਨਹੀਂ, ਉੱਥੇ ਬਹੁਤ ਪਾਣੀ ਹੁੰਦਾ ਹੈ। ਡੱਡੂ ਛਾਲਾਂ ਮਾਰ ਮਾਰ ਪਾਣੀ ਦੀ ਵਿਸ਼ਾਲਤਾ ਦਾ ਅਨੁਮਾਨ ਲਾਉਂਦਾ ਰਿਹਾ ਪਰ ਮੱਛਲੀ ਲਗਾਤਰ ਕਹਿੰਦੀ ਰਹੀ ਕਿ ਉੱਥੇ ਬਹੁਤ ਪਾਣੀ ਹੁੰਦਾ ਹੈ। ਸਾਰੇ ਡੱਡੂਆਂ ਨੇ ਰਲ ਕੇ ਸਰਬ-ਸੰਮਤੀ ਨਾਲ ਫੈਸਲਾ ਕੀਤਾ ਕਿ ਮੱਛਲੀ ਝੂਠ ਬੋਲਦੀ ਹੈ, ਇਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਅਮਰੀਕਾ ਬਾਰੇ ਸਾਡੀ ਸੋਚ ਵੀ ਡੱਡੂਆਂ ਵਾਲੀ ਹੈ।

ਅਮਰੀਕਾ ਦੀ ਆਬਾਦੀ ਭਾਰਤ ਦਾ ਚੌਥਾ ਹਿੱਸਾ ਹੈ, ਅਮਰੀਕਾ ਦਾ ਇਲਾਕਾ ਭਾਰਤ ਤੋਂ ਤਿੰਨ ਗੁਣਾਂ ਹੈ।

ਅਮਰੀਕਾ ਪਹੁੰਚ ਕੇ ਸਭ ਤੋਂ ਪਹਿਲਾਂ ਮੈਨੂੰ ਮੁਹੰਮਦ ਇਕਬਾਲ ਯਾਦ ਆਇਆ, ਜਿਸ ਨੇ ਹਿੰਦੁਸਤਾਨ ਨੂੰ ਸਾਰੀ ਦੁਨੀਆਂ ਤੋਂ ਸੋਹਣਾ ਦੱਸਿਆ ਸੀ।

ਮੈਨੂੰ ਲੱਗਿਆ ਮੁਹੰਮਦ ਇਕਬਾਲ ਝੂਠ ਬੋਲਦਾ ਰਿਹਾ ਹੈ।

ਫਿਰ ਮੈਨੂੰ ਆਪਣੇ ਦੇਸ਼ ਦੇ ਮਹਾਂਪੁਰਸ਼ ਯਾਦ ਆਏ, ਜਿਨ੍ਹਾਂ ਦੇ ਉਪਦੇਸ਼ਾਂ ਨੇ ਸਾਨੂੰ ਕੰਮ ਵੱਲੋਂ ਹਟਾ ਕੇ ਮੁਕਤੀ ਪ੍ਰਾਪਤ ਕਰਨ ਦੇ ਰਾਹ ਪਾਇਆ ਹੈ। ਭਾਰਤ ਵਿੱਚ ਅਨੇਕਾਂ ਧਰਮਾਂ ਦੀ ਮਾਨਤਾ ਹੈ ਹੀ ਇਸ ਕਰਕੇ ਕਿਉਂਕਿ ਭਾਰਤ ਗਰੀਬ ਹੈ।

ਧਰਮ, ਗਰੀਬੀ ਵਿੱਚ ਹੀ ਪਲਦੇ ਹਨ।

ਜਿਸ ਦਿਨ ਸਮਾਜ ਅਮੀਰ, ਖੁਸ਼ਹਾਲ ਅਤੇ ਵਿਗਿਆਨਕ ਹੋ ਜਾਵੇਗਾ, ਉਸ ਦਿਨ ਧਾਰਮਿਕ ਮਹਾਂਪੁਰਸ਼ਾਂ ਨੂੰ ਲੱਭਣਾ ਔਖਾ ਹੋ ਜਾਵੇਗਾ।

ਯੋਰਪ ਅਤੇ ਅਮਰੀਕਾ ਅਮੀਰ ਹਨ, ਉਥੇ ਕਿਸੇ ਮਹਾਂਪੁਰਸ਼ ਦਾ ਪੈਦਾ ਹੋਣਾ ਲਗਭਗ ਅਸੰਭਵ ਹੈ। ਉਥੇ ਧਾਰਮਿਕ ਸਥਾਨਾਂ ਵਿੱਚ ਅਮੀਰੀ ਨੂੰ ਨਿੰਦਿਆ ਨਹੀਂ ਜਾਂਦਾ।

ਫਿਰ ਮੈਨੂੰ ਗਾਂਧੀ ਜੀ ਯਾਦ ਆਏ, ਜਿਨ੍ਹਾਂ ਨੇ ਰਾਮਰਾਜ ਦਾ ਸੁਪਨਾ ਦਿੱਤਾ ਸੀ। ਰਾਮਰਾਜ ਇੱਕ ਪੁਰਾਣੀ ਅਤੇ ਪੱਛੜੀ ਹੋਈ ਸਮਾਜਿਕ ਹਾਲਤ ਹੈ। ਰਾਮਰਾਜ ਦੇ ਅਰਥ ਸਾਮੰਤਵਾਦ ਤੋਂ ਹਨ। ਰਾਮਰਾਜ ਭਵਿੱਖ ਦੀ ਸਮਾਜ-ਯੋਜਨਾ ਨਹੀਂ, ਬੀਤੇ ਦੀ, ਪੱਛੜੀ ਅਤੇ ਹੋਈ-ਗੁਜ਼ਰੀ ਹਾਲਤ ਹੈ। ਜਿਥੋਂ ਰੱਥ ਲੰਘ ਜਾਵੇ ਉਥੇ ਧੂੜ ਉਡਦੀ ਰਹਿ ਜਾਂਦੀ ਹੈ।

ਰਾਮ ਦਾ ਰੱਥ ਗੁਜ਼ਰ ਚੁੱਕਾ ਹੈ, ਮਹਾਂਵੀਰ ਦਾ ਰੱਥ ਲੰਘ ਚੁੱਕਾ ਹੈ, ਗਾਂਧੀ ਦਾ ਰੱਥ ਜਾ ਚੁੱਕਾ ਹੈ, ਅਸੀਂ ਕਦੋਂ ਤੱਕ ਉਸ ਧੂੜ ਨੂੰ ਵੇਖਦੇ ਰਹਾਂਗੇ ? ਕਦੋਂ ਤੱਕ ਉਸ ਧੂੜ ਨੂੰ ਪੂਜਦੇ ਰਹਾਂਗੇ ? ਗਾਂਧੀ ਜੀ ਨੇ ਵਿਗਿਆਨ ਦੇ ਕੇਵਲ ਦੋਸ਼ ਹੀ ਵੇਖੇ ਸਨ, ਵਿਗਿਆਨ ਦੇ ਗੁਣ ਉਨ੍ਹਾਂ ਨੂੰ ਦਿਖਾਈ ਨਹੀਂ ਦਿੱਤੇ। ਜੇ ਅਸੀਂ ਗਾਂਧੀ ਜੀ ਦੀ ਹੀ ਮੰਨਦੇ ਰਹੇ ਤਾਂ ਮਨੁੱਖ-ਜਾਤੀ ਕਰੜੀ ਮਜ਼ਦੂਰੀ ਤੋਂ ਕਦੇ ਮੁਕਤ ਨਹੀਂ ਹੋਵੇਗੀ।

ਗਾਂਧੀ ਜੀ ਦੇ ਦੱਸੇ ਮਾਰਗ ਅਨੁਸਾਰ ਜੇ ਇੱਕ ਆਦਮੀ ਆਪਣੇ ਲਈ ਕੱਪੜਾ ਬੁਣਦਾ ਰਹੇ ਤਾਂ ਉਸ ਨੂੰ ਤਿੰਨ ਚਾਰ ਘੰਟੇ ਰੋਜ਼ ਚਰਖਾ ਕੱਤਣਾ ਪਵੇਗਾ। ਜੇ ਉਸ ਉਤੇ ਨਿਰਭਰ ਕੋਈ ਹੋਰ ਬੰਦਾ ਵੀ ਹੈ ਤਾਂ ਉਸ ਦੇ ਅੱਠ ਘੰਟੇ ਰੋਜ਼ ਚਰਖਾ ਚਲਾਉਣ ਉੱਤੇ ਹੀ ਲੱਗ ਜਾਣਗੇ। ਜੋ ਆਦਮੀ ਆਪਣੀ ਕੇਵਲ ਕੱਪੜੇ ਦੀ ਲੋੜ ਪੂਰੀ ਕਰਨ ਲਈ ਅੱਠ ਘੰਟੇ ਚਰਖਾ ਚਲਾਵੇਗਾ, ਉਹ ਹੋਰ ਕੁੱਝ ਵੀ ਕਰੇਗਾ ਕਿ ਨਹੀਂ ? ਇਹ ਸਵਾਲ ਸਿਰਫ਼ ਚਰਖੇ ਦਾ ਨਹੀਂ, ਇਹ ਸਵਾਲ ਮਨੁੱਖ ਦੇ ਜੀਵਨ ਵਿੱਚ ਚੇਤਨਾ ਦੇ ਜਨਮ ਅਤੇ ਉਸ ਦੇ ਵਿਕਾਸ ਦਾ ਹੈ।

ਅਸੀਂ ਅਨੇਕਾਂ ਸੰਤ ਪੈਦਾ ਕੀਤੇ ਹਨ ਪਰ ਫਿਰ ਵੀ ਨਿਊਟਨ ਅਸੀਂ ਪੈਦਾ ਨਹੀਂ ਕੀਤਾ। ਸਾਡੇ ਦੇਸ਼ ਦੀ ਸੋਚ ਨੇ ਕਦੀ ਵੀ ਵਿਗਿਆਨਕ ਦਿਸ਼ਾ ਵੱਲ ਉੱਨਤੀ ਨਹੀਂ ਕੀਤੀ। ਅਸੀਂ ਮਸ਼ੀਨ-ਵਿਰੋਧੀ ਹਾਂ, ਦਸਾਂ ਨਹੁੰਆਂ ਦੀ ਕਮਾਈ ਵਿੱਚ ਹੀ ਵਿਸ਼ਵਾਸ ਕਰਦੇ ਹਾਂ।

ਸੰਕੋਚ ਅਤੇ ਝਿਜਕ ਸਾਡੇ ਵਿਹਾਰ ਦੇ ਆਧਾਰ ਹਨ। ਗਾਂਧੀ ਜੀ ਨੇ ਦੇਸ਼ ਲਈ ਜਿੰਨਾ ਕੰਮ ਕੀਤਾ ਹੈ, ਪੂਰੇ ਇਤਿਹਾਸ ਵਿੱਚ ਕਿਸੇ ਮਨੁੱਖ ਨੇ ਦੇਸ਼ ਲਈ ਏਨਾ ਕੰਮ ਨਹੀਂ ਕੀਤਾ ਪਰ ਹੁਣ ਸਾਨੂੰ ਉਸ ਗਾਂਧੀ ਦੀ ਲੋੜ ਹੈ ਜੋ ਅਤੀਤ ਦੇ ਅਖੌਤੀ ਸੁਨਿਹਰੀ ਯੁਗ ਉੱਤੇ ਟਿਕੀਆਂ ਸਾਡੀਆਂ ਅੱਖਾਂ ਨੂੰ, ਸੰਭਾਵਨਾਵਾਂ ਨਾਲ ਭਰਪੂਰ ਭਵਿੱਖ ਦੇ ਦੁਮੇਲਾਂ ਵੱਲ ਮੋੜ ਦੇਵੇ। ਇੱਕੀਵੀਂ ਸਦੀ ਦੇ ਸਵਾਲ ਤੀਜੀ ਸਦੀ ਦੇ ਫਾਰਮੂਲਿਆਂ ਨਾਲ ਹੱਲ ਨਹੀਂ ਹੋਣਗੇ।

ਅਮਰੀਕਾ ਵਿੱਚ ਘੁੰਮਦਿਆਂ ਮੈਨੂੰ ਭਾਰਤ ਦੇ ਧਾਰਮਿਕ ਸਥਾਨਾਂ ਵਿੱਚ ਸਵਰਗੀ ਜੀਵਨ ਵਾਲੇ ਦਿੱਤੇ ਜਾਣ ਵਾਲੇ ਲਾਰਿਆਂ ਭਰੇ ਉਪਦੇਸ਼ ਯਾਦ ਆਏ, ਜਿਨ੍ਹਾਂ ਨੂੰ ਮੰਨ ਮੰਨ ਕੇ ਅਸੀਂ ਆਪਣੇ ਜੀਵਨ ਨੂੰ ਨਰਕ ਬਣਾ ਲਿਆ ਹੈ।

ਅਮਰੀਕਾ ਅਤੇ ਯੋਰਪ ਦੇ ਲੋਕਾਂ ਨੂੰ ਹਰ ਵੇਲੇ, ਹਰ ਰੋਜ਼ ਧਰਮ ਦੀ ਲੋੜ ਨਹੀਂ, ਕਿਉਂਕਿ ਉਨ੍ਹਾਂ ਨੂੰ ਆਪਣੀ ਮਿਹਨਤ ਉਤੇ ਵਿਸ਼ਵਾਸ ਹੈ। ਉਨ੍ਹਾਂ ਲਈ ਧਰਮ ਵਿਸ਼ਾਲ ਜੀਵਨ ਦਾ ਇੱਕ ਪੱਖ ਹੈ, ਸਾਡੇ ਲਈ ਧਰਮ ਹੀ ਸਭ ਕੁੱਝ ਹੈ। ਉਨ੍ਹਾਂ ਦੇ ਸਰੀਰਾਂ ਵਿੱਚ ਕੰਮ ਕਰਨ ਅਤੇ

ਜੀਵਨ ਨੂੰ ਮਾਣਨ ਦੀ ਸ਼ਕਤੀ ਅਤੇ ਇੱਛਾ ਹੈ ਪਰ ਅਸੀਂ ਮੁੱਢੋਂ ਹੀ ਥੱਕੇ ਹੋਏ ਹਾਂ।

ਸਾਡੀ ਜੀਵਨ ਪ੍ਰਤੀ ਪਹੁੰਚ ਹੀ ਨਾਂਹ-ਪੱਖੀ ਹੈ ਕਿਉਂਕਿ ਅਸੀਂ ਬੜੇ ਸੁਚੇਤ ਹਾਂ ਕਿ ਇਹ ਨਹੀਂ ਖਾਣਾ, ਇਹ ਨਹੀਂ ਕਰਨਾ, ਇਹ ਨਹੀਂ ਪਹਿਨਣਾ, ਇਹ ਨਹੀਂ ਸੋਚਣਾ। ਉਨ੍ਹਾਂ ਨੇ ਮਨੁੱਖੀ ਸਰੀਰ ਨੂੰ ਸਮਝ ਕੇ ਉਸ ਦੀਆਂ ਲੋੜਾਂ ਦਾ ਅਧਿਐਨ ਕਰਕੇ ਆਪਣੀ ਖੁਰਾਕ ਨਿਰਧਾਰਿਤ ਕੀਤੀ ਹੈ ਜਦੋਂ ਕਿ ਅਸੀਂ ਤਿਆਗ ਉਤੇ ਬਲ ਦਿੰਦੇ, ਬਲਹੀਣ ਅਤੇ ਕੰਗਾਲ ਹੋ ਗਏ ਹਾਂ। ਜੀਵਨ ਪ੍ਰਤੀ ਦ੍ਰਿਸ਼ਟੀਕੋਣ ਸਰੀਰਕ ਸ਼ਕਤੀ ਉਤੇ ਨਿਰਭਰ ਕਰਦਾ ਹੈ।

ਕਮਜ਼ੋਰ ਸਰੀਰ, ਉਤਸ਼ਾਹ ਦੇਣ ਵਾਲਾ ਵਾਤਾਵਰਣ ਪੈਦਾ ਨਹੀਂ ਕਰ ਸਕਦੇ।

ਸਰੀਰਕ, ਮਾਨਸਿਕ ਅਤੇ ਰੂਹਾਨੀ ਪੱਖੋਂ ਬੀਮਾਰ ਵਿਅਕਤੀ ਕਿਸੇ ਵੀ ਖੇਤਰ ਵਿੱਚ ਆਗੂ ਨਹੀਂ ਬਣ ਸਕਦੇ।

ਖੁਰਾਕ ਦੇ ਪੱਖੋਂ ਜੇ ਅਮਰੀਕਾ ਅਤੇ ਭਾਰਤ ਦਾ ਮੁਕਾਬਲਾ ਕਰਨਾ ਹੋਵੇ ਤਾਂ ਮੇਰੇ ਵਿਚਾਰ ਵਿੱਚ ਜਿਤਨਾ ਭੋਜਨ ਪੰਜ ਕਰੋੜ ਅਮਰੀਕਨ ਵਰਤਦੇ ਹਨ, ਉਤਨਾ ਸਾਡੇ ਦੇਸ਼ ਦੀ ਸੌ ਕਰੋੜ ਆਬਾਦੀ ਖਾਂਦੀ ਹੈ।

ਅਸੀਂ ਗਰੀਬ ਨਹੀਂ, ਅਸੀਂ ਗਰੀਬ ਬਣਾ ਦਿੱਤੇ ਗਏ ਹਾਂ। ਸਾਨੂੰ ਕਮਜ਼ੋਰ ਬਣਾਇਆ ਗਿਆ ਹੈ। ਜਦੋਂ ਅਸੀਂ ਤਕੜੇ ਹੋ ਗਏ ਉਦੋਂ ਹੀ ਅਸੀਂ ਆਪਣੀ ਨਵੀਂ ਦੁਨੀਆਂ ਸਿਰਜਾਂਗੇ। ਅਜੇ ਅਸੀਂ ਸਾਫ ਪਾਣੀ ਵੀ ਪੀਣ ਯੋਗ ਨਹੀਂ ਹੋਏ, ਖਾਣ-ਪੀਣ ਦੀ ਸਮੱਗ੍ਰੀ ਦੀ ਖੁਲ੍ਹੀ ਪ੍ਰਾਪਤੀ ਲਈ ਸਾਨੂੰ ਕਰੜੀ ਮਿਹਨਤ ਅਤੇ ਬੜੀ ਲੰਮੀ ਉਡੀਕ ਕਰਨੀ ਪਵੇਗੀ।

ਸਾਡੀ ਸਰੀਰਕ ਕਮਜ਼ੋਰੀ ਹੀ ਸਾਡੇ ਕੱਟੜਵਾਦ, ਫਿਰਕਾਪ੍ਰਸਤੀ, ਸੰਕੀਰਣਤਾ ਅਤੇ ਆਪਸੀ ਝਗੜਿਆਂ ਦਾ ਕਾਰਨ ਹੈ। ਸਾਡੀਆਂ ਸਮੱਸਿਆਵਾਂ ਸਾਡੀ ਗਰੀਬੀ ਦੀ ਦੇਣ ਹਨ। ਸਾਡੇ ਕੋਲ ਆਪਣੀ ਗਰੀਬੀ ਦੀਆਂ ਸਮੱਸਿਆਵਾਂ ਵਿਰੁਧ ਲੜਾਈ ਲੜਨ ਲਈ ਕੇਵਲ ਧਰਮ ਦਾ ਮੋਰਚਾ ਹੈ। ਸੈਕੂਲਰ ਹੋਏ ਬਿਨਾਂ ਅਸੀਂ ਖੁਸ਼ਹਾਲ ਨਹੀਂ ਹੋ ਸਕਦੇ, ਖੁਸ਼ਹਾਲ ਹੋਏ ਬਿਨਾਂ ਅਸੀਂ ਸੈਕੂਲਰ ਨਹੀਂ ਹੋ ਸਕਦੇ।

ਸੰਸਾਰ ਵਿੱਚ ਜਿਹੜੇ ਦੇਸ਼ ਖੁਸ਼ਹਾਲ ਹਨ, ਉਹ ਸੈਕੂਲਰ ਹਨ। ਮੈਂ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਕਿ ਸਾਡੇ ਜੀਵਨ ਦੀ ਪੱਧਰ ਦੇ ਨੀਵੇਂ ਹੋਣ ਦਾ ਕਾਰਨ ਇਹ ਹੈ ਕਿ ਅਸੀਂ ਭਰਪੂਰ ਜੀਵਨ ਦਾ ਕੋਈ ਮਾਡਲ ਨਹੀਂ ਸਿਰਜ ਸਕੇ, ਜਿਸ ਕਾਰਨ ਖੁਸ਼ਹਾਲੀ ਨੂੰ ਅਸੀਂ ਸ਼ੱਕ ਦੀ ਨਜ਼ਰ ਨਾਲ ਵੇਖਣ ਦੇ ਆਦੀ ਹੋ ਗਏ ਹਾਂ।

ਚੰਗੇ ਅਤੇ ਖੁਸ਼ਹਾਲ ਜੀਵਨ ਪ੍ਰਤੀ ਅਸੀਂ ਉਦਾਸੀਨ ਅਤੇ ਉਪਰਾਮ ਹਾਂ।

ਅਮਰੀਕਾ ਪਹੁੰਚ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਹੀਂ ਖਿਸਕੀ, ਸਗੋਂ ਮੈਨੂੰ ਆਪਣੇ ਜੀਵਨ ਵਿੱਚ ਪਹਿਲੀ ਵਾਰ ਅਨੁਭਵ ਹੋਇਆ ਕਿ ਮੈਂ ਜ਼ਮੀਨ ਉੱਤੇ ਖਲੋਤਾ ਹਾਂ। ਮੈਨੂੰ ਲੱਗਿਆ ਜਿਵੇਂ ਬੀਮਾਰਾਂ ਦੇ ਦੇਸ਼ ਵਿਚੋਂ ਚੁੱਕ ਕੇ ਮੈਨੂੰ ਕਿਸੇ ਹੋਰ ਥਾਂ ਪਹੁੰਚਾ ਦਿੱਤਾ ਗਿਆ ਹੋਵੇ। ਅਮਰੀਕਾ ਪਹੁੰਚ ਕੇ ਹਰ ਵਿਅਕਤੀ ਨਾਲ ਕੁੱਝ ਇਵੇਂ ਵਾਪਰਦਾ ਹੈ, ਜਿਵੇਂ ਅੱਖਾਂ ਉਤੋਂ ਪੱਟੀ ਖੁਲ੍ਹ ਗਈ ਹੋਵੇ।

ਜੋ ਸਾਡੇ ਸੁਪਨੇ ਹਨ, ਅਮਰੀਕਾ ਉਨ੍ਹਾਂ ਤੋਂ ਵੀ ਅੱਗੇ ਹੈ। ਅਮਰੀਕਾ ਨੂੰ ਜਾਣਨ ਵਾਸਤੇ, ਉਸ ਦੀ ਵਿਸ਼ਾਲਤਾ ਨੂੰ ਸਮਝਣ ਵਾਸਤੇ, ਅਮਰੀਕਾ ਜਾਣਾ ਪਵੇਗਾ, ਭਾਰਤ ਵਿੱਚ ਰਹਿੰਦੇ ਹੋਏ ਅਸੀਂ ਅਮਰੀਕਾ ਦੀ ਵਿਸ਼ਾਲਤਾ ਦਾ ਅਨੁਮਾਨ ਨਹੀਂ ਲਾ ਸਕਦੇ। ਵੱਡੀਆਂ ਸੋਚਾਂ ਅਤੇ ਖੁਸ਼ਹਾਲ ਅਨੁਭਵ ਦੀਆਂ ਦਾਤਾਂ ਛੋਟੀਆਂ ਝੋਲੀਆਂ ਵਿੱਚ ਨਹੀਂ ਆਉਂਦੀਆਂ।

ਅਮਰੀਕਾ ਵਿੱਚ ਵਿਚਰਦਿਆਂ, ਭਾਰਤ ਵਿੱਚ ਰਹਿੰਦਿਆਂ ਮਨ ਵਿਚ ਉੱਠਣ ਵਾਲੇ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਉਥੇ ਸਹਿਜੇ ਹੀ ਲੱਭ ਗਏ।

ਅਮਰੀਕਾ ਸੰਸਾਰ ਭਰ ਦੀਆਂ ਭਾਂਤ-ਭਾਂਤ ਦੀਆਂ ਨਸਲਾਂ, ਕੌਮਾਂ, ਰੰਗਾਂ, ਬੋਲੀਆਂ, ਪਹਿਰਾਵਿਆਂ, ਸਭਿਆਚਾਰਾਂ ਦਾ ਮੁਰੱਬਾ ਹੈ। ਇਸੇ ਕਰਕੇ ਉੱਥੇ ਦੇ ਜੀਵਨ ਵਿੱਚ ਸੰਸਾਰ ਭਰ ਦੀਆਂ ਨੇਕੀਆਂ ਅਤੇ ਬਦੀਆਂ ਹਨ। ਅਮਰੀਕਾ ਦੇਵਤਿਆਂ ਦਾ ਦੇਸ਼ ਨਹੀਂ , ਅਮਰੀਕਾ ਚੋਰਾਂ ਦਾ ਵੀ ਦੇਸ਼ ਨਹੀਂ, ਉਹ ਯਥਾਰਥ ਵਿੱਚ ਵਿਸ਼ਵਾਸ ਰੱਖਣ ਵਾਲੇ ਬੰਦਿਆਂ ਦਾ ਦੇਸ਼ ਹੈ, ਉਨ੍ਹਾਂ ਬੰਦਿਆਂ ਦਾ, ਜਿਨ੍ਹਾਂ ਦੇ ਵਿਹਾਰ ਵਿੱਚ ਬੜੀ ਰੌਣਕ ਅਤੇ ਵੰਨਗੀ ਹੈ।

ਅਮਰੀਕਾ ਲਲਾਰੀ ਦੇ ਉਸ ਤੱਸਲੇ ਵਾਂਗ ਹੈ, ਜਿਸ ਵਿਚੋਂ ਨਿਕਲ ਕੇ ਕੋਰੇ ਕੱਪੜੇ ਦਾ ਕਾਇਆ-ਕਲਪ ਹੋ ਜਾਂਦਾ ਹੈ। ਦੁਨੀਆਂ ਭਰ ਦੇ ਨਿਕੰਮੇ ਇਥੇ ਪਹੁੰਚ ਕੇ, ਆਪਣੀ ਅਣਵਰਤੀ ਅਕਲ ਨੂੰ ਵਰਤ ਕੇ, ਵੇਖਦਿਆਂ-ਵੇਖਦਿਆਂ ਕਰੋੜਾਂਪਤੀ ਬਣ ਗਏ ਹਨ।

ਅਮਰੀਕਾ ਹਰ ਕਿਸੇ ਤੋਂ ਕੰਮ ਲੈਣਾ ਜਾਣਦਾ ਹੈ।

ਹਰ ਵਿਅਕਤੀ ਨੂੰ ਉਥੇ ਇੱਕ ਵਾਰੀ ਵੇਲਣੇ ਵਿਚੋਂ ਲੰਘਣਾ ਪਵੇਗਾ, ਜਿਹੜਾ ਲੰਘ ਗਿਆ, ਉਹ ਤਰ ਗਿਆ, ਜਿਹੜਾ ਰਹਿ ਗਿਆ, ਉਹ ਮੁੜ ਗਿਆ।

ਅਮਰੀਕਾ ਸਫਲ ਬੰਦਿਆਂ ਦਾ ਅਖਾੜਾ ਹੈ, ਹਾਰੇ ਹੋਏ ਬੰਦੇ ਨੂੰ ਅਮਰੀਕਾ ਨਹੀਂ ਪਛਾਣਦਾ। ਕਈ ਧਨਾਢ, ਕੰਗਾਲ ਬਣੇ, ਉਥੇ ਵੀ ਤੁਹਾਨੂੰ ਮਿਲ ਜਾਣਗੇ।

ਅਮਰੀਕਾ ਵਿੱਚ ਆਪਣਾ ਰਾਹ ਆਪ ਬਣਾਉਣਾ ਪੈਂਦਾ ਹੈ।

ਅਮਰੀਕਾ ਇੱਕ ਅਜਿਹੀ ਪ੍ਰਯੋਗਸ਼ਾਲਾ ਹੈ, ਜਿਥੇ ਭਾਂਤ-ਭਾਂਤ ਦੇ ਤਜਰਬੇ ਕੀਤੇ ਗਏ ਹਨ ਅਤੇ ਕੀਤੇ ਜਾ ਰਹੇ ਹਨ। ਅਮਰੀਕਨਾਂ ਵਿੱਚ ਇਹ ਗੁਣ ਹੈ ਕਿ ਉਹ ਸੋਚਦੇ ਹੀ ਵਿਸ਼ਵ ਦੇ ਸੰਦਰਭ ਵਿੱਚ ਹਨ।

ਸੰਸਾਰ ਦਾ ਸਭ ਤੋਂ ਲੰਮਾ ਪੁਲ ਉਹ ਹੀ ਬਣਾਉਣਗੇ, ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਉਹ ਹੀ ਉਸਾਰਨਗੇ। ਉਨ੍ਹਾਂ ਨੂੰ ਇਸ ਗੱਲ ਦਾ ਹਿਰਖ ਹੈ ਕਿ ਐਵਰਸਟ ਦੀ ਚੋਟੀ ਉਨ੍ਹਾਂ ਦੇ ਦੇਸ਼ ਵਿੱਚ ਨਹੀਂ, ਜੇ ਹੁੰਦੀ ਤਾਂ ਉਨ੍ਹਾਂ ਨੇ ਸੀਟੀਆਂ ਮਾਰਦੇ ਉਸ ਉਤੇ ਚੜ੍ਹ ਜਾਣਾ ਸੀ ਅਤੇ ਛਾਲ ਮਾਰ ਕੇ ਥੱਲੇ ਉਤਰ ਆਉਣਾ ਸੀ।

ਉਨ੍ਹਾਂ ਨੂੰ ਮਾਣ ਹੈ ਕਿ ਉਹ ਜੋ ਕੁੱਝ ਵੀ ਕਰਨਗੇ, ਉਸ ਦੀ ਵਿਸ਼ਵ ਭਰ ਵਿੱਚ ਨਕਲ ਕੀਤੀ ਜਾਵੇਗੀ, ਉਹ ਜੋ ਕੁੱਝ ਸੋਚਣਗੇ ਉਸ ਦਾ ਵਿਸ਼ਵ ਭਰ ਉੱਤੇ ਅਸਰ ਪਵੇਗਾ।

ਕੋਈ ਨਵਾਂ ਵਿਚਾਰ ਦਿਓ, ਦੁਨੀਆਂ ਵਿੱਚ ਸਭ ਤੋਂ ਪਹਿਲਾਂ ਉਸ ਨੂੰ ਅਮਰੀਕਨ

ਅਪਨਾਉਣਗੇ । ਕਿਸੇ ਨਵੀਂ ਮਸ਼ੀਨ ਦੀ ਲੋੜ ਪਵੇ, ਅਮਰੀਕਨ ਉਸ ਨੂੰ ਸਭ ਤੋਂ ਪਹਿਲਾਂ ਬਣਾਉਣਗੇ।

ਅਕਸਰ ਸੁਣਿਆ ਕਰਦੇ ਸਾਂ ਕਿ ਅਸੀਂ ਅਮਰੀਕਾ ਤੋਂ ਇੱਕ ਸਦੀ ਪਿੱਛੇ ਹਾਂ, ਸਮਝ ਨਹੀਂ ਸੀ ਆਉਂਦੀ ਕਿ ਅਸੀਂ ਪਿੱਛੇ ਕਿਵੇਂ ਹਾਂ? ਕੈਨੇਡੀ ਸਪੇਸ ਸੈਂਟਰ ਵਿੱਚ ਪਹੁੰਚ ਕੇ ਇਹ ਭੇਤ ਸਮਝ ਆਇਆ।

ਭਾਰਤ ਦਾ ਆਪਣਾ ਨਿਰਮਾਣ ਕੀਤਾ ਯਾਤਾਯਾਤ ਦਾ ਸਾਧਨ ਕਿਸਾਨ ਦਾ ਉਹ ਗੱਡਾ ਹੈ, ਜਿਸ ਦੇ ਪਹੀਏ ਲੱਕੜ ਦੇ ਹੁੰਦੇ ਹਨ ਅਤੇ ਜਿਹੜਾ ਮਿੱਟੀ ਘੱਟੇ ਵਾਲੇ ਕੱਚੇ ਰਾਹ ਉੱਤੇ, ਮੀਂਹ ਪੈਣ ਉਪਰੰਤ, ਚਿੱਕੜ ਵਿੱਚ ਅਕਸਰ ਫਸ ਜਾਂਦਾ ਹੈ। ਯਾਤਾਯਾਤ ਦੇ ਬਾਕੀ ਸਭ ਸਾਧਨ ਅਤੇ ਯੰਤਰ ਸਾਡੇ ਆਪਣੇ ਨਹੀਂ, ਪੱਛਮ ਦੀ ਨਕਲ ਕੀਤੇ ਹੋਏ ਹਨ। ਦੂਜੇ ਪਾਸੇ ਅਮਰੀਕਾ ਦੇ ਉਹ ਪੁਲਾੜੀ ਵਾਹਣ ਹਨ, ਜਿਹੜੇ ਖਰਬਾਂ ਮੀਲ ਦੂਰ, ਪੁਲਾੜ ਨੂੰ ਫਰੋਲ ਰਹੇ ਹਨ।

ਅਮਰੀਕਾ ਵਿੱਚ ਘੁੰਮ ਕੇ ਅਮਰੀਕਾ ਦੀ ਖੁਸ਼ਹਾਲੀ ਸੁਭਾਵਕ ਪ੍ਰਤੀਤ ਹੋਣ ਲੱਗ ਪਈ ਪਰ ਹਰ ਕਦਮ ਉੱਤੇ ਆਪਣੇ ਦੇਸ਼ ਦੇ ਪੱਛੜੇਪਣ ਦਾ ਅਹਿਸਾਸ ਮੈਨੂੰ ਸ਼ਰਮਸਾਰ ਕਰਦਾ ਰਿਹਾ। ਅਮਰੀਕਾ ਬਾਰੇ ਮੈਂ ਆਪਣੀ ਪਤਨੀ ਨੂੰ ਲਿਖਦਾ ਰਿਹਾ ਅਤੇ ਮੇਰੀਆਂ ਗੱਲਾਂ ਪੜ੍ਹ ਕੇ, ਉਸ ਨੂੰ ਮੇਰੇ ਦਿਮਾਗ ਦੇ ਸਹੀ ਹੋਣ ਦਾ ਸੰਸਾ ਲੱਗ ਗਿਆ ਸੀ।

ਸਾਡੀ ਗਰੀਬੀ ਸਾਡੇ ਜੀਵਨ ਦੇ ਹਰ ਖੇਤਰ ਵਿੱਚ ਪ੍ਰਤੱਖ ਹੈ।

ਅਸੀਂ ਆਰਥਿਕ ਪੱਖੋਂ ਹੀ ਕਮਜ਼ੋਰ ਨਹੀਂ, ਅਸੀਂ ਰਾਜਨੀਤਕ ਪੱਖੋਂ ਵੀ ਹੀਣੇ ਹਾਂ। ਅਸੀਂ ਸਭਿਆਚਾਰਕ ਪੱਖੋਂ ਹੀ ਸੁੰਗੜੇ ਹੋਏ ਨਹੀਂ, ਅਸੀਂ ਮਾਨਸਿਕ ਪੱਖੋਂ ਵੀ ਨਿਚੋੜੇ ਹੋਏ ਹਾਂ। ਨਾ ਸਾਡਾ ਵਿਹਾਰ ਖੁਲ੍ਹਾ-ਖੁਲਾਸਾ ਹੈ ਨਾ ਸਾਡੀ ਸੋਚ ਆਜ਼ਾਦ ਹੈ।

ਇਤਨੇ ਸੰਤਾਂ, ਮਹੰਤਾਂ, ਸਾਧਾਂ, ਫਕੀਰਾਂ, ਗੁਰੂਆਂ, ਪੀਰਾਂ ਦੇ ਹੋਣ ਦੇ ਬਾਵਜੂਦ ਸਾਡਾ ਇਹ ਹਾਲ ਹੈ, ਇਨ੍ਹਾਂ ਦੇ ਨਾ ਹੋਇਆਂ ਸਾਡਾ ਕੀ ਹਾਲ ਹੋਣਾ ਸੀ? ਇਹ ਸਾਰੇ ਰਲ ਕੇ ਸਾਡੀ ਗਰੀਬੀ ਕਿਉਂ ਨਹੀਂ ਕੱਟਦੇ? ਸੱਚ ਤਾਂ ਇਹ ਹੈ ਕਿ ਧਰਮਾਂ ਦੀ ਉਪਜਾਈ ਉਪਰਾਮਤਾ ਕਾਰਨ ਸਾਡਾ ਜੀਵਨ ਨਾਲ ਮੋਹ ਹੀ ਨਹੀਂ ਜਾਗਿਆ, ਇਸ ਸੰਸਾਰ ਨਾਲ ਸਾਡਾ ਨਾਤਾ ਹੀ ਨਹੀਂ ਜੁੜਿਆ।

ਅੰਧ-ਵਿਸ਼ਵਾਸਾਂ ਵਿੱਚ ਘਿਰਿਆ ਹੋਇਆ ਵਿਅੱਕਤੀ ਇੱਕ ਅੰਨ੍ਹੇ ਨਾਲੋਂ ਵੀ ਘੱਟ ਵੇਖਦਾ ਹੈ। ਹਜ਼ਾਰਾਂ ਸਾਲਾਂ ਤੋਂ ਅਸੀਂ ਮੁਕਤੀ ਦੇ ਤਰਲੇ ਲੈ ਰਹੇ ਹਾਂ। ਮੈਂ ਮੁਕਤੀ ਪ੍ਰਾਪਤ ਨਹੀਂ ਕਰਨੀ ਚਾਹੁੰਦਾ, ਮੈਂ ਜਨਮ-ਮਰਨ ਦੇ ਗੇੜ ਵਿਚੋਂ ਮੁਕਤ ਨਹੀਂ ਹੋਣਾ ਚਾਹੁੰਦਾ । ਸਾਡੇ ਨਾਲ ਸਦੀਆਂ ਤੋਂ ਫਰੇਬ ਹੋ ਰਿਹਾ ਹੈ। ਅਸੀਂ ਪੀੜ੍ਹੀਆਂ ਦਰ ਪੀੜ੍ਹੀਆਂ ਅੰਧ ਵਿਸ਼ਵਾਸਾਂ ਦੇ ਮੂਲੀ-ਕੁਤਰੇ ਉੱਤੇ ਕੱਦੂ-ਕੱਸ਼ ਹੋ ਰਹੇ ਹਾਂ।

ਸਾਡੇ ਧਰਮਾਂ ਨੇ ਸਾਨੂੰ ਮੌਤ ਅਤੇ ਨਰਕ ਦੇ ਇਤਨੇ ਡਰਾਵੇ ਦਿੱਤੇ ਹਨ ਕਿ ਸਾਡੀ ਸੋਚ ਦੇ ਧੁਰ-ਅੰਦਰ ਡਰ ਬੈਠ ਗਿਆ ਹੈ। ਸਾਨੂੰ ਸਾਡਾ ਹੱਕ ਅੱਧਾ ਵੀ ਮਿਲ ਜਾਵੇ ਤਾਂ ਵੀ

ਅਸੀਂ ਰੱਬ ਦਾ ਸ਼ੁਕਰਾਨਾ ਕਰਨ ਵੱਲ ਦੌੜਦੇ ਹਾਂ ? ਜੋ ਸਾਡੇ ਵਸ ਵਿੱਚ ਹੈ, ਉਹ ਵੀ ਅਸੀਂ ਰੱਬ ਨੂੰ ਕਰਨ ਲਈ ਅਰਦਾਸਾਂ ਕਰਦੇ ਹਾਂ। ਮੈਨੂੰ ਅਨੁਭਵ ਹੋਣ ਲੱਗ ਪਿਆ ਹੈ ਕਿ ਜਾਂ ਤਾਂ ਸਾਡਾ ਰੱਬ ਹੈ ਹੀ ਨਹੀਂ, ਜੇ ਹੈ ਤਾਂ ਉਹ ਜ਼ਰੂਰ ਬੇਈਮਾਨ ਹੈ। ਸਾਡਾ ਸਾਰਾ ਜੀਵਨ ਹੀ ਅਰਦਾਸ ਵਿੱਚ ਲੰਘ ਜਾਂਦਾ ਹੈ। ਸਾਨੂੰ ਰੱਬ ਨਾਲ ਮਿਲਣ ਦਾ ਕੋਈ ਹੋਰ ਢੰਗ ਅਪਨਾਉਣਾ ਪਵੇਗਾ ਅਤੇ ਉਸ ਸਬੰਧੀ ਆਪਣੀ ਸੋਚ ਬਦਲਣੀ ਪਵੇਗੀ।

ਜੇ ਜਾਣਨਾ ਚਾਹੁੰਦੇ ਹੋ ਕਿ ਅਮਰੀਕਾ ਕਿਉਂ ਖੁਸ਼ਹਾਲ ਹੈ ਤਾਂ ਅਮਰੀਕਨਾਂ ਨੂੰ ਕੰਮ ਕਰਦੇ ਵੇਖੋ, ਤੁਹਾਨੂੰ ਉਨ੍ਹਾਂ ਦੀ ਖੁਸ਼ਹਾਲੀ ਦਾ ਭੇਤ ਸਮਝ ਆ ਜਾਵੇਗਾ। ਸਾਨਫਰਾਂਸਿਸਕੋ ਵਿੱਚ ਮੈਂ ਪੰਜ ਹਜ਼ਾਰ ਏਕੜ ਦੇ ਇੱਕ ਫਾਰਮ ਨੂੰ ਕੇਵਲ ਚਾਰ ਬੰਦਿਆਂ ਵਲੋਂ ਸੰਭਾਲਦੇ ਹੋਏ ਵੇਖਿਆ। ਉਨ੍ਹਾਂ ਨੇ ਮਸ਼ੀਨ ਨੂੰ ਆਪਣੀ ਖੁਸ਼ਹਾਲੀ ਲਈ ਖੂਬ ਵਰਤਿਆ ਹੈ।

ਜੇ ਜਾਣਨਾ ਚਾਹੁੰਦੇ ਹੋ ਕਿ ਭਾਰਤ ਕਿਉਂ ਗਰੀਬ ਹੈ ਤਾਂ ਕਿਸੇ ਵੀ ਦਫ਼ਤਰ ਵਿੱਚ ਲੋਕਾਂ ਨੂੰ ਕੰਮ ਕਰਦੇ ਵੇਖੋ, ਭਾਰਤ ਦੀ ਗਰੀਬੀ ਦੂਰ ਨਾ ਹੋਣ ਦੇ ਕਾਰਨ ਸਮਝ ਆ ਜਾਣਗੇ।

ਸਾਡੇ ਕਿਸਾਨ ਬੜਾ ਕੰਮ ਕਰਦੇ ਹਨ, ਉਨ੍ਹਾਂ ਦੀਆਂ ਪ੍ਰਾਪਤੀਆਂ ਸਲਾਹੁਣਯੋਗ ਹਨ ਪਰ ਅਗਲੇਰੀ ਖੁਸ਼ਹਾਲੀ ਨਵੀਆਂ ਤਕਨੀਕਾਂ ਅਤੇ ਨਵੀਆਂ ਮਸ਼ੀਨਾਂ ਦੀ ਵਰਤੋਂ ਨਾਲ ਹੀ ਆਵੇਗੀ।

ਮੈਂ ਕਈ ਵਾਰੀ ਸੋਚਣ 'ਤੇ ਮਜਬੂਰ ਹੋਇਆ ਹਾਂ ਕਿ ਕੀ ਚਿੱਟੀ ਚਮੜੀ ਵਾਲੇ ਸਾਡੇ ਤੋਂ ਉਚੇਰੀ ਨਸਲ ਹਨ ? ਸਾਡੇ ਦੇਸ਼ ਵਿੱਚ ਤਿੰਨ ਲੱਖ ਅੰਗਰੇਜ਼ ਤੀਹ ਕਰੋੜ ਦੀ ਆਬਾਦੀ ਉੱਤੇ ਕਿਵੇਂ ਕਾਬਜ਼ ਹੋ ਗਏ ? ਅੰਗਰੇਜ਼ ਅਫਸਰਾਂ ਦੀ ਕਮਾਨ ਵਿੱਚ ਦੋ ਹਜ਼ਾਰ ਭਾਰਤੀ ਸਿਪਾਹੀ ਸਾਡੀ ਤੀਹ ਹਜ਼ਾਰ ਦੀ ਫੌਜ ਨੂੰ ਕਿਵੇਂ ਹਰਾਉਂਦੇ ਰਹੇ ? ਛੋਟਾ ਜਿਹਾ ਦੇਸ਼ ਇਜ਼ਰਾਈਲ ਕਰੋੜਾਂ ਦੀ ਆਬਾਦੀ ਵਾਲੇ ਇਸਲਾਮੀ ਦੇਸ਼ਾਂ ਤੋਂ ਕਿਉਂ ਕਾਬੂ ਨਹੀਂ ਆਉਂਦਾ ?

ਮੇਰਾ ਮਨ ਨਹੀਂ ਮੰਨਦਾ ਕਿ ਅਸੀਂ ਕਿਸੇ ਤੋਂ ਅਕਲ ਵਿੱਚ ਘੱਟ ਹਾਂ ਪਰ ਮੇਰਾ ਦਿਲ ਕਹਿੰਦਾ ਹੈ ਕਿ ਕਿਧਰੇ ਨਾ ਕਿਧਰੇ ਕੋਈ ਫਰਕ ਜ਼ਰੂਰ ਹੈ।

ਇਹ ਗੱਲ ਮੈਂ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਯੋਰਪ ਅਤੇ ਅਮਰੀਕਾ ਦੇ ਮੁਕਾਬਲੇ ਅਸੀਂ ਢਿੱਲੇ, ਸੁਸਤ, ਕੰਮਚੋਰ, ਈਰਖਾਲੂ ਅਤੇ ਝਿਜਕ ਦੇ ਮਾਰੇ ਹੋਏ ਹਾਂ।

ਅਸੀਂ ਸਫਲਤਾ ਤੋਂ ਡਰਦੇ ਹਾਂ। ਅਸੀਂ ਅਸਫਲ ਹੋਣ ਵਿੱਚ ਮਾਹਿਰ ਹਾਂ।

ਸਾਡੇ ਜੀਵਨ ਵਿੱਚ ਕੁੱਝ ਵੀ ਠੀਕ ਹੋ ਜਾਵੇ ਸਾਨੂੰ ਡਰ ਲੱਗਣ ਲੱਗ ਜਾਂਦਾ ਹੈ ਕਿ ਕੁੱਝ ਨਾ ਕੁੱਝ ਅਜਿਹਾ ਵਾਪਰ ਜਾਵੇਗਾ ਕਿ ਸਭ ਕੁੱਝ ਰੁੜ੍ਹ ਜਾਵੇਗਾ ਜਾਂ ਗੁਆਚ ਜਾਵੇਗਾ ਅਤੇ ਚਿੰਤਾ ਲੱਗੀ ਰਹਿੰਦੀ ਹੈ ਕਿ ਫਿਰ ਕੀ ਕਰਾਂਗੇ ?

ਆਪਣੇ ਬੁਢਾਪੇ ਨੂੰ ਬਚਾਂਦੇ-ਬਚਾਂਦੇ ਅਸੀਂ ਆਪਣੀ ਜਵਾਨੀ ਲੁਟਾ ਦਿੰਦੇ ਹਾਂ।

ਅਸੀਂ ਪਰੰਪਰਾ ਨੂੰ ਪਾਲਦੇ-ਪਾਲਦੇ ਕੁੱਬੇ ਹੋ ਗਏ ਹਾਂ।

ਅਮਰੀਕਾ ਦੀ ਪਿੱਠ ਉੱਤੇ ਮਰ ਚੁੱਕੀਆਂ ਪਰੰਪਰਾਵਾਂ ਦਾ ਲੱਕ-ਤੋੜਵਾਂ ਬੋਝ ਨਹੀ ਅਤੇ ਪਿੱਛੇ ਖਿਚਣ ਵਾਲੇ ਪੱਛਤਾਵੇ ਨਹੀਂ, ਇਸੇ ਕਰਕੇ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਰੋਸ਼ਨ ਹੋਣ ਦਾ ਵਿਸ਼ਵਾਸ ਹੈ। ਉਹ ਬੜੇ ਸੁਖ-ਰਹਿਣੇ ਲੋਕ ਹਨ ਪਰ ਉਹ ਕੰਮ ਭੂਤਾਂ ਵਾਂਗ ਕਰਦੇ

ਹਨ। ਜੇ ਅਸੀਂ ਉਨ੍ਹਾਂ ਵਾਂਗ ਕੰਮ ਕਰਨ ਲੱਗ ਪਈਏ ਤਾਂ ਚਾਰ ਘੰਟਿਆਂ ਮਗਰੋਂ ਹੀ ਅੱਧੇ ਬੇਹੋਸ਼ ਹੋ ਜਾਈਏ।

ਅਸੀਂ ਕੰਮ ਤੋਂ ਬੱਚਣ ਅਤੇ ਟਾਲਣ ਦਾ ਹਰ ਰਾਹ ਲੱਭ ਲਿਆ ਹੈ, ਕੰਮ ਨਾਲ ਲੁਕਣਮੀਚੀ ਖੇਡਣਾ ਸਾਡੀ ਕੌਮੀ-ਖੇਡ ਹੈ।

ਘਰ ਉਸਾਰਨ ਅਤੇ ਬੱਚਿਆਂ ਦੇ ਵਿਆਹ ਰਚਾਉਣ ਜਿਹੀਆਂ ਜਿਹੜੀਆਂ ਸਮੱਸਿਆਵਾਂ ਸਾਡੇ ਜੀਵਨ ਦੀ ਸਾਰੀ ਖੁਸ਼ੀ ਅਤੇ ਪੂੰਜੀ ਚੱਟ ਜਾਂਦੀਆਂ ਹਨ, ਓਹ ਅਮਰੀਕਾ ਵਿੱਚ ਹਨ ਹੀ ਨਹੀਂ। ਉੱਥੇ ਜਿਸ ਆਸਾਨੀ ਨਾਲ ਘਰ ਉਸਾਰਿਆ, ਵੇਚਿਆ ਅਤੇ ਖਰੀਦਿਆ ਜਾ ਸਕਦਾ ਹੈ, ਉਸ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ। ਅਸੀਂ ਭਾਵਕ ਹੋ ਕੇ ਆਪਣੇ ਪੁਰਾਣੇ ਘਰਾਂ ਨੂੰ ਚਿੱਚੜਾਂ ਵਾਂਗ ਚਿਮੜੇ ਰਹਿੰਦੇ ਹਾਂ, ਉਨ੍ਹਾਂ ਵਿੱਚ ਨਵੇਂ-ਨਵੇਂ ਘਰਾਂ ਵਿੱਚ ਰਹਿਣ ਦਾ ਉਤਸ਼ਾਹ ਹੈ।

ਹਰ ਅਮਰੀਕਨ ਲੋੜ ਅਨੁਸਾਰ ਆਪਣੇ ਜੀਵਨ ਵਿੱਚ ਸੱਤ-ਅੱਠ ਘਰ ਬਦਲਦਾ ਹੈ। ਉਹ ਹਰ ਨਵਾਂ ਘਰ ਦੇਸ਼ ਦੇ ਕਿਸੇ ਨਵੇਂ ਹਿੱਸੇ ਵਿੱਚ ਖਰੀਦਦਾ ਹੈ।

ਅਮਰੀਕਾ ਵਿੱਚ ਸੋਲ੍ਹਾਂ-ਸਤਾਰ੍ਹਾਂ ਵਰ੍ਹਿਆਂ ਦੀ ਉਮਰ ਵਿੱਚ ਮੁੰਡੇ ਅਤੇ ਕੁੜੀਆਂ ਆਪਣੇ ਮਾਪਿਆਂ ਤੋਂ ਆਜ਼ਾਦ ਹੋ ਕੇ ਆਪਣੇ ਜੀਵਨ ਦੇ ਅਰਥ ਆਪ ਲੱਭਣ ਲਈ ਸਿਧਾਰਥ ਵਾਂਗ ਘਰੋਂ ਨਿਕਲ ਪੈਂਦੇ ਹਨ। ਇਸ ਉਮਰ ਵਿੱਚ ਉਨ੍ਹਾਂ ਨੂੰ ਕੰਮ ਕਰਨ ਦੀ ਆਗਿਆ ਵੀ ਹੁੰਦੀ ਹੈ ਅਤੇ ਇਸੇ ਉਮਰ ਵਿੱਚ ਉਨ੍ਹਾਂ ਨੇ ਯੂਨੀਵਰਸਿਟੀ ਜਾਣਾ ਹੁੰਦਾ ਹੈ। ਕੰਮ ਹਰ ਇੱਕ ਨੇ ਕਰਨਾ ਹੈ। ਕੰਮ ਹਰ ਇੱਕ ਨੂੰ ਮਿਲ ਜਾਂਦਾ ਹੈ। ਸਕੂਲ ਦੀ ਪੜ੍ਹਾਈ ਬਾਰ੍ਹਾਂ ਵਰ੍ਹੇ ਦੀ ਹੈ ਅਤੇ ਇਹ ਮੁਫ਼ਤ ਹੈ ਪਰ ਯੂਨੀਵਰਸਿਟੀ ਦੀ ਪੜ੍ਹਾਈ ਮਹਿੰਗੀ ਹੈ। ਉੱਥੇ ਕੰਮ ਕਰਨਾ ਅਤੇ ਨਾਲ-ਨਾਲ ਪੜ੍ਹਨਾ ਇੱਕ ਰਿਵਾਜ ਹੈ।

ਕੇਵਲ ਪੰਜ ਪ੍ਰਤੀਸ਼ਤ ਵਿਦਿਆਰਥੀ ਹੀ ਸਕੂਲ ਤੋਂ ਮਗਰੋਂ ਪੜ੍ਹਨ ਲਈ ਯੂਨੀਵਰਸਿਟੀ ਜਾਂਦੇ ਹਨ ਪਰ ਜਿਹੜੇ ਜਾਂਦੇ ਹਨ ਉਹ ਪੜ੍ਹਦੇ ਹਨ, ਇਮਤਿਹਾਨ ਅੱਗੇ ਪਾਉਣ ਲਈ ਹੜਤਾਲਾਂ ਨਹੀਂ ਕਰਦੇ। ਜੇ ਵਿਦਿਆਰਥੀ ਯੂਨੀਵਰਸਿਟੀ ਜਾਵੇ ਤਾਂ ਮਾਪੇ ਮੱਦਦ ਕਰਦੇ ਹਨ ਪਰ ਵਿਦਿਆਰਥੀ ਨੂੰ ਆਪ ਵੀ ਨਾਲ ਕੋਈ ਕੰਮ ਅਵੱਸ਼ ਕਰਨਾ ਪੈਂਦਾ ਹੈ। ਪੁੱਤਰ-ਧੀ ਭਾਵੇਂ ਕੰਮ ਕਰਨ ਲੱਗ ਜਾਣ ਜਾਂ ਅਗਲੇਰੀ ਪੜ੍ਹਾਈ ਕਰਨ ਲੱਗ ਪੈਣ, ਉਹ ਘਰਾਂ ਨੂੰ ਨਹੀਂ ਮੁੜਦੇ, ਆਪਣੇ ਘਰ ਆਪ ਉਸਾਰਦੇ ਹਨ ਆਪਣੇ ਪੈਂਡੇ ਆਪ ਗਾਹੁੰਦੇ ਹਨ ।

ਭਾਰਤ ਵਿੱਚ ਵੱਸਣ ਵਾਲੇ ਲੋਕ ਅਮਰੀਕੀ ਜੀਵਨ ਦੇ ਉਪਰੋਕਤ ਪੱਖ ਨੂੰ ਨਹੀਂ ਸਮਝ ਸਕਦੇ। ਸਾਡੇ ਦੇਸ਼ ਵਿੱਚ ਸੋਲ੍ਹਾਂ-ਸਤਾਰ੍ਹਾਂ ਸਾਲ ਦੀ ਉਮਰ ਵਿੱਚ ਤਾਂ ਅਸੀਂ ਬੱਚਿਆਂ ਨੂੰ ਆਪਣੀ ਬੁਕਲ ਵਿੱਚੋਂ ਹੀ ਬਾਹਰ ਨਹੀਂ ਕੱਢਦੇ। ਇਸ ਉਮਰ ਵਿੱਚ ਸਾਡੇ ਦੇਸ਼ ਵਿੱਚ ਸਾਡੇ ਬੱਚਿਆਂ ਨੂੰ ਉਠਣਾ-ਬੈਠਣਾ ਵੀ ਨਹੀਂ ਆਉਂਦਾ। ਅਸੀਂ ਉਨ੍ਹਾਂ ਨੂੰ ਨਾ ਕੋਈ ਜ਼ਿਮੇਵਾਰੀ ਸੌਂਪਦੇ ਹਾਂ, ਨਾ ਹੀ ਕੋਈ ਜ਼ਿਮੇਵਾਰੀ ਉਹ ਨਿਭਾਉਂਦੇ ਹਨ।

ਸਾਡੇ ਦੇਸ਼ ਵਿੱਚ ਮਾਪਿਆਂ ਲਈ ਬੱਚੇ ਸਾਰੀ ਉਮਰ ਬੱਚੇ ਰਹਿੰਦੇ ਹਨ।

ਅਮਰੀਕਾ ਵਿੱਚ ਲੋਕ ਸ਼ਹਿਰਾਂ ਤੋਂ ਪਿੰਡਾਂ ਵੱਲ ਜਾ ਰਹੇ ਹਨ, ਕਿਉਂਕਿ ਉਥੇ ਦੇ ਪਿੰਡਾਂ ਵਿੱਚ ਸ਼ਹਿਰੀ ਜੀਵਨ ਵਾਲੀਆਂ ਸਾਰੀਆਂ ਸਹੂਲਤਾਂ ਹਨ।

ਟੈਲੀਵਿਜ਼ਨ, ਟੈਲੀਫੋਨ ਅਤੇ ਕਾਰ ਨੇ ਸਾਰੇ ਅਮਰੀਕਾ ਨੂੰ ਮੰਜੀ ਦੇ ਵਾਣ ਵਾਂਗ ਬੁਣ ਦਿੱਤਾ ਹੈ। ਆਪਣੇ ਦੇਸ਼ ਵਿੱਚ ਅਸੀਂ ਇਕੀਵੀਂ ਸਦੀ ਦੇ ਮੁੱਢਲੇ ਵਰ੍ਹਿਆਂ ਵਿੱਚ ਵੀ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਹੇ ਹਾਂ।

ਭਾਰਤ ਵਿੱਚ ਜੇ ਤੁਸੀਂ ਸ਼ਹਿਰ ਤੋਂ ਕੁੱਝ ਮੀਲ ਬਾਹਰ ਨਿਕਲ ਜਾਵੋ ਤਾਂ ਪਿੰਡਾਂ ਵਿੱਚ ਜੀਵਨ ਸੁੱਤਾ-ਸੁੱਤਾ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਅਮਰੀਕਾ ਵਿੱਚ ਸ਼ਹਿਰਾਂ ਅਤੇ ਪਿੰਡਾਂ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀ। ਟੈਲੀਫੋਨ ਹੋਣ ਕਰਕੇ ਤੁਸੀਂ ਕਿਧਰੇ ਵੀ ਰਹੋ, ਕੋਈ ਫ਼ਰਕ ਨਹੀਂ ਪੈਂਦਾ।

ਅਮਰੀਕਾ ਦੇ ਪਿੰਡ ਅਮਰੀਕੀ ਸ਼ਹਿਰਾਂ ਦੇ ਮੁਕਾਬਲੇ ਵਧੇਰੇ ਸਾਫ-ਸੁਥਰੇ ਅਤੇ ਵਧੇਰੇ ਦਿਲਚਸਪ ਆਲੇ-ਦੁਆਲੇ ਵਾਲੇ ਹਨ।

ਅਮਰੀਕੀ ਜੀਵਨ ਦਾ ਜਿਹੜਾ ਪੱਖ ਸੰਸਾਰ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ, ਉਹ ਉਨ੍ਹਾਂ ਦੀ ਜੀਵਨ ਮਾਣਨ ਦੀ ਇੱਛਾ ਹੈ।

ਉਹ ਜਿਸ ਸ਼ਿੱਦਤ ਨਾਲ ਕੰਮ ਕਰਦੇ ਹਨ, ਉਸੇ ਸ਼ਿੱਦਤ ਨਾਲ ਮਨਪ੍ਰਚਾਵਾ ਕਰਦੇ ਹਨ। ਸਪਤਾਹ ਦੇ ਅੰਤਲੇ ਦੋ ਦਿਨ ਉਹ ਇਸ ਉਤਸ਼ਾਹ ਨਾਲ ਮਾਣਦੇ ਹਨ ਕਿ ਇਨ੍ਹਾਂ ਦਿਨਾਂ ਵਿੱਚ ਜੇ ਉਨ੍ਹਾਂ ਨੂੰ ਰੱਬ ਵੀ ਮਿਲ ਪਵੇ ਤਾਂ ਉਹ ਉਸ ਨੂੰ ਵੀ ਨਾ ਪਛਾਣਨ। ਜੇ ਕੋਈ ਸਾਨੂੰ ਉਨ੍ਹਾਂ ਵਾਂਗ ਬੇੜੀ ਚਲਾਉਣ ਅਤੇ ਦੌੜਨ-ਭੱਜਣ ਲਈ ਕਹੇ ਤਾਂ ਸਾਡੇ ਵਿਚੋਂ ਅੱਧੇ ਸੁਰਗਵਾਸ ਹੋ ਜਾਣ। ਉਨ੍ਹਾਂ ਦੇ ਮਨ-ਪ੍ਰਚਾਵੇ ਵੀ ਬੜੇ ਜੋਸ਼ੀਲੇ ਹਨ।

ਅਸੀਂ ਆਪਣਾ ਐਤਵਾਰ ਕਿਸੇ ਵਿਛੜੀ ਆਤਮਾ ਦੀ ਸ਼ਾਂਤੀ ਵਾਸਤੇ ਅਰਦਾਸ ਕਰਨ ਵਿੱਚ ਲਾਉਂਦੇ ਹਾਂ, ਉਹ ਆਪਣੇ ਪੰਜ ਦਿਨਾਂ ਦੀ ਮਿਹਨਤ ਉਪਰੰਤ ਉਸ ਦਾ ਫਲ ਭੋਗਦੇ ਹਨ। ਕਈ ਵਾਰੀ ਮੈਂ ਸੋਚਿਆ ਹੈ ਕਿ ਕੀ ਸਾਡੇ ਧਾਰਮਿਕ ਸਥਾਨ ਗਰੀਬਾਂ ਦੇ ਕਲੱਬ ਨਹੀਂ ? ਕਲੱਬ ਵਿੱਚ ਚੰਦਾ ਦੇਣਾ ਪੈਂਦਾ ਹੈ, ਧਾਰਮਿਕ ਸਥਾਨ ਵਿੱਚ ਆਪਣੀ ਸ਼ਰਧਾ ਅਨੁਸਾਰ ਮੱਥਾ ਟੇਕਣਾ ਜਾਂ ਚੰਦਾ ਦੇਣਾ ਪੈਂਦਾ ਹੈ। ਕਲੱਬ ਵਿੱਚ ਗੀਤ-ਸੰਗੀਤ ਹੁੰਦਾ ਹੈ, ਧਾਰਮਿਕ ਸਥਾਨ ਵਿੱਚ ਭਜਨ-ਕੀਰਤਨ ਹੁੰਦਾ ਹੈ। ਕਲੱਬ ਵਿੱਚ ਸਵਿਮਿੰਗ-ਪੂਲ ਹੁੰਦਾ ਹੈ, ਧਾਰਮਿਕ ਸਥਾਨ ਵਿੱਚ ਤਲਾਅ ਜਾਂ ਸਰੋਵਰ ਹੁੰਦਾ ਹੈ। ਕਲੱਬ ਵਿੱਚ ਕੰਟੀਨ ਹੁੰਦੀ ਹੈ, ਧਾਰਮਿਕ ਸਥਾਨ ਵਿੱਚ ਲੰਗਰ ਜਾਂ ਭੰਡਾਰਾ ਹੁੰਦਾ ਹੈ। ਕਲੱਬ ਵਿੱਚ ਅਸੀਂ ਮਾਨਸਿਕ ਥਕਾਵਟ ਦੂਰ ਕਰਨ ਜਾਂਦੇ ਹਾਂ, ਧਾਰਮਿਕ ਸਥਾਨ ਵਿੱਚ ਜਾਣ ਦਾ ਵੀ ਇਹੀ ਉਦੇਸ਼ ਹੁੰਦਾ ਹੈ।

ਅਮੀਰ ਲੋਕਾਂ ਨੇ ਭਾਰਤ ਅੰਦਰ ਆਪਣੇ ਘਰਾਂ ਵਿੱਚ ਹੀ ਅਜਿਹੀਆਂ ਥਾਂਵਾਂ ਬਣਾ ਲਈਆਂ ਹਨ, ਜਿਥੇ ਉਹ ਪੂਜਾ-ਪਾਠ ਕਰ ਸਕਣ ਪਰ ਅਮਰੀਕਾ ਵਿੱਚ ਅਜਿਹਾ ਕਿਧਰੇ ਵੇਖਣ ਵਿੱਚ ਨਹੀਂ ਆਇਆ। ਉੱਥੇ ਵੱਸਦੇ ਭਾਰਤੀਆਂ ਨੇ ਆਪਣੇ ਘਰਾਂ ਵਿੱਚ ਜੇ ਥਾਂ

ਹੋਵੇ ਤਾਂ ਅਜਿਹੀ ਵਿਵਸਥਾ ਕੀਤੀ ਹੈ ਪਰ ਕਿਸੇ ਅਮਰੀਕਨ ਨੇ ਆਪਣੇ ਘਰ ਵਿੱਚ ਚਰਚ ਦੀ ਨਕਲ ਨਹੀਂ ਕੀਤੀ।

ਅਮਰੀਕਨ ਪੁੰਨ-ਪਾਪ ਤੋਂ ਮੁਕਤ ਹਨ, ਉਨ੍ਹਾਂ ਨੂੰ ਜੋ ਚੀਜ਼ ਜਾਂ ਵਰਤਾਰਾ ਖ਼ੁਸ਼ੀ ਦਿੰਦਾ ਹੈ, ਉਹ ਖੁੱਲ੍ਹ ਕੇ ਕਰਦੇ ਹਨ।

ਮੈਂ ਵੇਖਿਆ ਹੈ ਕਿ ਅਸੀਂ ਭਾਰਤੀਆਂ ਨੇ ਅਮਰੀਕਾ ਸੰਬੰਧੀ ਅਨੇਕਾਂ ਪੱਖਪਾਤ ਪਾਲੇ ਹੋਏ ਹਨ। ਅਸੀਂ ਉਨ੍ਹਾਂ ਦੇ ਜੀਵਨ ਦੇ ਦੋਸ਼ ਉਘਾੜ ਕੇ ਆਪਣੇ ਆਪ ਨੂੰ ਤਸੱਲੀ ਦਿੰਦੇ ਹਾਂ। ਅਸੀਂ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਪਦਾਰਥਕ ਦੱਸ ਕੇ ਆਪਣੀ ਅਧਿਆਤਮਕ ਉੱਚਤਾ ਦਾ ਭੁਲੇਖਾ ਸਿਰਜਦੇ ਹਾਂ। ਅਸੀਂ ਉਨ੍ਹਾਂ ਦੇ ਜੀਵਨ ਢੰਗ ਨੂੰ ਕੋਸ ਕੇ ਆਪਣੀ ਭੁੱਖ-ਨੰਗ ਨਾਲ ਸੰਤੁਸ਼ਟ ਹੋ ਜਾਂਦੇ ਹਾਂ।

ਮੈਂ ਅਨੁਭਵ ਕੀਤਾ ਹੈ ਕਿ ਸਾਡੇ ਇਨ੍ਹਾਂ ਭੁਲੇਖਿਆਂ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ ਇਹ ਭੁਲੇਖੇ ਸਾਡੇ ਵਿਕਾਸ-ਰਾਹ ਦੇ ਰੋੜੇ ਬਣੇ ਹੋਏ ਹਨ।

ਉਨ੍ਹਾਂ ਵਿੱਚ ਅਨੇਕਾਂ ਦੋਸ਼ ਹਨ, ਪਰ ਉਨ੍ਹਾਂ ਨੇ ਆਪਣੇ ਦੇਸ਼ ਵਿਚੋਂ ਗ਼ਰੀਬੀ ਹੂੰਝ ਦਿੱਤੀ ਹੈ, ਜੀਵਨ ਨੂੰ ਮਾਣਨ ਯੋਗ ਬਣਾਇਆ ਹੈ ਅਤੇ ਆਲਾ-ਦੁਆਲਾ ਸਾਫ਼-ਸੁਥਰਾ ਕੀਤਾ ਹੈ। ਜਿਸ ਸਵਰਗ ਦੇ ਅਸੀਂ ਸੁਪਨੇ ਵੇਖਦੇ ਹਾਂ, ਅਮਰੀਕਨਾਂ ਨੇ ਉਸ ਨਾਲੋਂ ਵੀ ਸੋਹਣਾ ਸਵਰਗ ਧਰਤੀ ਉੱਤੇ ਵਸਾਇਆ ਹੋਇਆ ਹੈ।

ਮਿੱਠੀਆਂ, ਖੱਟੀਆਂ ਅਤੇ ਕੌੜੀਆਂ

ਜਦੋਂ ਕੋਈ ਲੰਮੇ ਸਫ਼ਰ ਉੱਤੇ ਨਿਕਲਦਾ ਹੈ ਤਾਂ ਸਾਰੀਆਂ ਤਿਆਰੀਆਂ ਦੇ ਬਾਵਜੂਦ ਬਹੁਤ ਕੁੱਝ ਅਣਕਿਆਸਿਆ ਅਤੇ ਅਣਚਾਹਿਆ ਵਾਪਰ ਜਾਂਦਾ ਹੈ।

ਸਾਡਾ ਆਪਣਾ ਦੇਸ਼ ਬਹੁਤ ਵਿਸ਼ਾਲ ਹੈ ਪਰ ਖੁਲ੍ਹੀਆਂ ਬਾਹਵਾਂ ਨਾਲ ਇਸ ਨੂੰ ਅਪਨਾਉਣ ਅਤੇ ਵੇਖਣ ਦੀ ਸਾਡੇ ਵਿੱਚ ਦਲੇਰੀ ਨਹੀਂ।

ਲੰਮੇ ਸਫ਼ਰ ਉੱਤੇ ਨਿਕਲਣ ਸਮੇਂ ਮੇਰੇ ਮਨ ਵਿੱਚ ਵੀ ਅਨੇਕਾਂ ਸੰਸੇ ਅਤੇ ਪ੍ਰਸ਼ਨ ਸਨ। ਮੈਨੂੰ ਇੰਜ ਲੱਗ ਰਿਹਾ ਸੀ, ਜਿਵੇਂ ਕਿਸੇ ਅਜਿਹੇ ਸਮੁੰਦਰ ਵਿੱਚ ਠਿਲ੍ਹ ਰਿਹਾ ਹੋਵਾਂ, ਜਿਸ ਦੀ ਨਾ ਡੂੰਘਾਈ ਬਾਰੇ ਮੈਨੂੰ ਪਤਾ ਸੀ ਨਾ ਦੂਜੇ ਕਿਨਾਰੇ ਬਾਰੇ।

ਜਦੋਂ ਯੂਨੀਵਰਸਿਟੀ ਵਿੱਚ ਪੜ੍ਹਦਾ ਸਾਂ ਤਾਂ ਆਪਣੇ ਪਿਆਰ ਦੀ ਗਵਾਹੀ ਦੇਣ ਵਾਸਤੇ, ਪਟਿਆਲੇ ਤੋਂ ਲੁਧਿਆਣੇ ਰਹਿੰਦੀ ਆਪਣੀ ਸਹੇਲੀ ਨੂੰ ਮਿਲਣ ਪੈਦਲ ਗਿਆ ਸਾਂ, ਸੋ ਮੈਨੂੰ ਟੁਰਨ ਸਬੰਧੀ ਆਪਣੀਆਂ ਲੱਤਾਂ ਉੱਤੇ ਪੂਰਾ ਭਰੋਸਾ ਸੀ।

ਇਸ ਭਰੋਸੇ ਕਾਰਨ ਮੇਰਾ ਮਨ ਸ਼ਾਂਤ ਸੀ।

ਮੈਨੂੰ ਇਸ ਸੋਚ ਦਾ ਵੀ ਧੀਰਜ ਸੀ ਕਿ ਜਿਥੇ ਵੀ ਜਾਵਾਂਗਾ ਉਥੇ ਲੱਖਾਂ ਲੋਕ ਹੋਣਗੇ, ਜਿਵੇਂ ਉਹ ਕਰਦੇ ਹੋਣਗੇ, ਉਵੇਂ ਹੀ ਮੈਂ ਕਰਨ ਲੱਗ ਪਵਾਂਗਾ। ਮੈਂ ਇਹ ਵੀ ਸੋਚਦਾ ਸਾਂ ਕਿ ਮੈਂ ਪਹਿਲਾ ਆਦਮੀ ਤਾਂ ਨਹੀਂ, ਜਿਹੜਾ ਦੁਨੀਆਂ ਵੇਖਣ ਨਿਕਲਿਆ ਸਾਂ।

ਮੈਨੂੰ ਕੋਲੰਬਸ ਵਾਂਗ ਕੋਈ ਅਮਰੀਕਾ ਲੱਭਣ ਦਾ ਭਰਮ ਨਹੀਂ ਸੀ, ਮੈਂ ਤਾਂ ਇਬਨਬਤੂਤਾ ਅਤੇ ਐਲਬਰੂਨੀ ਵਾਂਗ ਆਪਣੀਆਂ ਅੱਖਾਂ ਨਾਲ ਦੂਰ ਦੇ ਦੁਮੇਲਾਂ ਨੂੰ ਦਿਲ ਦੀ ਵਹੀ ਉੱਤੇ ਉਕਰਨ ਨਿਕਲਿਆ ਸਾਂ।

ਸੁਭਾਵਿਕ ਹੀ ਰਵਾਨਾ ਹੋਣ ਤੋਂ ਕਈ ਦਿਨ ਪਹਿਲਾਂ ਮੇਰੀ ਹਾਲਤ ਉਸ ਮਰੀਜ਼ ਵਰਗੀ ਸੀ ਜਿਸ ਦੇ ਓਪਰੇਸ਼ਨ ਦੀ ਤਾਰੀਖ ਮਿਥ ਦਿੱਤੀ ਗਈ ਹੋਵੇ। ਮੇਰੇ ਦਿਲ ਦੀ ਹਾਲਤ ਉਸ ਲਾੜੀ ਵਰਗੀ ਸੀ, ਜਿਹੜੀ ਖੁਸ਼ੀਆਂ ਅਤੇ ਸੰਸਿਆਂ ਦੇ ਮਿਲੇ-ਜੁਲੇ ਭਾਵਾਂ ਨਾਲ ਆਪਣੇ ਮਾਪਿਆਂ ਦਾ ਘਰ ਪਿੱਛੇ ਛੱਡ ਕੇ ਆਪਣੇ ਪ੍ਰੀਤਮ ਦੇ ਦੇਸ਼ ਵੱਲ ਰਵਾਨਾ ਹੁੰਦੀ ਹੈ।

ਮੇਰੀ ਪਤਨੀ ਦੀਆਂ ਕਈ ਸਹੇਲੀਆਂ ਨੇ ਉਸ ਨੂੰ ਸਮਝਾਇਆ 'ਕਿਉਂ ਉਸ ਨੂੰ

ਭੇਜ ਕੇ ਆਪਣੇ ਪੈਰ ਉੱਤੇ ਆਪ ਕੁਹਾੜਾ ਮਾਰ ਰਹੀ ਹੈਂ।' ਮੈਂ ਉਸ ਦੇ ਮਨ ਦੀ ਹਾਲਤ ਸਮਝਦਾ ਸਾਂ। ਸਾਡੇ ਦੇਸ਼ ਵਿੱਚ ਖਰੇ ਰਿਸ਼ਤੇ, ਖੋਟੇ ਹੋਣ ਵਿੱਚ ਦੇਰ ਨਹੀਂ ਲੱਗਦੀ। ਅਮਰੀਕਾ ਵਿੱਚ ਹਰ ਮਸਾਲੇ ਦੀ ਚਾਟ ਅਤੇ ਕਈ ਛੱਤਿਆਂ ਦਾ ਸ਼ਹਿਦ ਮਿਲਦਾ ਹੈ। ਮੈਨੂੰ ਆਪਣੇ ਆਪ ਉੱਤੇ ਉਤਨਾ ਭਰੋਸਾ ਨਹੀਂ, ਜਿਤਨਾ ਮੇਰੀ ਪਤਨੀ ਨੂੰ ਮੇਰੇ ਉੱਤੇ ਹੈ।

ਮੈਨੂੰ ਅਨੇਕਾਂ ਉਨ੍ਹਾਂ ਪੁਰਸ਼ਾਂ ਦਾ ਪਤਾ ਹੈ ਜਿਹੜੇ ਅਮਰੀਕਾ ਗਏ ਅਤੇ ਵਾਪਸ ਆਉਣ ਦਾ ਰਾਹ ਭੁਲ ਗਏ। ਅਮਰੀਕਾ ਬੰਦੇ ਨੂੰ ਮੋਹ ਲੈਣ ਦੇ ਅਨੇਕਾਂ ਮੰਤਰ-ਟੂਣੇ ਜਾਣਦਾ ਹੈ। ਚੋਰੀ ਦਾ ਮਿਲਣਾ ਜਾਂ ਜ਼ੋਰੀ ਦਾ ਮਿਲਣਾ ਮੇਰੇ ਸੁਭਾਅ ਵਿੱਚ ਨਹੀਂ। ਮੇਰੀ ਮਾਂ ਨੇ ਮੇਰੀ ਪਤਨੀ ਨੂੰ ਕਿਹਾ, "ਇਹ ਮੇਰਾ ਪੁੱਤਰ ਹੈ, ਇਹ ਵਾਪਸ ਆਵੇਗਾ।"

ਜਹਾਜ਼ ਉੱਤੇ ਤਾਂ ਮੈਂ ਪਹਿਲਾਂ ਵੀ ਚੜ੍ਹਿਆ ਸਾਂ ਪਰ ਲੰਮੀ ਯਾਤਰਾ ਇਹ ਪਹਿਲੀ ਸੀ। ਅਨੇਕਾਂ ਲੋਕ ਮਿਲੇ ਜਿਨ੍ਹਾਂ ਦੇ ਸਾਕ-ਸੰਬੰਧੀ ਉਨ੍ਹਾਂ ਮੁਲਕਾਂ ਵਿੱਚ ਰਹਿੰਦੇ ਹਨ, ਜਿਨ੍ਹਾਂ ਵਿੱਚ ਮੈਂ ਰਹਿਣਾ ਜਾਂ ਜਾਣਾ ਸੀ। ਉਹ ਓਨ੍ਹਾਂ ਦਾ ਨਾਂ ਪਤਾ ਵੀ ਦਿੰਦੇ ਰਹੇ ਅਤੇ ਉਨ੍ਹਾਂ ਵਾਸਤੇ ਤੋਹਫ਼ੇ ਵੀ ਜਮ੍ਹਾਂ ਕਰਵਾਉਂਦੇ ਰਹੇ।

ਵੀਹਵੀਂ ਸਦੀ ਦੇ ਨੌਂਵੇ ਦਹਾਕੇ ਦੇ ਅੰਤ ਉੱਤੇ ਕੀਤੀ ਇਸ ਯਾਤਰਾ ਦੌਰਾਨ ਵੀਹ ਕਿਲੋਗ੍ਰਾਮ ਸਾਮਾਨ ਨਾਲ ਲੈ ਜਾਣ ਦੀ ਆਗਿਆ ਸੀ ਪਰ ਇੱਕ ਵਾਕਫ਼ ਇੱਕ-ਇੱਕ ਕਿਲੋ ਆਚਾਰ ਦੇ ਪੰਜ ਡੱਬੇ ਲੈ ਆਇਆ, ਕੋਈ ਜੁੱਤੀਆਂ ਦੇ ਜੋੜੇ ਲੈ ਆਇਆ ਅਤੇ ਪੱਗਾਂ ਤਾਂ ਲਗਭਗ ਤਿੰਨ ਦਰਜਨ ਇਕੱਠੀਆਂ ਹੋ ਗਈਆਂ। ਇੱਕ ਨੇ ਇੱਕ ਭਾਰਾ ਪਾਰਸਲ ਦਿੱਤਾ, ਜਿਸ ਵਿੱਚ ਇੱਕ ਦਰਜਨ, ਲਾਲ ਮਿੱਟੀ ਦੇ ਬਣੇ ਭਾਰੇ ਝਾਵੇਂ ਸਨ।

ਕੁਲ ਮਿਲਾ ਕੇ ਮੇਰੇ ਕੋਲ ਇੱਕ ਦੁਕਾਨ ਜਿੰਨਾ ਸਾਮਾਨ ਇਕੱਠਾ ਹੋ ਗਿਆ ਸੀ। ਮੇਰੇ ਕਮਰੇ ਵਿੱਚ ਦਾਜ ਖੁਲ੍ਹਿਆ ਹੋਇਆ ਸੀ ਅਤੇ ਮੈਂ ਹਰ ਇਕ ਦੇ ਸਾਮਾਨ ਦੀਆਂ ਲਿਸਟਾਂ ਬਣਾਉਣ ਵਿੱਚ ਰੁਝਿਆ ਹੋਇਆ ਸਾਂ।

ਰਵਾਨਾ ਹੋਣ ਤੋਂ ਪਹਿਲੀ ਰਾਤ ਇੱਕ ਸੱਜਣ ਆਪਣੇ ਪੁੱਤਰ ਨੂੰ ਇੰਗਲੈਂਡ ਦੇਣ ਲਈ ਇੱਕ ਭਾਰੀ ਰਜਾਈ ਲੈ ਆਏ ਅਤੇ ਕਹਿਣ ਲੱਗੇ, 'ਤੁਹਾਨੂੰ ਇੱਕ ਤਕਲੀਫ਼ ਦੇਣੀ ਹੈ।' ਮੈਂ ਰਹਿ ਨਾ ਸਕਿਆ ਅਤੇ ਕਿਹਾ, 'ਹੋਰ ਦੇ ਵੀ ਕੀ ਸਕਦੇ ਹੋ ?'

ਯਾਤਰਾ ਦੀ ਤਿਆਰੀ ਦੇ ਦਿਨਾਂ ਵਿਚ ਆਪਣੇ ਦੇਸ਼ ਵਾਸੀਆਂ ਦੇ ਪਿਆਰ ਪ੍ਰਗਟਾਉਣ ਦੇ ਢੰਗਾਂ-ਤਰੀਕਿਆਂ ਦੀ ਭਰਪੂਰ ਸੋਝੀ ਆਈ।

ਅਸੀਂ ਇਸ ਭੁਲੇਖੇ ਦਾ ਸ਼ਿਕਾਰ ਹਾਂ ਕਿ ਖਾਲੀ ਹੱਥ ਜਾਣਾ ਚੰਗਾ ਸ਼ਗਨ ਨਹੀਂ ਹੁੰਦਾ।

ਬਹੁਤ ਕੁਝ ਛੱਡਣ ਦੇ ਬਾਵਜੂਦ ਇੱਕ ਪੂਰੇ ਕੁਲੀ ਦਾ ਸਾਮਾਨ ਲੈ ਕੇ ਇਕੱਲਾ ਹੀ ਪਟਿਆਲੇ ਤੋਂ ਚਲਿਆ ਸਾਂ। ਜੀਵਨ ਦੇ ਅਨੇਕਾਂ ਅਨੁਭਵਾਂ ਨੇ, ਬਿਨਾਂ ਪਲੇਥਣ ਲਾਏ ਰੋਟੀ ਪਕਾਉਣ ਦੀ ਜਾਚ ਸਿਖਾਈ ਹੈ। ਕੁਲੀ ਬਣ ਕੇ ਚਲਿਆ ਸਾਂ ਅਤੇ ਅਮਰੀਕਾ ਪਹੁੰਚਣ ਤੱਕ ਕੁਲੀ ਹੀ ਬਣਿਆ ਰਿਹਾ। ਮੇਰਾ ਆਪਣਾ ਸਾਮਾਨ ਇਤਨਾ ਕੁ ਸੀ ਕਿ ਲਿਫ਼ਾਫ਼ੇ ਵਿੱਚ ਪਾਇਆ ਜਾ ਸਕੇ। ਮੈਂ ਵੇਖਿਆ ਹੈ ਕਿ ਸਫ਼ਰ ਦੌਰਾਨ ਕੁਲੀ ਵਾਂਗ ਭਾਰ-ਚੁੱਕਣ ਦੀ

ਆਦਤ ਤੋਂ ਅਸੀਂ ਛੁਟਕਾਰਾ ਨਹੀਂ ਪਾ ਸਕੇ। ਸਾਡੇ ਦੇਸ਼ ਦੇ ਹਰ ਵਿਅਕਤੀ ਦੇ ਧੁਰ-ਅੰਦਰ ਇੱਕ ਕਬਾੜੀ ਬੈਠਾ ਹੋਇਆ ਹੈ।

ਸਫ਼ਰ ਤਾਂ ਮਹਾਤਮਾ ਬੁੱਧ ਨੇ ਕੀਤਾ ਸੀ, ਯਾਤਰਾ ਤਾਂ ਗੁਰੂ ਨਾਨਕ ਦੇਵ ਨੇ ਕੀਤੀ ਸੀ, ਸਫਰ ਪੰਛੀ ਕਰਦੇ ਹਨ।

ਦਿੱਲੀ ਦੇ ਹਵਾਈ ਅੱਡੇ ਉੱਤੇ ਪਹੁੰਚਿਆ ਤਾਂ ਰਾਤ ਵੇਲੇ ਵੀ ਲੋਕਾਂ ਦੀ ਗਹਿਮਾ-ਗਹਿਮੀ ਵੇਖ ਕੇ ਇੰਜ ਲੱਗਿਆ ਜਿਵੇਂ ਸਵੇਰ ਤੱਕ ਦਿੱਲੀ ਖਾਲੀ ਹੋ ਜਾਵੇਗੀ ਅਤੇ ਜਿਸ ਢੰਗ ਨਾਲ ਲੋਕ ਜਾਣ ਵਾਲਿਆਂ ਨੂੰ ਰਵਾਨਾ ਕਰ ਰਹੇ ਸਨ, ਉਨ੍ਹਾਂ ਨੂੰ ਵੇਖ ਕੇ ਇਵੇਂ ਲੱਗਾ ਜਿਵੇਂ ਮੈਂ ਕੋਈ ਯਤੀਮ ਹੋਵਾਂ ਅਤੇ ਗ਼ਲਤੀ ਨਾਲ ਰੇਲਵੇ ਸਟੇਸ਼ਨ ਦੀ ਥਾਂ ਹਵਾਈ ਅੱਡੇ ਉੱਤੇ ਪਹੁੰਚ ਗਿਆ ਹੋਵਾਂ।

ਲੋਕਾਂ ਦੇ ਉਤਸ਼ਾਹ ਨੂੰ ਵੇਖ ਕੇ ਕਿੰਨਾ ਹੀ ਚਿਰ ਇੰਜ ਲੱਗਦਾ ਰਿਹਾ, ਜਿਵੇਂ ਜਹਾਜ਼ ਵਾਲੇ ਕਹਿਣਗੇ 'ਤੇਰੀ ਸ਼ਕਲ ਜਹਾਜ਼ ਉੱਤੇ ਚੜ੍ਹਨ ਵਾਲੀ ਨਹੀਂ, ਅਸੀਂ ਤੈਨੂੰ ਨਹੀਂ ਲੈ ਜਾ ਸਕਦੇ।'

ਮੇਰੀ ਹਾਲਤ ਉਸ ਆਦਮੀ ਵਰਗੀ ਸੀ, ਜਿਹੜਾ ਪਰਨਾ ਲਪੇਟ ਕੇ ਸੂਟਾਂ-ਸਾੜ੍ਹੀਆਂ ਵਾਲਿਆਂ ਵਿਚਕਾਰ ਆ ਖਲੋਤਾ ਹੋਵੇ।

ਮੈਂ ਆਪਣੇ ਕਾਗਜ਼ ਫਿਰ ਵੇਖੇ ਅਤੇ ਲੰਮਾ ਸਾਹ ਲੈ ਕੇ ਲਾਈਨ ਵਿੱਚ ਖਲੋ ਗਿਆ।

ਇਹ ਸਟੇਡੀਅਮ ਜਿੰਨਾ ਵੱਡਾ ਹਾਲ ਸੀ ਅਤੇ ਇਤਨਾ ਹੀ ਵੱਡਾ ਕਾਲੀਨ ਵਿਛਿਆ ਹੋਇਆ ਸੀ।

ਮੈਨੂੰ ਚੰਗੀ ਤਰ੍ਹਾਂ ਮਹਿਸੂਸ ਹੋ ਗਿਆ ਸੀ ਕਿ ਇਹ ਥਾਂ ਮੇਰੇ ਜਿਹੇ ਲੋਕਾਂ ਵਾਸਤੇ ਨਹੀਂ ਸੀ। ਗੱਡੀਆਂ ਵਿੱਚ ਧੱਕੇ ਖਾਣ ਦੇ ਆਦੀ ਅਸੀਂ ਨਹੀਂ ਜਾਣ ਸਕਦੇ ਕਿ ਪੈਸੇ ਵਾਲਿਆਂ ਨੇ ਆਪਣੀ ਦੁਨੀਆਂ ਕਿਹੋ ਜਿਹੀ ਬਣਾਈ ਹੋਈ ਹੈ।

ਲਾਈਨ ਵਿੱਚ ਕਈ ਮੇਰੇ ਤੋਂ ਵੀ ਗਏ-ਗੁਜ਼ਰੇ ਖਲੋਤੇ ਸਨ। ਉਨ੍ਹਾਂ ਨੂੰ ਵੇਖ ਕੇ ਮੈਂ ਸਾਹ ਲੈਣਾ ਜਾਰੀ ਰੱਖਿਆ ਅਤੇ ਆਪਣੇ ਦਿਲ ਦੀ ਧੜਕਣ ਨੂੰ ਬੰਦ ਨਾ ਹੋਣ ਦਿੱਤਾ।

ਜਦੋਂ ਜਹਾਜ਼ ਵਾਲਿਆਂ ਨੇ ਮੈਨੂੰ ਲੈ ਜਾਣ ਦੀ ਹਾਮੀ ਭਰ ਦਿੱਤੀ ਤਾਂ ਮੈਂ ਤਰਲੇ ਭਰੀਆਂ ਨਜ਼ਰਾਂ ਨਾਲ ਪੁਛਿਆ, 'ਕਿਧਰੇ ਤੁਸੀਂ ਮਖੌਲ ਤਾਂ ਨਹੀਂ ਕਰ ਰਹੇ?'

ਇਸ ਦੇ ਬਾਵਜੂਦ ਮੈਨੂੰ ਇੰਜ ਲੱਗਦਾ ਰਿਹਾ ਕਿ ਕੁਝ ਨਾ ਕੁਝ ਅਜਿਹਾ ਵਾਪਰ ਜਾਵੇਗਾ ਕਿ ਉਹ ਮੈਨੂੰ ਲੈ ਜਾਣ ਤੋਂ ਇਨਕਾਰ ਕਰ ਦੇਣਗੇ।

ਹੁਣ ਮੈਂ ਸੋਚਦਾ ਹਾਂ ਕਿ ਸਾਡੇ ਦੇਸ਼ ਵਿੱਚ ਹਰ ਸਾਧਾਰਣ ਆਦਮੀ ਨਾਲ ਇਤਨੀਆਂ ਵਧੀਕੀਆਂ ਹੁੰਦੀਆਂ ਹਨ ਕਿ ਉਸ ਨੂੰ ਆਪਣਾ ਜਾਇਜ਼ ਕੰਮ ਹੋ ਜਾਣ ਦੇ ਬਾਵਜੂਦ ਚਿੰਤਾ ਲੱਗੀ ਰਹਿੰਦੀ ਹੈ। ਚਿੰਤਾਵਾਂ ਨੇ ਸਾਡੀਆਂ ਖੁਸ਼ੀਆਂ ਚੱਟ ਲਈਆਂ ਹਨ।

ਜਦੋਂ ਜਹਾਜ਼ ਉੱਡਣ ਲੱਗ ਪਿਆ ਤਾਂ ਮੈਨੂੰ ਵਿਸ਼ਵਾਸ ਹੋਇਆ ਕਿ ਹੁਣ ਤਾਂ ਇਹ

ਮੈਨੂੰ ਲੈ ਹੀ ਜਾਣਗੇ। ਫਿਰ ਖਿਆਲ ਆਇਆ ਕਿ ਜਹਾਜ਼ ਡਿੱਗ ਪਵੇ ਤਾਂ ਬੱਚਣ ਦੀ ਕੋਈ ਆਸ ਨਹੀਂ ਹੋਵੇਗੀ, ਪਰ ਮੈਨੂੰ ਇਸ ਗੱਲ ਦਾ ਪਤਾ ਸੀ ਕਿ ਹਵਾਈ ਹਾਦਸੇ ਵਿੱਚ ਮੇਰੀ ਮੌਤ ਹੋ ਜਾਣ ਨਾਲ ਮੇਰੀ ਪਤਨੀ ਨੂੰ ਤੀਹ ਲੱਖ ਰੁਪਏ ਮਿਲਣੇ ਸਨ। ਮੈਨੂੰ ਤੀਹ ਲੱਖ ਦੀ ਰਕਮ ਨਾਲ ਬੜੀ ਧਰਵਾਸ ਹੋਈ ਅਤੇ ਇਹ ਸੌਦਾ ਲਾਹੇਵੰਦਾ ਲੱਗਿਆ। ਕਿੰਨਾ ਹੀ ਚਿਰ ਮੈਂ ਹਵਾਈ ਹਾਦਸੇ ਦੀ ਉਡੀਕ ਕਰਦਾ ਰਿਹਾ। ਜੀਵਨ ਦੇ ਹੋਰ ਸੁਪਨਿਆਂ ਵਾਂਗ ਮੇਰਾ ਇਹ ਸੁਪਨਾ ਵੀ ਪੂਰਾ ਨਾ ਹੋਇਆ।

ਉੱਡਦਾ ਜਹਾਜ਼ ਇੱਕ ਵੱਖਰੀ ਦੁਨੀਆਂ ਹੁੰਦੀ ਹੈ।

ਕਿਉਂਕਿ ਜਹਾਜ਼ ਵਪਾਰੀ ਬਿਰਤੀ ਨਾਲ ਉਡਾਏ ਜਾਂਦੇ ਹਨ, ਸੋ ਜੇ ਜਹਾਜ਼ ਭਰਿਆ ਹੋਇਆ ਹੋਵੇ ਤਾਂ ਬਹਿਣਾ ਇੰਜ ਲੱਗਦਾ ਹੈ ਜਿਵੇਂ ਕਿਸੇ ਨੇ ਜਕੜ ਕੇ ਬਿਠਾਇਆ ਹੋਵੇ ਅਤੇ ਸਵਾਰੀਆਂ ਬੈਠੀਆਂ ਹੋਈਆਂ ਨਹੀਂ, ਸੀਟਾਂ ਵਿੱਚ ਡਿੱਗਣ ਉਪਰੰਤ ਬੰਨ੍ਹੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ। ਸਵਾਰੀਆਂ ਦੀ ਸੇਵਾ ਵਿੱਚ ਲੱਗੀਆਂ ਮਸ਼ੀਨੀ ਮੁਸਕ੍ਰਾਹਟ ਵਾਲੀਆਂ ਸੇਵਕਾਵਾਂ ਨਿਰੰਤਰ ਜੁਟੀਆਂ ਰਹਿੰਦੀਆਂ ਹਨ। ਜਿਸ ਢੰਗ ਨਾਲ ਜਹਾਜ਼ ਵਿੱਚ ਸਵਾਰੀਆਂ ਦੀ ਸੇਵਾ ਹੁੰਦੀ ਹੈ, ਉਵੇਂ ਸ਼ਾਇਦ ਕਿਆਸੇ ਹੋਏ ਸਵਰਗ ਵਿੱਚ ਵੀ ਨਾ ਹੁੰਦੀ ਹੋਵੇ ਪਰ ਕਿਉਂਕਿ ਸਾਨੂੰ ਸੇਵਾ ਕਰਵਾਉਣ ਦੀ ਜਾਚ ਨਹੀਂ, ਸੋ ਸਾਡੇ ਦੇਸ਼ ਦੀਆਂ ਕਈ ਸਵਾਰੀਆਂ ਸੇਵਕਾਵਾਂ ਨਾਲ ਹੁੱਜਤਾਂ ਕਰਦੀਆਂ ਹਨ।

ਮੇਰੀ ਗਵਾਂਢੀ ਸਵਾਰੀ ਨੇ ਆਪਣੀ ਹੀਣਤਾ ਦੀ ਭਾਵਨਾ ਕਾਰਨ ਇੱਕ ਸੇਵਕਾ ਨੂੰ ਬੜੇ ਭੱਦੇ ਢੰਗ ਨਾਲ ਕਿਹਾ 'ਤੁਹਾਨੂੰ ਸਵਾਰੀਆਂ ਦੀ ਸੇਵਾ ਕਰਨੀ ਨਹੀਂ ਸਿਖਾਈ ਗਈ?' ਮੇਰਾ ਦਿਲ ਤਾਂ ਕੀਤਾ ਕਿ ਉਸ ਨੂੰ ਕਹਾਂ 'ਜਿਹੜੀ ਸੇਵਾ ਦੇ ਤੁਸੀਂ ਯੋਗ ਹੋ, ਜੇ ਆਗਿਆ ਹੋਵੇ ਤਾਂ ਮੈਂ ਕਰ ਦੇਵਾਂ?' ਮੈਂ ਮਹਿਸੂਸ ਕੀਤਾ ਕਿ ਸਫ਼ਰ ਦੇ ਸੁਖਾਵੇਂ ਹੋਣ ਵਿੱਚ, ਸੁਖਾਵੇਂ ਗਵਾਂਢੀ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਸਭ ਤੋਂ ਚੰਗਾ ਸਫ਼ਰ ਲੰਦਨ ਤੋਂ ਨਿਊਯਾਰਕ ਸੀ, ਜਿਸ ਵਿੱਚ ਸੇਵਾ ਦਾ ਯੋਰਪੀਨ ਪੱਧਰ ਮਨ ਨੂੰ ਪ੍ਰਸੰਨ ਕਰਨ ਵਾਲਾ ਸੀ।

ਬਾਰ-ਬਾਰ ਕਹਿਣ ਦੇ ਬਾਵਜੂਦ ਸਾਡੇ ਦੇਸ਼ ਦੇ ਲੋਕ ਜਹਾਜ਼ ਵਿੱਚ ਖਲੋਣ ਅਤੇ ਇਧਰ-ਉਧਰ ਜਾਣ ਤੋਂ ਬਾਜ਼ ਨਹੀਂ ਆਉਂਦੇ।

ਹਿਲਦੇ ਹੋਏ ਦੰਦਾਂ ਵਾਂਗ ਨਾ ਇਹ ਯਾਤਰੂ ਜਹਾਜ਼ ਵਿਚੋਂ ਕੱਢੇ ਜਾ ਸਕਦੇ ਹਨ ਅਤੇ ਨਾ ਰੱਖੇ ਜਾ ਸਕਦੇ ਹਨ।

ਸਾਊ, ਅਮੀਰ, ਪੜ੍ਹੇ-ਲਿਖੇ ਅਤੇ ਖੁਸ਼ਹਾਲ ਬੰਦਿਆਂ ਵਾਂਗ ਵਿਹਾਰ ਕਰਨਾ ਸਿੱਖਣ ਵਿੱਚ ਸਾਨੂੰ ਬੜੀ ਦੇਰ ਲੱਗੇਗੀ।

ਜਹਾਜ਼ ਨੇ ਲਗਭਗ ਪੰਜ ਘੰਟੇ ਦੀ ਉਡਾਣ ਉਪਰੰਤ ਕੁਵੈਤ ਦੇ ਹਵਾਈ ਅੱਡੇ ਉੱਤੇ ਲਗਭਗ ਇੱਕ ਘੰਟੇ ਲਈ ਰੁਕਣਾ ਸੀ। ਉਥੇ ਮੇਰਾ ਸਾਲਾ ਰਹਿੰਦਾ ਸੀ ਅਤੇ ਉਸ ਨੇ ਮੈਨੂੰ ਕਿਹਾ ਹੋਇਆ ਸੀ ਕਿ ਮੈਂ ਉਸ ਨੂੰ ਹਵਾਈ ਅੱਡੇ ਤੋਂ ਟੈਲੀਫੋਨ ਕਰਾਂ। ਉਹ ਹਵਾਈ ਜਹਾਜ਼ ਦੇ ਕਪਤਾਨ ਨੂੰ ਜਾਣਦਾ ਸੀ, ਜਿਸ ਨੂੰ ਪੁੱਛ ਕੇ ਅਤੇ ਜਿਸ ਦੀ ਸਿਫਾਰਸ਼ ਨਾਲ ਹੀ ਮੈਂ

ਟੈਲੀਫੋਨ ਕਰਨ ਗਿਆ ਸਾਂ। ਰਸਤੇ ਵਿੱਚ ਇੱਕ ਦਰਵਾਜ਼ੇ ਉਤੇ ਇੱਕ ਕੁਵੈਤੀ ਇਸਤਰੀ ਨੂੰ ਕਪਤਾਨ ਨੇ ਮੈਨੂੰ ਲੰਘ ਜਾਣ ਦੇਣ ਲਈ ਆਖਿਆ ਸੀ। ਜਦੋਂ ਮੈਂ ਵਾਪਸ ਆਇਆ ਤਾਂ ਉਹ ਇਸਤਰੀ ਉਥੇ ਨਹੀਂ ਸੀ। ਪੁਲੀਸ ਵਾਲੇ ਮੈਨੂੰ ਅੰਦਰ ਜਾਣ ਨਾ ਦੇਣ, ਜਹਾਜ਼ ਮੇਰਾ ਤਿਆਰ ਖੜਾ ਸੀ। ਮੇਰੇ ਕੋਲ ਤਾਂ ਕੁਝ ਵੀ ਨਹੀਂ ਸੀ, ਕਿਉਂਕਿ ਸਾਰੇ ਕਾਗਜ਼-ਪੱਤਰ ਤਾਂ ਜਹਾਜ਼ ਵਿੱਚ ਪਏ ਥੈਲੇ ਵਿੱਚ ਸਨ। ਪੁਲੀਸ ਵਾਲੇ ਅੰਗਰੇਜ਼ੀ ਨਹੀਂ ਜਾਣਦੇ ਸਨ, ਮੈਂ ਉਨ੍ਹਾਂ ਦੀ ਅਰਬੀ ਨਹੀਂ ਸਮਝਦਾ ਸਾਂ। ਉਨ੍ਹਾਂ ਮੈਨੂੰ ਬਿਨਾਂ ਲੋੜੀਂਦੇ ਕਾਗਜ਼ਾਂ ਨਾਲ ਅੰਦਰ ਆਉਣ ਦੇ ਜੁਰਮ ਵਿੱਚ ਗ੍ਰਿਫਤਾਰ ਕਰਨ ਦਾ ਫੈਸਲਾ ਕਰ ਲਿਆ ਸੀ ਅਤੇ ਮੈਨੂੰ ਇੱਕ ਬੈਂਚ ਉੱਤੇ ਬੈਠ ਜਾਣ ਦਾ ਹੁਕਮ ਦੇ ਦਿੱਤਾ ਸੀ। ਮੈਨੂੰ ਆਪਣੇ ਸਾਲੇ ਦੇ ਨਾਂ ਤੋਂ ਸਿਵਾਏ ਕੁਝ ਵੀ ਨਹੀਂ ਸੀ ਪਤਾ। ਮੈਨੂੰ ਆਪਣੀ ਦੁਨੀਆਂ ਉਜੜਦੀ ਲੱਗੀ। ਉਸ ਰੌਣਕ ਵਾਲੀ ਥਾਂ ਉੱਤੇ ਵੀ ਮੈਨੂੰ ਦੂਰ-ਦੂਰ ਤੱਕ ਉਦਾਸੀ ਵਿਛੀ ਹੋਈ ਪ੍ਰਤੀਤ ਹੋਈ। ਇਤਨੀ ਘਬਰਾਹਟ ਮੈਨੂੰ ਪਹਿਲਾਂ ਕਦੇ ਮਹਿਸੂਸ ਨਹੀਂ ਹੋਈ ਸੀ।

ਮੇਰੀਆਂ ਅੱਖਾਂ ਦੇ ਸਾਹਮਣੇ ਕਹਾਰ ਮੇਰੀ ਡੋਲੀ ਲੁੱਟ ਰਹੇ ਸਨ।

ਜਹਾਜ਼ ਦੇ ਚੱਲਣ ਵਿੱਚ ਕੁਝ ਮਿੰਟ ਹੀ ਰਹਿੰਦੇ ਸਨ ਕਿ ਅਚਾਨਕ ਉਹ ਇਸਤਰੀ ਆ ਗਈ। ਉਸ ਨੂੰ ਵੇਖ ਕੇ ਮੈ ਕਿਵੇਂ ਲਪਕਿਆ ਹੋਵਾਂਗਾ, ਤੁਸੀ ਅਨੁਮਾਨ ਨਹੀਂ ਲਗਾ ਸਕਦੇ। ਉਸ ਨੇ ਮੈਨੂੰ ਵਾਪਸ ਜਹਾਜ਼ ਵਿੱਚ ਜਾਣ ਦੀ ਆਗਿਆ ਸਿਰ ਹਿਲਾ ਕੇ ਦੇ ਦਿੱਤੀ।

ਝੀਲ ਤੋਂ ਛੱਪੜ ਬਣਦੀ-ਬਣਦੀ ਮੇਰੀ ਦੁਨੀਆਂ ਦਰਿਆ ਬਣ ਗਈ। ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਮੇਰੇ ਪੈਰ ਜ਼ਮੀਨ ਉੱਤੇ ਨਹੀਂ ਲੱਗ ਰਹੇ ਸਨ।

ਇਸ ਘਟਨਾ ਨਾਲ ਮੈਂ ਆਪਣੇ ਹੋਣ ਵਾਲੇ ਉਜਾੜੇ ਨੂੰ ਇਤਨੀ ਨੇੜਿਉਂ ਵੇਖ ਲਿਆ ਸੀ ਕਿ ਹਰ ਚੀਜ਼ ਹੀ ਅਜੀਬ ਜਾਪੀ । ਜੇ ਮੈਨੂੰ ਉਹ ਜੇਲ੍ਹ ਵਿੱਚ ਪਾ ਦਿੰਦੇ ਤਾਂ ਮੈਂ ਉਵੇਂ ਹੀ ਉਡੀਕਦਿਆਂ-ਉਡੀਕਦਿਆਂ ਮਰ ਜਾਣਾ ਸੀ, ਜਿਵੇਂ ਕਿਸੇ ਗਰੀਬ ਘਰ ਦੀ ਲੜਕੀ, ਦਮੇ ਦੇ ਮਰੀਜ਼, ਆਪਣੇ ਪਿਓ ਵਲੋਂ ਦਾਜ ਨਾ ਜੁੜਨ ਕਾਰਨ, ਬਰਾਤ ਨੂੰ ਉਡੀਕਦੀ-ਉਡੀਕਦੀ ਮਰ ਜਾਂਦੀ ਹੈ।

ਲਗਭਗ ਛੇ ਘੰਟੇ ਦੀ ਉਡਾਣ ਉਪਰੰਤ ਜਹਾਜ਼ ਨੇ ਲੰਦਨ ਉਤਰਨਾ ਸੀ। ਲੰਦਨ ਉਤਰ ਕੇ ਅਨੁਭਵ ਹੋਇਆ ਕਿ ਕਿਵੇਂ ਵਿਗਿਆਨ ਨੇ ਦੁਨੀਆਂ ਦਰੀ ਦੇ ਧਾਗਿਆਂ ਵਾਂਗ ਬੁਣ ਦਿੱਤੀ ਹੈ ਅਤੇ ਫਾਸਲਿਆਂ ਨੂੰ ਸੀਣਾਂ ਮਾਰ ਦਿੱਤੀਆਂ ਹਨ।

ਸਕੂਲ ਵਿੱਚ ਵਿਗਿਆਨ ਦੇ ਵਰਦਾਨ ਉੱਤੇ ਜਿਹੜਾ ਲੇਖ ਲਿਖਿਆ ਕਰਦੇ ਸਾਂ, ਉਹ ਆਪਣੇ ਨਾਲ ਵਾਪਰਦਾ ਲੱਗਿਆ। ਲੰਦਨ ਦੇ ਇੱਕ ਵੱਡੇ ਕਸਬੇ ਵਿੱਚ ਕੁਝ ਦਿਨ ਰਹਿ ਕੇ ਮੈਂ ਸਕਾਟਲੈਂਡ ਚਲਾ ਗਿਆ ਅਤੇ ਵਾਪਸੀ ਉੱਤੇ ਲੰਦਨ ਵੇਖਣ ਦਾ ਪ੍ਰੋਗਰਾਮ ਸੀ। ਜਦੋਂ ਗੱਡੀ ਲੰਦਨ ਅਪੜੀ ਤਾਂ ਸ਼ਾਮ ਦੇ ਸੱਤ ਵਜੇ ਸਨ।

ਲੋਕਾਂ ਦੇ ਸਾਮਾਨ ਨਾਲ ਭਰਿਆ ਟਰੱਕ ਜਿੰਨਾ ਆਪਣਾ ਸੂਟਕੇਸ ਫਰਸ਼ ਉੱਤੇ ਟਿਕਾ ਕੇ ਮੈਂ ਉਨ੍ਹਾਂ ਦੀ ਉਡੀਕ ਕਰਨ ਲੱਗਿਆ, ਜਿਨ੍ਹਾ ਨੇ ਮੈਨੂੰ ਲੈਣ ਆਉਣਾ ਸੀ। ਲੰਦਨ ਦੇ

ਵੱਡੇ ਸਟੇਸ਼ਨ ਉੱਤੇ ਭਾਂਤ-ਭਾਂਤ ਦੀ ਰੌਣਕ ਸੀ ਪਰ ਮੈਂ ਉਦਾਸ ਸਾਂ, ਕਿਉਂਕਿ ਜਿਨ੍ਹਾਂ ਨੇ ਲੈਣ ਆਉਣਾ ਸੀ, ਉਹ ਅਜੇ ਆਏ ਨਹੀਂ ਸਨ। ਟੈਲੀਫੋਨ ਕਰਨ ਦੀ ਕੋਸ਼ਿਸ਼ ਕੀਤੀ ਘੰਟੀ ਵਜਦੀ ਸੀ ਪਰ ਕੋਈ ਟੈਲੀਫੋਨ ਸੁਣਨ ਲਈ ਚੁੱਕ ਨਹੀਂ ਸੀ ਰਿਹਾ। ਸੱਤ ਤੋਂ ਅੱਠ ਵੱਜ ਗਏ। ਇੱਕ ਘੰਟਾ ਅੱਧੀ ਉਮਰ ਵਾਂਗ ਬੀਤਿਆ। ਯੂਨੀਵਰਸਿਟੀ ਵਿੱਚ ਜਦੋਂ ਪੜ੍ਹਦਾ ਸਾਂ ਤਾਂ ਮੇਰੀ ਉਸ ਸਮੇਂ ਬਣੀ ਸਹੇਲੀ ਨੇ ਉਡੀਕ ਕਰਨੀ ਬਹੁਤ ਚੰਗੀ ਤਰ੍ਹਾਂ ਸਿਖਾ ਦਿੱਤੀ ਸੀ ਅਤੇ ਇਹ ਯੋਗਤਾ ਹੁਣ ਕੰਮ ਆ ਰਹੀ ਸੀ। ਨੌਂ ਵੱਜ ਗਏ ਸਨ। ਸਟੇਸ਼ਨ ਦੀ ਗਹਿਮਾ-ਗਹਿਮੀ ਬਰਕਰਾਰ ਸੀ ਪਰ ਮੇਰੀਆਂ ਆਸਾਂ ਮਲਬਾ ਹੋ ਗਈਆਂ ਸਨ।

ਰਾਤ ਉਥੇ ਹੀ ਗੁਜ਼ਾਰਨ ਦਾ ਮੈਂ ਆਪਣੇ ਮਨ ਨਾਲ ਫੈਸਲਾ ਕਰ ਲਿਆ ਸੀ।

ਮੈਨੂੰ ਇਸ ਗੱਲ ਦੀ ਤਸੱਲੀ ਸੀ ਕਿ ਮੈਂ ਕਿਸੇ ਨਿਗੂਣੀ ਥਾਂ ਨਹੀਂ, ਸੰਸਾਰ ਦੇ ਪ੍ਰਸਿੱਧ ਸ਼ਹਿਰ ਲੰਦਨ ਵਿੱਚ ਰੁਲ ਰਿਹਾ ਸ਼ਾਂ। ਮੈਨੂੰ ਆਪਣਾ ਕੋਈ ਫ਼ਿਕਰ ਨਹੀਂ ਸੀ, ਫ਼ਿਕਰ ਤਾਂ ਮੈਨੂੰ ਲੋਕਾਂ ਦੇ ਭਰੇ ਸਾਮਾਨ ਵਾਲੇ ਸੂਟਕੇਸ ਦਾ ਸੀ।

ਇਸ ਸੂਟਕੇਸ ਨੇ ਮੇਰੀ ਚਾਲ ਵਿਗਾੜ ਦਿੱਤੀ ਸੀ। ਹੁਣ ਤੱਕ ਇਸ ਸੂਟਕੇਸ ਉੱਤੇ ਇਸ ਵਿਚਲੇ ਸਾਮਾਨ ਨਾਲੋਂ ਵਧੇਰੇ ਖਰਚਾ ਹੋ ਚੁੱਕਾ ਸੀ, ਪਰ ਅਸਲ ਪ੍ਰੇਸ਼ਾਨੀ ਤਾਂ ਇਹ ਸੀ ਕਿ ਸੂਟਕੇਸ ਵੇਖਦਿਆਂ ਹੀ ਮੈਨੂੰ ਖਿਝ ਚੜ੍ਹ ਜਾਂਦੀ ਸੀ।

ਮੈਂ ਰਾਤ ਭਰ ਸਮਾਧੀ ਲਾਉਣ ਲਈ ਥਾਂ ਚੁਣ ਰਿਹਾ ਸਾਂ ਕਿ ਉਹ ਆ ਗਏ। ਆਵਾਜਾਈ ਦੇ ਵਿਘਨ ਪੈਣ ਕਾਰਨ ਉਹ ਰਸਤੇ ਵਿੱਚ ਅੜ ਗਏ ਸਨ।

ਜਿਵੇਂ ਬਹੁਤ ਉਦਾਸ ਬੰਦੇ ਲਈ ਇੱਕ ਦਮ ਮੁਸਕ੍ਰਾਉਣਾ ਮੁਸ਼ਕਿਲ ਹੁੰਦਾ ਹੈ, ਮੇਰਾ ਵੀ ਉਹੀ ਹਾਲ ਸੀ। ਜਦੋਂ ਉਨ੍ਹਾਂ ਆਪਣੇ ਲੇਟ ਹੋ ਜਾਣ ਦਾ ਕਾਰਨ ਦੱਸਿਆ ਤਾਂ ਮੈਂ ਮਨ ਵਿੱਚ ਸੋਚਿਆ,"ਜੇ ਤੁਸੀਂ ਨਾ ਵੀ ਆਉਂਦੇ ਤਾਂ ਵੀ ਮੈਂ ਤੁਹਾਡਾ ਕੀ ਵਿਗਾੜ ਲੈਣਾ ਸੀ?" ਘਰ ਪਹੁੰਚ ਕੇ ਇੱਕ ਵਾਰੀ ਫਿਰ ਬਹਾਰ ਆ ਗਈ। ਇਸ ਸਭ ਕੁਝ ਦਾ ਲਾਭ ਇਹ ਹੋਇਆ ਕਿ ਮੈਂ ਲੰਦਨ ਦਾ ਸਟੇਸ਼ਨ ਅਤੇ ਲੰਦਨ ਦੀਆਂ ਸਵਾਰੀਆਂ ਨੂੰ ਖ਼ੂਬ ਵੇਖਿਆ।

ਕਿਸੇ ਕੋਲ ਵੀ ਮੇਰੇ ਜਿਹਾ ਭਾਰਾ ਸੂਟਕੇਸ ਨਹੀਂ ਸੀ।

ਹੁਣ ਮੈਂ ਸੋਚਦਾ ਹਾਂ ਕਿ ਕਿਵੇਂ ਕਈ ਵਾਰੀ ਸੂਟਕੇਸ ਜਿਹੀ ਨਿਗੂਣੀ ਚੀਜ਼ ਵੀ ਆਤਮਘਾਤ ਦਾ ਕਾਰਨ ਬਣ ਸਕਦੀ ਹੈ।

ਲੰਦਨ ਤੋਂ ਮੈਂ ਪੈਰਿਸ ਜਾਣਾ ਸੀ। ਯੂਨੀਵਰਸਿਟੀ ਵਿਚਲੇ ਇੱਕ ਮਿੱਤਰ ਨੇ ਸਲਾਹ ਦਿੱਤੀ ਸੀ ਕਿ ਪੈਰਿਸ ਵਿੱਚ ਮੈਂ ਪੈਦਲ ਘੁੰਮਾਂ। ਮੈਂ ਲੰਦਨ ਤੋਂ ਗੱਡੀ ਰਾਹੀਂ ਪੈਰਿਸ ਚਲਿਆ। ਉਸੇ ਟਿਕਟ ਉੱਤੇ ਮੈਂ ਹਵਾਈ ਜਹਾਜ਼ ਰਾਹੀਂ ਵੀ ਜਾ ਸਕਦਾ ਸਾਂ ਪਰ ਗੱਡੀ ਰਾਹੀਂ ਸਫ਼ਰ ਕਰਨਾ ਵਧੇਰੇ ਸੁਖਦਾਈ ਹੀ ਨਹੀਂ, ਵਧੇਰੇ ਦਿਲਚਸਪ ਵੀ ਸੀ।

ਗੱਡੀ ਵਿੱਚ ਮੇਰੇ ਤੋਂ ਦੋ ਸੀਟਾਂ ਅੱਗੇ ਇੱਕ ਮੁੰਡਾ ਅਤੇ ਇੱਕ ਕੁੜੀ ਸਰੀਰਕ ਸਮਾਗਮ ਕਰ ਰਹੇ ਸਨ ਅਤੇ ਹੈਰਾਨੀ ਇਸ ਗੱਲ ਦੀ ਸੀ ਕਿ ਨਾ ਉਨ੍ਹਾਂ ਨੂੰ ਕਿਸੇ ਸਵਾਰੀ ਦੀ ਪ੍ਰਵਾਹ ਸੀ ਅਤੇ ਨਾ ਹੀ ਕਿਸੇ ਸਵਾਰੀ ਨੂੰ ਉਨ੍ਹਾਂ ਦੀ। ਮੇਰੇ ਲਈ ਇਹ ਕੌਤਕ ਹੁੰਦਾ ਵੇਖਣਾ ਸਹਿਲ

ਨਹੀਂ ਸੀ। ਮੇਰੇ ਵਿੱਚ ਬਹੁਤ ਕੁਝ ਵੇਖ ਕੇ ਅਣਡਿੱਠ ਕਰਨ ਦੀ ਸ਼ਕਤੀ ਹੈ ਪਰ ਜਿਸ ਢੰਗ ਨਾਲ ਉਹ ਇੱਕ ਦੂਜੇ ਨੂੰ ਗੁੰਨ੍ਹ ਰਹੇ ਸਨ, ਉਸ ਅਸਲੀਅਤ ਦੀ ਆਫ਼ਤ ਬਰਦਾਸ਼ਤ ਕਰਨੀ ਸ਼ਾਇਦ ਮੇਰੇ ਵਸ ਦੀ ਗੱਲ ਨਹੀਂ ਸੀ। ਇਹ ਦ੍ਰਿਸ਼ ਵੇਖਣ ਉਪਰੰਤ ਸਮੁੱਚੀ ਯਾਤਰਾ ਵਿੱਚ ਮੈਨੂੰ ਕਿਸੇ ਗੱਲ ਨੇ ਹੈਰਾਨ ਨਹੀ ਕੀਤਾ।

ਮੈਨੂੰ ਖਿਆਲ ਆਇਆ ਕਿ ਸਾਡੇ ਦੇਸ਼ ਵਿੱਚ ਤਾਂ ਪਾਣੀ ਦੀ ਨਾਲ ਟੁੱਟ ਜਾਵੇ ਤਾਂ ਵੇਖਣ ਲਈ ਦੋ ਸੌ ਦੀ ਭੀੜ ਜੁੜ ਜਾਂਦੀ ਹੈ ਪਰ ਯੋਰਪ ਵਿੱਚ ਕੋਈ ਕਿਸੇ ਦੇ ਪਿਆਰ ਵਿੱਚ ਵੀ ਵਿਘਨ ਨਹੀਂ ਪਾਉਂਦਾ।

ਗੱਡੀ ਤੋਂ ਸਮੁੰਦਰੀ ਜਹਾਜ਼ ਵਿੱਚ ਅਤੇ ਮੁੜ ਗੱਡੀ ਵਿੱਚ ਬਹਿ ਕੇ ਸ਼ਾਮ ਪਏ ਪੈਰਿਸ ਸਟੇਸ਼ਨ ਤੇ ਅਪੜਿਆ, ਜਿਥੋਂ ਯੋਰਪ ਦੇ ਦੂਜੇ ਦੇਸ਼ਾਂ ਲਈ ਗੱਡੀਆਂ ਰਵਾਨਾ ਹੋ ਰਹੀਆਂ ਸਨ। ਮੈਂ ਅੰਡਰ-ਗਰਾਉਂਡ ਟਰੇਨ ਰਾਹੀਂ ਆਪਣੇ ਹੋਟਲ ਪਹੁੰਚਣਾ ਸੀ। ਆਲੇ-ਦੁਆਲੇ ਨੂੰ ਵੇਖ ਰਿਹਾ ਸਾਂ ਕਿ ਰਾਵਲਪਿੰਡੀ ਦਾ ਇੱਕ ਡਾਕਟਰ ਮੇਰੇ ਕੋਲ ਆ ਕੇ ਪੰਜਾਬੀ ਵਿੱਚ ਮੇਰੀ ਸੁਖਸਾਂਦ ਪੁੱਛਣ ਲੱਗਿਆ। ਉਹ ਪਾਕਿਸਤਾਨੀ ਕਸ਼ਮੀਰ ਦਾ ਜੰਮਪਲ ਸੀ। ਉਹ ਜਿਵੇਂ ਮੈਨੂੰ ਹੀ ਉਡੀਕ ਰਿਹਾ ਸੀ , ਜਿਵੇਂ ਦਰਿਆ ਨੂੰ ਸਮੁੰਦਰ ਦੀ ਗਲਵਕੜੀ ਉਡੀਕਦੀ ਹੈ।

ਵਿਦੇਸ਼ ਵਿੱਚ ਕੋਈ ਆਪਣਾ ਜਾਂ ਆਪਣੀ ਬੋਲੀ ਬੋਲਣ ਵਾਲਾ ਮਿਲ ਪਵੇ ਤਾਂ ਬਾਹਵਾਂ ਆਪੇ ਖੁੱਲ੍ਹ ਜਾਂਦੀਆਂ ਹਨ।

ਸਾਡੀਆਂ ਸਾਧਾਰਣ ਗੱਲਾਂ ਦੇ ਪਿਛੇ ਲੰਮੇ ਇਤਿਹਾਸ ਦਾ ਦਰਦ ਸੀ।

ਮੈਂ ਅਨੁਭਵ ਕੀਤਾ ਹੈ ਕਿ ਕਿਸੇ ਵਿਦੇਸ਼ੀ ਨੂੰ ਮਿਲਣ ਦੀ ਅਤੇ ਕਿਸੇ ਅਜਨਬੀ ਨੂੰ ਬੁਲਾਉਣ ਦੀ ਪਹਿਲ ਕਰਨ ਵਿੱਚ ਆਪਣਾ ਹੀ ਰਸ ਹੁੰਦਾ ਹੈ।

ਉਸ ਨੇ ਮੈਨੂੰ ਆਪਣੇ ਨਾਲ ਚੱਲਣ ਲਈ ਕਿਹਾ। ਉਹ ਮੈਨੂੰ ਮੇਰੇ ਹੋਟਲ ਵੱਲ ਜਾਣ ਵਾਲੀ ਗੱਡੀ ਵਿੱਚ ਚੜ੍ਹਾਉਣ ਲਈ ਉਚੇਚਾ ਆਇਆ।

ਬੰਦਾ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਚਲਾ ਜਾਵੇ, ਸਖੀ-ਸਹਿਯੋਗੀ ਮਨੁੱਖ, ਮਨੁੱਖਤਾ ਦੇ ਨਾਤੇ, ਉਸ ਦੀਆਂ ਸਮੱਸਿਆਵਾਂ ਸੁਲਝਾਉਣ ਲਈ ਹਰ ਥਾਂ ਮਿਲ ਜਾਣਗੇ।

ਮੈਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਮੈਂ ਪੈਰਿਸ ਪਹੁੰਚ ਗਿਆ ਸਾਂ।

ਮੈਂ ਤਾਂ ਉਥੇ ਮਰ ਜਾਣ ਲਈ ਵੀ ਤਿਆਰ ਸਾਂ।

ਮੈਨੂੰ ਇਸ ਗੱਲ ਦਾ ਮਾਣ ਸੀ ਕਿ ਮੇਰੇ ਬੱਚੇ ਕਿਹਾ ਕਰਨਗੇ ਕਿ ਉਨ੍ਹਾਂ ਦਾ ਪਿਓ ਪੈਰਿਸ ਵਿੱਚ ਮਰਿਆ ਸੀ।

ਪੈਰਿਸ ਵਿੱਚ ਜਿਉਣਾ ਹੋਰ ਜਿਹੀ ਗੱਲ ਹੈ।

ਸੁਣਿਆ ਸੀ ਕਿ ਪੈਰਿਸ ਦੀਆਂ ਸੜਕਾਂ ਸ਼ੀਸ਼ੇ ਦੀਆਂ ਹਨ, ਸੁਣਿਆ ਸੀ ਕਿ ਪੈਰਿਸ ਸੰਸਾਰ ਵਿੱਚ ਕਲਾ ਦੀ ਰਾਜਧਾਨੀ ਹੈ, ਸੁਣਿਆ ਸੀ ਸੁੰਦਰਤਾ ਚਮਕਾਉਣ ਵਾਲੀਆਂ ਸਾਰੀਆਂ ਵਸਤਾਂ ਪੈਰਿਸ ਵਿੱਚ ਬਣਦੀਆਂ ਹਨ।

ਲਗਭਗ ਵੀਹ ਸਾਲਾਂ ਤੋਂ ਪੈਰਿਸ ਵੇਖਣ ਦੇ ਸੁਪਨੇ ਲੈਂਦਾ ਰਿਹਾ ਸਾਂ।

ਪੈਰਿਸ ਬਹੁਤ ਵੱਡਾ ਨਹੀਂ, ਪੈਦਲ ਸਹਿਜੇ ਹੀ ਘੁੰਮਿਆ ਜਾ ਸਕਦਾ ਹੈ। ਮੈਂ ਤਾਂ ਕਹਾਂਗਾ ਕਿ ਪੈਰਿਸ ਵਿੱਚ ਨੰਗੇ ਪੈਰਾਂ ਨਾਲ ਘੁੰਮਣਾ ਚਾਹੀਦਾ ਹੈ।

ਪੈਰਿਸ ਵਿੱਚ ਨਗਨ ਇਸਤਰੀਆਂ, ਪੁਰਸ਼ਾਂ ਦੇ ਇਤਨੇ ਸੋਹਣੇ ਬੁੱਤ ਹਨ ਕਿ ਉਨ੍ਹਾਂ ਨੂੰ ਵੇਖ-ਵੇਖ ਭੁੱਖ ਵੱਧਦੀ ਹੈ। ਪੈਰਿਸ ਇੱਕ ਸੋਹਣੀ ਇਸਤਰੀ ਵਾਂਗ ਹੈ, ਜਿਸ ਦੀ ਸ਼ਮੀਜ਼ ਵਿਚੋਂ ਉਸ ਦਾ ਹੁਸਨ ਝਲਕਦਾ ਹੋਵੇ।

ਲੰਦਨ ਇੱਕ ਪ੍ਰਭਾਵਸ਼ਾਲੀ ਪੁਰਸ਼ ਵਾਂਗ ਹੈ, ਨਿਊਯਾਰਕ ਇੱਕ ਧਨਵਾਨ ਕਰੂਪ ਬੁੱਢੇ ਵਾਂਗ ਲੱਗਿਆ। ਸਾਡਾ ਮੁੰਬਈ, ਨਿਊਯਾਰਕ ਦੀ ਨਕਲ ਕਰ ਰਿਹਾ ਹੈ।

ਪੈਰਿਸ ਵਿੱਚ ਲੋਕਲ ਬੱਸਾਂ ਅਤੇ ਲੋਕਲ ਗੱਡੀਆਂ ਦੀਆਂ ਟਿਕਟਾਂ ਇੱਕ ਦੂਜੀ ਵਾਸਤੇ ਵਰਤੀਆਂ ਜਾ ਸਕਦੀਆਂ ਹਨ। ਲੰਦਨ ਵਿੱਚ ਕਿਸੇ ਵੀ ਇੱਕ ਥਾਂ ਤੋਂ ਦੂਜੀ ਥਾਂ ਜਾਣ ਵਾਸਤੇ ਇੱਕ ਟਿਕਟ ਲੱਗਦੀ ਹੈ। ਪੈਰਿਸ ਵਿੱਚ ਵੀ ਇਹੀ ਖਿਆਲ ਕਰਕੇ ਇੱਕ ਲੋਕਲ ਬੱਸ ਵਿੱਚ ਜਾ ਰਿਹਾ ਸਾਂ । ਇੱਕ ਟਿਕਟ ਮੈਂ ਮਸ਼ੀਨ ਵਿਚੋਂ ਲੰਘਾ ਲਈ ਸੀ ਅਤੇ ਨੌਂ ਨਿਕਟਾਂ ਮੇਰੇ ਕੋਲ ਸਨ। ਬੱਸ ਵਿੱਚ ਛਪੇ ਰੂਟ ਅਨੁਸਾਰ ਬੱਸ ਨੇ ਪੈਰਿਸ ਯੂਨੀਵਰਸਿਟੀ ਜਾਣਾ ਸੀ। ਅਚਾਨਕ ਇੱਕ ਥਾਂ ਉੱਤੇ ਤਿੰਨ ਇਨਸਪੈਕਟਰ ਬੱਸ ਵਿੱਚ ਆ ਕੇ ਟਿਕਟਾਂ ਵੇਖਣ ਲੱਗ ਪਏ। ਉਨ੍ਹਾਂ ਨੇ ਮੈਨੂੰ ਫਰਾਂਸੀਸੀ ਵਿੱਚ ਕੁਝ ਕਿਹਾ, ਜਿਸ ਦੀ ਮੈਨੂੰ ਸਮਝ ਨਾ ਪਈ। ਫ਼ਰਾਂਸ ਦੇ ਲੋਕ ਅੰਗ੍ਰੇਜ਼ੀ ਬੋਲਣੀ ਆਪਣੀ ਹੇਠੀ ਸਮਝਦੇ ਹਨ। ਉਨ੍ਹਾਂ ਦੇ ਇਸ਼ਾਰਿਆਂ ਤੋਂ ਸਮਝ ਪਈ ਕਿ ਰੂਟ ਲੰਮਾ ਸੀ ਸੋ ਮੈਨੂੰ ਦੋ ਟਿਕਟਾਂ ਵਰਤਣੀਆਂ ਚਾਹੀਦੀਆਂ ਸਨ। ਮੈਂ ਆਪਣੀਆਂ ਅਣਵਰਤੀਆਂ ਟਿਕਟਾਂ ਉਨ੍ਹਾਂ ਦੇ ਅੱਗੇ ਕੀਤੀਆਂ ਪਰ ਉਨ੍ਹਾਂ ਨੇ ਪਜੰਤਰ ਫਰੈਂਕ ਦਾ ਜੁਰਮਾਨਾ ਕਰ ਦਿੱਤਾ। ਕੁਝ ਸਵਾਰੀਆਂ ਨੇ ਉਨ੍ਹਾਂ ਨੂੰ ਮੇਰੇ ਵਿਦੇਸ਼ੀ ਅਤੇ ਅਣਜਾਣ ਹੋਣ ਸਬੰਧੀ ਸਮਝਾਉਣ ਦਾ ਯਤਨ ਕੀਤਾ ਪਰ ਉਹ ਜੁਰਮਾਨਾ ਉਗਰਾਹੁਣ ਦੀ ਜ਼ਿੱਦ ਕਰਨ ਲੱਗੇ। ਉਨ੍ਹਾਂ ਮੈਨੂੰ ਆਪਣੇ ਨਾਲ ਚੱਲਣ ਲਈ ਕਿਹਾ। ਇਹ ਸੋਚ ਕੇ ਕਿ ਪਤਾ ਨਹੀਂ ਕੀ ਵਿਹਾਰ ਕਰਨਗੇ, ਮੈਂ ਜੁਰਮਾਨਾ ਦੇਣਾ ਹੀ ਯੋਗ ਸਮਝਿਆ। ਇਸ ਗੱਲ ਨੇ ਮੈਨੂੰ ਉਦਾਸ ਕਰ ਦਿੱਤਾ ਸੀ, ਪਰ ਅਗਲੇ ਦਿਨ ਜਦੋਂ ਮੈਂ ਘੁੰਮਣ ਲਈ ਨਿਕਲਿਆ ਤਾਂ ਇੱਕ ਇਕੱਲੀ ਇਸਤਰੀ ਮਿਲ ਗਈ। ਉਹ ਅੰਗ੍ਰੇਜ਼ੀ ਦੀ ਇੱਕ ਕਿਤਾਬ ਪੜ੍ਹ ਰਹੀ ਸੀ। ਉਹ ਅਮਰੀਕਾ ਦੀ ਰਹਿਣ ਵਾਲੀ ਸੀ ਅਤੇ ਭਾਰਤ ਆਉਣ ਦਾ ਉਸ ਦਾ ਸੁਪਨਾ ਸੀ ਜਦੋਂ ਕਿ ਮੈਂ ਅਮਰੀਕਾ ਜਾ ਰਿਹਾ ਸਾਂ। ਉਹ ਦਿਨ ਅਸੀਂ ਇਕੱਠੇ ਘੁੰਮੇ। ਯੋਰਪ ਵਿੱਚ ਜੇ ਇਸਤਰੀ ਨਾਲ ਹੋਵੇ ਤਾ ਸਾਰਾ ਖਰਚ ਪੁਰਸ਼ ਨੇ ਹੀ ਕਰਨਾ ਹੁੰਦਾ ਹੈ। ਖ਼ਰਚੇ ਦੇ ਬਾਵਜੂਦ ਮੈਨੂੰ ਉਸ ਦਾ ਸਾਥ ਤਸੱਲੀ ਦੇ ਰਿਹਾ ਸੀ। ਇਹ ਇਤਫ਼ਾਕ ਦੀ ਗੱਲ ਸੀ, ਅਜਿਹੇ ਇਤਫ਼ਾਕ ਯੋਰਪ ਵਿਚ ਅਕਸਰ ਵਧੇਰੇ ਵਾਪਰਦੇ ਹਨ।

ਤੀਜੇ ਦਿਨ ਮੈਂ ਅਜਾਇਬ ਘਰ ਵੇਖਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਇੱਕ ਅਜਾਇਬ ਘਰ ਵਿੱਚ ਗਿਆ, ਜਿਹੜਾ ਇਤਨਾ ਵੱਡਾ ਸੀ ਕਿ ਮੈਂ ਘੁੰਮ-ਘੁੰਮ ਕੇ ਥੱਕ

ਗਿਆ। ਕਈ ਮੰਜ਼ਲਾਂ ਵਾਲੇ ਇਸ ਅਜਾਇਬ ਘਰ ਵਿੱਚ ਉੱਪਰਲੀ ਮੰਜ਼ਲ 'ਤੇ ਪਹੁੰਚਣ ਲਈ ਲਿਫਟ ਦਾ ਬਟਨ ਦਬਾਇਆ। ਥੋੜ੍ਹੀ ਦੇਰ ਬਾਅਦ ਲਿਫਟ ਤਾਂ ਰੁਕ ਗਈ ਪਰ ਦਰਵਾਜ਼ਾ ਨਾ ਖੁਲ੍ਹਿਆ। ਅਜਾਇਬ ਘਰ ਵਿੱਚ ਟਾਵਾਂ-ਟਾਵਾਂ ਵਿਅਕਤੀ ਸੀ। ਮੈਂ ਕਿਸੇ ਨੂੰ ਆਵਾਜ਼ ਵੀ ਨਹੀਂ ਮਾਰ ਸਕਦਾ ਸਾਂ।

ਮੈਨੂੰ ਇੰਜ ਲੱਗਿਆ ਜਿਵੇਂ ਪੈਰਿਸ ਵਿੱਚ ਆਪਣੇ ਮਰਨ ਦੀ ਮੇਰੀ ਖਾਹਿਸ਼ ਦੇ ਪੂਰੀ ਹੋਣ ਦਾ ਸਬੱਬ ਬਣ ਗਿਆ ਸੀ।

ਸਕਿੰਟ ਗੁਜ਼ਰ ਰਹੇ ਸਨ ਪਰ ਮੇਰੀ ਜਾਨ ਨਿਕਲ ਰਹੀ ਸੀ। ਅਚਾਨਕ ਲਗਭਗ ਪੰਜ ਮਿੰਟ ਮਗਰੋਂ ਲਿਫਟ ਦਾ ਦਰਵਾਜ਼ਾ ਖੁਲ੍ਹਿਆ। ਮੈਂ ਵੇਖਿਆ ਅੰਦਰ ਆਉਣ ਲਈ ਬਾਹਰ ਇੱਕ ਇਸਤਰੀ ਖਲੋਤੀ ਸੀ। ਪਸੀਨੇ ਵਿੱਚ ਨਹਾਤੇ ਹੋਏ ਮੈਨੂੰ ਵੇਖ ਕੇ ਉਸ ਨੇ ਮੈਨੂੰ ਅੱਗੋਂ ਪਿੱਛੋਂ ਵੇਖਿਆ। ਕਈ ਮਿੰਟਾਂ ਉਪਰੰਤ ਹੀ ਮੈਨੂੰ ਸਾਹ ਠੀਕ ਆਉਣ ਲੱਗਾ। ਮੈਂ ਸਬਕ ਸਿਖਿਆ ਕਿ ਲਿਫਟ ਵਿੱਚ ਕਦੇ ਇਕੱਲਿਆਂ ਨਹੀਂ ਚੜ੍ਹਨਾ ਚਾਹੀਦਾ।

ਪੈਰਿਸ ਬਹੁਤ ਹੀ ਮਹਿੰਗਾ ਸ਼ਹਿਰ ਹੈ। ਇੱਕ ਵਾਰੀ ਪਿਸ਼ਾਬ ਕਰਨ ਦੇ ਵੀ ਦਸ ਰੁਪਏ ਲੱਗਦੇ ਹਨ। ਸੋਡਾ ਆਮ ਹੈ, ਲੋਕ ਪਾਣੀ ਪੀਂਦੇ ਹੀ ਨਹੀਂ ਪਰ ਬੋਤਲ ਵਿਚਲਾ ਲਗਭਗ ਇੱਕ ਗਲਾਸ ਪਾਣੀ ਵੀਹ ਰੁਪਏ ਤੋਂ ਵੀ ਮਹਿੰਗਾ ਹੈ। ਦੋਹਾਂ ਪਾਸਿਆਂ ਤੋਂ ਬੱਚਤ ਕਰਨ ਲਈ ਇਕ ਦਿਨ ਮੈਂ ਬਿਨਾਂ ਪਾਣੀ ਨਾਲ ਗੁਜ਼ਾਰਿਆ। ਉਸ ਸ਼ਾਮ ਹੋਟਲ ਮੁੜਨ ਤੋਂ ਪਹਿਲਾਂ ਇੱਕ ਅਰਬੀ ਹੋਟਲ ਵਿੱਚ ਗਿਆ। ਜਦੋਂ ਖਾਣ ਲਈ ਆਲੂ ਦੀਆਂ ਚਾਂਪਾਂ ਅਤੇ ਭੁੰਨਿਆ ਹੋਇਆ ਮੁਰਗਾ ਮੰਗਵਾਇਆ ਤਾਂ ਹੋਟਲ ਦੇ ਮਾਲਕ ਨੇ ਸ਼ੀਸ਼ੇ ਦੀ ਪਾਣੀ ਨਾਲ ਭਰੀ ਸੁਰਾਹੀ ਮੇਰੇ ਮੇਜ਼ ਉਤੇ ਰੱਖ ਦਿੱਤੀ । ਮੈਂ ਉਸ ਨੂੰ ਦੱਸਿਆ ਕਿ ਪਾਣੀ ਲਈ ਮੇਰੇ ਕੋਲ ਪੈਸੇ ਨਹੀਂ, ਉਸ ਨੇ ਜਦੋਂ ਇਹ ਕਿਹਾ ਕਿ ਉਹ ਪਾਣੀ ਦੇ ਪੈਸੇ ਨਹੀਂ ਲਵੇਗਾ ਤਾਂ ਉਸ ਦੇ ਸਤਿਕਾਰ ਵਿੱਚ ਮੈਂ ਆਪ-ਮੁਹਾਰੇ ਖੜ੍ਹਾ ਹੋ ਗਿਆ ਅਤੇ ਮੈਨੂੰ ਪਿਆਸੇ ਨੂੰ, ਉਹ ਦੁਨੀਆਂ ਦਾ ਸਭ ਤੋਂ ਸੋਹਣਾ ਬੰਦਾ ਲੱਗਿਆ।

ਮੇਰਾ ਦਿਲ ਕਰਦਾ ਹੈ, ਉਹ ਕਦੀ ਮੇਰੇ ਦੇਸ਼ ਆਵੇ ਅਤੇ ਤੋਹਫ਼ੇ ਵਜੋਂ ਮੈਂ ਉਸ ਨੂੰ ਇੱਕ ਦਰਿਆ ਦੇ ਦੇਵਾਂ।

ਪੈਰਿਸ ਦੇ ਬਾਦਸ਼ਾਹ ਦਾ ਮੈਂ ਪੁਰਾਣਾ ਮਹਿਲ ਵੇਖਿਆ, ਜਿਸ ਦੇ ਮੁਕਾਬਲੇ ਸਾਡੇ ਰਿਆਸਤੀ ਰਾਜਿਆਂ ਦੇ ਮਹਿਲ ਅਸਤਬਲ ਹੀ ਪ੍ਰਤੀਤ ਹੁੰਦੇ ਹਨ। ਜਿਸ ਸਲੀਕੇ ਨਾਲ ਉਨ੍ਹਾਂ ਨੇ ਚੀਜ਼ਾਂ ਸਜਾ ਕੇ ਰੱਖੀਆਂ ਸਨ, ਉਸ ਵਿੱਚ ਕਲਾਕਾਰਾਂ ਦਾ ਦਿਲ ਧੜਕਦਾ ਸੀ।

ਯੋਰਪ ਦੇ ਬਾਦਸ਼ਾਹ ਸਭ ਪ੍ਰਕਾਰ ਦੀ ਕਲਾ ਦੇ ਸਰਪ੍ਰਸਤ ਰਹੇ ਹਨ ਜਦੋਂ ਕਿ ਸਾਡੇ ਰਾਜੇ ਆਪਣੀਆਂ ਰਾਣੀਆਂ ਦੀ ਗਿਣਤੀ ਪਾਉਣ ਉੱਤੇ ਹੀ ਜ਼ੋਰ ਲਾਉਂਦੇ ਰਹੇ ਹਨ। ਕਈ ਸਦੀਆਂ ਪੁਰਾਣੀਆਂ ਚੀਜ਼ਾਂ ਅਤੇ ਥਾਂਵਾਂ ਸੰਭਾਲ ਕੇ ਅਤੇ ਯਾਤਰੀਆਂ ਨੂੰ ਵਿਖਾ ਕੇ, ਉਨ੍ਹਾਂ ਨੇ ਆਮਦਨ ਦਾ ਵੱਡਾ ਵਸੀਲਾ ਬਣਾਇਆ ਹੋਇਆ ਹੈ। ਪੈਰਿਸ ਵਿੱਚ ਸਭ ਕੁਝ ਵੇਖਣ ਵਾਲਾ ਹੈ। ਪੈਰਿਸ ਉਸ ਸੋਹਣੀ ਨਾਰ ਵਾਂਗ ਹੈ, ਜਿਸ ਦੇ ਹਰ ਅੰਗ ਵਿੱਚ ਬੁਲਾਵਾ ਹੋਵੇ। ਰਾਤ ਵੇਲੇ ਪੈਰਿਸ, ਦਿਨ ਦੇ ਪੈਰਿਸ ਨਾਲੋਂ ਵੀ ਸੋਹਣਾ ਹੁੰਦਾ ਹੈ।

ਉਥੇ ਹਰ ਰਾਤ ਪੁੰਨਿਆ ਦਾ ਚੰਨ ਚੜ੍ਹਦਾ ਹੈ।

ਸੰਸਾਰ ਵਿੱਚ ਫਰਾਂਸ ਇਕੱਲਾ ਅਜਿਹਾ ਦੇਸ਼ ਹੈ, ਜਿਥੇ ਹਰ ਸਾਲ ਦੇਸ਼ ਅੰਦਰ ਆਉਣ ਵਾਲੇ ਯਾਤਰੂਆਂ ਦੀ ਗਿਣਤੀ, ਸਮੁੱਚੇ ਦੇਸ਼ ਦੀ ਆਬਾਦੀ ਤੋਂ ਵੱਧ ਹੁੰਦੀ ਹੈ।

ਜਦੋਂ ਅਮਰੀਕਾ ਪਹੁੰਚਿਆ ਤਾਂ ਜਿਨ੍ਹਾਂ ਮਿੱਤਰਾਂ ਉੱਤੇ ਮਾਣ ਸੀ ਉਹ ਹੁੰਮ-ਹੁੰਮਾ ਕੇ ਪਹੁੰਚੇ ਹੋਏ ਸਨ। ਮਿੱਤਰਾਂ ਨੂੰ ਵੇਖ ਕੇ ਦਿਲ ਦੇ ਸਾਗਰ ਉਛਲ ਪਏ। ਉਥੇ ਪਹੁੰਚ ਕੇ ਜੀਵਨ ਸਫਲਾ ਹੋ ਗਿਆ ਪ੍ਰਤੀਤ ਹੋਇਆ। ਅਮਰੀਕਾ ਬਾਹਰਲੇ ਬੰਦੇ ਦਾ ਸੁਆਗਤ ਕਰਨ ਲੱਗਿਆਂ ਆਪਣੀਆਂ ਸਾਰੀਆ ਦੌਲਤਾਂ ਵਾਰ ਦਿੰਦਾ ਹੈ। ਪਹਿਲੇ ਹੀ ਦਿਨ ਮੈਂ ਮਹਿਸੂਸ ਕੀਤਾ ਕਿ ਅਮਰੀਕਾ ਸੰਬੰਧੀ ਅਸੀਂ ਅਨੇਕਾਂ ਹੀ ਭੁਲੇਖੇ ਪਾਲੇ ਹੋਏ ਹਨ।

ਅਮਰੀਕਾ ਵਿੱਚ ਸਭ ਕੁਝ ਚੰਗਾ ਨਹੀਂ ਪਰ ਉਨ੍ਹਾਂ ਨੇ ਮਨੁੱਖੀ ਜੀਵਨ ਨੂੰ ਬਹੁਤ ਰਮਣੀਕ ਅਤੇ ਸੁਖਾਲਾ ਬਣਾ ਲਿਆ ਹੈ।

ਅਮਰੀਕਾ ਦੀ ਖੁਲ੍ਹ, ਅਮਰੀਕਾ ਦੀ ਰਫ਼ਤਾਰ, ਅਮਰੀਕਾ ਦੀ ਨਵੀਨਤਾ, ਅਮਰੀਕਾ ਦੀ ਵਿਸ਼ਾਲਤਾ ਚੁੰਧਿਆਉਣ ਵਾਲੀ ਹੈ। ਉਹ ਬਹੁਤ ਅੱਗੇ ਨਿਕਲ ਗਏ ਹਨ। ਅਸੀਂ ਉਨ੍ਹਾਂ ਤੋਂ ਇੱਕ ਸਦੀ ਪਿਛੇ ਹਾਂ।

ਅਮਰੀਕਾ ਵਿਚ ਘੁੰਮ ਕੇ ਅਤੇ ਵੇਖ ਕੇ ਮੈਨੂੰ ਆਪਣੇ ਦੇਸ਼ ਨੂੰ ਖੁਸ਼ਹਾਲ ਵੇਖਣ ਦੀ ਹਿਚਕੀ ਲੱਗ ਗਈ ਹੈ। ਬਾਹਰੋਂ ਭਾਵੇਂ ਮੈਂ ਪਹਿਲੇ ਜਿਹਾ ਹੀ ਦਿਸਦਾ ਹੋਵਾਂ ਪਰ ਅੰਦਰੋਂ ਮੈਂ ਪੂਰੀ ਤਰ੍ਹਾਂ ਬਦਲ ਗਿਆ ਹਾਂ।

ਸਾਡਾ ਦੇਸ਼ ਵੀ ਵੇਖਣ ਦੀ ਦ੍ਰਿਸ਼ਟੀ ਤੋਂ ਬੜਾ ਦਿਲਚਸਪ ਹੈ।

ਜੇ ਅਸੀਂ ਆਪਣੇ ਦੇਸ਼ ਨੂੰ ਥੋੜ੍ਹਾ ਜਿਹਾ ਹੀ ਸਾਫ਼-ਸੁਥਰਾ ਬਣਾ ਲਈਏ ਅਤੇ ਇਸ ਦੀ ਮੰਜੀ ਵਿੱਚ ਪਈ ਧਾਰਮਿਕ ਕੱਟੜਵਾਦ ਦੀ ਕਾਣ ਨੂੰ ਕੱਢ ਦੇਈਏ ਤਾਂ ਅਸੀਂ ਖੁਸ਼ਹਾਲੀ ਦੇ ਦਰਿਆਵਾਂ ਵਾਂਗ ਵਗਣ ਲੱਗ ਪਵਾਂਗੇ।

ਕੈਲੀਫੋਰਨੀਆਂ ਤੋਂ ਐਰੀਜ਼ੋਨਾ ਸੂਬੇ ਵਿੱਚ ਜਾਣਾ ਸੀ। ਜਹਾਜ਼ ਨੇ ਪਹੁੰਚਣ ਵਾਲੀ ਥਾਂ 'ਤੇ ਸ਼ਾਮ ਨੂੰ ਛੇ ਵਜੇ ਅਪੜਨਾ ਸੀ। ਜਦੋਂ ਮੈਂ ਜਹਾਜ਼ ਤੋਂ ਬਾਹਰ ਆਇਆ ਤਾਂ ਘੜੀ ਉੱਤੇ ਪੌਣੇ ਛੇ ਵਜੇ ਸਨ। ਜਹਾਜ਼ ਅਗਲੇਰੀ ਉੜਾਨ ਉੱਤੇ ਜਾ ਚੁੱਕਾ ਸੀ। ਮੈਨੂੰ ਇੰਜ ਲੱਗਿਆ ਜਿਵੇਂ ਮੈਂ ਅੱਗੇ ਜਾਣਾ ਸੀ ਪਰ ਪਹਿਲਾਂ ਹੀ ਉਤਰ ਗਿਆ ਹੋਵਾਂ। ਅਜੀਬ ਗੱਲ ਇਹ ਸੀ ਕਿ ਜਹਾਜ਼ ਪੰਦਰ੍ਹਾਂ ਮਿੰਟ ਪਹਿਲਾਂ ਹੀ ਉਤਰ ਗਿਆ ਸੀ। ਐਰੀਜ਼ੋਨਾ ਮਾਰੂਥਲ ਹੈ। ਬਾਹਰ ਨਿਕਲਿਆ ਤਾਂ ਬਾਹਰ ਤੰਦੂਰ ਵਾਲੀ ਗਰਮੀ ਸੀ। ਜਿਨ੍ਹਾਂ ਲੈਣ ਆਉਣਾ ਸੀ, ਉਹ ਲਗਭਗ ਸਾਢੇ ਛੇ ਵਜੇ ਆਏ।

ਮੈਂ ਮਹਿਸੂਸ ਕੀਤਾ ਹੈ ਕਿ ਉਡੀਕ ਜਿਹਾ ਕੋਈ ਤਸੀਹਾ ਨਹੀਂ।

ਜਿਸ ਸ਼ਹਿਰ ਮੈਂ ਠਹਿਰਿਆ ਹੋਇਆ ਸਾਂ ਉਥੇ ਦੇਰ ਸ਼ਾਮ ਤੋਂ ਪਹਿਲਾਂ ਬਾਹਰ ਨਿਕਲਣਾ ਸੰਭਵ ਨਹੀਂ ਸੀ। ਇਥੇ ਇਨੀ ਗਰਮੀ ਪੈਂਦੀ ਹੈ ਕਿ ਮਕਾਨਾਂ ਦੀ ਉਸਾਰੀ ਦਾ ਕੰਮ ਰਾਤੀਂ ਬਾਰ੍ਹਾਂ ਵਜੇ ਤੋਂ ਸਵੇਰੇ ਅੱਠ ਵਜੇ ਤੱਕ ਚਲਦਾ ਹੈ।

ਇਸ ਥਾਂ ਉੱਤੇ ਮਨੁੱਖ ਜ਼ਿੱਦ ਨਾਲ ਰਹਿ ਰਿਹਾ ਹੈ।

ਇਥੇ ਦਰਖਤ ਉੱਗਦੇ ਨਹੀਂ, ਉੱਗੇ ਉੱਗਾਏ ਦਰੱਖਤ ਦੂਰੋਂ ਕਿਧਰੋਂ ਪੁੱਟ ਕੇ ਇਥੇ ਲਾ ਦਿੱਤੇ ਜਾਂਦੇ ਹਨ।

ਘਾਹ ਅਤੇ ਬਗੀਚਾ ਇਸ ਥਾਂ ਦੇ ਘਰਾਂ ਦੀ ਅਮੀਰੀ ਦਾ ਮਾਪ-ਤੋਲ ਹੈ।

ਅਮਰੀਕਨਾਂ ਕੋਲ ਹਰ ਸਮੱਸਿਆ ਦਾ ਹੱਲ ਹੈ, ਕਿਉਂਕਿ ਉਨ੍ਹਾਂ ਨੂੰ ਹਰ ਸਮੱਸਿਆ ਹੱਲ ਕਰਨੀ ਆਉਂਦੀ ਹੈ।

ਇੱਕ ਘਰ ਮੈਂ ਠਹਿਰਿਆ ਹੋਇਆ ਸਾਂ ਕਿ ਪਤਨੀ-ਪਤੀ ਲੜ ਪਏ। ਉਨ੍ਹਾਂ ਦੀ ਸਾਲਸੀ ਕਰਨ ਦੀ ਬਿਪਤਾ ਆਣ ਪਈ।

ਹਥਿਆਰ ਆਮ ਹਨ ਅਤੇ ਗੁੱਸੇ ਵਿੱਚ ਆਏ ਉਹ ਅੱਗਾ-ਪਿੱਛਾ ਨਹੀਂ ਵੇਖਦੇ, ਸੋ ਮੈਂ ਉਨ੍ਹਾਂ ਨੂੰ ਲੰਮੀ ਬਹਿਸ ਵਿੱਚ ਪਾ ਕੇ ਠੰਡਾ ਕੀਤਾ। ਪਤਨੀ ਸੁਣਦੀ ਵੀ ਰਹੀ ਅਤੇ ਨਾਲ-ਨਾਲ ਉਬਾਸੀਆਂ ਵੀ ਲੈਂਦੀ ਰਹੀ। ਉਸ ਦੀਆਂ ਉਬਾਸੀਆਂ ਨਾਲ ਮੈਨੂੰ ਬੜੀ ਧਰਵਾਸ ਮਿਲੀ, ਕਿਉਂਕਿ ਗਾਲ੍ਹਾਂ ਉਸ ਦੇ ਹੋਠਾਂ ਤੇ ਆ ਕੇ ਉਬਾਸੀ ਦੇ ਖੂਹ ਵਿੱਚ ਡੁੱਬ ਜਾਂਦੀਆਂ ਰਹੀਆਂ। ਪਤੀ ਦੀ ਐਨਕ ਮੈਂ ਆਪਣੇ ਸੋਫੇ ਥੱਲੇ ਲੁਕਾ ਲਈ ਸੀ। ਕਮਜ਼ੋਰ ਨਜ਼ਰ ਵਾਲਾ ਵਿਅਕਤੀ ਹਥਿਆਰ ਹੋਣ ਦੇ ਬਾਵਜੂਦ ਨਿਹੱਥਾ ਹੁੰਦਾ ਹੈ।

ਮੈਂ ਸੁਣਿਆ ਹੋਇਆ ਸੀ ਕਿ ਪੁਰਸ਼ਾਂ ਨਾਲੋਂ ਇਸਤਰੀਆਂ ਬਹੁਤੇ ਗੀਤ ਗਾਉਂਦੀਆਂ ਹਨ, ਪਰ ਮੈਂ ਵੇਖਿਆ ਹੈ ਕਿ ਗਾਲ੍ਹਾਂ ਦੇ ਖੇਤਰ ਵਿੱਚ ਵੀ ਇਸਤਰੀਆਂ, ਪੁਰਸ਼ਾਂ ਨੂੰ ਪਛਾੜ ਦਿੰਦੀਆਂ ਹਨ। ਪਤੀ-ਪਤਨੀ ਦੀ ਗਾਲ੍ਹਾਂ ਦੀ ਦੌਲਤ ਉੱਤੇ ਮੈਂ ਹੈਰਾਨ ਸਾਂ। ਅਮਰੀਕਾ ਦੀ ਖੁਸ਼ਹਾਲੀ ਦਾ ਇੱਕ ਹੋਰ ਪੱਖ ਮੇਰੇ ਸਾਹਮਣੇ ਉਜਾਗਰ ਹੋਇਆ ਪਿਆ ਸੀ।

ਫਲੋਰੀਡਾ ਵਿੱਚ ਮੈਂ ਜਿਸ ਘਰ ਠਹਿਰਿਆ ਹੋਇਆ ਸਾਂ, ਉਥੇ ਅਣਜੋੜ ਵਿਆਹ ਦੀ ਸਮੱਸਿਆ ਸੀ। ਪਤਨੀ ਕੱਟੇ ਹੋਏ ਪਰਾਂ ਵਾਲੀ ਸਹਿਮੀ ਹੋਈ ਚਿੜੀ ਪ੍ਰਤੀਤ ਹੋਈ ਅਤੇ ਪਤੀ ਉਮਰ ਵਿੱਚ ਉਸ ਤੋਂ ਦੁੱਗਣਾ ਪਰ ਪੂਰੇ ਥਾਣੇਦਾਰੀ ਰੋਹਬ ਨਾਲ ਰਹਿ ਰਿਹਾ ਸੀ। ਪਤੀ ਦਾ, ਆਪਣੀ ਪਤਨੀ ਤੋਂ ਸਿਵਾਏ ਹਰ ਕਿਸੇ ਨਾਲ ਵਿਹਾਰ ਸੁਖਾਵਾਂ ਸੀ। ਸਪੱਸ਼ਟ ਸੀ ਕਿ ਉਸ ਘਰ ਕਦੀ ਵੀ ਮਹਿਰੇ ਸ਼ਰੀਂਹ ਦੇ ਪੱਤੇ ਲਟਕਾਉਣ ਨਹੀਂ ਆਉਣਗੇ ਅਤੇ ਨਾ ਹੀ ਉਥੇ ਕਦੀ ਖੁਸਰੇ ਨੱਚਣ ਲਈ ਬੁਲਾਏ ਜਾਣਗੇ।

ਉਭਰੀਆਂ ਨਾੜਾਂ ਵਾਲਾ ਸਫੈਦ ਥੱਕਿਆ ਹੋਇਆ ਹੱਥ, ਪਤਨੀ ਦੇ ਠਰੇ ਹੋਏ ਸਰੀਰ ਨੂੰ ਨਿੱਘ ਨਹੀਂ ਸੀ ਦੇ ਰਿਹਾ।

ਉਹ ਪੁਰਸ਼ ਮੈਨੂੰ ਇਤਿਹਾਸ ਦੀ ਪੁਸਤਕ ਦਾ ਇੱਕ ਫਟਿਆ ਹੋਇਆ ਵਰਕਾ ਪ੍ਰਤੀਤ ਹੋਇਆ ਅਤੇ ਉਸਦੀ ਪਤਨੀ ਥਾਣੇ ਦੇ ਬਾਹਰ ਧੂੜ ਅਤੇ ਹਨੇਰੇ ਦੀ ਲਪੇਟ ਵਿੱਚ ਰੁਲਿਆ ਹੋਇਆ ਇੱਕ ਪ੍ਰਛਾਵਾਂ ਦਿਖਾਈ ਦਿੱਤੀ।

ਇਹ ਸੱਜਣ ਇੱਕ ਨਰਸ ਦਾ ਕੰਮ ਕਰਦਾ ਸੀ ਅਤੇ ਉਸ ਨੇ ਧੜ ਤੋਂ ਥੱਲੇ ਅਧਰੰਗ ਦਾ ਸ਼ਿਕਾਰ ਇੱਕ ਮਰੀਜ਼ ਘਰ ਰੱਖਿਆ ਹੋਇਆ ਸੀ। ਉਥੇ ਕਈ ਭਾਰਤੀ ਇਹ ਕੰਮ ਕਰਦੇ

ਹਨ। ਇਹ ਸੱਜਣ ਆਪ ਕੈਂਸਰ ਦਾ ਮਰੀਜ਼ ਸੀ ਅਤੇ ਉਸ ਦੀ ਹਾਲਤ ਘਰ ਵਿੱਚ ਰੱਖੇ ਮਰੀਜ਼ ਨਾਲੋਂ ਵਧੇਰੇ ਗੰਭੀਰ ਸੀ। ਉਹ ਦਿਨੋ ਦਿਨ ਮੌਤ ਦੇ ਨੇੜੇ ਹੁੰਦਾ ਜਾ ਰਿਹਾ ਸੀ।

ਉਸ ਦਾ ਸਾਰਾ ਸਰੀਰ ਦਰਦ ਕਰ ਰਿਹਾ ਹੁੰਦਾ ਪਰ ਉਸ ਨੇ ਮੈਨੂੰ ਘੁਮਾਉਣ ਦੀ ਪੂਰੀ ਵਾਹ ਲਾ ਦਿੱਤੀ।

ਕਾਰ ਚਲਾਉਣ ਸਮੇਂ ਅਕਸਰ ਉਸ ਦੀ ਬਰੇਕ ਲਾਉਣ ਵਾਲੀ ਲੱਤ ਸੌਂ ਜਾਂਦੀ ਜਾਂ ਕਮਜ਼ੋਰੀ ਕਾਰਨ ਉਹ ਆਪ ਸੌਂ ਜਾਂਦਾ, ਸੋ ਕਿਸੇ ਵੀ ਵੇਲੇ ਹਾਦਸਾ ਹੋ ਸਕਦਾ ਸੀ।

ਕਈ ਵਾਰੀ ਅਸੀਂ ਮੌਤ ਨਾਲ ਹੱਥ ਮਿਲਾਉਂਦੇ-ਮਿਲਾਉਂਦੇ ਮੋਕਲੇ ਰਾਹਾਂ 'ਤੇ ਸੁੰਗੜ ਕੇ ਲੰਘ ਜਾਂਦੇ ਰਹੇ।

ਜੇ ਸੰਭਵ ਹੁੰਦਾ ਤਾਂ ਮੈਂ ਆਪਣੀ ਉਮਰ ਦੇ ਕੁਝ ਵਰ੍ਹੇ ਉਸ ਦੇ ਨਾਂ ਕਰਵਾਉਣਾ ਚਾਹੁੰਦਾ ਸਾਂ। ਉਸ ਬਾਰੇ ਜਦੋਂ ਸੋਚਦਾ ਹਾਂ ਤਾਂ ਮੇਰੇ ਅੰਦਰ ਚੁੱਪ ਪਸਰ ਜਾਂਦੀ ਹੈ। ਜਦੋਂ ਦਰਦ ਅਸਹਿ ਹੋ ਜਾਂਦਾ ਸੀ ਤਾਂ ਉਹ ਅਕਸਰ ਕਿਹਾ ਕਰਦਾ ਸੀ ਕਿ ਕੈਂਸਰ ਉਸ ਨੂੰ ਅਮਰੀਕਾ ਨੇ ਦਿੱਤਾ ਸੀ। ਸੋਚਦਾ ਹਾਂ ਜਦੋਂ ਇਹ ਸੱਜਣ ਮੌਤ ਦੀ ਜੂਹ ਵਿਚ ਦਾਖਲ ਹੋਵੇਗਾ ਤਾਂ ਉਸ ਦੀ ਪਤਨੀ ਦੀ ਮਾਂਗ ਵਿੱਚ ਸੰਧੂਰ ਦੀ ਥਾਂ ਖੇਹ ਉਡੇਗੀ ਅਤੇ ਉਹ ਸੁਹਾਗਣ ਹੋਣ ਤੋਂ ਪਹਿਲਾਂ ਵਿਧਵਾ ਹੋ ਜਾਵੇਗੀ।

ਮੈਂ ਅਨੁਭਵ ਕੀਤਾ ਹੈ ਕਿ ਹਰ ਅੱਗ ਦਾ ਧੂਆਂ ਨਹੀਂ ਹੁੰਦਾ। ਅਮਰੀਕਾ ਵਿੱਚ ਕੋਈ ਕਿਸੇ ਨਾਲ ਹਮਦਰਦੀ ਨਹੀਂ ਵਿਖਾਉਂਦਾ। ਨਿਸਚੇ ਹੀ ਜਦੋਂ ਪੰਛੀ ਉੱਡ ਜਾਵੇਗਾ ਤਾਂ ਉਸ ਦੇ ਆਲ੍ਹਣੇ ਨੂੰ ਲੁੱਟਣ ਵਾਲੇ ਕਈ ਭਾਣਜੇ-ਭਤੀਜੇ ਖੁੰਭਾਂ ਵਾਂਗ ਉੱਗ ਪੈਣਗੇ।

ਦੁਨੀਆਂ ਦੇ ਜਿਸ ਹਿੱਸੇ ਵਿਚੋਂ ਕੋਈ ਵਿਅਕਤੀ ਅਮਰੀਕਾ ਜਾਂਦਾ ਹੈ, ਉਹ ਬਹੁਤਾ ਸਮਾਂ ਉਥੇ ਰਹਿੰਦੇ ਆਪਣੇ ਦੇਸ਼ ਦੇ ਲੋਕਾਂ ਵਿੱਚ ਗੁਜ਼ਾਰਦਾ ਹੈ, ਸੋ ਸੁਭਾਵਕ ਹੀ ਮੈਂ ਵੀ ਬਹੁਤਾ ਸਮਾ ਪੰਜਾਬੀਆਂ ਦੇ ਘਰਾਂ ਵਿਚ ਹੀ ਰਿਹਾ।

ਜਿਸ ਦੋਸਤ ਦੇ ਘਰ ਨੂੰ ਮੈਂ ਆਪਣੀ ਰਾਜਧਾਨੀ ਬਣਾਇਆ ਹੋਇਆ ਸੀ, ਉਹ ਕਰਦਾ ਕੁਝ ਨਹੀਂ ਸੀ ਪਰ ਨਿਰੰਤਰ ਰੁਝਿਆ ਰਹਿੰਦਾ ਸੀ।

ਸਮੁੰਦਰ ਬੜਾ ਵਿਸ਼ਾਲ ਹੁੰਦਾ ਹੈ ਪਰ ਉਸ ਦੇ ਦਿਲ ਦੇ ਮੁਕਾਬਲੇ, ਵਿਸ਼ਾਲਤਾ ਦੇ ਪੱਖੋਂ, ਸਮੁੰਦਰ ਵੀ ਛੋਟਾ ਸੀ।

ਦੁਨੀਆਂ ਦੀ ਕੋਈ ਚੀਜ਼ ਨਹੀਂ, ਜਿਸ ਦੇ ਆਕਾਰ ਨਾਲ ਮੈਂ ਉਸ ਦੇ ਦਿਲ ਦੀ ਤੁਲਨਾ ਕਰ ਸਕਾਂ। ਉਹ ਕ੍ਰਿਸ਼ਨ ਸੀ ਅਤੇ ਮੈਂ ਉਸ ਦੇ ਘਰ ਸੁਦਾਮਾ ਬਣ ਗਿਆ ਸਾਂ। ਉਸ ਨੇ ਜਿੰਨਾ ਮਾਣ ਮੈਨੂੰ ਦਿੱਤਾ, ਉਤਨਾ ਮੈਨੂੰ ਹੋਰ ਕਿਧਰੇ ਪ੍ਰਾਪਤ ਨਹੀਂ ਹੋਇਆ। ਮੈਨੂੰ ਇਤਿਹਾਸ ਵਿੱਚ ਸਿਕੰਦਰ ਅਤੇ ਨੈਪੋਲੀਅਨ ਹੀ ਅਜਿਹੇ ਦੋ ਵਿਅਕਤੀ ਪ੍ਰਤੀਤ ਹੁੰਦੇ ਹਨ, ਜਿਹੜੇ ਉਸ ਦੇ ਮੇਚ ਆ ਸਕਦੇ ਹਨ।

ਇਸ ਮਿੱਤਰ-ਪਿਆਰੇ ਨੇ ਆਪਣਾ ਸਭ ਕੁਝ ਮੇਰੇ ਲੇਖੇ ਲਾ ਦਿੱਤਾ ਅਤੇ ਅਮਰੀਕੀ ਜੀਵਨ ਦੇ ਹਰ ਸਰੋਵਰ ਵਿੱਚ ਇਸ਼ਨਾਨ ਕਰਨ ਦੇ ਸਾਧਨ ਪੈਦਾ ਕੀਤੇ ਅਤੇ ਮੈਨੂੰ ਹਰ ਬੁਰਜ ਦੇ ਸਿਖਰ ਵੱਲ ਨੂੰ ਸੇਧਿਆ।

ਉਹ ਯਾਤਰਾ ਦੇ ਮਹਾਂਭਾਰਤ ਵਿੱਚ ਮੇਰਾ ਕ੍ਰਿਸ਼ਨ ਸੀ। ਉਹ ਅਮਰੀਕਾ ਵਿੱਚ ਗੁਆਚਿਆਂ ਦਾ ਤੰਬੂ ਹੈ। ਉਸ ਦਾ ਦਿਲ ਫ਼ਕੀਰ ਦੀ ਦਰਗਾਹ ਜਿਹਾ ਹੈ। ਉਹ ਮੇਰੇ ਵਾਸਤੇ ਆਪ ਫੁਲਕੇ ਲਾਹੁੰਦਾ ਰਿਹਾ। ਮੇਰੇ ਚੇਤੇ ਵਿੱਚ ਉਹ ਅਡੋਲ ਖਲੋਤਾ ਰੋਸ਼ਨੀ ਦਾ ਮੀਨਾਰ ਹੈ। ਮੈਨੂੰ ਉਹ ਹੀਰ-ਰਾਂਝੇ ਦੀ ਸੰਤਾਨ ਲੱਗਦਾ ਹੈ। ਮੇਰਾ ਦਿਲ ਉਸ ਦੀ ਤਾਬਿਆ ਵਿੱਚ ਬਲਿਹਾਰ ਖੜਾ ਹੈ। ਮੈਂ ਹੀ ਉਸ ਦਾ ਵਸ ਨਹੀਂ ਚੱਲਣ ਦਿੱਤਾ, ਉਸ ਨੇ ਮੈਨੂੰ ਉਥੇ ਹੀ ਰੱਖ ਲੈਣਾ ਸੀ। ਉਸ ਨੇ ਦੋਸਤੀ ਦੇ ਤੀਹ ਸਾਲ ਪੁਰਾਣੇ ਦੀਵੇ ਵਿੱਚ ਤਿੰਨ ਜੁਗਾਂ ਜਿੰਨਾ ਤੇਲ ਪਾ ਦਿੱਤਾ ਹੈ। ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਕਈ ਬੋਲੀਆਂ ਜਾਣਦੇ ਹੋਣ ਦੇ ਬਾਵਜੂਦ ਵੀ ਉਸ ਦਾ ਧੰਨਵਾਦ ਕਰਨ ਲਈ ਮੇਰੇ ਕੋਲ ਉਸ ਦੇ ਮੇਚੇ ਦੇ ਸ਼ਬਦ ਨਹੀਂ ਹਨ।

ਅਮਰੀਕਾ ਵਿੱਚ ਮੇਰੇ ਤਿੰਨ ਦੋਸਤ ਹਨ ਜਿਹੜੇ ਮੈਨੂੰ ਆਪਣੇ ਕੋਲ ਰੱਖਣ ਲਈ ਆਪਸ ਵਿੱਚ ਲੜਦੇ ਰਹੇ। ਉਨ੍ਹਾਂ ਦੀ ਦੋਸਤੀ ਜਵਾਰਭਾਟੇ ਦੀ ਸਮੁੰਦਰੀ ਝੱਗ ਵਾਂਗ ਨਿਰਮਲ ਹੈ। ਉਹ ਮੁਹੱਬਤ ਦੇ ਛੱਜ ਭਰ ਕੇ ਮੇਰੀ ਝੋਲੀ ਵਿੱਚ ਪਾਉਂਦੇ ਰਹੇ। ਸਾਰੇ ਨਾਨਕੇ ਮੇਲ ਵਾਂਗ ਮਿਲੇ ਅਤੇ ਅਸੀਂ ਰਲ ਕੇ ਸਦਬਹਾਰੇ ਝੱਲ ਮਾਰਦੇ ਰਹੇ।

ਉਹ ਮੇਰੇ ਵਾਸਤੇ ਸਭ ਜਾਇਜ਼-ਨਾਜਾਇਜ਼ ਕਰਨ ਵਾਸਤੇ ਤਿਆਰ ਸਨ।

ਇੱਕ ਨੇ ਮੈਨੂੰ ਮਖੌਲ ਨਾਲ ਕਿਹਾ, 'ਤੇਰਾ ਛੋਟਾ-ਮੋਟਾ ਐਕਸੀਡੈਂਟ ਕਰ ਦਿੰਦਾ ਹਾਂ, ਤੂੰ ਮੇਰੇ 'ਤੇ ਦਾਅਵਾ ਕਰ ਦੇਵੀਂ। ਇਵੇਂ ਤੇਰਾ ਆਉਣ-ਜਾਣ ਬਣਿਆ ਰਹੇਗਾ ਅਤੇ ਖੁਲ੍ਹੀ ਮਾਇਆ ਵੀ ਮਿਲ ਜਾਵੇਗੀ।'

ਮੁਹੱਬਤ ਦੀ ਝੀਲ ਲੰਘ ਕੇ, ਮਾਇਆ ਦੇ ਛੱਪੜ ਵਿੱਚ ਵੜਨਾ ਸਾਡੇ ਵਿਚੋਂ ਕਿਸੇ ਨੂੰ ਪਸੰਦ ਨਹੀਂ ਸੀ। ਇਹ ਮੈਨੂੰ ਪਤਾ ਸੀ ਕਿ ਉਹ ਮੇਰੇ ਉੱਤੇ ਰੋਪੜੀ ਜਿੰਦਾ ਲਾਉਣਾ ਚਾਹੁੰਦੇ ਸਨ। ਉਨ੍ਹਾਂ ਨੂੰ ਵੀ ਪਤਾ ਸੀ ਕਿ ਮੈਂ ਘਰਵਾਦੀ ਹਾਂ। ਰਵਾਨਾ ਹੋਣ ਸਮੇਂ ਆਗਰੇ ਦੇ ਪੇਠੇ ਵਰਗੇ ਮਿੱਠੇ ਅਤੇ ਬੋਸਕੀ ਦੇ ਥਾਨ ਵਰਗੇ ਕੂਲੇ, ਸ਼ਰਬਤੀ ਬੋਲਾਂ ਨਾਲ, ਉਨ੍ਹਾਂ ਮੈਨੂੰ ਸਦੀਵੀ ਸੱਦਾ-ਪੱਤਰ ਦਿੱਤਾ।

ਕੰਮ ਦੀ ਕਰਾਮਾਤ

ਅਮਰੀਕਾ ਦੀ ਸਰਵਪੱਖੀ ਉੱਨਤੀ ਦਾ ਭੇਤ ਇਹ ਹੈ ਕਿ ਅਮਰੀਕਾ ਵਿੱਚ ਬੈਠਣ ਲਈ ਕੋਈ ਥਾਂ ਨਹੀਂ।

ਡਾਕਖਾਨਿਆਂ, ਬੈਂਕਾਂ, ਦਫਤਰਾਂ, ਕਾਰਖਾਨਿਆਂ, ਸਟੋਰਾਂ ਆਦਿ ਵਿੱਚ ਕੁਰਸੀ ਹੈ ਹੀ ਨਹੀਂ ਅਤੇ ਸਾਰੇ ਖਲੋ ਕੇ ਕੰਮ ਕਰਦੇ ਹਨ।

ਖਲੋ ਕੇ ਵਿਹਲੇ ਰਹਿਣਾ ਬੜਾ ਮੁਸ਼ਕਿਲ ਹੁੰਦਾ ਹੈ।

ਅਮਰੀਕਾ ਨੂੰ ਵੇਖ ਕੇ ਮੈਂ ਸਭ ਤੋਂ ਵੱਧ ਉਨ੍ਹਾਂ ਲੋਕਾਂ ਦੀ ਕੰਮ ਪ੍ਰਤੀ ਲਗਨ ਅਤੇ ਸੁਹਿਰਦਤਾ ਤੋਂ ਪ੍ਰਭਾਵਿਤ ਹੋਇਆ ਹਾਂ।

ਮੇਰਾ ਵਿਸ਼ਵਾਸ ਹੈ ਕਿ ਮਨੁੱਖ ਨੇ ਸਭਿਅਤਾ ਦਾ ਵਿਕਾਸ ਨਿਰੰਤਰ ਕੰਮ ਕਰ ਕੇ ਕੀਤਾ ਹੈ। ਜਦੋਂ ਮਨੁੱਖ ਕੰਮ ਤੋਂ ਉਦਾਸੀਨ ਹੋ ਜਾਵੇਗਾ, ਉਦੋਂ ਉਸ ਦਾ ਜੀਵਨ ਪੱਧਰ ਵੀ ਨਿਘਰ ਜਾਵੇਗਾ।

ਯੋਰਪ ਦੀ ਤਰੱਕੀ ਪਿਛੇ ਸੱਤ ਸਦੀਆਂ ਦੀ ਨਿਰੰਤਰ ਮਿਹਨਤ ਖਲੋਤੀ ਹੋਈ ਹੈ।

ਕੇਵਲ ਸੁਪਨੇ ਵੇਖਣ ਵਾਲੀ ਕੌਮ ਕਦੇ ਖੁਸ਼ਹਾਲ ਨਹੀਂ ਹੋ ਸਕਦੀ।

ਮਨੁੱਖ ਕਦੇ ਵੀ ਕਿਸੇ ਅਜਿਹੀ ਸਮਾਜਿਕ ਪ੍ਰਣਾਲੀ ਦਾ ਨਿਰਮਾਣ ਨਹੀਂ ਕਰ ਸਕੇਗਾ, ਜਿਸ ਵਿੱਚ ਕੰਮ ਕਰਨ ਦੀ ਲੋੜ ਨਹੀਂ ਹੋਵੇਗੀ।

ਕੰਮ ਕਰਨਾ ਮਨੁੱਖ ਲਈ ਸਰਾਪ ਨਹੀਂ, ਇਹ ਤਾਂ ਜੀਵਨ ਦੇ ਅਰਥ ਜਾਣਨ ਦਾ ਇੱਕ ਵਸੀਲਾ ਹੈ। ਮਨੁੱਖ ਦਾ ਸਮੁੱਚਾ ਗਿਆਨ ਅਸਲ ਵਿੱਚ ਉਪਜੀਵਕਾ ਦੇ ਰਾਹ ਵਿੱਚ ਆਈਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਿਚੋਂ ਪ੍ਰਾਪਤ ਹੋਇਆ ਹੈ। ਜਿਨ੍ਹਾਂ ਨੂੰ ਆਪਣੀ ਰੋਜ਼ੀ ਕਮਾਉਣ ਦੀ ਮਜਬੂਰੀ ਨਹੀਂ ਹੁੰਦੀ, ਉਹ ਸਮਾਜ ਵਿੱਚ ਕੇਵਲ ਵਿਭਚਾਰ ਹੀ ਫੈਲਾਉਂਦੇ ਹਨ। ਡੇਰਿਆਂ ਦੇ ਉਹੀ ਸੰਤ-ਮਹੰਤ ਸਤਿਕਾਰੇ ਜਾਣਗੇ, ਜਿਹੜੇ ਲੋਕ-ਭਲਾਈ ਦੇ ਕੰਮਾਂ ਵਿੱਚ ਰੁਝੇ ਰਹਿਣਗੇ ਅਰਥਾਤ ਜਿਹੜੇ ਉਪਦੇਸ਼ ਦੇਣ ਦੀ ਥਾਂ ਕੰਮ ਕਰਨਗੇ।

ਭਾਰਤ ਦੀ ਗਰੀਬੀ ਦਾ ਇੱਕ ਕਾਰਨ ਮੈਨੂੰ ਇਹ ਪ੍ਰਤੀਤ ਹੋਇਆ ਹੈ ਕਿ ਇਥੇ ਕੰਮ ਕਰਨ ਵਾਲੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਮਿਹਨਤ ਉੱਤੇ ਦਫਤਰਾਂ ਵਿੱਚ ਕੰਮ ਕਰਨ ਵਾਲਾ ਵਿਹਲੜ ਅਮਲਾ ਪਲਦਾ ਹੈ। ਇਸ ਅਮਲੇ ਦਾ ਉਦੇਸ਼ ਕੰਮ ਵਿੱਚ ਵਿਘਨ ਪਾਉਣਾ,

ਰੁਕਾਵਟਾਂ ਉਪਜਾਉਣਾ, ਇਤਰਾਜ਼ ਘੜਨਾ ਅਤੇ ਘੁਣਤਰਾਂ ਉਸਾਰਨਾ ਹੈ। ਇਹ ਲੋਕ ਆਪਣਾ ਰੋਸ ਚਲਦੇ ਕੰਮ ਵਿੱਚ ਵਿਘਨ ਪਾ ਕੇ, ਗੱਡੀਆਂ, ਬੱਸਾਂ ਆਦਿ ਰੋਕ ਕੇ ਅਤੇ ਕਾਰੋਬਾਰ ਬੰਦ ਕਰ ਕੇ ਕਰਦੇ ਹਨ। ਸਾਡੀਆਂ ਸਰਕਾਰਾਂ ਵਿਉਂਤਾਂ ਤਾਂ ਅਨੇਕਾਂ ਬਣਾਉਂਦੀਆਂ ਹਨ ਪਰ ਸਿਰੇ ਨਹੀਂ ਚੜ੍ਹਾਉਂਦੀਆਂ।

ਸਾਡੇ ਦੇਸ਼ ਵਿੱਚ ਰਾਜਨੀਤਕ ਖੇਤਰ ਵਿੱਚ ਧਿਆਨ ਇਸ ਗੱਲ ਉਤੇ ਕੇਂਦਰਿਤ ਹੁੰਦਾ ਹੈ ਕਿ ਕਿਸ ਦੀ ਸਰਕਾਰ ਬਣੇ ਨਾ ਕਿ ਕਿਹੋ ਜਿਹੀ ਸਰਕਾਰ ਬਣੇ। ਅਜਿਹੀਆਂ ਹਾਲਤਾਂ ਵਿੱਚ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਅਸੀਂ ਇਤਨੇ ਗਰੀਬ ਕਿਉਂ ਹਾਂ।

ਅਮਰੀਕਾ ਦੀ ਆਰਥਿਕ ਖੁਸ਼ਹਾਲੀ ਦਾ ਇੱਕ ਪੱਖ ਇਹ ਹੈ ਕਿ ਉਥੇ ਸਮੁੱਚੇ ਜੀਵਨ ਨੂੰ ਨੇਮਬੱਧ ਕੀਤਾ ਗਿਆ ਹੈ ਅਤੇ ਕਿਸੇ ਪ੍ਰਕਾਰ ਦਾ ਵਿਘਨ ਸਵੀਕਾਰ ਨਹੀਂ ਕੀਤਾ ਜਾਂਦਾ। ਉਥੇ ਕਾਨੂੰਨਾਂ ਦਾ ਉਦੇਸ਼ ਜੀਵਨ ਨੂੰ ਸੁਖਾਲਾ ਬਣਾਉਣਾ ਹੈ। ਇਹ ਦੁਕਾਨਦਾਰ ਦੀ ਮਰਜ਼ੀ ਹੈ ਕਿ ਉਹ ਆਪਣੀ ਦੁਕਾਨ ਕਦੋਂ ਖੋਲ੍ਹੇ ਅਤੇ ਕਦੋਂ ਬੰਦ ਕਰੇ। ਉਹ ਚਾਹੇ ਤਾਂ ਆਪਣੀ ਦੁਕਾਨ ਨਿਰੰਤਰ ਖੁਲ੍ਹੀ ਰੱਖ ਸਕਦਾ ਹੈ ਅਤੇ ਅਜਿਹੀਆਂ ਅਨੇਕਾਂ ਦੁਕਾਨਾਂ ਹਨ, ਜਿਹੜੀਆਂ ਕਦੀ ਬੰਦ ਹੁੰਦੀਆਂ ਹੀ ਨਹੀਂ। ਇਹ ਵੀ ਖੁਲ੍ਹ ਹੈ ਕਿ ਕੋਈ ਚੀਜ਼ ਕਿਤਨੇ ਦੀ ਵੇਚੇ ਕਿਉਂਕਿ ਇਹ ਵੀ ਖੁਲ੍ਹ ਸਭ ਲਈ ਹੈ ਅਤੇ ਮੁਕਾਬਲਾ ਬੜਾ ਸਖਤ ਹੈ, ਸੋ ਇਸ ਖੁਲ੍ਹ ਦਾ ਖਰੀਦਾਰ ਨੂੰ ਲਾਭ ਹੀ ਹੁੰਦਾ ਹੈ।

ਅਮਰੀਕਾ ਵਿੱਚ ਸਰਕਾਰ ਦੀ ਵਪਾਰ ਵਿੱਚ ਕੋਈ ਦਖਲ-ਅੰਦਾਜ਼ੀ ਨਹੀਂ। ਉਥੇ ਦੁਕਾਨਦਾਰ ਨੂੰ ਖੁਲ੍ਹ ਹੈ ਕਿ ਉਹ ਭਾਵੇਂ ਇੱਕ ਡਾਲਰ ਦੀ ਚੀਜ਼, ਇੱਕ ਲੱਖ ਡਾਲਰ ਦੀ ਵੇਚੇ ਪਰ ਉਸ ਦਾ ਕਾਨੂੰਨੀ ਫਰਜ਼ ਹੈ ਕਿ ਬਣਦਾ ਵਿਕਰੀ-ਟੈਕਸ ਸਰਕਾਰ ਕੋਲ ਜਮ੍ਹਾ ਕਰਵਾਏ।

ਟੈਕਸ ਨਾ ਦੇਣਾ ਅਮਰੀਕਾ ਵਿੱਚ ਰਾਜ-ਧਰੋਹ ਮੰਨ ਕੇ ਮੁਕੱਦਮਾ ਚਲਾਇਆ ਜਾਂਦਾ ਹੈ। ਉਥੇ ਕੋਈ ਆਮਦਨ ਛੁਪਾਈ ਨਹੀਂ ਜਾ ਸਕਦੀ।

ਅਮਰੀਕਾ ਵਿੱਚ ਹਰ ਕੋਈ ਆਪਣੇ ਰੁਤਬੇ ਅਨੁਸਾਰ, ਰੁਤਬੇ ਵਾਲੀ ਦੁਕਾਨ ਉੱਤੇ ਜਾਂਦਾ ਹੈ। ਜੇ ਇੱਕ ਚੀਜ਼ ਇੱਕ ਸਟੋਰ ਵਿੱਚ ਪੰਜਾਹ ਡਾਲਰ ਦੀ ਮਿਲੇਗੀ, ਉਹੀ ਚੀਜ਼ ਕਿਸੇ ਹੋਰ ਸਟੋਰ ਵਿੱਚ, ਹੋ ਸਕਦਾ ਹੈ, ਦੱਸ ਡਾਲਰ ਦੀ ਮਿਲ ਜਾਵੇ।

ਚੰਗੇ ਸਟੋਰਾਂ ਵਿੱਚ ਗਰੰਟੀਸ਼ੁਦਾ ਮਾਲ ਵਿਕਦਾ ਹੈ।

ਅਮਰੀਕਾ ਇਤਨੀ ਵੱਡੀ ਮੰਡੀ ਹੈ ਕਿ ਦੁਨੀਆਂ ਦੇ ਹਰ ਦੇਸ਼ ਦੀਆਂ ਚੀਜ਼ਾਂ ਉਥੇ ਮਿਲਦੀਆਂ ਹਨ।

ਅਮਰੀਕਾ ਦੀ ਸਾਰੀ ਆਬਾਦੀ ਸਭ ਕੁਝ ਖਰੀਦ ਸਕਦੀ ਹੈ, ਸੋ ਸਭ ਕੁਝ ਬਹੁਤ ਮਾਤਰਾ ਵਿੱਚ ਵਿਕਦਾ ਹੈ।

ਸਾਡੇ ਮਾਲ ਦੀ ਪੱਧਰ ਭਰੋਸੇਯੋਗ ਨਾ ਹੋਣ ਕਾਰਨ ਅਮਰੀਕਾ ਵਿੱਚ ਸਾਡੀਆਂ ਬਣਾਈਆਂ ਚੀਜ਼ਾਂ ਦੀ ਸਾਖ ਬਹੁਤੀ ਚੰਗੀ ਨਹੀਂ।

ਅਮਰੀਕਨਾਂ ਦੀ ਬਹੁਗਿਣਤੀ ਦੇ ਕੰਮ ਦਾ ਸਮਾਂ ਸਵੇਰੇ ਅੱਠ ਵਜੇ ਤੋਂ ਸ਼ਾਮ ਦੇ ਪੰਜ ਵਜੇ ਹੈ। ਇਨ੍ਹਾਂ ਨੌਂ ਘੰਟਿਆਂ ਵਿਚੋਂ ਅੱਧਾ ਘੰਟਾ ਦੁਪਹਿਰ ਵੇਲੇ ਕੁਝ ਖਾਣ-ਪੀਣ ਲਈ ਅਤੇ ਪੰਦਰ੍ਹਾਂ-ਪੰਦਰ੍ਹਾਂ ਮਿੰਟ ਦੋ ਵਾਰੀ ਚਾਹ-ਕਾਫ਼ੀ ਲਈ ਹੁੰਦੇ ਹਨ। ਖਾਣ-ਪੀਣ ਵਾਲੀਆਂ ਚੀਜ਼ਾਂ ਅੰਦਰ ਹੀ ਮਿਲਦੀਆਂ ਹਨ। ਅੱਧੇ ਘੰਟੇ ਦੇ ਅਰਥ ਅੱਧਾ ਘੰਟਾ ਹਨ ਅਤੇ ਪੰਦਰ੍ਹਾਂ ਮਿੰਟ, ਪੰਦਰ੍ਹਾਂ ਮਿੰਟ ਹੀ ਹੁੰਦੇ ਹਨ। ਖਾਣ ਪੀਣ ਵਾਲੀਆਂ ਚੀਜ਼ਾਂ ਇਤਨੀਆਂ ਸਸਤੀਆਂ ਹਨ ਕਿ ਮਾਲਕ, ਕਰਮਚਾਰੀਆਂ ਨੂੰ ਅਕਸਰ ਆਪਣੇ ਵਲੋਂ ਮੁਫ਼ਤ ਹੀ ਦਿੰਦੇ ਹਨ।

ਸਮੇਂ ਦੀ ਪਾਬੰਦੀ ਅਮਰੀਕਨ ਜੀਵਨ ਦਾ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲਾ ਪੱਖ ਹੈ। ਸਭ ਕੋਲ ਆਪਣੀਆਂ ਕਾਰਾਂ ਹਨ, ਸੋ ਕਿਸੇ ਦੇ ਦੇਰ ਨਾਲ ਆਉਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਕੋਈ ਹਾਜ਼ਰੀ ਰਜਿਸਟਰ ਨਹੀਂ, ਕੋਈ ਨਿਗਰਾਨ ਨਹੀਂ। ਇੱਕ ਮਿੰਟ ਲੇਟ ਆਉਣ ਨਾਲ ਪੰਦਰ੍ਹਾਂ ਮਿੰਟ ਕਟੇ ਜਾਂਦੇ ਹਨ ਅਤੇ ਪੰਜ ਮਿੰਟ ਲੇਟ ਆਉਣ ਨਾਲ ਅੱਧਾ ਘੰਟਾ ਕਟਿਆ ਜਾਂਦਾ ਹੈ।

ਗੇਟ ਉੱਤੇ ਹੀ ਮਸ਼ੀਨ ਲੱਗੀ ਹੋਈ ਹੈ ਅਤੇ ਹਰ ਕਾਮੇ ਨੇ ਅੰਦਰ ਜਾਣ ਵੇਲੇ ਆਪਣਾ ਕਾਰਡ ਉਸ ਵਿਚੋਂ ਲੰਘਾਉਣਾ ਹੁੰਦਾ ਹੈ।

ਉਥੇ ਦੇ ਜੀਵਨ ਦੀ ਪ੍ਰਭਾਵਸ਼ਾਲੀ ਗੱਲ ਇਹ ਹੈ ਕਿ ਸਾਰੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ। ਹਰ ਕੋਈ ਇਸ ਭਾਵਨਾ ਨਾਲ ਕੰਮ ਕਰਦਾ ਹੈ, ਜਿਵੇਂ ਸਭ ਕੁਝ ਉਸ ਦੇ ਕੰਮ ਉਪਰ ਨਿਰਭਰ ਕਰਦਾ ਹੋਵੇ, ਦੂਜੇ ਪਾਸੇ ਅਸੀਂ ਕੰਮ ਤੋਂ ਟਲਣ ਦੇ ਨਵੇਂ-ਨਵੇਂ ਢੰਗ-ਤਰੀਕੇ ਲੱਭ ਲਏ ਹਨ।

ਉਨ੍ਹਾਂ ਦੇ ਮੁਕਾਬਲੇ ਅਸੀਂ ਵਿਹਲੜ ਹੀ ਪ੍ਰਤੀਤ ਹੁੰਦੇ ਹਾਂ।

ਵਿਹਲੜ ਇੱਕ ਰੁਕੀ ਹੋਈ ਘੜੀ ਵਾਂਗ ਜਾਂ ਖ਼ਲੋਤੇ ਹੋਏ ਪਾਣੀ ਵਾਂਗ ਹੁੰਦਾ ਹੈ। ਮੰਗਤੇ ਵਿਹਲੜਾਂ ਦੀ ਪ੍ਰਮੁੱਖ ਉਦਾਹਰਣ ਹਨ, ਜਿਨ੍ਹਾਂ ਦੇ ਮੂੰਹ, ਭੋਜਨ ਦੀ ਉਡੀਕ ਵਿੱਚ, ਲੈਟਰ-ਬੱਕਸ ਵਾਂਗ, ਸਦਾ ਖੁਲ੍ਹੇ ਰਹਿੰਦੇ ਹਨ।

ਕਹਿੰਦੇ ਹਨ ਕਿ ਕੰਮ ਨੂੰ ਟਾਲਣ ਦਾ ਸੰਸਾਰ ਵਿੱਚ ਜੇ ਕੋਈ ਬਹਾਨਾ ਹੋ ਸਕਦਾ ਹੈ ਤਾਂ ਉਹ ਅਸੀਂ ਲੱਭ ਲਵਾਂਗੇ। ਇਸ ਖੇਤਰ ਵਿੱਚ ਅਸੀਂ ਪਹਿਲਾਂ ਹੀ ਬੜੀਆਂ ਪ੍ਰਾਪਤੀਆਂ ਕੀਤੀਆਂ ਹੋਈਆਂ ਹਨ।

ਵਿਹਲੜਪੁਣਾ ਕਮਜ਼ੋਰ ਦਿਮਾਗਾਂ ਦਾ ਢਾਸਣਾ ਹੁੰਦਾ ਹੈ ਅਤੇ ਮੂਰਖਾਂ ਦਾ ਸਿਰਹਾਣਾ।

ਜਿਹੜੇ ਕੁਝ ਨਹੀਂ ਕਰਦੇ, ਉਹ ਕੁਝ ਨਹੀਂ ਬਣਦੇ।

ਈਮਾਨਦਾਰੀ, ਸੱਚਾਈ, ਵਫ਼ਾਦਾਰੀ ਆਦਿ ਸੰਕਲਪ ਕੰਮ ਕਰਨ ਵਾਲੇ ਵਿਅਕਤੀਆਂ ਨਾਲ ਜੁੜੇ ਹੋਏ ਹਨ।

ਕੰਮ ਕਰਦੇ ਵਿਅਕਤੀ ਕਦੇ ਬੀਮਾਰ ਨਹੀਂ ਹੁੰਦੇ। ਬੀਮਾਰੀਆਂ ਕੰਮ-ਚੋਰਾਂ ਨੂੰ ਹੀ ਘੇਰਦੀਆਂ ਹਨ। ਕੰਮ-ਚੋਰ ਵੀ ਨਿਰੰਤਰ ਰੁਝੇ ਰਹਿੰਦੇ ਹਨ ਪਰ ਉਹ ਆਪਣੇ ਕੰਮ ਵਿੱਚ ਨਹੀਂ, ਹੋਰ-ਹੋਰ ਕੰਮਾਂ ਵਿੱਚ ਦਿਲਚਸਪੀ ਲੈਂਦੇ ਹਨ।

ਸਭ ਤੋਂ ਡਰਾਉਣੀ ਚੀਜ਼ ਭੂਤ-ਪ੍ਰੇਤ ਨਹੀਂ ਹੁੰਦੇ, ਨਿਕੰਮਾ ਵਿਅਕਤੀ ਹੁੰਦਾ ਹੈ। ਅਮਰੀਕਾ ਵਿੱਚ ਨਿਕੰਮੇ ਵਿਅਕਤੀਆਂ ਲਈ ਕੋਈ ਥਾਂ ਨਹੀਂ। ਉਥੇ ਖਲੋਤੇ ਜਾਂ ਰੁਕੇ ਹੋਣ ਦੇ ਅਰਥ ਖਤਮ ਹੋਣ ਤੋਂ ਹਨ।

ਉਥੇ ਜੋ ਰੁਕ ਗਿਆ, ਉਹ ਪੱਛੜ ਗਿਆ ਅਤੇ ਅਜਿਹਾ ਵਿਅਕਤੀ ਗਿਆ-ਗੁਜ਼ਰਿਆ ਹੋ ਜਾਂਦਾ ਹੈ।

ਅਮਰੀਕੀ ਲੋਕਾਂ ਦੀ ਆਪਣੇ ਕੰਮ ਪ੍ਰਤੀ ਜ਼ਿੰਮੇਵਾਰੀ ਨਾ ਕੇਵਲ ਉਨ੍ਹਾਂ ਨੂੰ ਪ੍ਰਸੰਸਾਯੋਗ ਬਣਾਉਂਦੀ ਹੈ, ਸਗੋਂ ਸਾਨੂੰ ਬਹੁਤ ਕੁਝ ਸਿਖਣ ਲਈ ਵੀ ਪ੍ਰੇਰਦੀ ਹੈ।

ਪਿਤਾ ਜੀ ਕਿਹਾ ਕਰਦੇ ਸਨ ਕਿ ਕੋਈ ਵਿਅਕਤੀ ਸਿਆਣਾ ਉਦੋਂ ਹੁੰਦਾ ਹੈ, ਜਦੋਂ ਉਹ ਨਿਗਰਾਨੀ ਤੋਂ ਬਿਨਾਂ ਆਪਣਾ ਕੰਮ ਕਰਨ ਲੱਗ ਪਵੇ।

ਅਮਰੀਕਾ ਵਿੱਚ ਨਿਗਰਾਨ ਨਹੀਂ ਹਨ ਪਰ ਸਾਨੂੰ ਭਾਰਤੀਆਂ ਨੂੰ ਇਕਲਿਆਂ ਬਹਿ ਕੇ ਕੰਮ ਕਰਨ ਦੀ ਆਦਤ ਨਹੀਂ। ਅਸੀਂ ਆਰਥਿਕ ਪੱਖੋਂ ਹੀ ਨਹੀਂ, ਮਾਨਸਿਕ ਪੱਖੋਂ ਵੀ ਨਿਰਭਰ ਅਤੇ ਗਰੀਬ ਹਾਂ। ਇਹੀ ਕਾਰਨ ਹੈ ਕਿ ਅਸੀਂ ਨਿੱਕੀਆਂ-ਨਿੱਕੀਆਂ ਚੁਸਤੀਆਂ, ਚਲਾਕੀਆਂ, ਚਾਲਾਂ ਅਤੇ ਸਾਜ਼ਸ਼ਾਂ ਵਿੱਚ ਰੁਝੇ ਰਹਿੰਦੇ ਹਾਂ ਅਤੇ ਆਪਣੇ ਆਪ ਨੂੰ ਰੁਝੇ ਹੋਣ ਦਾ ਭੁਲੇਖਾ ਪਾਈ ਰੱਖਦੇ ਹਾਂ।

ਅਸੀਂ ਕੰਮ ਵਿੱਚ ਰੁਝੇ ਤਾਂ ਰਹਿੰਦੇ ਹਾਂ ਪਰ ਅਸੀਂ ਕੰਮ ਨਿਪਟਾਉਂਦੇ ਨਹੀਂ। ਅਸੀਂ ਕੰਮ ਨੂੰ ਲਮਕਾਉਣ, ਵਿੱਚੇ-ਛੱਡਣ ਜਾਂ ਮੁਲਤਵੀ ਕਰਨ ਵਿੱਚ ਹੀ ਤਸੱਲੀ ਭਾਲਦੇ ਹਾਂ। ਕੰਮ ਵਿੱਚ ਰੋਕਾਂ ਪਾ ਕੇ ਅਸੀਂ ਆਪਣੇ ਆਪ ਦੇ ਮਹੱਤਵਪੂਰਨ ਹੋਣ ਦਾ ਭੁਲੇਖਾ ਸਿਰਜਦੇ ਹਾਂ। ਅਸੀਂ ਜੀਵਨ ਦੀਆਂ ਉਚੀਆਂ ਤਸੱਲੀਆਂ ਤੋਂ ਭਗੌੜੇ ਹੋਏ ਫਿਰਦੇ ਹਾਂ।

ਅਮਰੀਕਾ ਵਿੱਚ ਕੰਮ ਕਰਨ ਦੀ ਥਾਂ ਉੱਤੇ ਕਿਸੇ ਨੂੰ ਨਿੱਜੀ ਕੰਮ ਲਈ ਮਿਲਣ ਜਾਣਾ ਜਾਂ ਟੈਲੀਫੋਨ ਕਰਨਾ ਅਸੰਭਵ ਹੈ।

ਤੁਹਾਡਾ ਕੋਈ ਵੀ ਮਿੱਤਰ-ਪਿਆਰਾ ਤੁਹਾਨੂੰ ਕੰਮ ਵਾਲੀ ਥਾਂ ਦਾ ਟੈਲੀਫੋਨ ਨੰਬਰ ਨਹੀਂ ਦੇਵੇਗਾ। ਕੰਮ ਵਾਲੀ ਥਾਂ ਉੱਤੇ ਕਿਸੇ ਦਾ ਨਿੱਜੀ ਫੋਨ ਆ ਜਾਣਾ, ਉਸ ਦੇ ਮਾਣ-ਸਤਿਕਾਰ ਨੂੰ ਘਟਾਉਂਦਾ ਹੈ।

ਅਮਰੀਕਾ ਵਿੱਚ ਕੰਮ ਦੇ ਸਮੇਂ ਕੰਮ ਕਰਨਾ ਪੈਂਦਾ ਹੈ। ਤੁਹਾਨੂੰ ਭਰਵੀਂ ਉਜਰਤ ਮਿਲੇਗੀ ਪਰ ਅਦਾਇਗੀ ਤੋਂ ਪਹਿਲਾਂ ਤੁਹਾਨੂੰ ਨਿਚੋੜ ਲਿਆ ਜਾਵੇਗਾ।

ਇੱਕ ਕਾਰਖਾਨੇ ਵਿੱਚ ਮੈਂ ਵੇਖਿਆ ਕਿ ਉਪਰੋਂ ਹਰ ਪੰਦਰ੍ਹਾਂ ਸਕਿੰਟਾਂ ਮਗਰੋਂ ਇਕ ਤੀਹ-ਫੁੱਟ ਲੰਮਾ ਪਾਈਪ ਬਣ ਕੇ ਆ ਰਿਹਾ ਸੀ, ਜਿਸ ਨੂੰ ਇੱਕ ਵਿਅਕਤੀ ਫੜ ਕੇ ਲੰਮਾ ਪਾ ਰਿਹਾ ਸੀ। ਉਸ ਦੇ ਵਾਪਸ ਆਉਣ ਉੱਤੇ ਅਗਲੇਰਾ ਪਾਈਪ ਆ ਚੁੱਕਾ ਹੁੰਦਾ ਸੀ, ਸੋ ਕਾਮਾ ਢਿਲੇ ਕਦਮਾਂ ਨਾਲ ਟੁਰਨਾ ਗਵਾਰਾ ਹੀ ਨਹੀਂ ਸੀ ਕਰ ਸਕਦਾ।

ਬਹੁਤੇ ਕਾਰਖਾਨਿਆਂ ਵਿੱਚ ਬੈਲਟ-ਸਿਸਟਮ ਹੈ ਅਰਥਾਤ ਕਾਮਾ ਆਪਣੀ ਥਾਂ ਉੱਤੇ ਖਲੋਤਾ ਰਹਿੰਦਾ ਹੈ ਅਤੇ ਜੋ ਕੰਮ ਉਸ ਨੇ ਕਰਨਾ ਹੁੰਦਾ ਹੈ, ਉਹ ਉਸ ਦੇ ਅੱਗੇ ਆ ਜਾਂਦਾ

ਹੈ। ਉਸ ਕੰਮ ਨੇ ਉਸ ਅੱਗੇ ਉਤਨਾ ਸਮਾਂ ਹੀ ਰੁਕਣਾ ਹੈ ਜਿਤਨਾ ਨਿਰਧਾਰਿਤ ਕੀਤਾ ਗਿਆ ਹੈ, ਉਸ ਮਗਰੋਂ ਅਗਲਾ ਕੰਮ ਆ ਪਹੁੰਚੇਗਾ, ਸੋ ਕਿਸੇ ਨਾਲ ਕੰਮ ਵਾਲੀ ਥਾ ਉੱਤੇ ਗੱਲਾਂ ਕਰਨੀਆਂ ਸੰਭਵ ਹੀ ਨਹੀਂ ਹੁੰਦੀਆਂ।

ਜੇ ਸਾਨੂੰ ਉਵੇਂ ਕੰਮ ਕਰਨਾ ਪੈ ਜਾਵੇ ਤਾਂ ਸਾਨੂੰ ਇੰਜ ਲੱਗੇਗਾ ਜਿਵੇਂ ਅਸੀਂ ਚਰਖੜੀ ਉੱਤੇ ਚੜ੍ਹੇ ਹੋਈਏ।

ਸੋਮਵਾਰ ਤੋਂ ਸ਼ੁਕਰਵਾਰ ਤੱਕ ਸ਼ਾਮ ਨੂੰ ਜਦੋਂ ਅਮਰੀਕਨ ਕੰਮ ਤੋਂ ਵਾਪਸ ਮੁੜਦੇ ਹਨ ਤਾਂ ਉਨ੍ਹਾਂ ਦੀ ਹਾਲਤ ਮਰੇ ਹੋਏ ਸੱਪ ਵਾਲੀ ਹੁੰਦੀ ਹੈ।

ਇਨ੍ਹਾਂ ਦਿਨਾਂ ਵਿੱਚ ਕਿਸੇ ਨੂੰ ਮਿਲਣਾ ਜਾਂ ਮਿਲਣ ਦਾ ਯਤਨ ਕਰਨਾ ਜਾਂ ਕੋਈ ਸਮਾਗਮ ਕਰਨਾ ਮੂਰਖਤਾ ਸਮਝਿਆ ਜਾਂਦਾ ਹੈ।

ਜਿਨ੍ਹਾਂ ਲੋਕਾਂ ਦਾ ਆਪਣਾ ਕੰਮ ਹੈ, ਉਹ ਆਪਣੇ ਸਮੇਂ ਦੇ ਆਪ ਮਾਲਕ ਹਨ ਪਰ ਉਨ੍ਹਾਂ ਦਾ ਸਮਾਂ ਕਾਮਿਆਂ ਦੇ ਸਮੇਂ ਦੇ ਮੁਕਾਬਲੇ ਬੜਾ ਮਹਿੰਗਾ ਹੁੰਦਾ ਹੈ, ਸੋ ਉਹ ਹੋਰ ਵੀ ਵਧੇਰੇ ਰੁਝੇ ਰਹਿੰਦੇ ਹਨ।

ਅਮਰੀਕਾ ਵਿੱਚ ਕਿਸੇ ਮਿੱਤਰ ਦਾ ਤੁਹਾਨੂੰ ਸਭ ਤੋਂ ਵੱਡਾ ਤੋਹਫ਼ਾ ਇਹ ਹੈ ਕਿ ਉਹ ਤੁਹਾਡੇ ਲਈ ਸਮਾਂ ਕੱਢੇ। ਸਮੇਂ ਦੀ ਕੀਮਤ ਦਾ ਉਥੇ ਹੀ ਪਤਾ ਲੱਗਦਾ ਹੈ।

ਸਵੇਰੇ ਕਿਸੇ ਦੇ ਘਰ ਜਾਣਾ ਸੰਭਵ ਨਹੀਂ ਹੁੰਦਾ, ਸਵੇਰੇ ਤਾਂ ਕਿਸੇ ਨੂੰ ਟੈਲੀਫੋਨ ਵੀ ਨਹੀਂ ਕੀਤਾ ਜਾਂਦਾ।

ਆਮ ਕਰਕੇ ਅਮਰੀਕਨ ਸਵੇਰੇ ਸਾਢੇ ਛੇ ਵਜੇ ਕੰਮ ਤੇ ਰਵਾਨਾ ਹੋ ਜਾਂਦੇ ਹਨ ਅਤੇ ਸ਼ਾਮ ਨੂੰ ਲਗਭਗ ਸੱਤ ਵਜੇ ਪੂਰੀ ਥਕਾਵਟ ਨਾਲ ਵਾਪਸ ਪਰਤਦੇ ਹਨ ਅਤੇ ਆ ਕੇ ਟੈਲੀਵਿਜ਼ਨ ਦੇ ਸਾਮ੍ਹਣੇ ਢੇਰੀ ਹੋ ਜਾਂਦੇ ਹਨ।

ਇਹੀ ਕਾਰਨ ਹੈ ਉਨ੍ਹਾਂ ਕੋਲ ਭੋਜਨ ਪਕਾਉਣ ਦੀ ਹਿੰਮਤ ਹੀ ਨਹੀਂ ਹੁੰਦੀ, ਸੋ ਉਹ ਪਕਿਆ-ਪਕਾਇਆ ਭੋਜਨ ਲਿਆ ਰੱਖਦੇ ਹਨ ਅਤੇ ਗਰਮ ਕਰਕੇ ਖਾ ਲੈਂਦੇ ਹਨ। ਕਈਆਂ ਨੂੰ ਇਹ ਸਭ ਕੁਝ ਬੜਾ ਅਜੀਬ ਲੱਗਦਾ ਹੋਵੇਗਾ ਪਰ ਸ਼ੁਕਰਵਾਰ ਸ਼ਾਮ ਨੂੰ ਹਰ ਅਮਰੀਕੀ ਦੇ ਚਿਹਰੇ ਉੱਤੇ ਇਕ ਕੰਨ ਤੋਂ ਦੂਜੇ ਕੰਨ ਤਕ ਮੁਸਕਰਾਹਟ ਪਸਰੀ ਹੁੰਦੀ ਹੈ। ਇਹ ਦੋ ਦਿਨ ਉਹ ਬੜੇ ਰੁਝੇਵਿਆਂ ਵਾਲਾ ਮਨਪ੍ਰਚਾਵਾ ਕਰਦੇ ਹਨ।

ਉਨ੍ਹਾਂ ਲੋਕਾਂ ਕੋਲ ਖ਼ਤ ਲਿਖਣ ਦਾ ਵਕਤ ਹੀ ਨਹੀਂ, ਇਹੀ ਕਾਰਨ ਹੈ ਕਿ ਅਮਰੀਕਨ ਖ਼ਤ ਨਹੀਂ ਲਿਖਦੇ ਟੈਲੀਫੋਨ ਕਰਦੇ ਹਨ।

ਸਾਡੇ ਦੇਸ਼ ਦੇ ਦਫਤਰਾਂ ਵਿੱਚ ਸਪਤਾਹ ਦੇ ਅੰਤਲੇ ਦੋ ਦਿਨ ਛੁੱਟੀ ਤਾਂ ਕਰ ਦਿੱਤੀ ਗਈ ਹੈ ਪਰ ਉਨ੍ਹਾਂ ਨੂੰ ਮਾਣਨ ਦੇ ਸਾਧਨ ਨਾ ਹੋਣ ਕਰਕੇ ਇਹ ਦਿਨ ਆਲਸ ਅਤੇ ਸੁੱਸਤੀ ਵਿੱਚ ਹੀ ਗੁਜ਼ਰਦੇ ਹਨ। ਸਰੀਰਕ ਸ਼ਕਤੀ ਘੱਟ ਹੋਣ ਕਰਕੇ ਅਸੀਂ ਜਲਦੀ ਥੱਕ ਜਾਂਦੇ ਹਾਂ, ਸੋ ਬਹੁਤੇ ਲੋਕ ਇਹ ਸਮਾਂ ਸੌਂ ਕੇ ਗੁਜ਼ਾਰਦੇ ਹਨ। ਅਸੀਂ ਛੁੱਟੀਆਂ ਮਾਣਨ ਦਾ ਕੋਈ ਢੰਗ-ਤਰੀਕਾ ਨਹੀਂ ਲੱਭਿਆ, ਸੋ ਇਹ ਦਿਨ ਕਿਸੇ ਲੇਖੇ ਨਹੀਂ ਲੱਗਦੇ।

ਕੰਮ ਤਾਂ ਅਸੀਂ ਬਾਕੀ ਦਿਨ ਵੀ ਨਹੀਂ ਕਰਦੇ ਪਰ ਇਨ੍ਹਾਂ ਦੋ ਦਿਨਾਂ ਵਿੱਚ ਤਾਂ ਅਸੀਂ ਕੰਮ ਵਾਲੀ ਥਾਂ ਵੀ ਨਹੀਂ ਜਾਣਾ ਹੁੰਦਾ। ਕਿਉਂਕਿ ਸਾਡਾ ਕੰਮ ਨਾਲ ਰਿਸ਼ਤਾ ਨਹੀਂ ਉਸਰਿਆ, ਇਸੇ ਕਰਕੇ ਸਾਡੀਆਂ ਗੱਲਾਂ, ਗੱਲਾਂ ਘੱਟ ਅਤੇ ਚੁਗਲੀਆਂ ਵਧੇਰੇ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਸਾਡੇ ਚਿਹਰਿਆਂ ਉਤੇ ਸਾਡੀ ਅੰਦਰਲੀ ਰੋਸ਼ਨੀ ਦੀ ਚਮਕ ਨਹੀਂ। ਇਹ ਚਮਕ ਸੁਰਖੀ-ਪਾਊਡਰਾਂ ਨਾਲ ਨਹੀਂ, ਕੰਮ ਨਾਲ ਆਉਂਦੀ ਹੈ।

ਪਿਤਾ ਜੀ ਕਿਹਾ ਕਰਦੇ ਸਨ ਕਿ ਜਦੋਂ ਕਿਸਾਨ ਦੀ ਸਮੱਸਿਆ ਹੱਲ ਕਰਨ ਲਈ ਮਾਹਿਰ ਖੇਤਾਂ ਵਿੱਚ ਕਿਸਾਨ ਕੋਲ ਜਾਣ ਲੱਗ ਪੈਣਗੇ ਅਤੇ ਜਦੋਂ ਕਾਰੀਗਰਾਂ ਦੀ ਉਜਰਤ ਦਫਤਰ ਵਿਚਲੇ ਬਾਬੂਆਂ ਨਾਲੋਂ ਵਧੇਰੇ ਹੋ ਜਾਏਗੀ, ਉਦੋਂ ਹੀ ਅਸੀਂ ਸਾਵੇਂ-ਸੰਤੁਲਤ ਵਿਕਾਸ ਦੇ ਰਾਹ ਪਵਾਂਗੇ।

ਮੈਂ ਲੱਖ ਯਤਨ ਕਰ ਲਵਾਂ ਆਪਣੇ ਦੇਸ਼ ਵਾਸੀਆਂ ਨੂੰ ਵਿਸ਼ਵਾਸ ਨਹੀਂ ਦੁਆ ਸਕਦਾ ਕਿ ਅਮਰੀਕਾ ਵਿੱਚ ਇਵੇਂ ਹੁੰਦਾ ਹੈ। ਉਥੇ ਬੈਂਕ ਦੇ ਅਫਸਰ ਨਾਲੋਂ ਸੜਕ ਦੀ ਮੁਰੰਮਤ ਕਰਨ ਵਾਲਾ ਮਜ਼ਦੂਰ ਵਧੇਰੇ ਉਜਰਤ ਕਮਾਉਂਦਾ ਹੈ ਅਤੇ ਯੂਨੀਵਰਸਿਟੀ ਦੇ ਪ੍ਰੋਫੈਸਰ ਨਾਲੋਂ ਟਰੱਕ ਡਰਾਈਵਰ ਵਧੇਰੇ ਕਮਾਈ ਕਰਦਾ ਹੈ।

ਉਥੇ ਗਏ ਕਿਸੇ ਵਿਅਕਤੀ ਸੰਬੰਧੀ ਗੱਲਾਂ ਵਿੱਚ ਤੁਸੀਂ ਆਮ ਸੁਣੋਗੇ ਕਿ ਫਲਾਣਾ ਉਥੇ ਝਾੜੂ ਦਿੰਦਾ ਹੈ ਜਾਂ ਹੋਟਲ ਵਿੱਚ ਪਲੇਟਾਂ ਸਾਫ ਕਰਕੇ, ਉਹ ਵਿਅਕਤੀ ਇੱਜ਼ਤ ਵਾਲਾ ਜੀਵਨ ਜਿਉਂਦਾ ਹੈ।

ਅਸੀਂ ਇੱਕ ਅਜਿਹਾ ਨਿਕੰਮਾ ਪ੍ਰਬੰਧ ਉਸਾਰ ਲਿਆ ਹੈ, ਜਿਸ ਵਿੱਚ ਅਸੀਂ ਵਿਹਲੜਾਂ ਅਤੇ ਨਿਕੰਮੇ ਬਾਬੂਆਂ ਨੂੰ ਕਾਮਿਆਂ-ਮਜ਼ਦੂਰਾਂ ਦੀ ਕਿਸਮਤ ਦੇ ਫੈਸਲੇ ਕਰਨ ਦਾ ਕੰਮ ਸੌਂਪਿਆ ਹੋਇਆ ਹੈ।

ਪਿਤਾ ਜੀ ਕਿਹਾ ਕਰਦੇ ਸਨ ਕਿ ਜੇ ਕੰਮ ਘੱਟ ਹੋਵੇ ਅਤੇ ਸਮਾਂ ਵਧੇਰੇ ਤਾਂ ਇਤਰਾਜ਼ ਲਾਉਣ ਅਤੇ ਨੁਕਸ ਕੱਢਣ ਦੀ ਬਿਰਤੀ ਉਪਜਦੀ ਹੈ।

ਸਾਡੇ ਦਫ਼ਤਰਾਂ ਵਿੱਚ ਇਵੇਂ ਹੀ ਹੋ ਰਿਹਾ ਹੈ।

ਆਲਸ, ਸੁੱਸਤੀ, ਢਿੱਲ, ਦੇਰੀ ਆਦਿ ਸਾਡੀ ਪਛਾਣ ਬਣ ਗਏ ਹਨ। ਅਮਰੀਕਾ ਵਿੱਚ ਮੈਂ ਵੇਖਿਆ ਹੈ ਕਿ ਕੰਮ ਦਾ ਕੋਈ ਬਦਲ ਨਹੀਂ ਹੁੰਦਾ, ਕੰਮ ਕੀਤਿਆਂ ਹੀ ਕੰਮ ਮੁਕਦੇ ਹਨ। ਕੰਮ ਕਰਨ ਵਾਲੇ ਹੀ ਕਿਸੇ ਦੇ ਕੰਮ ਆ ਸਕਦੇ ਹਨ ਅਤੇ ਪ੍ਰਸੰਨ ਉਹੀ ਹੋ ਸਕਦੇ ਹਨ, ਜਿਹੜੇ ਆਪਣਾ ਕੰਮ ਪ੍ਰਸੰਨਤਾ ਨਾਲ ਕਰਦੇ ਹਨ।

ਅਮਰੀਕਨਾਂ ਦੀ ਬਹੁਗਿਣਤੀ ਅਕਲ ਦੇ ਪੱਖੋਂ ਬਹੁਤੀ ਉੱਚੀ ਨਹੀਂ ਪਰ ਜਿਹੜਾ ਵਿਅਕਤੀ ਜਿਹੜਾ ਕੰਮ ਕਰ ਰਿਹਾ ਹੈ, ਉਹ ਉਸ ਦਾ ਮਾਹਿਰ ਹੈ।

ਸੰਕਟ ਦੀ ਘੜੀ ਵਿੱਚ ਉਹ ਸੰਦ ਲੱਭਣ ਲਈ ਨਹੀਂ ਦੌੜੇਗਾ, ਸੰਦ ਉਸ ਕੋਲ ਹੋਣਗੇ ਅਤੇ ਬੁਲਾਏ ਜਾਣ ਦੇ ਪਹਿਲੇ ਮਿੰਟ ਵਿੱਚ ਹੀ, ਉਹ ਇੱਕ ਮਾਹਿਰ ਵਾਂਗ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰ ਰਿਹਾ ਹੋਵੇਗਾ।

ਬਹੁਤੇ ਅਮਰੀਕਨ ਆਪਣੇ ਕੰਮ ਤੋਂ ਸਿਵਾਏ ਕੁਝ ਨਹੀ ਜਾਣਦੇ ।

ਇਹ ਭੁਲੇਖਾ ਹੈ ਕਿ ਅਮਰੀਕਨ ਬਹੁਤ ਪੜ੍ਹਦੇ ਹਨ। ਸੱਚ ਤਾਂ ਇਹ ਹੈ ਕਿ ਬਹੁਤੇ ਘਰਾਂ ਵਿੱਚ ਅਖ਼ਬਾਰ ਆਉਂਦੀ ਹੀ ਨਹੀਂ ਅਤੇ ਜਿਨ੍ਹਾਂ ਘਰਾਂ ਵਿੱਚ ਆਉਂਦੀ ਵੀ ਹੈ, ਉਥੇ ਵੀ ਬਹੁਤੀ ਵਾਰੀ ਖੋਲ੍ਹੀ ਵੀ ਨਹੀਂ ਜਾਂਦੀ। ਉਪਰੋਕਤ ਵਿਹਾਰ ਦਾ ਕਾਰਨ, ਉਨ੍ਹਾਂ ਦੀ ਕੰਮ ਪ੍ਰਤੀ ਪੂਰੀ ਵਫ਼ਾਦਾਰੀ ਹੈ।

ਕੰਮ ਨਾਲ ਉਜਰਤ ਜੁੜੀ ਹੋਈ ਹੈ, ਵਿਹਲੜ ਨੂੰ ਕੁਝ ਨਹੀਂ ਮਿਲੇਗਾ, ਸੋ ਧਿਆਨ ਕੰਮ ਵੱਲ ਹੁੰਦਾ ਹੈ, ਕੰਮ ਤੋਂ ਧਿਆਨ ਹਟਾਉਣ ਵਾਲੀਆਂ ਗੱਲਾਂ ਵੱਲ ਨਹੀਂ।

ਅੱਸੀ ਪ੍ਰਤੀਸ਼ਤ ਤੋਂ ਵਧੇਰੇ ਅਮਰੀਕਨ ਵਿਸ਼ਵ ਦੇ ਨਕਸ਼ੇ ਉੱਤੇ ਆਪਣਾ ਦੇਸ਼ ਨਹੀਂ ਲੱਭ ਸਕਦੇ ਪਰ ਸੰਸਾਰ ਦੇ ਹੋਰ ਦੇਸ਼ਾਂ ਵਿੱਚ ਉਹ ਮਾਹਿਰਾਂ ਵਜੋਂ ਬੁਲਾਏ ਜਾਂਦੇ ਹਨ। ਉਨ੍ਹਾਂ ਦੀ ਅਗਿਆਨਤਾ ਵੇਖ ਕੇ ਹੈਰਾਨੀ ਹੁੰਦੀ ਹੈ ਪਰ ਹੁਣ ਮੈਂ ਸੋਚਦਾ ਹਾਂ ਕਿ ਸਾਡੀ ਵਿਦਿਅਕ ਪ੍ਰਣਾਲੀ ਸਾਡੇ ਦਿਮਾਗਾਂ ਵਿੱਚ ਕਦੇ ਵੀ ਕੰਮ ਨਾ ਆਉਣ ਵਾਲੀਆਂ ਸੂਚਨਾਵਾਂ ਤਾਂ ਭਰ ਦਿੰਦੀ ਹੈ ਪਰ ਸਾਨੂੰ ਕਿਸੇ ਅਮਲੀ ਕੰਮ ਦੇ ਯੋਗ ਨਹੀਂ ਬਣਾਉਂਦੀ।

ਭਾਰਤ ਵਿਚ ਕਿਸਾਨਾਂ ਦੇ ਟੱਬਰਾਂ ਵਿਚੋਂ ਆਏ ਵਿਦਿਆਰਥੀ ਸ਼ਹਿਰਾਂ ਵਾਲੇ ਕਾਲਜਾਂ ਵਿੱਚ ਪੜ੍ਹ ਕੇ ਪਿੰਡ ਵਾਪਸ ਜਾ ਕੇ ਕੰਮ ਕਰਨਾ ਪਸੰਦ ਨਹੀਂ ਕਰਦੇ।

ਅਸੀਂ ਦਫਤਰੀ ਨੌਕਰੀ ਨੂੰ ਅਮਲੀ ਕੰਮ ਤੋਂ ਵਧੇਰੇ ਸਤਿਕਾਰ ਦੇ ਕੇ ਆਪਣੇ ਦੇਸ਼ ਦੇ ਵਿਕਾਸ ਦਾ ਰਾਹ ਰੋਕਿਆ ਹੋਇਆ ਹੈ।

ਖੇਤੀਬਾੜੀ ਵਿੱਚ ਮਸ਼ੀਨਾਂ ਦੀ ਵਰਤੋਂ ਵੱਧਣ ਨਾਲ ਕੰਮ ਕਰਨ ਦੀ ਇਹ ਸੰਗ ਟੁਟੇਗੀ ਅਤੇ ਮਨੁੱਖ ਦਾ ਸਤਿਕਾਰ ਉਸ ਦੇ ਅਹੁਦੇ ਤੋਂ ਨਹੀਂ, ਉਸ ਦੀ ਆਮਦਨ ਤੋਂ ਹੋਣ ਲੱਗ ਪਵੇਗਾ। ਇਵੇਂ ਅੰਤ ਨੂੰ ਵਾਪਰਨਾ ਹੈ ਅਤੇ ਕਈ ਖੇਤਰਾਂ ਵਿੱਚ ਵਾਪਰਨ ਲੱਗ ਪਿਆ ਹੈ। ਸਾਡੇ ਦੇਸ਼ ਵਿੱਚ ਸਰਕਾਰੀ ਅਮਲਾ ਲੋਕਾਂ ਦਾ ਸੇਵਕ ਹੋਣ ਦੀ ਥਾਂ ਉਨ੍ਹਾਂ ਨੂੰ ਤੰਗ ਕਰਨ ਦਾ ਵਸੀਲਾ ਹੈ। ਇਹ ਅਮਲਾ ਲੋਕਾਂ ਦੇ ਦਿੱਤੇ ਟੈਕਸਾਂ ਵਿਚੋਂ ਤਨਖਾਹ ਲੈਂਦਾ ਹੈ, ਸੋ ਇਸ ਦਾ ਜਨਤਾ ਪ੍ਰਤੀ ਵਿਹਾਰ ਸੇਵਕਾਂ ਵਾਲਾ ਹੋਣਾ ਚਾਹੀਦਾ ਹੈ।

ਅਮਰੀਕਾ ਦੀ ਉੱਨਤੀ ਦਾ ਇੱਕ ਮਹੱਤਵਪੂਰਣ ਕਾਰਨ ਇਹ ਵੀ ਹੈ ਕਿ ਉਥੇ ਇਸਤਰੀਆਂ, ਪੁਰਸ਼ਾਂ ਵਾਲੇ ਸਾਰੇ ਕੰਮ ਹੀ ਨਹੀਂ, ਸਗੋਂ ਪੁਰਸ਼ਾਂ ਦੇ ਮੁਕਾਬਲੇ ਵਧੇਰੇ ਕੰਮ ਕਰ ਸਕਦੀਆਂ ਹਨ ਅਤੇ ਕਰਦੀਆਂ ਹਨ ਅਤੇ ਰੇਲਾਂ, ਗੱਡੀਆਂ, ਬੱਸਾਂ, ਟਰੱਕ, ਟੈਕਸੀਆਂ ਆਦਿ ਤਾਂ ਇਸਤਰੀਆਂ ਚਲਾਉਂਦੀਆਂ ਹੀ ਹਨ, ਮੈਂ ਨਿਊਯਾਰਕ ਵਿੱਚ ਇੱਕ ਵੀਹ-ਮੰਜ਼ਲੀ ਇਮਾਰਤ ਦੀ ਚੌਕੀਦਾਰ ਇੱਕ ਇਸਤਰੀ ਵੇਖੀ।

ਉਨ੍ਹਾਂ ਨੇ ਸਾਰੇ ਦੇਸ਼ ਵਿੱਚ ਕੰਮ ਨੂੰ ਇੰਜ ਵਿਉਂਤਿਆ ਹੋਇਆ ਹੈ ਕਿ ਇਸਤਰੀ ਅਤੇ ਪੁਰਸ਼ ਦੋਵੇਂ ਹਰ ਪ੍ਰਕਾਰ ਦੇ ਕੰਮ ਕਰ ਸਕਦੇ ਹਨ।

ਮੈਂ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਇੱਕ ਇਸਤਰੀ ਪ੍ਰੋਫੈਸਰ ਨੂੰ ਪੁਛਿਆ ਕਿ ਅਜੇ ਤੱਕ ਅਮਰੀਕਾ ਵਿੱਚ ਕਿਸੇ ਇਸਤਰੀ ਨੂੰ ਰਾਸ਼ਟਰਪਤੀ ਕਿਉਂ ਨਹੀਂ ਚੁਣਿਆ ਗਿਆ ਤਾਂ ਉਸ ਨੇ ਹੱਸ ਕੇ ਉੱਤਰ ਦਿੱਤਾ ਕਿ ਇਸਦਾ ਕਾਰਨ ਇਹ ਨਹੀਂ ਕਿ ਕੋਈ ਇਸਤਰੀ ਰਾਸ਼ਟਰਪਤੀ ਬਣਨ ਦੇ ਯੋਗ ਨਹੀਂ, ਸਗੋਂ ਇਹ ਹੈ ਕਿ ਕਿਸੇ ਇਸਤਰੀ ਨੂੰ ਰਾਸ਼ਟਰਪਤੀ ਹੋਣਾ ਪਸੰਦ ਨਹੀਂ, ਕਿਉਂਕਿ ਉਹ ਰਾਸ਼ਟਰਪਤੀ ਦੀ ਪਤਨੀ ਵਜੋਂ ਵਧੇਰੇ ਖੁਸ਼ ਰਹਿੰਦੀ ਹੈ ਕਿਉਂਕਿ ਉਹ ਆਪਣੇ ਪਤੀ ਨੂੰ ਚਲਾਉਂਦੀ ਹੈ ਅਤੇ ਉਸ ਦਾ ਪਤੀ ਅਮਰੀਕਾ ਨੂੰ ਚਲਾਉਂਦਾ ਹੈ।

ਇੱਕ ਹੋਰ ਨੇ ਹੱਸਦਿਆਂ ਦਸਿਆ ਕਿ ਅਮਰੀਕਾ ਦਾ ਰਾਸ਼ਟਰਪਤੀ ਬਣਨ ਲਈ ਘਟੋ-ਘੱਟ ਉਮਰ ਪੈਂਤੀ ਵਰ੍ਹੇ ਚਾਹੀਦੀ ਹੈ ਪਰ ਕੋਈ ਵੀ ਇਸਤਰੀ ਮੰਨਣ ਲਈ ਤਿਆਰ ਨਹੀਂ ਕਿ ਉਹ ਪੈਂਤੀ ਵਰ੍ਹੇ ਦੀ ਹੋ ਗਈ ਹੈ ਅਤੇ ਜੇ ਇਸਤਰੀ ਨੇ ਇਹ ਮੰਨ ਲਿਆ ਤਾਂ ਪੁਰਸ਼ ਉਸ ਨੂੰ ਵੋਟ ਨਹੀਂ ਪਾਉਣਗੇ, ਕਿਉਕਿ ਉਹ ਪੈਂਤੀ ਵਰ੍ਹੇ ਤੋਂ ਘੱਟ ਉਮਰ ਵਾਲੀ ਇਸਤਰੀ ਨੂੰ ਹੀ ਪਸੰਦ ਕਰਦੇ ਹਨ।

ਨਿਰਸੰਦੇਹ ਅਮਰੀਕਾ ਦੀ ਆਬਾਦੀ ਦੀ ਤਿੰਨ ਚੌਥਾਈ ਤੋਂ ਵੀ ਵਧੇਰੇ ਗਿਣਤੀ ਦਾ ਮਾਨਸਿਕ ਪੱਧਰ ਉੱਚਾ ਨਹੀਂ ਪਰ ਇਸ ਦੇ ਬਾਵਜੂਦ ਇਹ ਦੇਸ਼ ਇਤਨਾ ਖੁਸ਼ਹਾਲ ਅਤੇ ਅਮੀਰ ਕਿਉਂ ਹੈ ? ਇਸ ਦਾ ਉੱਤਰ ਅਮਰੀਕਾ ਵਿੱਚ ਘੁੰਮ ਕੇ ਹੀ ਸਮਝਿਆ ਜਾ ਸਕਦਾ ਹੈ। ਅਮਰੀਕਾ ਨੂੰ ਕੁਝ ਵੱਡੀਆਂ ਕੰਪਨੀਆਂ ਅਤੇ ਆਪਣੇ-ਆਪਣੇ ਖੇਤਰਾਂ ਦੇ ਮਾਹਿਰ ਅਤੇ ਚੁਸਤ ਲੋਕ ਚਲਾ ਰਹੇ ਹਨ।

ਅਮਰੀਕਾ ਦੀ ਬਹੁਤੀ ਆਬਾਦੀ ਇਨ੍ਹਾਂ ਮੁੱਠੀ ਭਰ ਸਿਆਣਿਆਂ ਅਤੇ ਮਾਹਿਰਾਂ ਦੀਆਂ ਨੀਤੀਆਂ ਅਤੇ ਫੈਸਲਿਆਂ ਨੂੰ ਅਮਲ ਵਿੱਚ ਲਿਆਉਣ ਵਿੱਚ ਲੱਗੀ ਹੋਈ ਹੈ।

ਅਮਰੀਕਨ ਬਹੁਤੇ ਸਿਆਣੇ ਨਹੀਂ ਪਰ ਸੰਪੂਰਨ ਭਾਂਤ ਜ਼ਿੰਮੇਵਾਰ ਅਤੇ ਆਪਣੇ ਨਿਰਧਾਰਿਤ ਕੰਮ ਪ੍ਰਤੀ ਵਫ਼ਾਦਾਰ ਹਨ ਅਤੇ ਸਾਰੇ ਬਿਨਾਂ ਕਿਸੇ ਨਿਗਰਾਨੀ ਦੇ ਆਪਣਾ ਕੰਮ ਕਰਦੇ ਹਨ ਅਤੇ ਕੰਮ ਨੂੰ ਪੂਰਾ ਕਰਦੇ ਹਨ।

ਅਮਰੀਕਾ ਵਿਚ ਕੰਮ ਉੱਤੇ ਕਿਸੇ ਵਿਅਕਤੀ ਨੂੰ ਲਾਉਣ ਸਮੇਂ, ਉਸ ਦੀਆਂ ਡਿਗਰੀਆਂ ਨਹੀਂ ਵੇਖੀਆਂ ਜਾਂਦੀਆਂ। ਮੇਰੇ ਇਕ ਮਿੱਤਰ ਨੇ ਦਸਿਆ ਕਿ ਉਸ ਨੂੰ ਸਭ ਤੋਂ ਪਹਿਲਾ ਕੰਮ ਮੂੰਹ ਉੱਤੇ ਲਾਉਣ ਵਾਲੀ ਕਰੀਮ ਲਈ ਡੱਬੀਆਂ ਬਣਾਉਣ ਦਾ ਮਿਲਿਆ। ਜਦੋਂ ਗੱਲਬਾਤ ਕਰਕੇ ਉਸ ਨੂੰ ਚੁਣ ਲਿਆ ਗਿਆ ਤਾਂ ਮਾਲਕ ਉਸ ਨੂੰ ਇਕ ਮਸ਼ੀਨ ਕੋਲ ਲੈ ਗਿਆ ਅਤੇ ਕਹਿਣ ਲੱਗਾ: ਇਹ ਮਸ਼ੀਨ ਇਕ ਘੰਟੇ ਵਿਚ ਇਕ ਸੌ ਸੱਠ ਡੱਬੀਆਂ ਬਣਾਉਂਦੀ ਹੈ ਜਦੋਂ ਕਿ ਉਸ ਨੇ ਇਕ ਦਿਹਾੜੀ ਵਿਚ ਇਕ ਸੌ ਪੰਜਾਹ ਡਬੀਆਂ ਪ੍ਰਤੀ ਘੰਟੇ ਦੇ ਹਿਸਾਬ ਨਾਲ ਇਕ ਦਿਹਾੜੀ ਵਿਚ ਬਾਰ੍ਹਾਂ ਸੌ ਡੱਬੀਆਂ ਬਣਾ ਕੇ ਦੇਣੀਆਂ ਹਨ। ਉਸ ਦਾ ਕੋਈ ਨਿਗਰਾਨ ਨਹੀਂ ਹੋਵੇਗਾ ਅਤੇ ਵਾਧੂ ਲਾਏ ਸਮੇਂ ਦੇ ਪੈਸੇ ਨਹੀਂ ਮਿਲਣਗੇ। ਉਹ ਬਾਰ੍ਹਾਂ ਸੌ ਡਬੀਆਂ ਬਣਾ ਕੇ ਛੁੱਟੀ ਕਰੇਗਾ। ਅਜਿਹੀ ਹਾਲਤ ਵਿਚ ਮੇਰੇ ਮਿੱਤਰ ਲਈ ਉਹ ਮਸ਼ੀਨ ਉਸ ਦਾ ਮੱਕਾ-ਮਦੀਨਾ ਬਣ ਗਈ ਅਤੇ ਡੱਬੀਆਂ ਉਸ ਦੀ ਮਾਲਾ ਦੇ ਮਣਕੇ। ਇਹ ਇਕ ਸਾਧਾਰਨ ਉਦਾਹਰਣ ਹੈ, ਉੱਥੇ ਕੰਮ ਕਰਨ ਦੀ ਅਤੇ ਕੰਮ ਲੈਣ ਦੀ।

ਕੰਮ ਉਪਰੰਤ ਕਿਸੇ ਵਿਅਕਤੀ ਵਿਚ ਇਤਨੀ ਸਮਰਥਾ ਹੀ ਨਹੀਂ ਹੁੰਦੀ ਕਿ ਉਹ ਕੁਝ ਹੋਰ ਕਰ ਸਕੇ, ਪਰ ਅਮਰੀਕਾ ਵਿਚ ਕੋਈ ਵੀ ਵਿਅਕਤੀ ਕੇਵਲ ਅੱਠ ਘੰਟੇ ਕੰਮ ਕਰਕੇ ਸੌਖਾ ਜੀਵਨ ਨਹੀਂ ਗੁਜ਼ਾਰ ਸਕਦਾ।

ਆਰੰਭ ਵਿਚ ਚੰਗੇਰੀ ਉਜਰਤ ਪ੍ਰਾਪਤ ਕਰਨ ਲਈ ਉਥੇ ਲਗਭਗ ਹਰ ਵਿਅਕਤੀ ਨੂੰ ਕੰਮ ਉਪਰ ਲਗਣ ਲਈ ਕੋਈ ਸਿਖਲਾਈ ਲੈਣੀ ਪੈਂਦੀ ਹੈ।

ਸਪਸ਼ਟ ਹੈ ਕਿ ਉੱਥੇ ਜੀਵਨ ਬਣਾ ਮੁਸ਼ੱਕਤ ਭਰਿਆ ਹੈ। ਮੈਨੂੰ ਅਮਰੀਕਨਾਂ ਦੇ ਸਾਊ ਹੋਣ ਦਾ ਵੀ ਕਾਰਨ ਇਹ ਪ੍ਰਤੀਤ ਹੋਇਆ ਹੈ ਕਿ ਕੰਮ ਵਿਚ ਰੁਝਿਆ ਅਤੇ ਕੰਮ ਦਾ ਥਕਾਇਆ ਵਿਅਕਤੀ ਬੜਾ ਸਾਊ, ਭੋਲਾ, ਪਿਆਰਾ ਅਤੇ ਸੁੰਦਰ ਪ੍ਰਤੀਤ ਹੁੰਦਾ ਹੈ ਅਤੇ ਉਸ ਦੀ ਜੀਵਨ ਪ੍ਰਤੀ ਪਹੁੰਚ ਹਾਂ-ਪੱਖੀ ਹੋ ਜਾਂਦੀ ਹੈ।

ਸਾਡੇ ਦੇਸ਼ ਵਿਚ ਮੁਸ਼ਕਿਲ ਇਹ ਬਣੀ ਹੋਈ ਹੈ ਕਿ ਸਾਰੇ ਬੰਦੇ ਕੇਵਲ ਦਫ਼ਤਰੀ ਅਤੇ ਅਣਉਪਜਾਊ ਕੰਮ ਕਰਨਾ ਚਾਹੁੰਦੇ ਹਨ। ਜੇ ਲੋਕਾਂ ਨੂੰ ਕਿਹਾ ਜਾਵੇ ਕਿ ਇਕ ਪਾਸੇ ਪਈਆਂ ਇੱਟਾਂ ਨੂੰ ਦੂਜੇ ਪਾਸੇ ਸੁੱਟੀ ਜਾਵੋ ਅਤੇ ਦੂਜੇ ਪਾਸੇ ਦੇ ਲੋਕਾਂ ਨੂੰ ਕਿਹਾ ਜਾਵੇ ਕਿ ਉਹ ਇੱਟਾਂ ਵਾਪਸ ਸੁੱਟੀ ਜਾਣ ਤਾਂ ਉਹ ਤੁਹਾਡੇ ਵੱਲ ਹੈਰਾਨੀ ਨਾਲ ਵੇਖਣਗੇ ਪਰ ਫਾਈਲਾਂ ਨਾਲ ਵੀ ਤਾਂ ਇਵੇਂ ਹੀ ਕੀਤਾ ਜਾ ਰਿਹਾ ਹੈ।

ਸਾਡੇ ਦੇਸ਼ ਵਿਚ ਨੇਮ ਬੰਦਿਆਂ ਅਨੁਸਾਰ ਨਹੀਂ ਬਣਾਏ ਜਾ ਰਹੇ, ਬੰਦੇ ਨੇਮਾਂ ਦੀ ਬਲੀ ਚੜ੍ਹਾਏ ਜਾ ਰਹੇ ਹਨ। ਇਹ ਸਾਡੀ ਬਦਕਿਸਮਤੀ ਹੈ ਕਿ ਸਾਡੇ ਦੇਸ਼ ਵਿਚ ਬੰਦਿਆਂ ਨਾਲੋਂ ਫਾਈਲਾਂ ਵਧੇਰੇ ਮਹੱਤਵਪੂਰਣ ਹਨ।

ਪਿਤਾ ਜੀ ਕਿਹਾ ਕਰਦੇ ਸਨ ਕਿ ਸਾਡੇ ਦੇਸ਼ ਵਿਚ ਹਰ ਵਿਅਕਤੀ ਆਪਣੀ ਅਯੋਗਤਾ ਦੀ ਪੱਧਰ ਤੱਕ ਤਰੱਕੀ ਕਰਨੀ ਚਾਹੁੰਦਾ ਹੈ। ਇਸ ਸਿਧਾਂਤ ਦੇ ਅਰਥ ਇਹ ਹਨ ਕਿ ਹਰ ਵਿਅਕਤੀ ਉਸ ਪਦਵੀ ਲਈ ਤਾਂਘ ਰਿਹਾ ਹੈ, ਜਿਸ ਦੇ ਉਹ ਯੋਗ ਨਹੀਂ। ਉਸ ਪਦਵੀ ਉੱਤੇ ਲਗਿਆ ਵਿਅਕਤੀ ਆਪਣੀ ਅਯੋਗਤਾ ਛੁਪਾਉਣ ਲਈ ਚਲਿੱਤਰ ਕਰਨ ਲੱਗ ਪੈਂਦਾ ਹੈ, ਧੜੇਬੰਦੀ ਵਿਚ ਪੈ ਜਾਂਦਾ ਹੈ, ਚਾਲਾਂ ਚਲਣ ਲੱਗ ਪੈਂਦਾ ਹੈ। ਇਹ ਸਭ ਯਤਨ ਉਸ ਵਲੋਂ ਆਪਣੀ ਅਯੋਗਤਾ ਛੁਪਾਉਣ ਦੇ ਉਪਰਾਲੇ ਹੁੰਦੇ ਹਨ।

ਸਾਡੇ ਦੇਸ਼ ਵਿਚ ਕੰਮ ਨਾ ਕਰਨ ਦਾ ਇਕ ਹੋਰ ਢੰਗ ਪ੍ਰਚਲਤ ਹੋ ਰਿਹਾ ਹੈ। ਕੰਮ ਨੂੰ ਇਸ ਢੰਗ ਨਾਲ ਉਲਝਾਇਆ ਜਾਂਦਾ ਹੈ ਤਾਂ ਕਿ ਉਲਝਾਉਣ ਵਾਲਾ ਵਿਅਕਤੀ ਹੀ ਉਸ ਨੂੰ ਸੁਲਝਾ ਸਕੇ।

ਮੁਕੱਦਮੇਬਾਜ਼ੀ ਨੂੰ ਇਸ ਹੱਦ ਤੱਕ ਗੁੰਝਲਦਾਰ ਬਣਾਇਆ ਜਾ ਚੁੱਕਾ ਹੈ ਕਿ ਜੇ ਕੋਈ ਚਾਹਵੇ ਤਾਂ ਇਕ ਮੁਕੱਦਮਾ ਸੱਤ ਸੌ ਵਰ੍ਹੇ ਲਮਕਾ ਸਕਦਾ ਹੈ।

ਸਾਡੀਆਂ ਸੜਕਾਂ ਉੱਤੇ ਨਿਤ ਉਸਾਰੇ ਜਾ ਰਹੇ ਸਪੀਡ ਬ੍ਰੇਕਰ ਦੁਰਘਟਨਾਵਾਂ ਨੂੰ ਘਟਾਉਣ ਦੀ ਥਾਂ ਵਧਾਉਣ ਦਾ ਕੰਮ ਕਰ ਰਹੇ ਹਨ। ਇਹ ਸਪੀਡ-ਬ੍ਰੇਕਰ ਸਾਡੀ ਵਿਘਨਪਾਊ, ਅਟਕਾਊ ਸੋਚ ਦੇ ਪ੍ਰਤੀਕ ਹਨ। ਆਪਣੇ ਦੇਸ਼ ਨੂੰ ਵਿਕਾਸ ਦੀ ਸ਼ਾਹ-ਰਾਹ ਉੱਤੇ ਲੈ ਜਾਣ ਲਈ ਇਹ ਸਭ ਕੁਝ ਢਾਹੁਣਾ ਪਵੇਗਾ।

ਮੇਰਾ ਵਿਸ਼ਵਾਸ਼ ਹੈ ਕਿ ਜਦੋਂ ਸਾਡੀ ਸੋਚ ਸਿੱਧੀ ਹੋ ਜਾਵੇਗੀ ਤਾਂ ਸਾਡੀਆਂ ਸੜਕਾਂ, ਗਲੀਆਂ ਆਦਿ ਵੀ ਸਿੱਧੀਆਂ ਹੋ ਜਾਣਗੀਆਂ। ਸਾਡੀਆਂ ਸੜਕਾਂ ਉੱਤੇ ਚੂੰਗੀਆਂ, ਫਾਟਕ ਅਤੇ ਹੋਰ ਪਾਬੰਦੀਆਂ ਸਾਡੀ ਜੀਵਨ ਟੋਰ ਦੇ ਰਾਹ ਵਿਚ ਰੁਕਾਵਟਾਂ ਹਨ। ਜਦੋਂ ਅਸੀਂ ਖ਼ੁਸ਼ਹਾਲ ਹੋ ਜਾਵਾਂਗੇ ਤਾਂ ਅਮਰੀਕਾ ਵਾਂਗ ਹੀ ਅਸੀਂ ਵੀ ਲੰਮੀਆਂ ਖੁਲ੍ਹੀਆਂ ਸੜਕਾਂ ਉੱਤੇ ਬੇਰੋਕ, ਲੰਮੇ ਪੈਂਡਿਆਂ ਉੱਤੇ ਨਿਕਲ ਸਕਾਂਗੇ।

ਖ਼ੁਸ਼ਹਾਲੀ ਰੁਕਾਵਟ-ਵਿਰੋਧੀ ਹੁੰਦੀ ਹੈ ਅਤੇ ਖ਼ੁਸ਼ਹਾਲੀ, ਸਭ ਪ੍ਰਕਾਰ ਦੀਆਂ ਰੁਕਾਵਟਾਂ ਦੂਰ ਕਰਨ ਉਪਰੰਤ ਹੀ ਸੰਭਵ ਹੁੰਦੀ ਹੈ।

ਪਿਤਾ ਜੀ ਕਿਹਾ ਕਰਦੇ ਸਨ ਕਿ ਕਿਸੇ ਕਾਰੀਗਰ ਦੀ ਆਪਣੇ ਕੰਮ ਪ੍ਰਤੀ ਰੁਚੀ ਵੇਖਣੀ ਹੋਵੇ ਤਾਂ ਉਸ ਦੀ ਆਪਣੇ ਸੰਦਾਂ ਪ੍ਰਤੀ ਬਿਰਤੀ ਵੇਖੋ।

ਅਮਰੀਕਾ ਵਿਚ ਕੰਮ ਦੇ ਤੇਜ਼ ਹੋਣ ਦਾ ਕਾਰਨ ਉੱਥੇ ਸਭ ਪ੍ਰਕਾਰ ਦੇ ਸੰਦਾਂ ਦੀ ਸੌਖੀ, ਸੁਖਾਲੀ ਅਤੇ ਸੱਸਤੀ ਹੋਂਦ ਹੈ।

ਕਾਰਾਂ ਦੀਆਂ ਰੇਸਾਂ ਵਿਚ ਇਕ ਕਾਰ ਵਿਚ ਪੈਟਰੋਲ ਪਾਉਣ ਅਤੇ ਉਸਦੇ ਚਾਰੇ ਪਹੀਏ ਬਦਲਣ ਦਾ ਕੰਮ ਸੋਲ੍ਹਾਂ ਸਕਿੰਟਾਂ ਵਿਚ ਕਰ ਦਿੱਤਾ ਜਾਂਦਾ ਹੈ। ਜਿਸ ਫੁਰਤੀ ਨਾਲ ਉਹ ਲੋਕ ਕੰਮ ਕਰਦੇ ਹਨ, ਉਸ ਨੂੰ ਵੇਖ ਕੇ ਉਨ੍ਹਾਂ ਦੀ ਕਾਰੀਗਰੀ ਤੋਂ ਬਲਿਹਾਰ ਹੋਏ ਬਿਨਾਂ ਨਹੀਂ ਰਿਹਾ ਜਾ ਸਕਦਾ।

ਨਿਕੰਮੇ ਵਿਅਕਤੀ ਅਮਰੀਕਾ ਵਿਚ ਵੀ ਹਨ ਪਰ ਜੋ ਉਨ੍ਹਾਂ ਦੀ ਦੁਰਗੱਤ ਹੁੰਦੀ ਹੈ ਉਹ ਵੇਖਣ ਵਾਲੀ ਹੁੰਦੀ ਹੈ।

ਜਿੱਥੇ ਸਾਰੇ ਆਪਣੇ ਕੰਮਾਂ ਵਿਚ ਰੁੱਝੇ ਹੋਣ, ਉੱਥੇ ਨਿਕੰਮਾ ਹੋਣਾ ਬੜਾ ਮੁਸ਼ਕਿਲ ਹੁੰਦਾ ਹੈ। ਇਹੀ ਕਾਰਨ ਹੈ ਕਿ ਸੰਸਾਰ ਭਰ ਦੇ ਨਿਕੰਮੇ ਅਮਰੀਕਾ ਪਹੁੰਚ ਕੇ ਬੜੇ ਮਿਹਨਤੀ ਅਤੇ ਕੰਮ ਦੇ ਬੰਦੇ ਬਣ ਜਾਂਦੇ ਹਨ।

ਅਮਰੀਕਾ ਵਿਚ ਕੰਮ ਅਤੇ ਵਪਾਰ ਦੇ ਖੇਤਰ ਦਾ ਇਹ ਅਸੂਲ ਹੈ ਕਿ ਜੇ ਦੋ ਵਿਅਕਤੀ ਇਕੋ ਕੰਮ ਕਰਦੇ ਹਨ ਤਾਂ ਸਮਝੋ ਉਨ੍ਹਾਂ ਵਿਚੋਂ ਇੱਕ ਫਾਲਤੂ ਹੈ। ਉੱਥੇ ਫਾਲਤੂ ਵਿਅਕਤੀ ਕਿਧਰੇ ਨਹੀਂ ਮਿਲੇਗਾ।

ਜੇ ਲਾਇਬਰੇਰੀ ਵਿਚ ਇੱਕ ਵਿਅਕਤੀ ਕਿਤਾਬਾਂ ਲੈਣ-ਦੇਣ ਦਾ ਕੰਮ ਕਰ ਰਿਹਾ ਹੈ ਤਾਂ ਕੰਮ ਮੁਕਣ ਉਪਰੰਤ ਉਹ ਸ਼ੈਲਫਾਂ ਵਿਚ ਕਿਤਾਬਾਂ ਠੀਕ ਕਰਨ ਲੱਗ ਪਵੇਗਾ, ਇਹ ਕੰਮ ਮੁਕਾ ਕੇ ਉਹ ਸਾਫ-ਸਫਾਈ ਵਿਚ ਰੁਝ ਜਾਵੇਗਾ ਪਰ ਉਹ ਵਿਹਲਾ ਕਦੇ ਨਹੀਂ ਹੋਵੇਗਾ।

ਕੰਮ ਦੇ ਸੰਬੰਧ ਵਿਚ ਅਮਰੀਕਾ ਵਿਚ ਜਿਹੜੀ ਗੱਲ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ ਉਹ ਹੈ ਕੰਮ ਵਾਲੀਆਂ ਥਾਂਵਾਂ ਦਾ ਵਾਤਾਵਰਣ। ਵਾਤਾਵਰਣ ਹੀ ਅਜਿਹਾ ਹੁੰਦਾ ਹੈ ਕਿ ਕੰਮ ਕਰਨ ਨੂੰ ਮਲੋਮਲੀ ਦਿਲ ਕਰਦਾ ਹੈ।

ਅਨੇਕਾਂ ਵਿਅਕਤੀ ਜਿਹੜੇ ਸਾਡੇ ਸ਼ਹਿਰਾਂ ਵਿਚ ਵੀ ਕੰਮ ਕਰਨ ਲਈ ਤਿਆਰ ਨਹੀਂ, ਉਹ ਉੱਥੇ ਛੋਟੇ-ਛੋਟੇ ਪਿੰਡਾਂ ਵਿਚ ਵੀ ਖੁਸ਼ੀ-ਖੁਸ਼ੀ ਕੰਮ ਕਰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਉੱਥੇ ਪਿੰਡ, ਜੀਵਨ ਦੀ ਕਲਾ ਦੇ ਨਮੂਨੇ ਹਨ।

ਸਾਡੇ ਦੇਸ਼ ਵਿਚ ਜਿੱਥੇ ਲੋਕ ਫਲੈਟਾਂ ਵਿਚ ਰਹਿੰਦੇ ਹਨ, ਉੱਥੇ ਲਾਂਘਾ ਸਫ਼ਾਈ ਲਈ ਨਿਰੰਤਰ ਤਰਸਦਾ ਰਹਿੰਦਾ ਹੈ, ਪਰ ਲਾਂਘੇ ਦੀ ਸਫ਼ਾਈ ਕੋਈ ਕਰਦਾ ਨਹੀ।

ਪਿਤਾ ਜੀ ਕਿਹਾ ਕਰਦੇ ਸਨ ਕਿ ਸਾਂਝੇ ਬਾਪ ਨੂੰ ਕੋਈ ਨਹੀਂ ਰੋਂਦਾ।

ਅਮਰੀਕਾ ਵਿਚ ਕੰਮ ਕੀਤੇ ਬਿਨਾਂ ਕੋਈ ਵਿਅਕਤੀ ਇੱਕ ਮਹੀਨਾ ਵੀ ਜਿਉਂਦਾ ਨਹੀਂ ਰਹਿ ਸਕਦਾ। ਕੰਮ ਨਾ ਕਰਨ ਦੀ ਸੂਰਤ ਵਿਚ ਉਸ ਦਾ ਸਭ ਕੁਝ ਵਿਕ ਜਾਵੇਗਾ, ਸਭ ਕੁਛ ਖੁੱਸ ਜਾਵੇਗਾ।

ਅਮਰੀਕਾ ਵਿਚ ਵੀ ਵਿਰਲੇ ਹੀ ਹਨ, ਜਿਨ੍ਹਾਂ ਨੂੰ ਆਪਣੀ ਮਰਜ਼ੀ ਜਾਂ ਦਿਲਚਸਪੀ ਅਨੁਸਾਰ ਕੰਮ ਮਿਲਦਾ ਹੈ ਪਰ ਕੰਮ ਕੋਈ ਵੀ ਹੋਵੇ, ਉਸ ਨਾਲ ਆਮਦਨ ਜੁੜੀ ਹੁੰਦੀ ਹੈ, ਸੋ ਆਮਦਨ ਹੀ ਕੰਮ ਨੂੰ ਦਿਲਚਸਪ ਬਣਾਉਂਦੀ ਹੈ।

ਯੂਨੀਵਰਸਿਟੀ ਦਾ ਪੜ੍ਹਿਆ ਲਿਖਿਆ ਇਕ ਵਿਅਕਤੀ ਮਿਲਿਆ, ਉਹ ਟਰੱਕ ਚਲਾਉਂਦਾ ਸੀ। ਉਸ ਦੀ ਪਤਨੀ ਯੂਨੀਵਰਸਿਟੀ ਵਿਚ ਪੜ੍ਹਾਉਂਦੀ ਸੀ। ਉਸ ਨੇ ਦਸਿਆ ਕਿ ਉਸ ਦਾ ਮਨ ਭਾਉਂਦਾ ਕੰਮ ਡਾਕਖਾਨੇ ਦਾ ਹੈ ਪਰ ਉੱਥੇ ਆਮਦਨ ਘੱਟ ਹੈ, ਸੋ ਉਹ ਤਿਗਣੀ ਆਮਦਨ ਵਾਲਾ ਟਰੱਕ ਚਲਾਉਣ ਦਾ ਕੰਮ ਕਰਦਾ ਹੈ।

ਅਮਰੀਕਾ ਵਿਚ ਡਾਕੀਏ ਜੀਪ ਉੱਤੇ ਡਾਕ ਵੰਡਦੇ ਹਨ। ਅਮਰੀਕਾ ਵਿਚ ਹਰ ਸਿਪਾਹੀ ਨੂੰ ਕਾਰ ਮਿਲਦੀ ਹੈ।

ਅਮਰੀਕਨਾਂ ਨੂੰ ਕਿਸੇ ਵੀ ਚੀਜ਼ ਨਾਲ ਚਿਮੜੇ ਰਹਿਣ ਦੀ ਆਦਤ ਨਹੀਂ।

ਉਹ ਹਰ ਖੇਤਰ ਵਿਚ ਨਵੀਨਤਾ ਅਤੇ ਵੰਨ-ਸੁਵੰਨਤਾ ਦੇ ਚਾਹਵਾਨ ਹਨ। ਵਧੇਰੇ ਉਜਰਤ ਵਾਲਾ ਕੰਮ ਮਿਲਣ ਉੱਤੇ ਉਹ ਸਹਿਜੇ ਹੀ ਨਵੀਂ ਥਾਂ ਉੱਤੇ ਚਲੇ ਜਾਂਦੇ ਹਨ। ਇਹ ਆਣ-ਜਾਣ ਬਣਿਆ ਰਹਿੰਦਾ ਹੈ ਅਤੇ ਜ਼ਿੰਦਗੀ ਦੇ ਪਾਣੀ ਗੰਧਲੇ ਨਹੀਂ ਹੁੰਦੇ।

ਅਮਰੀਕਾ ਵਿਚ ਕੰਮ ਵਧੇਰੇ ਹਨ, ਬੰਦੇ ਘਟ ਹਨ, ਸੋ ਕਿਸੇ ਨੂੰ ਬੇਰੋਜ਼ਗਾਰ ਹੋਣ ਦਾ ਡਰ ਨਹੀਂ। ਅਮਰੀਕਾ ਵਿਚ ਹਰ ਵਿਆਕਤੀ ਜੀਵਨ ਵਿਚ ਵੀਹ ਕੁ ਵੱਖ-ਵੱਖ ਕੰਮ ਜਾਂ ਵੱਖ-ਵੱਖ ਥਾਂਵਾਂ 'ਤੇ ਕੰਮ ਕਰਦਾ ਹੈ।

ਉਥੇ ਹਰ ਵਿਆਕਤੀ ਨੂੰ ਕੰਮ ਕਰਨਾ ਪਵੇਗਾ। ਰਾਸ਼ਟਪਰਤੀ ਦੇ ਧੀ-ਪੁੱਤਰ ਨੂੰ ਵੀ ਕੰਮ ਕਰਨਾ ਪਵੇਗਾ।

ਕਿਸੇ ਰਾਸ਼ਟਰਪਤੀ ਦੇ ਬੱਚੇ ਉਸ ਕੋਲ ਨਹੀਂ ਰਹਿੰਦੇ, ਉਹ ਆਪੋ-ਆਪਣੀ ਥਾਂ ਕੰਮ ਕਰਦੇ ਹਨ ਅਤੇ ਆਪਣੀ ਜ਼ਿੰਦਗੀ ਦੇ ਨਕਸ਼ੇ ਉਹ ਆਪ ਉਲੀਕਦੇ ਹਨ।

ਮੇਰੇ ਇਕ ਵਾਕਫ਼ ਹਨ, ਉਹ ਕਿਹਾ ਕਰਦੇ ਹਨ ਕਿ ਬਹੁਤ ਕਮਾ ਲਿਆ ਹੈ ਅਤੇ ਸੱਤ ਪੁਸ਼ਤਾਂ ਵੀ ਵਿਹਲੀਆਂ ਬਹਿ ਕੇ ਖਾਂਦੀਆਂ ਰਹਿਣ ਤਾਂ ਵੀ ਨਹੀਂ ਮੁੱਕਦਾ। ਇਵੇਂ

ਵਿਹਲੇ ਬਹਿ ਕੇ ਖਾਣਾ ਸਾਡਾ ਆਦਰਸ਼ ਹੈ। ਅਨੁਭਵ ਦੇ ਪੱਖੋਂ ਸਾਡੀ ਕੰਗਾਲੀ ਦਾ ਇਹੀ ਕਾਰਨ ਹੈ। ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਸਾਡੀ ਜੀਵਨ-ਖੇਡ ਦੁੱਕੀਆਂ-ਤਿੱਕੀਆਂ ਤੋਂ ਅੱਗੇ ਕਿਉਂ ਨਹੀਂ ਵੱਧਦੀ। ਕਾਰਨ ਇਹ ਹੈ ਕਿ ਅਸੀਂ ਛੋਟੀਆਂ ਪ੍ਰਾਪਤੀਆਂ ਅਤੇ ਨਿੱਕੀਆਂ ਜਿੱਤਾਂ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਾਂ।

ਅਸੀਂ ਠੀਕ ਢੰਗ ਨਾਲ ਨਾ ਕੰਮ ਕਰਦੇ ਹਾਂ, ਨਾ ਜੀਵਨ ਮਾਣਦੇ ਹਾਂ।

ਸ਼ਾਇਦ ਕੰਮ ਨਾ ਕਰਨ ਦਾ ਹੀ ਪਾਪ ਹੈ, ਜਿਹੜਾ ਬਖ਼ਸ਼ਵਾਉਣ ਵਿਚ ਅਸੀਂ ਨਿਤ ਅਰਦਾਸਾਂ ਕਰਦੇ ਹਾਂ। ਅਮਰੀਕਾ ਨੂੰ ਵੇਖ ਕੇ ਭਾਰਤ ਦੀ ਗਰੀਬੀ ਹੈਰਾਨ ਨਹੀਂ ਕਰਦੀ।

ਅਸੀਂ ਜਿਤਨਾ ਕੁ ਕੰਮ ਕਰਦੇ ਹਾਂ, ਉਤਨੇ ਕੁ ਹੀ ਖ਼ੁਸ਼ਹਾਲ ਹਾਂ।

ਅਮਰੀਕਾ ਵਿਚ ਲੋਕਾਂ ਨੂੰ ਕੰਮ ਕਰਦਿਆਂ ਵੇਖ ਕੇ ਸਭ ਤੋਂ ਵੱਧ ਖ਼ੁਸ਼ੀ ਇਸ ਗੱਲ ਦੀ ਹੋਈ ਕਿ ਉੱਥੇ ਉਪਜਾਊ ਕੰਮ ਵਿਚ ਲੱਗੇ ਵਿਅਕਤੀਆਂ ਦਾ ਮਾਣ-ਸਤਿਕਾਰ ਹੀ ਵਧੇਰੇ ਨਹੀਂ, ਸਗੋਂ ਉਨ੍ਹਾਂ ਦੀ ਉਜਰਤ ਵੀ ਵਧੇਰੇ ਹੈ।

ਸਾਡੇ ਦੇਸ਼ ਵਿਚ ਜੋ ਦੁਰਗੱਤ ਮਜ਼ਦੂਰ ਦੀ ਹੋ ਰਹੀ ਹੈ, ਉਸ ਦੀ ਅਮਰੀਕਾ ਵਿਚ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਾਡੇ ਦੇਸ਼ ਵਿਚ ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ, ਜੋ ਕੁਝ ਵੀ ਨਹੀਂ ਉਪਜਾਉਂਦੇ, ਉਹ ਸਭ ਤੋਂ ਵੱਧ ਮੌਜਾਂ ਮਾਣ ਰਹੇ ਹਨ ਅਤੇ ਜਿਹੜੇ ਸਹੀ ਅਰਥਾਂ ਵਿਚ ਕੰਮ ਕਰਦੇ ਹਨ, ਉਹ ਅਗਲੇਰੇ ਡੰਗ ਦੀ ਰੋਟੀ ਲਈ ਵੀ ਚਿੰਤਿਤ ਹਨ।

ਬਹੁਤੇ ਅਮਰੀਕਨ ਦਫ਼ਤਰ ਦੇ ਕੰਮ ਨੂੰ ਨਫ਼ਰਤ ਕਰਦੇ ਹਨ।

ਅਮਰੀਕਾ ਵਿਚ ਹਰ ਇਕ ਵਿਅਕਤੀ ਭੋਜਨ ਦੇ ਪਖੋਂ ਬਰਾਬਰ ਹੈ।

ਜੋ ਭੋਜਨ ਅਮਰੀਕਾ ਦਾ ਰਾਸ਼ਟਰਪਤੀ ਖਾਂਦਾ ਹੈ, ਉਹੀ ਭੋਜਨ ਅਮਰੀਕਾ ਦਾ ਮਜ਼ਦੂਰ ਵੀ ਖਾਂਦਾ ਹੈ, ਸੋ ਸਾਰੇ ਅਮਰੀਕਨ ਰੰਗ-ਰੂਪ ਅਤੇ ਸਿਹਤ ਦੇ ਪਖੋਂ ਸਮੋਸਿਆਂ ਵਾਂਗ ਇਕੋ ਜਿਹੇ ਲਗਦੇ ਹਨ। ਉਨ੍ਹਾਂ ਨੇ ਹੱਥੀਂ ਕੰਮ ਕਰਨ ਨੂੰ ਇਤਨਾ ਸਤਿਕਾਰਯੋਗ ਬਣਾ ਦਿੱਤਾ ਹੈ ਕਿ ਅਮਰੀਕਾ ਦਾ ਰਾਸ਼ਟਰਪਤੀ ਵੀ ਅਪਣਾ ਸੂਟਕੇਸ ਆਪ ਚੁਕਣਾ ਪਸੰਦ ਕਰਦਾ ਹੈ।

ਅਸੀਂ ਹਰੇਕ ਕੰਮ ਤੋਂ ਬਚਣ ਦਾ ਹਰ ਢੰਗ ਲੱਭ ਲਿਆ ਹੈ, ਉਨ੍ਹਾਂ ਨੇ ਹਰ ਕੰਮ ਨੂੰ ਕਰਨ ਦਾ ਤਰੀਕਾ ਸਿਰਜ ਲਿਆ ਹੈ।

ਸਾਡੇ ਦੇਸ਼ ਵਿਚ ਪੂਜਾ ਹੀ ਕੰਮ ਹੈ, ਉਥੇ ਕੰਮ ਹੀ ਪੂਜਾ ਹੈ।

ਅਮਰੀਕਾ ਦੀ ਖ਼ੁਸ਼ਹਾਲੀ ਮੈਨੂੰ ਹੈਰਾਨ ਨਹੀਂ ਕਰਦੀ। ਤੁਹਾਨੂੰ ਵੀ ਨਹੀਂ ਕਰੇਗੀ।

ਮਿਹਨਤ ਅਤੇ ਮਨੋਰੰਜਨ

ਖੁਸ਼ਹਾਲੀ ਦੇ ਅਰਥ ਇਹ ਨਹੀਂ ਕਿ ਪੈਸਾ ਬਹੁਤ ਹੋਵੇ, ਸਗੋਂ ਇਹ ਹਨ ਕਿ ਮਿਹਨਤ ਕਰਨ ਦੇ ਅਵਸਰ ਹੋਣ ਅਤੇ ਮਨੋਰੰਜਨ ਦੀ ਇੱਛਾ ਅਤੇ ਸੰਭਾਵਨਾ ਹੋਵੇ। ਅਮਰੀਕਾ ਦੀ ਖੁਸ਼ਹਾਲੀ ਦਾ ਭੇਤ ਇਹ ਹੈ ਕਿ ਜਿੱਥੇ ਉਹ ਪੂਰੀ ਲਗਨ ਅਤੇ ਸ਼ਰਧਾ ਨਾਲ ਕੰਮ ਕਰਦੇ ਹਨ, ਉੱਥੇ ਉਹ ਜੀਵਨ ਨੂੰ ਪੂਰੇ ਜੋਸ਼ ਨਾਲ ਮਾਣਦੇ ਵੀ ਹਨ।

ਮਸ਼ੀਨਾਂ ਦੀ ਵਰਤੋਂ ਨਾਲ ਹਰ ਅਮਰੀਕੀ ਕਾਮਾ ਭਰਪੂਰ ਕੰਮ ਕਰਦਾ ਹੈ। ਭਾਰਤੀ ਕਾਮਾ ਵੀ ਅਮਰੀਕੀ ਕਾਮੇ ਵਾਂਗ ਬਹੁਤ ਕੰਮ ਕਰਦਾ ਹੈ ਪਰ ਸਾਡੇ ਕੋਲ ਢੁਕਵੇਂ ਸਾਧਨ ਨਹੀਂ ਕਿ ਅਸੀਂ ਮਨੋਰੰਜਨ ਵੀ ਕਰ ਸਕੀਏ।

ਮੈਂ ਤਾਂ ਕਹਾਂਗਾ ਕਿ ਸਾਡੇ ਕੋਲ ਮਨੋਰੰਜਨ ਦੇ ਵਸੀਲੇ ਵੀ ਨਹੀਂ ਅਤੇ ਮੌਜ-ਮੇਲਾ ਕਰਨ ਦੀ ਸਮਰੱਥਾ ਵੀ ਨਹੀਂ

ਅਮਰੀਕਾ ਵਾਂਗ ਸਾਡੇ ਦੇਸ਼ ਵਿਚ ਵੀ ਸਰਕਾਰੀ ਦਫ਼ਤਰਾਂ ਵਿਚ ਪੰਜ ਦਿਨਾਂ ਦਾ ਹਫ਼ਤਾ ਹੈ ਪਰ ਸਾਡੇ ਦੇਸ਼ ਦੇ ਲੋਕਾਂ ਵਿਚ ਮਾਇਕ ਅਤੇ ਸਰੀਰਕ ਸਮਰੱਥਾ ਨਹੀਂ ਕਿ ਦੋ ਵਿਹਲੇ ਦਿਨਾਂ ਨੂੰ ਕਿਸੇ ਉਸਾਰੂ ਮਨੋਰੰਜਨ ਵਿਚ ਲਾ ਸਕਣ, ਸੋ ਇਹ ਦੋ ਦਿਨ ਆਲਸ, ਦਲਿਦਰੀ ਅਤੇ ਲੜਾਈ-ਝਗੜੇ ਵਿਚ ਹੀ ਗੁਜ਼ਰਦੇ ਹਨ।

ਹਰ ਅਮਰੀਕਨ ਮਜ਼ਦੂਰ ਅਤੇ ਕਰਮਚਾਰੀ ਸ਼ੁੱਕਰਵਾਰ ਨੂੰ ਮੁਕਲਾਵੇ ਦੇ ਦਿਨ ਵਾਂਗ ਉਡੀਕਦਾ ਹੈ, ਕਿਉਂਕਿ ਇਸ ਦਿਨ ਸ਼ਾਮ ਨੂੰ ਜਿੱਥੇ ਉਸ ਨੂੰ ਹਫ਼ਤੇ ਦੀ ਤਨਖ਼ਾਹ ਮਿਲਦੀ ਹੈ, ਉਥੇ ਅਗਲੇ ਦੋ ਦਿਨ ਛੁੱਟੀ ਦੇ ਵੀ ਹੁੰਦੇ ਹਨ।

ਹਸਪਤਾਲਾਂ, ਦੁਕਾਨਾਂ ਆਦਿ ਵਿਚ ਕੰਮ ਪਹਿਲੇ ਵਾਂਗ ਵੀ ਚਲਦਾ ਰਹਿੰਦਾ ਹੈ ਪਰ ਓਵਰਟਾਈਮ ਲਾਉਣ ਲਈ ਅਮਰੀਕਨ ਘੱਟ ਹੀ ਤਿਆਰ ਹੁੰਦੇ ਹਨ, ਓਵਰਟਾਈਮ ਲਾਉਣ ਦਾ ਕੰਮ ਪਰਵਾਸੀ ਕਰਦੇ ਹਨ, ਜਿਨ੍ਹਾਂ ਲਈ ਪੈਸਾ ਜੋੜਨਾ ਅਤੇ ਉਸ ਦਾ ਹਿਸਾਬ ਕਰਨਾ ਅਤੇ ਉਸ ਨੂੰ ਆਪਣੇ ਦੇਸ਼ ਦੇ ਪੈਸੇ ਨਾਲ ਗੁਣਾ ਕਰਨਾ ਹੀ ਸਭ ਤੋਂ ਵੱਡਾ ਰੁਝੇਵਾਂ ਅਤੇ ਮਨੋਰੰਜਨ ਹੁੰਦਾ ਹੈ।

ਭਾਰਤੀ, ਪਾਕਿਸਤਾਨੀ ਆਦਿ ਓਵਰਟਾਈਮ ਲਾਉਣ ਲਈ ਪ੍ਰਸਿੱਧ ਵੀ ਹਨ ਅਤੇ ਬਦਨਾਮ ਵੀ ਹਨ। ਇਸ ਪ੍ਰਵਿਰਤੀ ਦਾ ਇਕ ਕਾਰਨ ਮੈਨੂੰ ਇਹ ਪ੍ਰਤੀਤ ਹੋਇਆ ਹੈ ਕਿ

ਭਾਰਤੀ ਸੰਸਕ੍ਰਿਤੀ ਵਿਚ ਮਨੋਰੰਜਨ ਦਾ ਕੋਈ ਸ਼ਕਤੀਸ਼ਾਲੀ ਸੰਕਲਪ ਨਹੀਂ, ਅਸੀਂ ਵਿਹਲੇ ਸਮੇਂ ਨੂੰ ਸਮਾਜਿਕ ਜ਼ਿਮੇਵਾਰੀ ਨਿਭਾਉਣ ਵਿਚ ਅਤੇ ਆਪਣੇ ਧਾਰਮਿਕ ਸਥਾਨਾਂ ਵਿਚ ਗੁਜ਼ਾਰਦੇ ਹਾਂ ਅਤੇ ਰੱਬ ਦੀ ਪੂਜਾ ਨੂੰ ਹੀ ਮਨੋਰੰਜਨ ਸਮਝਦੇ ਹਾਂ।

ਇਸਲਾਮ ਤਾਂ ਹੈ ਹੀ ਸੋਗ ਦਾ ਧਰਮ, ਉਸ ਵਿਚ ਤਾਂ ਮਨੋਰੰਜਨ ਦੀ ਲਗਭਗ ਮਨਾਹੀ ਹੈ। ਦੂਜੇ ਸ਼ਬਦਾਂ ਵਿਚ ਮਨੋਰੰਜਨ ਨੂੰ ਅਸੀਂ ਪਾਪ ਦੇ ਅਰਥਾਂ ਵਿਚ ਵੇਖਦੇ ਹਾਂ। ਇਕ ਕਾਰਨ ਇਹ ਵੀ ਹੈ ਕਿ ਬੁਢਾਪੇ ਤੋਂ ਅਸੀਂ ਬਹੁਤ ਡਰਦੇ ਹਾਂ ਅਤੇ ਸਾਰਾ ਜੀਵਨ ਇਨ੍ਹਾਂ ਫਿਕਰਾਂ ਵਿਚ ਗ੍ਰਸੇ ਰਹਿੰਦੇ ਹਾਂ ਕਿ ਬੁਢਾਪੇ ਨੂੰ ਸੁਖਾਲਾ ਕਿਵੇਂ ਬਣਾਈਏ ? ਇਕ ਕਾਰਨ ਇਹ ਵੀ ਹੈ ਕਿ ਅਸੀਂ ਫ਼ਰਜ਼ ਨੂੰ ਮਨੋਰੰਜਨ ਤੋਂ ਵਧੇਰੇ ਮਹੱਤਵ ਦਿੰਦੇ ਹਾਂ ਅਤੇ ਸਾਡਾ ਸਾਰਾ ਜੀਵਨ ਪਰਿਵਾਰਕ ਅਤੇ ਸਮਾਜਿਕ ਫ਼ਰਜ਼ਾਂ ਨੂੰ ਪੂਰਾ ਕਰਨ ਵਿਚ ਹੀ ਲੰਘ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਮਨੋਰੰਜਨ ਪ੍ਰਤੀ ਉਦਾਸੀਨ ਹਾਂ।

ਅਮਰੀਕਾ ਵਿਚ ਵਸਦੇ ਭਾਰਤੀਆਂ ਅਤੇ ਏਸ਼ੀਆਈ ਲੋਕਾਂ ਦੀ ਅਗਲੀ ਪੀੜ੍ਹੀ ਆਪਣੇ ਮਾਪਿਆਂ ਨੂੰ ਇਸ ਕਰਕੇ ਨਫ਼ਰਤ ਕਰਦੀ ਹੈ, ਕਿਉਂ ਕਿ ਉਹ ਜੀਵਨ ਨੂੰ ਮਾਣਨ ਦੀ ਥਾਂ ਪੈਸਾ ਜੋੜਨ ਵਿਚ ਵਧੇਰੇ ਵਿਸ਼ਵਾਸ ਰੱਖਦੇ ਹਨ ਜਦੋਂ ਕਿ ਨਵੀਂ ਪੀੜ੍ਹੀ ਖਾਣ-ਹੰਢਾਉਣ ਦੀ ਅਭਿਲਾਸ਼ੀ ਹੈ ਅਤੇ ਆਪਣੇ ਮਾਪਿਆਂ ਵਲੋਂ ਸੁਣਾਈਆਂ ਜਾਂਦੀਆਂ ਆਰਥਿਕ ਤੰਗੀ ਦੀਆਂ ਕਹਾਣੀਆਂ ਸੁਣ-ਸੁਣ ਕੇ ਅੱਕੀ ਹੋਈ ਹੈ।

ਉਥੇ ਬੱਚੇ, ਮਾਪਿਆਂ ਨੂੰ ਇਸ ਕਰਕੇ ਨਫ਼ਰਤ ਕਰਕੇ ਹਨ, ਕਿਉਂਕਿ ਉਹ ਅਮਰੀਕਾ ਵਿਚ ਮਜ਼ਦੂਰ ਬਣ ਕੇ ਆਏ ਸਨ ਅਤੇ ਖੁਸ਼ਹਾਲ ਹੋਣ ਦੇ ਬਾਵਜੂਦ ਉਹ ਆਪਣੇ ਗਰੀਬ ਅਤੀਤ ਨੂੰ ਵਡਿਆਉਂਦੇ ਹਨ। ਮੈਂ ਇਹ ਵੀ ਵੇਖਿਆ ਹੈ ਕਿ ਅਸੀਂ ਅਮਰੀਕਨਾਂ ਵਾਂਗ ਬੇਪ੍ਰਵਾਹ ਅਤੇ ਮੌਜੀ ਨਹੀਂ ਹੋ ਸਕਦੇ, ਕਿਉਂਕਿ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਅਤੇ ਸਭਿਆਚਾਰਕ ਪੱਖੋਂ ਉਹ ਸਾਡੇ ਨਾਲੋਂ ਬਹੁਤ ਹੀ ਵੱਖਰੇ ਹਨ।

ਉਦਾਹਰਣ ਵਜੋਂ ਅਸੀਂ ਪਹਿਲਾਂ ਕਮਾਉਣ ਅਤੇ ਫਿਰ ਖਰਚਣ ਵਿਚ ਵਿਸ਼ਵਾਸ ਕਰਦੇ ਹਾਂ ਜਦੋਂ ਕਿ ਉਹ ਚੀਜ਼ਾਂ-ਵਸਤਾਂ ਉਧਾਰ ਖਰੀਦ ਕੇ ਮਗਰੋਂ ਉਧਾਰ ਚੁਕਾਉਣ ਵਿਚ ਵਿਸ਼ਵਾਸ ਕਰਦੇ ਹਨ।

ਅਸੀਂ ਮੰਨੋਰੰਜਨ ਨੂੰ ਸਮੇਂ ਦੀ ਬਰਬਾਦੀ ਹੀ ਸਮਝਦੇ ਹਾਂ।

ਸਭਿਆਚਾਰਾਂ ਅਤੇ ਦ੍ਰਿਸ਼ਟੀਕੋਣਾਂ ਦਾ ਇਹ ਅੰਤਰ ਸਾਡੇ ਅਤੇ ਉਨ੍ਹਾਂ ਦੇ ਜੀਵਨ ਦੇ ਹਰ ਖੇਤਰ ਵਿਚ ਉਘੜਵੇਂ ਰੂਪ ਵਿਚ ਵਿਦਮਾਨ ਹੈ।

ਅਮਰੀਕਾ ਦਾ ਰਾਸ਼ਟਰਪਤੀ ਵੀ ਸਪਤਾਹ ਦੇ ਅੰਤਲੇ ਦੋ ਦਿਨਾਂ ਦੀ ਉਡੀਕ ਕਰਦਾ ਹੈ। ਕਈਆਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਅਮਰੀਕਾ ਦਾ ਰਾਸ਼ਟਰਪਤੀ ਇਨ੍ਹਾਂ ਦੋ ਦਿਨਾਂ ਵਿਚ ਆਪਣੇ ਸਰਕਾਰੀ ਨਿਵਾਸ 'ਵਾਈਟ ਹਾਊਸ' ਨੂੰ ਛੱਡ ਕੇ ਜਾਂ ਆਪਣੇ ਘਰ ਚਲਾ ਜਾਂਦਾ ਹੈ ਜਾਂ ਛੁੱਟੀਆਂ ਮਨਾਉਣ ਲਈ ਪਰਿਵਾਰਕ ਜੀਆਂ ਜਾਂ ਦੋਸਤਾਂ-ਮਿੱਤਰਾਂ ਨਾਲ ਕਿਸੇ ਦੂਰ-ਦੁਰਾਡੀ ਥਾਂ ਵੱਲ ਰਵਾਨਾ ਹੋ ਜਾਂਦਾ ਹੈ।

ਜੇਕਰ ਸੋਮਵਾਰ ਦੀ ਛੁੱਟੀ ਹੋ ਜਾਵੇ ਤਾਂ ਖੁਸ਼ੀ ਨਾਲ ਅਮਰੀਕਨ ਪਾਗਲ ਹੀ ਹੋ ਜਾਂਦੇ ਹਨ ਅਤੇ ਤਿੰਨ ਛੁੱਟੀਆਂ ਨੂੰ ਮਨਾਉਣ ਲਈ ਕਈ ਮਹੀਨੇ ਪਹਿਲੇ ਹੀ ਪ੍ਰੋਗਰਾਮ ਬਣਦੇ ਰਹਿੰਦੇ ਹਨ।

ਛੁੱਟੀ ਵਾਲੇ ਦਿਨ ਅਮਰੀਕਾ ਦੀ ਲਗਭਗ ਇਕ-ਤਿਹਾਈ ਆਬਾਦੀ ਲਈ ਭਰਪੂਰ ਆਮਦਨ ਦੇ ਦਿਨ ਹੁੰਦੇ ਹਨ, ਕਿਉਂਕਿ ਸਾਰੇ ਹਫ਼ਤੇ ਦੀ ਕਮਾਈ, ਇਨ੍ਹਾਂ ਦੋ ਦਿਨਾਂ ਵਿਚ ਹੀ ਖਰਚ ਹੋਣੀ ਹੁੰਦੀ ਹੈ।

ਮਨੋਰੰਜਨ ਅਮਰੀਕਾ ਦਾ ਸਭ ਤੋਂ ਵੱਡਾ ਕੰਮ-ਧੰਦਾ ਪ੍ਰਤੀਤ ਹੁੰਦਾ ਹੈ।

ਅਮਰੀਕਾ ਵਿਚ ਤਾਂ ਛੁੱਟੀ ਵਾਲੇ ਦਿਨ ਬੀਮਾਰ ਵੀ ਘਰ ਨਹੀਂ ਰਹਿੰਦੇ।

ਛੁੱਟੀ ਵਾਲੇ ਦਿਨ ਕਿਸੇ ਰਮਣੀਕ ਥਾਂ 'ਤੇ ਜਾਣਾ ਹਰ ਅਮਰੀਕੀ ਦਾ ਸੁਪਨਾ ਹੁੰਦਾ ਹੈ। ਉਹ ਖ਼ੂਬ ਖਰਚਦੇ ਹਨ, ਖ਼ੂਬ ਨੱਚਦੇ ਹਨ, ਖ਼ੂਬ ਦੌੜਦੇ-ਭੱਜਦੇ ਹਨ ਅਤੇ ਜਦੋਂ ਵਾਪਸ ਪਰਤਦੇ ਹਨ ਤਾਂ ਉਨ੍ਹਾਂ ਦੀਆਂ ਜੇਬਾਂ ਵਿਚ ਮੋਰੀਆਂ ਹੋਈਆਂ ਹੁੰਦੀਆਂ ਹਨ। ਅਮਰੀਕਾ ਦੇ ਪੱਛਮੀ ਅਤੇ ਪੂਰਬੀ ਪਾਸਿਆਂ ਨੂੰ ਸਮੁੰਦਰ ਲਗਦਾ ਹੈ ਅਤੇ ਅਮਰੀਕਾ ਦੀ ਆਬਾਦੀ ਦਾ ਬਹੁਤ ਵੱਡਾ ਭਾਗ ਸਮੁੰਦਰ ਦੇ ਨੇੜੇ-ਤੇੜੇ ਰਹਿੰਦਾ ਹੈ, ਸੋ ਸਮੁੰਦਰ ਵਿਚ ਨਹਾਉਣ ਅਤੇ ਖੇਡਣ-ਕੁੱਦਣ ਦਾ ਜਿਤਨਾ ਸ਼ੌਕ ਅਮਰੀਕਨਾਂ ਨੂੰ ਹੈ, ਉਹ ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਦੇ ਲੋਕਾਂ ਨੂੰ ਨਹੀਂ।

ਸਮੁੰਦਰ ਦੇ ਦੂਰ ਅੰਦਰ ਤੱਕ ਜਾ ਕੇ ਨਹਾਉਣਾ, ਪਾਣੀ ਵਾਲੀਆਂ ਖੇਡਾਂ ਖੇਡਣੀਆਂ, ਬੇੜੀ ਚਲਾਉਣੀ, ਪਾਣੀ ਵਿਚ ਚੱਲਣ ਵਾਲਾ ਮੋਟਰ ਸਾਈਕਲ ਚਲਾਉਣਾ, ਬੇੜੀ ਦੇ ਪਿੱਛੇ ਰੱਸੀ ਫੜ ਕੇ ਪਾਣੀ ਉੱਤੇ ਦੌੜਨਾ ਆਦਿ ਉਨ੍ਹਾਂ ਦੇ ਮਨ-ਭਾਉਂਦੇ ਸ਼ੌਕ ਹਨ।

ਅਥਾਹ ਪਾਣੀ ਦਾ ਦ੍ਰਿਸ਼ ਥਕਾਵਟ ਉਤਾਰਨ ਦਾ ਸਭ ਤੋਂ ਵੱਡਾ ਸਾਧਨ ਹੈ। ਅਸੀਂ ਪੰਜਾਬੀ ਸਮੁੰਦਰ ਦੇ ਕਿਨਾਰੇ ਨਹੀਂ ਰਹਿੰਦੇ ਅਤੇ ਅਸੀਂ ਬੰਨ੍ਹ ਮਾਰ ਕੇ ਆਪਣੇ ਦਰਿਆਵਾਂ ਨੂੰ ਪਾਣੀਆਂ ਤੋਂ ਵਿਛੋੜ ਦਿੱਤਾ ਹੈ, ਅਸੀਂ ਟੋਭਿਆਂ ਅਤੇ ਸਰੋਵਰਾਂ ਦੇ ਜਾਣੂ ਅਤੇ ਬਾਲਟੀਆਂ ਨਾਲ ਨਹਾਉਣ ਵਾਲੇ ਲੋਕ, ਸਮੁੰਦਰ ਦੀ ਵਿਸ਼ਾਲਤਾ ਨੂੰ ਨਹੀਂ ਜਾਣ ਸਕਦੇ।

ਜਿਵੇਂ ਪੰਜਾਬ ਵਿਚ ਸੜਕਾਂ ਦੇ ਦੋਵੇਂ ਪਾਸੇ ਹਰਿਆਲੇ ਖੇਤ ਹੁੰਦੇ ਹਨ, ਉਵੇਂ ਹੀ ਅਮਰੀਕਾ ਵਿਚ ਦੂਰ-ਦੂਰ ਤੱਕ ਸਮੁੰਦਰ ਸੈਨਤਾਂ ਕਰਦਾ ਪ੍ਰਤੀਤ ਹੁੰਦਾ ਹੈ।

ਮੇਰਾ ਵਿਸ਼ਵਾਸ ਹੈ ਕਿ ਵਿਸ਼ਾਲਤਾ ਜਿਹੇ ਸ਼ਬਦ ਜਾਂ ਸੰਕਲਪ ਨੂੰ ਸਮੁੰਦਰ ਨੂੰ ਵੇਖੇ ਬਿਨਾਂ ਸਮਝਿਆ ਹੀ ਨਹੀਂ ਜਾ ਸਕਦਾ।

ਸਾਡੇ ਵਿਹਾਰ ਵਿਚ ਝਿਜਕ, ਸੰਗ ਅਤੇ ਸ਼ਰਮ ਹੈ। ਸਾਡੇ ਦੇਸ਼ ਵਿਚ ਤਾਂ ਪਤਨੀ ਵੀ ਆਪਣੇ ਪਤੀ ਸਾਹਮਣੇ ਕੱਪੜੇ ਉਤਾਰਨ ਤੋਂ ਝਿਜਕਦੀ ਹੈ ਪਰ ਅਮਰੀਕਾ ਵਿਚ ਇਸਤਰੀਆਂ ਪੁਰਸ਼ਾਂ ਦਾ ਸਮੁੰਦਰ ਵਿਚ ਨੰਗੇ ਨਹਾਉਣਾ ਇਕ ਆਮ ਜਿਹੀ ਗੱਲ ਹੈ।

ਮੈਂ ਉਨ੍ਹਾਂ ਦੀ ਨੰਗੇ ਹੋਣ ਦੀ ਗੱਲ ਨਹੀਂ ਕਰ ਰਿਹਾ, ਮੈਂ ਤਾਂ ਉਨ੍ਹਾਂ ਦੇ ਵਿਹਾਰ ਵਿਚ ਝਿਜਕ ਦੀ ਗੈਰ-ਹਾਜ਼ਰੀ ਨੂੰ ਪ੍ਰਗਟ ਕਰ ਰਿਹਾ ਹਾਂ।

ਮੇਰੇ ਵਿਚ ਵੀ ਝਿਜਕ ਸੀ, ਜਿਸ ਨੂੰ ਮੈਂ ਬੜੀ ਮੁਸ਼ਕਿਲ ਨਾਲ ਉਲੰਘ ਸਕਿਆ। ਇਕ ਹੋਟਲ ਵਿਚ ਠਹਿਰਿਆ ਹੋਇਆ ਸਾਂ, ਸਵੇਰੇ ਜਦੋਂ ਸਾਂਝੇ ਵਿਸ਼ਾਲ ਗ਼ੁਸਲਖਾਨੇ ਵਿਚ ਨਹਾਉਣ ਗਿਆ ਤਾਂ ਲਗਭਗ ਇਕ ਦਰਜਨ ਨੰਗੇ ਪੁਰਸ਼ ਭਾਫ਼ ਦਾ ਇਸ਼ਨਾਨ ਕਰ ਰਹੇ ਸਨ। ਉੱਥੇ ਜਾਣ ਦਾ ਮੇਰਾ ਹੌਸਲਾ ਨਾ ਪਵੇ ਪਰ ਮੈਂ ਵਹਿਗੁਰੂ ਨੂੰ ਯਾਦ ਕਰਕੇ, ਕੱਪੜੇ ਉਤਾਰ ਕੇ, ਅੱਖਾਂ ਮੀਚ ਕੇ, ਉਨ੍ਹਾਂ ਵਾਂਗੂ ਹੀ ਵਿੰਗ-ਵਲੇਵੇਂ ਖਾਣ ਲੱਗ ਪਿਆ। ਵਿਹਾਰ ਦੇ ਪੱਖੋਂ ਮੈਨੂੰ ਯੋਰਪ ਅਤੇ ਅਮਰੀਕਾ ਵਿਚ ਇਹ ਗੱਲ ਬਹੁਤ ਚੰਗੀ ਲੱਗੀ ਹੈ ਕਿ ਉਨ੍ਹਾਂ ਦੇ ਵਿਹਾਰ ਵਿਚ ਝਿਜਕ, ਸੰਗ, ਸ਼ਰਮ ਆਦਿ ਨਹੀਂ। ਉਨ੍ਹਾਂ ਦੇ ਵਿਹਾਰ ਨੂੰ ਕਿਸੇ ਵੀ ਪੱਖੋਂ ਬੇਸ਼ਰਮੀ ਵਾਲਾ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਕਹਿਣਾ ਵਧੇਰੇ ਯੋਗ ਹੋਵੇਗਾ ਕਿ ਉਹ, ਖੁੱਲ੍ਹੇ-ਖੁਲਾਸੇ ਸੁਭਾਓ ਵਾਲੇ ਲੋਕ ਹਨ।

ਅਮਰੀਕਾ ਵਿਚ ਚਿੱਕੜ ਅਤੇ ਦਲਦਲ ਵਿਚ ਚੱਲਣ ਵਾਲੇ ਮੋਟਰ ਸਾਈਕਲ ਮਿਲਦੇ ਹਨ। ਇਹ ਖੇਡ ਮੇਰੇ ਲਈ ਅਸਲੋਂ ਹੀ ਨਵੀਂ ਗੱਲ ਸੀ। ਇਨ੍ਹਾਂ ਮੋਟਰ ਸਾਈਕਲਾਂ ਨੂੰ ਚਿੱਕੜ ਵਿਚ ਚਲਾ ਕੇ, ਲੱਥਪੱਥ ਹੋ ਕੇ ਲੋਕ ਬੜੇ ਖ਼ੁਸ਼ ਹੁੰਦੇ ਹਨ। ਇਕ ਅਜਿਹੇ ਵਿਅਕਤੀ ਨੂੰ ਮੈਂ ਪੁੱਛਿਆ, 'ਕੀ ਕਰ ਰਹੇ ਹੋ ?' ਉੱਤਰ ਮਿਲਿਆ, 'ਸ਼ਾਂਤ ਹੋਣਾ ਚਾਹੁੰਦਾ ਹਾਂ, ਸੋ ਆਪਣਾ ਗੁੱਸਾ ਕੱਢ ਰਿਹਾ ਹਾਂ।' ਉਨ੍ਹਾਂ ਦੇ ਵਿਹਾਰ ਵਿਚ ਮੈਨੂੰ ਇਹ ਗੱਲ ਵੀ ਬੜੀ ਚੰਗੀ ਲੱਗੀ ਕਿ ਤੁਸੀਂ ਕਿਸੇ ਵੀ ਇਸਤਰੀ, ਪੁਰਸ਼ ਨਾਲ ਬਿਨਾਂ ਝਿਜਕ ਗੱਲ ਕਰ ਸਕਦੇ ਹੋ।

ਮੇਰਾ ਵਿਸ਼ਵਾਸ ਹੈ ਕਿ ਅਸੀਂ ਜਦੋਂ ਸੱਚੇ ਅਰਥਾਂ ਵਿਚ ਖ਼ੁਸ਼ਹਾਲ ਹੋ ਜਾਵਾਂਗੇ ਤਾਂ ਸਾਡੇ ਵਿਹਾਰ ਵਿਚ ਵੀ ਖੁਲਾਸਾਪਣ ਆ ਜਾਵੇਗਾ।

ਉਂਜ ਤਾਂ ਸਾਰਾ ਅਮਰੀਕਾ ਹੀ ਝੀਲਾਂ ਅਤੇ ਬੀਚਾਂ ਨਾਲ ਭਰਿਆ ਪਿਆ ਹੈ ਪਰ ਫਲੋਰੀਡਾ, ਨੀਲੇ-ਨਿਰਮਲ ਪਾਣੀਆਂ ਲਈ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਹੈ। ਮੈਂ ਵੇਖਿਆ ਹੈ ਕਿ ਕੁਦਰਤ ਨੇ ਵੀ ਅਮਰੀਕਾ ਉੱਤੇ ਮਿਹਰਬਾਨ ਹੋਣ ਵਿਚ ਹੱਦ ਹੀ ਕਰ ਦਿੱਤੀ ਹੈ।

ਹਰ ਅਮਰੀਕਨ ਦਾ ਸੁਪਨਾ ਹੈ ਕਿ ਉਹ ਰੀਟਾਇਰ ਹੋ ਕੇ ਫਲੋਰੀਡਾ ਰਹੇ, ਜਿੱਥੇ ਦੀ ਮਿਆਮੀ ਬੀਚ ਸੰਸਾਰ ਭਰ ਵਿਚ ਪ੍ਰਸਿੱਧ ਹੈ।

ਇਸ ਬੀਚ ਨੂੰ ਵੇਖ ਕੇ ਮੈਨੂੰ ਸਭ ਕੁਝ ਭੁੱਲ ਗਿਆ।

ਆਮ ਕਰਕੇ ਸਮੁੰਦਰ ਦੇ ਕਿਨਾਰੇ 'ਤੇ ਰਵਾਇਤੀ ਪ੍ਰਕਾਰ ਦੀ ਰੇਤ ਹੁੰਦੀ ਹੈ ਜਿਸ ਦੇ ਕਾਰਨ ਕਿਨਾਰਿਆਂ ਦਾ ਪਾਣੀ ਕੁਝ ਗੰਧਲਾ ਹੁੰਦਾ ਹੈ ਪਰ ਫਲੋਰੀਡਾ ਵਿਚ ਸਮੁੰਦਰੀ ਕਿਨਾਰਿਆਂ ਉੱਤੇ ਰੇਤ, ਸਿਪੀਆਂ ਦੇ ਚੂਰੇ ਦੀ ਹੁੰਦੀ ਹੈ, ਜਿਹੜੀ ਪਾਊਡਰ ਵਾਂਗ ਚਿੱਟੀ ਹੁੰਦੀ ਹੈ। ਇਸ ਨਾਲ ਸਮੁੰਦਰ ਦਾ ਪਾਣੀ ਨੀਲਾ-ਨਿਰਮਲ ਦਿਖਾਈ ਦਿੰਦਾ ਹੈ।

ਫਲੋਰੀਡਾ ਵਿਚ ਲਗਭਗ ਹਰ ਰੋਜ਼ ਮੀਂਹ ਦਾ ਵੀ ਛਿੱਟਾ ਪੈ ਜਾਂਦਾ ਹੈ ਅਤੇ ਉੱਥੇ ਇਤਨੀ ਗੂੜ੍ਹੀ ਹਰਿਆਲੀ ਹੈ ਕਿ ਕੋਈ ਵੀ ਵਿਅਕਤੀ ਇਸ ਥਾਂ ਨੂੰ ਖਿੜੇ-ਮੱਥੇ ਛੱਡਣ ਲਈ ਤਿਆਰ ਨਹੀਂ ਹੁੰਦਾ।

ਇਥੇ ਕੁਦਰਤ ਦੇ ਚੋਜ ਵੇਖਣ ਵਾਲੇ ਹਨ। ਇਕ ਸੜਕ ਉੱਤੇ ਅਸੀਂ ਜਾ ਰਹੇ ਸਾਂ ਜਿਸ ਦੇ ਅੱਧੇ ਹਿੱਸੇ ਉੱਤੇ ਮੀਂਹ ਪੈ ਰਿਹਾ ਸੀ। ਇਹ ਥਾਂ ਇਤਨੀ ਰਮਣੀਕ ਹੈ ਕਿ ਜੇ ਇੱਥੇ ਰੱਬ ਵੀ ਆ ਜਾਵੇ ਤਾਂ ਉਹ ਵੀ ਇੱਥੇ ਹੀ ਟਿਕ ਜਾਵੇ।

ਅਮਰੀਕਾ ਕੁਝ ਇਸ ਪ੍ਰਕਾਰ ਦਾ ਦੇਸ਼ ਹੈ ਕਿ ਹਰ ਸ਼ਹਿਰ ਪੰਜ-ਛੇ ਲੰਮੀਆਂ ਸੈਰਾਂ ਤੋਂ ਪਿੱਛੋਂ ਜਾਣਿਆਂ-ਪਛਾਣਿਆ ਲੱਗਣ ਲੱਗ ਪੈਂਦਾ ਹੈ ਅਤੇ ਸੈਰ ਕਰਦੇ ਰਹਿਣ ਦੀ ਸਾਰੀ ਇੱਛਾ ਮਾਂਦ ਹੋ ਜਾਂਦੀ ਹੈ ਪਰ ਫਲੋਰੀਡਾ ਦੇ ਸ਼ਹਿਰਾਂ ਵਿਚ ਇਵੇਂ ਨਹੀ ਵਾਪਰਦਾ।

ਇੱਥੇ ਦੀ ਧਰਤੀ ਕੁਆਰੀ ਹੈ। ਇਸ ਧਰਤੀ ਨੂੰ ਵੇਖਣਾ ਆਪਣੀ ਪ੍ਰੇਮਿਕਾ ਨੂੰ ਚੁੰਮਣ ਵਰਗਾ ਅਹਿਸਾਸ ਦਿੰਦਾ ਹੈ ਅਤੇ ਹਰ ਚੁੰਮਣ ਅਗਲੇਰੇ ਚੁੰਮਣ ਲਈ ਬੁਲਾਵਾ ਸਿੱਧ ਹੁੰਦਾ ਹੈ। ਜਿਵੇਂ ਕੋਈ ਪ੍ਰੇਮਿਕਾ ਨੂੰ ਪਿਆਰ ਕਰਦਿਆਂ ਚੁੰਮਣ ਤੋਂ ਨਹੀਂ ਅੱਕਦਾ, ਇਵੇਂ ਹੀ ਫਲੋਰੀਡਾ ਕਿਸੇ ਨੂੰ ਅੱਕਣ ਨਹੀਂ ਦਿੰਦਾ।

ਇਸ ਥਾਂ ਉੱਤੇ ਵਿਚਰਣਾ, ਰਹਿਣਾ, ਘੁੰਮਣਾ, ਇਕ ਮਾਣ ਵਾਲੀ ਗੱਲ ਹੈ।

ਕਈ ਥਾਂਈਂ ਤਾਂ ਬਲੌਰੀ ਸੜਕ ਦੇ ਦੋਵੇਂ ਪਾਸੇ ਵਿਸ਼ਾਲ ਸਮੁੰਦਰ ਹੈ ਅਤੇ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਕਿਸੇ ਦੀ ਮਹਿਬੂਬ ਹੁਣੇ-ਹੁਣੇ ਨਹਾ ਕੇ ਪਤਲੇ ਜਿਹੇ ਕੱਪੜੇ ਪਾ ਕੇ ਅਚਾਨਕ ਸਾਹਮਣੇ ਆ ਗਈ ਹੋਵੇ।

ਕਈ ਵਾਰੀ ਇੰਜ ਲਗਦਾ ਹੈ ਜਿਵੇਂ ਸਮੁੰਦਰ ਤੁਹਾਨੂੰ ਲੰਘ ਜਾਣ ਲਈ ਮੁਸਕਰਾ ਕੇ ਰਸਤਾ ਦੇ ਰਿਹਾ ਹੋਵੇ।

ਸਾਰੇ ਅਮਰੀਕਨ ਤੈਰਨਾ ਜਾਣਦੇ ਹਨ। ਕਹਿੰਦੇ ਹਨ ਕਿ ਫਲੋਰੀਡਾ ਦੇ ਇਕ ਵਿਅਕਤੀ ਨੂੰ ਤੈਰਨਾ ਨਹੀਂ ਸੀ ਆਉਂਦਾ ਅਤੇ ਅਜਿਹੀ ਅਦਭੁੱਤ ਚੀਜ਼ ਨੂੰ ਵੇਖਣ ਲਈ ਸੌ-ਸੌ ਮੀਲ ਤੋਂ ਲੋਕ ਆਉਂਦੇ ਸਨ।

ਅਮਰੀਕਨਾਂ ਲਈ ਸਮੁੰਦਰ ਮਨੋਰੰਜਨ ਦਾ ਸਭ ਤੋਂ ਵੱਡਾ ਸਾਧਨ ਹੈ।

ਸਾਡੇ ਦੇਸ਼ ਦੇ ਬਹੁਤ ਵੱਡੇ ਹਿੱਸੇ ਨਾਲ ਸਮੁੰਦਰ ਲੱਗਦਾ ਹੈ ਪਰ ਇਸ ਦਾ ਵਿਕਾਸ ਕਰਨ ਵੱਲ ਸਾਡਾ ਧਿਆਨ ਨਹੀਂ ਗਿਆ ਅਤੇ ਇਨ੍ਹਾਂ ਥਾਂਵਾਂ ਦੀ ਜਦੋਂ ਵੀ ਕੋਈ ਖ਼ਬਰ ਆਉਂਦੀ ਹੈ ਤਾਂ ਜਾਂ ਬੇੜੀ ਉਲਟਣ ਦੀ ਜਾਂ ਤੂਫ਼ਾਨ ਨਾਲ ਤਬਾਹੀ ਦੀ ਜਾਂ ਮਛੇਰਿਆਂ ਦੇ ਲਾਪਤਾ ਹੋਣ ਦੀ ਹੀ ਖ਼ਬਰ ਆਉਂਦੀ ਹੈ।

ਅਸੀਂ ਸਮੁੰਦਰ ਨਾਲ ਅਜੇ ਦੋਸਤੀ ਨਹੀਂ ਪਾਈ ਅਤੇ ਸਮੁੰਦਰ ਨੂੰ ਜੀਵਨ-ਮਾਣਨ ਦਾ ਭਾਗ ਨਹੀਂ ਬਣਾਇਆ।

ਸਮੁੰਦਰੀ ਕਿਨਾਰਿਆਂ ਨੂੰ ਸਾਫ ਰੱਖਣਾ ਅਤੇ ਸਮੁੰਦਰ ਦੇ ਕਿਨਾਰੇ ਜੁੜੇ ਹਜ਼ਾਰਾਂ ਲੱਖਾਂ ਲੋਕਾਂ ਲਈ ਸੁਰੱਖਿਆ-ਪ੍ਰਬੰਧ ਕਰਨਾ ਇਲਾਕੇ ਦੀ ਨਗਰਪਾਲਿਕਾ ਦਾ ਕਰਤੱਵ ਹੁੰਦਾ ਹੈ।

ਸਮੁੰਦਰ ਦੇ ਕਿਨਾਰੇ ਕੋਈ ਚੀਜ਼ ਸੁੱਟਣੀ ਇਕ ਜੁਰਮ ਹੈ। ਉੱਥੇ ਸਫ਼ਾਈ ਦੇ ਉਦੇਸ਼ ਨਾਲ ਹਰ ਵੀਹ-ਪੰਜੀ ਕਦਮਾਂ ਉੱਤੇ ਢੋਲ ਰੱਖੇ ਗਏ ਹੁੰਦੇ ਹਨ।

ਜਦੋਂ ਕੋਈ ਵਿਅਕਤੀ ਡੂੰਘੇ ਪਾਣੀਆਂ ਵਿਚ ਚਲਾ ਜਾਵੇ ਤਾਂ ਉਸ ਨੂੰ ਖਤਰੇ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਪਰ ਉਸ ਨੂੰ ਰੋਕਿਆ ਨਹੀਂ ਜਾਂਦਾ।

ਜੇ ਅਜਿਹਾ ਵਿਅਕਤੀ ਹੋਰ ਅੱਗੇ ਜਾਣਾ ਚਾਹੁੰਦਾ ਹੈ ਤਾਂ ਭਾਵੇਂ ਜਾਵੇ ਪਰ ਫਿਰ ਵੀ ਲੋੜ ਪੈਣ ਉੱਤੇ ਉੱਪਰ ਨਿਰੰਤਰ ਉੱਡ ਰਿਹਾ ਹੈਲੀਕਾਪਟਰ ਉਸ ਨੂੰ ਬਚਾ ਲਵੇਗਾ ਪਰ ਕਿਸੇ ਵਲੋਂ ਕਿਸੇ ਪ੍ਰਕਾਰ ਦਾ ਦਖ਼ਲ ਨਹੀਂ ਦਿੱਤਾ ਜਾਂਦਾ। ਕੋਈ ਕਿਸੇ ਦੇ ਮਨੋਰੰਜਨ ਵਿਚ ਵਿਘਨ ਨਹੀਂ ਪਾਉਂਦਾ, ਕੁਝ ਵੀ ਅਣਸੁਖਾਵਾਂ ਨਹੀਂ ਵਾਪਰਦਾ। ਕੋਈ ਪੂਰਨ ਭਾਂਤ ਨੰਗਾ ਹੋ ਕੇ ਵਿਚਰਨਾ ਚਾਹੇ ਤਾਂ ਉਸ ਲਈ ਵੀ ਪ੍ਰਬੰਧ ਹੈ ਪਰ ਉਧਰ ਕੇਵਲ ਨਾਂਗੇ ਹੀ ਜਾ ਸਕਦੇ ਹਨ। ਉਂਜ ਵੀ ਸੰਸਾਰ ਵਿਚ ਜਿਤਨੀ ਜਲਦੀ ਅਮਰੀਕਨ ਆਪਣੇ ਕੱਪੜੇ ਲਾਹੁੰਦੇ ਹਨ, ਹੋਰ ਕੋਈ ਨਹੀਂ ਲਾਹੁੰਦਾ।

ਸਮੁੰਦਰ ਦੇ ਕਿਨਾਰਿਆਂ ਉੱਤੇ ਇਸਤਰੀਆਂ, ਪੁਰਸ਼ ਅਤੇ ਬੱਚੇ ਇਸ ਤਰ੍ਹਾਂ ਖੁਲ੍ਹ ਕੇ ਵਿਚਰਦੇ ਹਨ ਕਿ ਮੇਰੀ ਵਿਹਾਰਕ ਝਿਜਕ ਅਤੇ ਮੇਰੀ ਸੁੰਗੜੀ ਹੋਈ ਕਲਮ ਉਨ੍ਹਾਂ ਦੀ ਖੁਲ੍ਹ ਨੂੰ ਬਿਆਨ ਨਹੀਂ ਕਰ ਸਕਦੀ।

ਹੈਰਾਨੀ ਦੀ ਗੱਲ ਤਾਂ ਇਹ ਹੈ ਕੁਝ ਵੀ ਅਸੁਭਾਵਿਕ ਪ੍ਰਤੀਤ ਨਹੀਂ ਹੁੰਦਾ। ਕੋਈ ਵਿਅਕਤੀ ਭਾਵੇਂ ਕਿਸੇ ਵੀ ਸਭਿਆਚਾਰ ਵਿਚੋਂ ਗਿਆ ਹੋਵੇ, ਉੱਥੇ ਉਨ੍ਹਾਂ ਵਾਂਗ ਵਿਚਰਣ ਲਈ ਸਹਿਜੇ ਹੀ ਤਿਆਰ ਹੋ ਜਾਂਦਾ ਹੈ।

ਨਿੱਜੀ ਬੇੜੀ ਰੱਖਣੀ ਲਗਭਗ ਹਰ ਅਮਰੀਕਨ ਦਾ ਸੁਪਨਾ ਹੈ। ਅਮਰੀਕਾ ਦੇ ਕਿਸੇ ਵਾਸੀ ਦੀ ਅਮੀਰੀ ਇਸ ਗੱਲ ਤੋਂ ਨਹੀਂ ਮਾਪੀ ਜਾਂਦੀ ਕਿ ਉਸ ਕੋਲ ਸਰਮਾਇਆ ਕਿਤਨਾ ਹੈ, ਸਗੋਂ ਇਸ ਗੱਲ ਤੋਂ ਮਾਪੀ ਜਾਂਦੀ ਹੈ ਕਿ ਉਸ ਕੋਲ ਮਨੋਰੰਜਨ ਦੇ ਸਾਧਨ ਕਿਤਨੇ ਹਨ।

ਸਾਡੇ ਕੋਲ ਸਮਾਂ ਹੈ ਪਰ ਮਨੋਰੰਜਨ ਦੇ ਸਾਧਨ ਨਹੀਂ, ਉਨ੍ਹਾਂ ਕੋਲ ਮਨ-ਪ੍ਰਚਾਵੇ ਦੇ ਸਾਧਨ ਵਧੇਰੇ ਹਨ ਪਰ ਸਮਾਂ ਘੱਟ ਹੈ।

ਜੋੜਾ ਕਿਸੇ ਵੀ ਉਮਰ ਦਾ ਹੋਵੇ, ਸਮੁੰਦਰ ਦੇ ਕਿਨਾਰੇ ਆ ਕੇ ਉਹ ਆਪਣੇ ਆਪ ਨੂੰ ਜਵਾਨ ਅਨੁਭਵ ਕਰਦਾ ਹੈ।

ਅਸੀਂ ਅਜਿਹੀ ਥਾਂ ਜਾ ਕੇ ਆਪਣੇ ਬਚਾਓ ਅਤੇ ਬੱਚਿਆਂ ਦਾ ਹੀ ਫ਼ਿਕਰ ਕਰਦੇ ਰਹਿੰਦੇ ਹਾਂ, ਉੱਥੇ ਬੱਚਿਆਂ ਨੂੰ ਪੂਰੀ ਖੁਲ੍ਹ ਦਿੱਤੀ ਜਾਂਦੀ ਹੈ।

ਜਿਨ੍ਹਾਂ ਨੂੰ ਪਾਣੀ ਨਾਲ ਮੋਹ ਹੈ, ਉਨ੍ਹਾਂ ਦੀਆਂ ਸਾਰੀਆਂ ਭੁੱਖਾਂ ਇੱਥੇ ਆ ਕੇ ਸ਼ਾਂਤ ਹੋ ਜਾਂਦੀਆਂ ਹਨ। ਸਮੁੰਦਰੀ ਕਿਨਾਰਿਆਂ ਉੱਤੇ ਸਮੁੰਦਰ ਅਤੇ ਜਵਾਨੀ ਦੀ ਭਰਮਾਰ ਵੇਖ ਕੇ ਮੇਰੀਆਂ ਅੱਖਾਂ ਚੁੰਧਿਆ ਜਾਂਦੀਆਂ ਰਹੀਆਂ ਹਨ ਅਤੇ ਨਜ਼ਾਰੇ ਇੰਨੇ ਵਧੇਰੇ ਸਨ ਕਿ ਇਹ ਕਿਸੇ ਚੀਜ਼ ਉੱਤੇ ਨਹੀਂ ਸਨ ਟਿਕਦੀਆਂ।

ਜੇ ਮੈਨੂੰ ਮੁੜ ਅਮਰੀਕਾ ਜਾਣ ਦਾ ਅਵਸਰ ਮਿਲਿਆ ਤਾਂ ਸਭ ਤੋਂ ਪਹਿਲਾਂ ਫਲੋਰੀਡਾ ਦੀਆਂ ਬੀਚਾਂ ਵੇਖਣ ਹੀ ਜਾਵਾਂਗਾ।

ਅਮਰੀਕਾ ਵਿਚ ਬੱਚੇ ਰਾਜਕੁਮਾਰਾਂ ਵਾਂਗ ਪਲਦੇ ਹਨ ਅਤੇ ਉਨ੍ਹਾਂ ਦੇ ਮਨੋਰੰਜਨ ਦੇ ਇਤਨੇ ਸਾਧਨ ਹਨ ਕਿ ਵੱਡਿਆਂ ਦਾ ਬੱਚੇ ਬਣਨ ਨੂੰ ਦਿਲ ਕਰ ਆਉਂਦਾ ਹੈ। ਸਭ ਤੋਂ ਵੱਡੀ ਅਤੇ ਸਭ ਤੋਂ ਵੱਧ ਰਮਣੀਕ ਅਤੇ ਸਭ ਦੇ ਦਿਲਾਂ ਨੂੰ ਧੂਹ ਪਾਉਣ ਵਾਲੀ ਥਾਂ ਹੈ ਕੈਲੀਫੋਰਨੀਆ ਵਿਚਲਾ ਡਿਜ਼ਨੀਲੈਂਡ।

ਮੈਨੂੰ ਫ਼ਿਕਰ ਸੀ ਕਿਧਰੇ ਇਹ ਥਾਂ ਵੇਖਣੀ ਰਹਿ ਨਾ ਜਾਵੇ ਪਰ ਮੇਰੇ ਚੰਗੇ ਭਾਗਾਂ ਨੂੰ ਜਿਸ ਯੂਨੀਵਰਸਿਟੀ ਵਿਚ ਮੈਂ ਜਾਣਾ ਸੀ ਇਹ ਥਾਂ ਉਸ ਦੇ ਰਸਤੇ ਵਿਚ ਆਉਂਦੀ ਸੀ। ਫਲੋਰੀਡਾ ਵਿਚ ਨਵਾਂ ਅਤੇ ਵਧੇਰੇ ਵਿਸ਼ਾਲ ਡਿਜ਼ਨੀਲੈਂਡ ਉਸਰਿਆ ਹੈ ਅਤੇ ਡਿਜ਼ਨੀਲੈਂਡ ਅਮਰੀਕਾ ਦੀ ਪਛਾਣ ਬਣ ਗਿਆ ਹੈ। ਮਨੋਰੰਜਨ ਦੀਆਂ ਹੋਰ ਵੀ ਅਨੇਕਾਂ ਥਾਂਵਾਂ ਹਨ ਪਰ ਡਿਜ਼ਨੀਲੈਂਡ ਤੋਂ ਸਭ ਥੱਲੇ ਹਨ।

ਮਨ-ਪ੍ਰਚਾਵੇ ਲਈ ਭਰਪੂਰ ਸੰਭਾਵਨਾਵਾਂ ਵਾਲਾ ਇਹ ਇਕ ਵੱਖਰਾ ਸੰਸਾਰ ਹੈ। ਸ਼ਾਇਦ ਹੀ ਕੋਈ ਵਿਅਕਤੀ ਕਹਿ ਸਕੇ ਕਿ ਉਸ ਨੇ ਸਾਰਾ ਡਿਜ਼ਨੀਲੈਂਡ ਵੇਖਿਆ ਹੈ। ਇਸ ਥਾਂ ਨੂੰ ਇਤਨੇ ਸੋਹਣੇ ਢੰਗ ਨਾਲ ਸਜਾਇਆ ਗਿਆ ਹੈ ਕਿ ਵੇਖਣ ਲਈ ਸਵੇਰ ਤੋਂ ਸ਼ਾਮ ਤੱਕ ਲਗਾਤਾਰ ਘੁੰਮਦਿਆਂ ਵੀ ਇਕ ਹਫ਼ਤਾ ਲੱਗ ਜਾਵੇ। ਸੰਸਾਰ ਦਾ ਕੋਈ ਅਜਿਹਾ ਝੂਟਾ ਨਹੀਂ, ਜਿਹੜਾ ਇੱਥੇ ਨਹੀਂ। ਇੱਥੇ ਲੱਗੇ ਝੂਟੇ ਇਤਨੇ ਸ਼ਕਤੀਸ਼ਾਲੀ, ਤੇਜ਼, ਵੱਡੇ ਅਤੇ ਦਿਲ ਦਹਿਲਾਉਣ ਵਾਲੇ ਹਨ ਕਿ ਹਰ ਝੂਟੇ ਮਗਰੋਂ ਜਿਉਂਦੇ ਬੱਚ ਨਿਕਲਣ ਉੱਤੇ ਆਪਣੇ ਆਪ ਨੂੰ ਵਧਾਈ ਦੇਣ ਨੂੰ ਮਨ ਕਰਦਾ ਹੈ।

ਜਿਹੜੇ ਝੂਟੇ ਸਾਡੇ ਮੇਲਿਆਂ ਉੱਤੇ ਲਗਦੇ ਹਨ ਜੇ ਉਨ੍ਹਾਂ ਦੀ ਪੱਧਰ ਨੂੰ ਦਰਸਾਉਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਤਰਬੂਜ਼ ਦੇ ਸਾਹਮਣੇ ਸਾਡੇ ਝੂਟੇ ਰਾਈ ਦਾ ਦਾਣਾ ਹਨ।

ਜਦੋਂ ਵੇਖਿਆ ਕਿ ਛੋਟੇ-ਛੋਟੇ ਬੱਚੇ ਹੱਸਦੇ-ਖੇਡਦੇ ਝੂਟੇ ਮਾਣ ਰਹੇ ਸਨ ਤਾਂ ਮਨ ਤਕੜਾ ਕਰਕੇ ਮੈਂ ਵੀ ਕਈ ਝੂਟੇ ਮਾਣੇ। ਹਰ ਝੂਟਾ ਭਾਵੇਂ ਕੁਝ ਮਿੰਟ ਦਾ ਹੀ ਹੁੰਦਾ ਹੈ ਪਰ ਉਸ ਦੀ ਖੁਸ਼ੀ, ਕਿਸਮ ਅਤੇ ਰਫ਼ਤਾਰ ਅਜਿਹੀ ਹੁੰਦੀ ਹੈ ਕਿ ਤੁਸੀਂ ਸਮਝਦੇ ਹੋ ਕਿ ਹੁਣ ਬਚਣਾ ਸੰਭਵ ਨਹੀਂ, ਪਰ ਸਭ ਪਾਸੇ ਪ੍ਰਬੰਧ ਇਤਨਾ ਪੱਕਾ ਅਤੇ ਸੁਰੱਖਿਅਤ ਹੁੰਦਾ ਹੈ ਕਿ ਕੋਈ ਹਾਦਸਾ ਨਹੀਂ ਵਾਪਰਦਾ।

ਅਨੇਕਾਂ ਝੂਟੇ ਇਤਨੇ ਸ਼ਕਤੀਸ਼ਾਲੀ ਹਨ ਕਿ ਸ਼ਾਇਦ ਹੀ ਕਿਸੇ ਅਜਿਹੇ ਝੂਟੇ ਨੂੰ ਕੋਈ ਦੂਜੀ ਵਾਰ ਲੈਣ ਦਾ ਸਾਹਸ ਕਰ ਸਕੇ।

ਡਿਜ਼ਨੀਲੈਂਡ ਇਕ ਵੱਖਰੀ ਦੁਨੀਆਂ ਹੀ ਨਹੀਂ ਇਕ ਵੱਖਰਾ ਅਨੁਭਵ ਵੀ ਹੈ ਅਤੇ ਇਸ ਅਨੁਭਵ ਦੀ ਕਿਸੇ ਹੋਰ ਅਨੁਭਵ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਇਕ ਝੂਟੇ ਰਾਹੀਂ ਉਥੇ ਬੰਬਰ ਹਵਾਈ ਜਹਾਜ਼ ਵਾਲੀਆਂ ਕਲਾਬਾਜ਼ੀਆਂ ਵਾਲਾ ਅਨੁਭਵ ਕਰਵਾਇਆ ਜਾਂਦਾ ਹੈ ਅਤੇ ਬਹੁਤ ਉੱਚੇ ਜਾ ਕੇ ਬੰਦੇ ਨੂੰ ਪੁੱਠਾ ਕਰ ਦਿੱਤਾ ਜਾਂਦਾ ਹੈ ਅਤੇ ਸਿਰ ਪਰਨੇ ਹੋਇਆ ਵਿਅਕਤੀ ਕੁਝ ਹੀ ਪਲਾਂ ਵਿਚ ਸੋਚਣ ਲੱਗ ਪੈਂਦਾ ਹੈ ਕਿ ਅਗਲੇ ਐਤਵਾਰ ਉਸ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਹੋ ਰਹੀ ਹੋਵੇਗੀ।

ਇਸ ਝੂਟੇ ਨੂੰ ਯਾਦ ਕਰਕੇ ਮੈਂ ਹੁਣ ਵੀ ਦਹਿਲ ਜਾਂਦਾ ਹਾਂ।

ਡਿਜ਼ਨੀਲੈਂਡ ਦੀ ਇਕ ਦਿਨ ਦੀ ਟਿਕਟ ਦੋ ਹਜ਼ਾਰ ਰੁਪਏ ਤੋਂ ਵੀ ਵੱਧ ਹੈ ਅਤੇ ਪੰਜਾਂ ਦਿਨਾਂ ਦੀ ਟਿਕਟ ਕਈ ਹਜ਼ਾਰ ਰੁਪਏ ਹੈ। ਇਤਨਾ ਮਹਿੰਗਾ ਹੋਣ ਦੇ ਬਾਵਜੂਦ ਇਹ ਇਕ ਯਾਦਗਾਰੀ ਅਤੇ ਲਾਹੇਵੰਦ ਤਜਰਬਾ ਹੈ।

ਅਮਰੀਕਨਾਂ ਦੀ ਮੈਨੂੰ ਇਹ ਗੱਲ ਚੰਗੀ ਲੱਗੀ ਹੈ ਕਿ ਉਹ ਆਪਣੇ ਅੰਦਰਲੇ ਬੱਚੇ ਅਤੇ ਬਚਪਨ ਨੂੰ ਸਦਾ ਜਿਉਂਦਾ ਰੱਖਦੇ ਹਨ।

ਬੱਚੇ ਤਾਂ ਬੱਚੇ ਹੁੰਦੇ ਹੀ ਹਨ, ਵੱਡੇ ਵੀ ਬੱਚੇ ਬਣ ਜਾਂਦੇ ਹਨ।

ਡਿਜ਼ਨੀਲੈਂਡ ਜਿਹੀਆਂ ਥਾਂਵਾਂ ਲੋਕਾਂ ਦੀ ਉਮਰ ਨੂੰ ਲੰਮੇਰਾ ਕਰਨ ਦਾ ਰੋਲ ਨਿਭਾਉਂਦੀਆਂ ਹਨ। ਡਿਜ਼ਨੀਲੈਂਡ ਵਿਚ ਹਜ਼ਾਰਾਂ ਲੋਕ ਕੰਮ ਕਰਦੇ ਹਨ ਅਤੇ ਉਹ ਤੁਹਾਡੇ ਨਾਲ ਇਤਨੇ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਉਂਦੇ ਹਨ ਕਿ ਇਹ ਵਿਹਾਰ ਆਪਣੇ ਆਪ ਵਿਚ ਇਕ ਮਨੋਰੰਜਨ ਪ੍ਰਤੀਤ ਹੋਣ ਲੱਗ ਪੈਂਦਾ ਹੈ। ਉਹ ਤੁਹਾਡਾ ਇਤਨਾ ਧਿਆਨ ਰੱਖਣਗੇ, ਜਿਵੇਂ ਤੁਸੀਂ ਦੁਨੀਆਂ ਦੇ ਸਭ ਤੋਂ ਵੱਧ ਸਤਿਕਾਰਯੋਗ ਵਿਅਕਤੀ ਹੋਵੋ।

ਅਜਿਹੇ ਵਿਹਾਰ ਨਾਲ ਤੁਹਾਡੀ ਰੂਹ ਤੱਕ ਪ੍ਰਸੰਨ ਹੋ ਜਾਂਦੀ ਹੈ ਅਤੇ ਸਾਰਾ ਵਾਤਾਵਰਣ ਤੀਆਂ ਵਾਲਾ ਹੋ ਨਿਬੜਦਾ ਹੈ।

ਅਮਰੀਕਾ ਵਿਚ ਮਨੋਰੰਜਨ ਦੀਆਂ ਇਤਨੀਆਂ ਥਾਂਵਾਂ ਹਨ ਕਿ ਉਨ੍ਹਾਂ ਨੂੰ ਵੇਖ ਕੇ ਅਤੇ ਉੱਥੇ ਵਿਚਰ ਰਹੇ ਹਜ਼ਾਰਾਂ ਹੀ ਲੋਕਾਂ ਨੂੰ ਵੇਖ ਕੇ ਅਤੇ ਸਭ ਕੁਝ ਨਿਰਵਿਘਨ ਹੁੰਦਾ ਜਾਣ ਕੇ ਸਮਝ ਨਹੀਂ ਆਉਂਦੀ ਕਿ ਇਹ ਸਭ ਕੁਝ ਸੰਭਵ ਕਿਵੇਂ ਹੋ ਰਿਹਾ ਹੈ ?

ਮੈਂ ਉਨ੍ਹਾਂ ਲੋਕਾਂ ਤੋਂ ਸਿੱਖਿਆ ਹੈ ਕਿ ਹਰ ਵੇਲੇ ਸਿਆਣੇ ਬਣਨ ਦਾ ਯਤਨ ਨਹੀਂ ਕਰਨਾ ਚਾਹੀਦਾ। ਮੈਂ ਉਨ੍ਹਾਂ ਲੋਕਾਂ ਤੋਂ ਹੀ ਸਿੱਖਿਆ ਹੈ ਕਿ ਸਾਊ ਵਿਹਾਰ, ਸਲੀਕਾ ਅਤੇ ਸਭ ਤੋਂ ਵੱਧ, ਜ਼ਬਤ ਸਾਡੀ ਸ਼ਖ਼ਸੀਅਤ ਦਾ ਮੁੱਖ ਲੱਛਣ ਹੋਣਾ ਚਾਹੀਦਾ ਹੈ।

ਮੈਂ ਉਨ੍ਹਾਂ ਲੋਕਾਂ ਵਿਚ ਵੇਖਿਆ ਹੈ ਕਿ ਉਹ ਕਿਸੇ ਮਨੋਰੰਜਨ, ਸਮਾਗਮ ਜਾਂ ਦਾਅਵਤ ਸਮੇਂ ਬਹਿਸ ਨਹੀਂ ਕਰਦੇ।

ਉਨ੍ਹਾਂ ਨੇ ਹੀ ਮੈਨੂੰ ਸਿਖਾਇਆ ਹੈ ਕਿ ਬੇਲੋੜੇ ਉਪਦੇਸ਼ ਨਹੀਂ ਦੇਣੇ ਚਾਹੀਦੇ।

ਸਾਡੇ ਦੇਸ਼ ਵਿਚ ਸਾਡੇ ਕੋਲ ਆਪਣੇ ਕੰਮ ਕਰਨ ਲਈ ਤਾਂ ਸਮਾਂ ਨਹੀਂ, ਦੂਜਿਆਂ ਨੂੰ ਸਲਾਹ ਅਤੇ ਉਪਦੇਸ਼ ਦੇਣ ਲਈ ਅਸੀਂ ਸਦਾ ਤਿਆਰ ਰਹਿੰਦੇ ਹਾਂ। ਸਾਡੀ ਬਹੁਤੀ ਗੱਲਬਾਤ ਅਜਿਹੀ ਪ੍ਰਕਾਰ ਦੀ ਹੁੰਦੀ ਹੈ, ਜਿਵੇਂ ਕੋਈ ਸਹੁਰਾ ਆਪਣੇ ਜਵਾਈ ਨੂੰ ਇਕ ਚੰਗਾ ਪਤੀ ਬਣਨ ਦਾ ਉਪਦੇਸ਼ ਦੇ ਰਿਹਾ ਹੋਵੇ।

ਅਜਿਹੇ ਉਪਦੇਸ਼ਾਂ ਦਾ ਉਹੀ ਮੁਲ ਹੁੰਦਾ ਹੈ, ਜਿਤਨਾ ਸ਼ਰਾਬ ਪੀਣ ਤੋਂ ਪਹਿਲਾਂ ਕੀਤੀ ਗਈ ਬਹਿਸ ਦਾ।

ਕੈਲੀਫੋਰਨੀਆਂ ਵਿਚ ਹਾਲੀਵੁੱਡ, ਫ਼ਿਲਮਾਂ ਦਾ, ਸੰਸਾਰ ਦਾ ਸਭ ਤੋਂ ਵੱਡਾ ਕੇਂਦਰ ਹੈ। ਇਹ ਬੜੀ ਰਮਣੀਕ ਥਾਂ ਹੈ, ਇਥੋਂ ਦੇ ਘਰਾਂ ਦਾਂ ਮੁੱਲ ਕਰੋੜਾਂ ਰੁਪਏ ਹੈ। ਸੁਭਾਵਿਕ ਹੀ

ਹਰੇਕ ਵਿਅਕਤੀ ਦਾ ਇਹ ਥਾਂ ਵੇਖਣ ਨੂੰ ਮਨ ਕਰਦਾ ਹੈ। ਇਸ ਜਗਿਆਸਾ ਨੂੰ ਧਿਆਨ ਵਿਚ ਰੱਖਦਿਆਂ ਅਤੇ ਆਪਣੀ ਵਪਾਰਕ ਬਿਰਤੀ ਅਨੁਸਾਰ ਅਮਰੀਕਾ ਦੀ ਇਕ ਫ਼ਿਲਮ ਕੰਪਨੀ ਨੇ ਇਕ ਵੱਖਰਾ ਸਟੂਡੀਓ ਬਣਾਇਆ ਹੋਇਆ ਹੈ, ਜਿੱਥੇ ਫ਼ਿਲਮਾਂ ਨਾਲ ਸੰਬੰਧਤ ਹਰ ਚੀਜ਼ ਵਾਪਰਦੀ ਵਿਖਾਈ ਜਾਂਦੀ ਹੈ। ਉਹ ਦਿਖਾਉਂਦੇ ਹਨ ਕਿ ਕਿਵੇਂ ਹੜ੍ਹ ਲਿਆਂਦਾ ਜਾਂਦਾ ਹੈ, ਕਿਵੇਂ ਅੱਗ ਲਾਈ ਜਾਂਦੀ ਹੈ, ਕਿਵੇਂ ਲੜਾਈ ਫਿਲਮਾਈ ਜਾਂਦੀ ਹੈ। ਉਹ ਤੁਹਾਡੀਆਂ ਅੱਖਾਂ ਸਾਹਮਣੇ ਭੂਚਾਲ ਵਾਪਰਦਾ ਵਿਖਾ ਦੇਣਗੇ। ਹਸਪਤਾਲ, ਬਾਜ਼ਾਰ, ਦਫ਼ਤਰ, ਕਾਰਖਾਨਾ, ਰੇਲਵੇ ਸਟੇਸ਼ਨ, ਅਦਾਲਤ, ਥਾਣਾ, ਘਰ, ਦੁਕਾਨਾਂ, ਹੋਟਲ ਆਦਿ ਸਭ ਕੁਝ ਤੁਹਾਡੀਆਂ ਅੱਖਾਂ ਸਾਹਮਣੇ ਖਿਲਾਰ ਦਿੱਤਾ ਜਾਂਦਾ ਹੈ। ਤੁਹਾਨੂੰ ਉਹ ਫ਼ਿਲਮੀ ਅਦਾਕਾਰਾਂ ਵਾਂਗ ਰੋਲ ਕਰਦਿਆਂ ਵੱਡੀ ਸਕਰੀਨ ਉੱਤੇ ਵਿਖਾ ਦੇਣਗੇ। ਇਹ ਇਕ ਅਜਿਹਾ ਦ੍ਰਿਸ਼ ਹੁੰਦਾ ਹੈ ਜਿਸ ਨੂੰ ਵੇਖਦਿਆਂ ਅੱਖਾਂ ਝੱਪਕਣ ਤੋਂ ਇਨਕਾਰ ਕਰ ਦਿੰਦੀਆਂ ਹਨ। ਡਾਕੂਆਂ ਦੀ ਲੜਾਈ, ਸਮੁੰਦਰੀ ਤੂਫਾਨ, ਜਹਾਜ਼ਾਂ ਦੀ ਟੱਕਰ, ਮਾਰ-ਧਾੜ, ਇਮਾਰਤਾਂ ਦਾ ਢਹਿ-ਢੇਰੀ ਹੋ ਜਾਣਾ ਆਦਿ ਸਭ ਕੁਝ ਤੁਹਾਡੇ ਸਾਹਮਣੇ ਵਾਪਰਦਾ ਅਜਿਹੇ ਢੰਗ ਨਾਲ ਫਿਲਮਾਇਆ ਜਾਂਦਾ ਹੈ ਕਿ ਤੁਸੀਂ ਫ਼ਿਲਮਾਂ ਬਣਾਉਣ ਦੀ ਬੁਝਾਰਤ ਨੂੰ ਬੁਝ ਲੈਂਦੇ ਹੋ ਅਤੇ ਇਸ ਉਪਰੰਤ ਫ਼ਿਲਮ ਵੇਖ ਕੇ ਪ੍ਰਭਾਵਿਤ ਹੋਣਾ ਮੁਸ਼ਕਿਲ ਹੋ ਜਾਂਦਾ ਹੈ।

ਹਾਲੀਵੁੱਡ ਵਿਚ ਇਕ ਸੜਕ ਹੈ ਜਿਸ ਦੇ ਫੁੱਟਪਾਥ ਦੇ ਫਰਸ਼ ਉੱਤੇ ਸਿਤਾਰਿਆਂ ਦੇ ਰੂਪ ਵਿਚ ਫਿਲਮੀ ਅਦਾਕਾਰਾਂ ਦੇ ਨਾਂ ਉਕਰੇ ਹੋਏ ਹਨ ਅਤੇ ਹਰ ਅਦਾਕਾਰ ਦਾ ਸੁਪਨਾ ਇਸ ਸੜਕ ਉੱਤੇ ਸਿਤਾਰੇ ਵਾਂਗ ਆਪਣਾ ਨਾਂ ਉਕਰਵਾਉਣਾ ਹੁੰਦਾ ਹੈ। ਇਨ੍ਹਾਂ ਸਿਤਾਰਿਆਂ ਦੀ ਪਰੰਪਰਾ ਤੋਂ ਹੀ ਅਸੀਂ ਫ਼ਿਲਮੀ ਅਦਾਕਾਰਾਂ ਨੂੰ ਸਿਤਾਰੇ ਕਹਿੰਦੇ ਹਾਂ।

ਫਿਲਮਾਂ ਵਿਚ ਵੀ ਅਸੀਂ ਅਮਰੀਕਾ ਤੋਂ ਬਹੁਤ ਪਛੜੇ ਹੋਏ ਹਾਂ।

ਸਾਡੀਆਂ ਫ਼ਿਲਮਾਂ ਵਿਚ ਕਾਰਜ ਦੀ ਰਫ਼ਤਾਰ ਬੜੀ ਹੌਲੀ ਹੈ ਅਤੇ ਅਦਾਕਾਰੀ ਵਿਚ ਬਨਾਵਟ ਅਤੇ ਉਚੇਚ ਦਾ ਪ੍ਰਗਟਾਵਾ ਹੁੰਦਾ ਹੈ। ਅਮਰੀਕਾ ਤੋਂ ਮਗਰੋਂ ਭਾਰਤ ਸੰਸਾਰ ਵਿਚ ਸਭ ਤੋਂ ਵੱਧ ਫਿਲਮਾਂ ਬਣਾਉਂਦਾ ਹੈ ਪਰ ਸਾਡੀਆਂ ਫ਼ਿਲਮਾਂ ਗੁਣਾਤਮਕ ਅਤੇ ਤਕਨੀਕੀ ਪੱਖੋਂ ਅਜੇ ਬਹੁਤ ਪਿੱਛੇ ਹਨ।

ਹਾਲੀਵੁੱਡ ਦੇ ਵਿਸ਼ਵ ਪ੍ਰਸਿੱਧ ਅਦਾਕਾਰ ਵੀ ਤੁਹਾਨੂੰ ਇਥੇ ਆਮ ਸਾਧਾਰਣ ਵਿਅਕਤੀਆਂ ਵਾਂਗ ਵਿਚਰਦੇ ਮਿਲ ਪੈਣਗੇ।

ਇਹ ਕਲਾਕਾਰ ਵੀ ਨਿਤਾਪ੍ਰਤੀ ਦੀਆਂ ਚੀਜ਼ਾਂ ਉਵੇਂ ਹੀ ਖਰੀਦਦੇ ਹਨ, ਜਿਵੇਂ ਆਮ ਸਾਧਾਰਨ ਵਿਅਕਤੀ। ਕਿਸੇ ਥਾਂ ਕੋਈ ਭੀੜ ਨਹੀਂ ਜੁੜਦੀ। ਇਨ੍ਹਾਂ ਅਦਾਕਾਰਾਂ ਦਾ ਆਮ ਸਾਧਾਰਨ ਬੰਦਿਆਂ ਵਾਂਗ ਵਿਚਰਣਾ ਬੜਾ ਚੰਗਾ ਲੱਗਿਆ।

ਨਿਰਸੰਦੇਹ ਇਹ ਅਦਾਕਾਰ ਬਹੁਤ ਅਮੀਰ ਹਨ ਅਤੇ ਮਹਿੰਗੇ ਘਰਾਂ ਵਿਚ ਰਹਿੰਦੇ ਹਨ ਪਰ ਇਨ੍ਹਾਂ ਦੇ ਦਿਮਾਗ ਸੁੱਜੇ ਹੋਏ ਨਹੀਂ, ਇਨ੍ਹਾਂ ਦਾ ਨਾਂ ਭਾਵੇਂ ਸਿਤਾਰਿਆਂ ਵਿਚ ਹੋਵੇ, ਇਨ੍ਹਾਂ ਦੇ ਪੈਰ ਧਰਤੀ ਉੱਤੇ ਹੁੰਦੇ ਹਨ।

ਇਹ ਜਿਹੜਾ ਵੀ ਰੋਲ ਕਰਦੇ ਹਨ, ਉਸ ਦਾ ਪਹਿਲਾਂ ਬੜੀ ਗੰਭੀਰਤਾ ਨਾਲ ਅਧਿਐਨ ਅਤੇ ਅਭਿਆਸ ਕਰਦੇ ਹਨ। ਇਹ ਆਪਣੇ ਕਸਬ ਨਾਲ ਇਨਸਾਫ਼ ਕਰਦੇ ਹਨ। ਅਮਰੀਕਾ ਦੀਆਂ ਬਣੀਆਂ ਫ਼ਿਲਮਾਂ ਵਿਸ਼ਵ ਭਰ ਵਿਚ ਵਿਖਾਈਆਂ ਜਾਂਦੀਆਂ ਹਨ, ਸੋ ਇਨ੍ਹਾਂ ਦੀ ਸਰਵਪੱਖੀ ਪੱਧਰ ਬੜੀ ਉੱਚੀ ਹੁੰਦੀ ਹੈ।

ਭਾਵੇਂ ਇਸ ਥਾਂ ਦੀ ਟਿਕਟ ਹੈ ਪਰ ਮਿਹਰਬਾਨ ਦੋਸਤਾਂ ਦੇ ਹੁੰਦਿਆਂ ਨਾ ਕੁਝ ਮਹਿੰਗਾ ਪ੍ਰਤੀਤ ਹੁੰਦਾ ਹੈ ਨਾ ਹੀ ਪਹੁੰਚ ਤੋਂ ਬਾਹਰ।

ਅਮਰੀਕਾ ਵਿਚ ਕਿਸੇ ਵੀ ਮਨੋਰੰਜਨ ਵਾਲੀ ਥਾਂ ਉੱਤੇ ਤੁਸੀਂ ਇਕ ਹੀ ਟਿਕਟ ਲੈਣੀ ਹੁੰਦੀ ਹੈ, ਅੰਦਰ ਸਭ ਕੁਝ ਮੁਫ਼ਤ ਹੁੰਦਾ ਹੈ। ਕਿਸੇ ਪ੍ਰਕਾਰ ਦੀ ਕੋਈ ਪਾਬੰਦੀ ਜਾਂ ਰੁਕਾਵਟ ਨਹੀਂ, ਚਾਹੋ ਤਾਂ ਸਵੇਰ ਤੋਂ ਰਾਤ ਤੱਕ ਇਕ ਹੀ ਚੀਜ਼ ਨੂੰ ਮੁੜ-ਮੁੜ ਵੇਖਦੇ ਰਹੋ।

ਤੁਸੀਂ ਕਿਧਰੇ ਵੀ ਜਾਵੋ, ਜਦੋਂ ਬਾਹਰ ਨਿਕਲੋਗੇ ਤਾਂ ਤੁਹਾਨੂੰ ਅਵੱਸ਼ ਪ੍ਰਤੀਤ ਹੋਵੇਗਾ ਕਿ ਸੌਦਾ ਲਾਹੇਵੰਦਾ ਸੀ।

ਗਾਹਕ ਦੀ ਤਸੱਲੀ ਕਰਵਾਉਣੀ ਅਮਰੀਕਨ ਵਪਾਰ ਦਾ ਪਹਿਲਾ ਅਸੂਲ ਹੈ।

ਅਮਰੀਕਾ ਵਿਚ ਖਾਣ-ਪੀਣ ਵੀ ਇਕ ਪ੍ਰਕਾਰ ਦਾ ਮਨੋਰੰਜਨ ਹੈ। ਅਮਰੀਕਾ ਦੀ ਛੱਬੀ ਕਰੋੜ ਦੀ ਆਬਾਦੀ ਵਿਚੋਂ ਤਿੰਨ-ਚੌਥਾਈ ਨਾਲੋਂ ਵੀ ਵਧੇਰੇ ਲੋਕ ਆਪਣਾ ਸਾਰਾ ਖਾਣ-ਪੀਣ ਹੋਟਲਾਂ ਵਿਚ ਕਰਦੇ ਹਨ। ਜਿਹੜੇ ਘਰ ਭੋਜਨ ਖਾਂਦੇ ਹਨ, ਉਹ ਬਣਿਆ ਬਣਾਇਆ ਬਾਹਰੋਂ ਲੈ ਆਉਂਦੇ ਹਨ ਅਤੇ ਘਰ ਅੰਦਰ ਉਹ ਉਸ ਨੂੰ ਗਰਮ, ਠੰਢਾ ਹੀ ਕਰਦੇ ਹਨ। ਖਾਣ-ਪੀਣ ਇਤਨਾ ਖੁੱਲ੍ਹਾ ਅਤੇ ਸਸਤਾ ਹੈ ਕਿ ਨਾ ਕੇਵਲ ਸਭ ਭੁੱਖਾਂ ਮਿਟ ਜਾਂਦੀਆਂ ਹਨ, ਸਗੋਂ ਨਜ਼ਰ ਅਤੇ ਨੀਅਤ ਵੀ ਰੱਜ ਜਾਂਦੀ ਹੈ।

ਆਮ ਕਰਕੇ ਹੋਟਲਾਂ ਵਿਚ ਬਹਿਰੇ ਨਹੀਂ ਹੁੰਦੇ, ਤੁਸੀਂ ਭੋਜਨ ਦੇ ਬੱਧੇ ਪੈਸੇ ਦੇ ਕੇ ਅੰਦਰ ਜਾਓ ਅਤੇ ਅੰਦਰ ਭੋਜਨ ਦੇ ਲੰਮੇ ਸਟਾਲਾਂ 'ਤੇ ਜੋ ਤੁਹਾਡਾ ਦਿਲ ਕਰੇ ਖਾਵੋ, ਜੋ ਦਿਲ ਕਰੇ ਪੀਵੋ ਅਤੇ ਜਿਤਨਾ ਮਰਜ਼ੀ ਖਾਵੋ-ਪੀਵੋ।

ਪਕਵਾਨ ਇਤਨੇ ਹੁੰਦੇ ਹਨ ਕਿ ਤੁਸੀਂ ਸਾਰਿਆਂ ਦਾ ਚਮਚਾ-ਚਮਚਾ ਵੀ ਲਵੋ ਤਾਂ ਤੱਸਲਾ ਭਰ ਜਾਵੇ।

ਹੋਟਲਾਂ ਵਿਚ ਖਾਣ-ਪੀਣ ਦੀਆਂ ਵਸਤਾਂ ਇਤਨੀਆਂ ਸੱਸਤੀਆਂ ਹਨ ਕਿ ਘਰ ਰੋਟੀ ਪਕਾਉਣੀ ਮਹਿੰਗੀ ਪ੍ਰਤੀਤ ਹੁੰਦੀ ਹੈ। ਬੇਸ਼ੁਮਾਰ ਹੋਟਲ ਹਨ, ਅਣਗਿਣਤ ਪਕਵਾਨ ਹਨ। ਚੀਨੀ, ਜਾਪਾਨੀ, ਮੈਕਸੀਕਨ, ਫ਼ਰਾਂਸੀਸੀ, ਭਾਰਤੀ, ਈਰਾਨੀ, ਅਰਬੀ ਅਨੇਕਾਂ ਪ੍ਰਕਾਰ ਦੇ ਭੋਜਨ ਤੁਹਾਡੀ ਉਡੀਕ ਵਿਚ ਹਨ।

ਮੈਨੂੰ ਪ੍ਰਤੀਤ ਹੁੰਦਾ ਹੈ ਕਿ ਹੋਟਲ ਦਾ ਕੰਮ ਅਮਰੀਕਾ ਦਾ ਸਭ ਤੋਂ ਵੱਡਾ ਕੰਮ ਹੈ। ਅਮਰੀਕਾ ਵਿਚ ਹੋਟਲ ਇਤਨੇ ਹਨ ਅਤੇ ਹਰ ਇਕ ਦੀ ਪਹੁੰਚ ਵਿਚ ਹਨ ਕਿ ਸ਼ਾਮ ਨੂੰ ਘਰ ਵਿਚ ਰਹਿਣ ਨੂੰ ਮਨ ਨਹੀਂ ਕਰਦਾ। ਇਵੇਂ ਨਾ ਕੇਵਲ ਲੱਖਾਂ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ, ਸਗੋਂ ਖਾਣ-ਪੀਣ ਵਾਲਿਆਂ ਲਈ ਵੀ ਸੌਦਾ ਬੱਚਤ ਵਾਲਾ ਹੈ।

ਬੇਵਕਤੇ ਕੰਮ ਤੋਂ ਮੁੜਦੇ ਲੋਕ ਪੱਕਿਆ-ਪਕਾਇਆ ਭੋਜਨ ਘਰ ਲੈ ਆਉਂਦੇ ਹਨ ਅਤੇ ਟੈਲੀਵਿਜ਼ਨ ਸਾਹਮਣੇ ਬਹਿ ਕੇ ਪੀਂਦੇ ਅਤੇ ਖਾਂਦੇ ਹਨ।

ਅਮਰੀਕਾ ਦੀ ਖਾਣ-ਪੀਣ ਦੀ ਸਫ਼ਾਈ, ਖਾਣ-ਪੀਣ ਦਾ ਸੱਸਤਾ ਹੋਣਾ ਅਤੇ ਅੰਤਾਂ ਦੀ ਵੰਨ-ਸੁਵੰਨਤਾ ਹੈਰਾਨ ਕਰਨ ਵਾਲੀ ਹੈ।

ਸਾਰਾ ਅਮਰੀਕਾ ਬੜਾ ਖਾਂਦਾ-ਪੀਂਦਾ ਹੈ, ਕਿਉਂਕਿ ਚੀਜ਼ਾਂ ਹੀ ਬੜੀਆਂ ਸੁਆਦ ਹੁੰਦੀਆਂ ਹਨ। ਮੈਂ ਸੋਚਦਾ ਹਾਂ ਕਿ ਭਾਰਤੀ ਨਾਰੀ ਰਸੋਈ ਦੀਆਂ ਨੀਹਾਂ ਵਿਚ ਹੀ ਚਿਣੀ ਜਾ ਰਹੀ ਹੈ ਅਤੇ ਫੁਲਕੇ ਬਣਾਉਣ ਦਾ ਅਮਲ, ਤਲਣ, ਭੁੰਨਣ ਅਤੇ ਤੜਕਣ ਦੀ ਕਾਰਵਾਈ ਵਿਚ ਹੀ ਉਸ ਦਾ ਜੀਵਨ ਲੰਘ ਜਾਂਦਾ ਹੈ।

ਕੁਵੈਤ, ਈਰਾਕ, ਈਰਾਨ ਆਦਿ ਵਿਚ ਫੁਲਕੇ ਜਾਂ ਨਾਨ ਬਣਾਉਣ ਦਾ ਕੰਮ ਬੇਕਰੀਆਂ ਨੇ ਸਾਂਭ ਲਿਆ ਹੈ।

ਅਮਰੀਕਾ ਵਿਚ ਭਾਰਤੀ ਘਰਾਂ ਵਿਚ ਮੈਂ ਬਾਜ਼ਾਰੋਂ ਲਿਆਂਦੇ ਫੁਲਕੇ ਖਾਧੇ ਹਨ, ਜਿਹੜੇ ਛੇ-ਛੇ ਮਹੀਨੇ ਖ਼ਰਾਬ ਨਹੀਂ ਹੁੰਦੇ।

ਮੇਰਾ ਵਿਸ਼ਵਾਸ ਹੈ ਕਿ ਭਾਰਤੀ ਨਾਰੀ ਉਦੋਂ ਹੀ ਉੱਨਤੀ ਕਰੇਗੀ, ਜਦੋਂ ਉਸ ਦੀ ਪੌਸ਼ਾਕ, ਯੋਰਪੀਨ ਪੌਸ਼ਾਕ ਵਾਂਗ ਚੁੱਸਤ ਅਤੇ ਉਸ ਦੀ ਰਸੋਈ ਅਮਰੀਕਨ ਰਸੋਈ ਵਾਂਗ ਫੁਰਤੀਲੀ ਹੋ ਜਾਵੇਗੀ।

ਜਿਸ ਦੌਰ ਵਿਚੋਂ ਅਸੀਂ ਲੰਘ ਰਹੇ ਹਾਂ ਉਸ ਦੌਰ ਵਿਚੋਂ ਯੋਰਪ ਅਤੇ ਅਮਰੀਕਾ ਲੰਘ ਚੁੱਕਿਆ ਹੈ। ਅਮਰੀਕਾ ਵਿਚ ਖਾਣ-ਪੀਣ ਦੀ ਭਰਮਾਰ ਹੈ। ਇਸੇ ਕਰਕੇ ਰੱਜ-ਰੱਜ ਕੇ ਖਾਣਾ ਅਤੇ ਭੱਜ-ਭੱਜ ਕੇ ਕੰਮ ਕਰਨਾ ਅਮਰੀਕੀ ਜੀਵਨ ਦਾ ਆਧਾਰ ਹੈ।

ਅਮਰੀਕਨਾਂ ਦੇ ਮਨੋਰੰਜਨ ਦੀ ਰਾਜਧਾਨੀ ਲਾਸ-ਵੇਗਾਸ ਹੈ, ਜਿਹੜਾ ਨਵੇਡਾ ਸੂਬੇ ਦੇ ਵਿਸ਼ਾਲ ਮਾਰੂਥਲ ਵਿਚ ਮ੍ਰਿਗ-ਤ੍ਰਿਸ਼ਨਾ ਵਾਂਗ ਹੈ।

ਇਹ ਭਾਰਤੀ ਦ੍ਰਿਸ਼ਟੀ ਤੋਂ, ਸੰਸਾਰ ਦੀ ਜੂਏ ਦੀ ਰਾਜਧਾਨੀ ਹੈ, ਜਿੱਥੇ ਪਹੁੰਚਣ ਲਈ ਸੰਸਾਰ ਦਾ ਹਰ ਜੂਏਬਾਜ਼ ਤਰਸ ਰਿਹਾ ਹੈ।

ਇਹ ਸਥਾਨ ਉਸ ਪ੍ਰਕਾਰ ਦੇ ਜੂਏ ਦਾ ਅੱਡਾ ਨਹੀਂ ਜਿਸ ਪ੍ਰਕਾਰ ਦਾ ਸੰਕਲਪ ਅਸੀਂ ਪਾਲਿਆ ਹੋਇਆ ਹੈ। ਇਹ ਜੂਆ ਘੱਟ ਅਤੇ ਮਨੋਰੰਜਨ ਵਧੇਰੇ ਹੈ ਅਤੇ ਸਭ ਕੁਝ ਇਤਨੀ ਸੁਚੱਜਤਾ ਅਤੇ ਈਮਾਨਦਾਰੀ ਨਾਲ ਕੀਤਾ ਜਾਂਦਾ ਹੈ ਕਿ ਇਹ ਜੂਆ ਨਹੀਂ ਸਗੋਂ ਸਲੀਕੇ ਵਾਲਾ ਵਪਾਰ ਹੀ ਪ੍ਰਤੀਤ ਹੁੰਦਾ ਹੈ।

ਇਤਨੀ ਚਮਕ-ਦਮਕ ਵਾਲੀ ਥਾਂ ਮੈਂ ਸੰਸਾਰ ਵਿਚ ਹੋਰ ਕਿਧਰੇ ਨਹੀਂ ਵੇਖੀ। ਲੋਕਾਂ ਦੀਆਂ ਜੇਬਾਂ ਵਿਚੋਂ ਜਿਸ ਸੌਖ ਨਾਲ ਇਥੇ ਪੈਸੇ ਕੱਢੇ ਜਾਂਦੇ ਹਨ ਅਤੇ ਜਿਸ ਸ਼ੌਕ ਨਾਲ ਪੈਸੇ ਜਿੱਤੇ-ਹਾਰੇ ਜਾਂਦੇ ਹਨ, ਉਹ ਮਨੁੱਖ ਦੀ ਸਮਝ ਲਈ ਇਕ ਵੰਗਾਰ ਹੈ।

ਮੈਂ ਕਹਿਣਾ ਚਾਹਵਾਂਗਾ ਕਿ ਇਥੋਂ ਦੇ ਅਨੇਕਾਂ ਜੂਏਬਾਜ਼ ਸਾਡੇ ਦੇਸ਼ ਦੇ ਅਖੌਤੀ ਸੰਤਾਂ ਨਾਲੋਂ ਵਧੇਰੇ ਈਮਾਨਦਾਰ ਅਤੇ ਸੱਚੇ ਹਨ।

ਨਵੇਡਾ ਸੂਬਾ ਇਕ ਵਿਸ਼ਾਲ ਮਾਰੂਥਲ ਹੈ। ਇਥੋਂ ਦੇ ਗਵਰਨਰ ਨੂੰ ਕਿਸੇ ਵੇਲੇ ਫੁਰਨਾ ਫੁਰਿਆ ਕਿ ਇਸ ਸੂਬੇ ਵਿਚ ਲੋਕ ਤਾਂ ਹੀ ਆਉਣਗੇ ਜੇ ਉਨ੍ਹਾਂ ਨੂੰ ਉਹ ਕੁਝ ਕਰਨ ਦੀ ਆਗਿਆ ਦਿੱਤੀ ਜਾਵੇ ਜਿਸ ਦੀ ਇੱਛਾ ਸਭ ਮਨੁੱਖਾਂ ਵਿਚ ਹੋਵੇ ਪਰ ਆਗਿਆ ਕਿਧਰੇ ਨਾ ਹੋਵੇ, ਸੋ ਉਸ ਦੀਆਂ ਕੋਸ਼ਿਸ਼ਾਂ ਨਾਲ ਇਸ ਸੂਬੇ ਵਿਚ ਜੂਏ ਨੂੰ ਕਾਨੂੰਨੀ ਮਾਨਤਾ ਮਿਲ ਗਈ। ਇਹ ਹੀ ਨਹੀਂ ਇੱਥੇ ਹਰ ਪੁੱਠੀ ਚੀਜ਼ ਕਰਨ ਦੀ ਸਿੱਧੀ ਆਗਿਆ ਹੈ।

ਇਥੇ ਵੇਸਵਾਵਾਂ ਦਾ ਧੰਦਾ ਵੀ ਕਾਨੂੰਨੀ ਪੱਖ ਤੋਂ ਦੂਜੇ ਧੰਦਿਆਂ ਵਾਂਗ ਪ੍ਰਵਾਨ ਹੈ। ਨੰਗੇ ਨਾਚ ਇਥੋਂ ਦੇ ਹੋਟਲਾਂ ਵਿਚ ਇਕ ਆਮ ਜਿਹੀ ਗੱਲ ਹਨ। ਇਸ ਸਭ ਕੁਝ ਨੂੰ ਇਤਨਾ ਮਨਮੋਹਣਾ ਬਣਾ ਦਿੱਤਾ ਗਿਆ ਹੈ ਕਿ ਸਾਧੂ-ਸੰਤ ਵੀ ਡੋਲ ਜਾਣ। ਸਾਡੇ ਅਰਥਾਂ ਵਿਚ ਇਹ ਜੂਆ ਹੈ ਪਰ ਉਨ੍ਹਾਂ ਲਈ ਮਨੋਰੰਜਨ ਹੈ। ਸਥਿਤੀ ਲਗਪਗ ਲਾਟਰੀ ਪਾਉਣ ਵਾਂਗ ਹੈ। ਕਿਸੇ ਨੂੰ ਲੁਟਿਆ ਨਹੀਂ ਜਾਂਦਾ। ਇੱਥੇ ਹੋਰ ਵੀ ਸਹੂਲਤਾਂ ਹਨ। ਕੋਈ ਵੀ ਜੋੜਾ ਪੰਝੀ ਡਾਲਰ ਫੀਸ ਭਰ ਕੇ ਵਿਆਹ ਕਰ ਸਕਦਾ ਹੈ ਅਤੇ ਇਤਨੀ ਹੀ ਫ਼ੀਸ ਨਾਲ ਤਲਾਕ ਲੈ ਸਕਦਾ ਹੈ। ਇਸ ਕੰਮ ਨੂੰ ਕੇਵਲ ਪੰਜ ਮਿੰਟ ਲਗਦੇ ਹਨ ਅਤੇ ਹੋਟਲਾਂ ਵਿਚ ਹੀ ਦਫ਼ਤਰ ਅਤੇ ਗਿਰਜੇ ਬਣੇ ਹੋਏ ਹਨ।

ਦੂਰ-ਦੂਰ ਤੋਂ ਲੋਕਾਂ ਨੂੰ ਲਿਆਉਣ ਦਾ ਬੜਾ ਵਧੀਆ ਪ੍ਰਬੰਧ ਹੈ। ਜੇ ਬਸ ਦਾ ਕਿਰਾਇਆ ਪੰਜਾਹ ਡਾਲਰ ਹੈ ਤਾਂ ਤੁਹਾਨੂੰ ਕੇਵਲ ਪੰਜ ਡਾਲਰ ਵਿਚ ਇੱਥੇ ਲਿਆਂਦਾ ਜਾਵੇਗਾ। ਉਹ ਆਪਣੇ ਕੋਲੋਂ ਤੁਹਾਨੂੰ ਜੂਆ ਖੇਡਣ ਲਈ ਦਸ ਡਾਲਰ ਦੇਣਗੇ, ਪੰਜ ਡਾਲਰ ਦਾ ਖਾਣੇ ਦਾ ਕੂਪਨ ਵੀ ਮੁਫ਼ਤ ਮਿਲੇਗਾ। ਉਹ ਜਾਣਦੇ ਹਨ ਕਿ ਜਾਣ ਤੋਂ ਪਹਿਲਾਂ ਤੁਸੀਂ ਆਪਣੇ ਵੀ ਸਾਰੇ ਪੈਸੇ ਖ਼ਰਚ ਜਾਣੇ ਹਨ।

ਖਾਣੇ ਵਿਚ ਜੋ ਕੁਝ ਮਿਲਦਾ ਹੈ ਉਹ ਹੈਦਰਾਬਾਦ ਦੇ ਨਵਾਬ ਨੇ ਵੀ ਕਦੀ ਨਹੀਂ ਖਾਧਾ ਹੋਣਾ। ਉਹ ਮਨੁੱਖੀ ਬਿਰਤੀ ਨੂੰ ਜਾਣਦੇ ਹਨ, ਅਮਰੀਕਨ, ਮਨੁੱਖ ਅੰਦਰ ਛੁਪੇ ਹੋਏ ਜੂਏਬਾਜ਼ ਨੂੰ ਪਛਾਣਦੇ ਹਨ ਅਤੇ ਉਸ ਨੂੰ ਜਗਾਉਂਦੇ ਹਨ।

ਲਾਸ-ਵੇਗਾਸ ਲਗਭਗ ਛੇ ਲੱਖ ਦੀ ਆਬਾਦੀ ਵਾਲਾ ਸ਼ਹਿਰ ਹੈ।

ਜੰਗਲ ਵਿਚ ਮੰਗਲ ਤਾਂ ਤੁਸੀਂ ਸੁਣਿਆ ਹੋਵੇਗਾ ਪਰ ਮਾਰੂਥਲ ਵਿਚ ਸਵਰਗ ਇੱਥੇ ਹੀ ਉਸਰਿਆ ਹੋਇਆ ਹੈ।

ਇਥੋਂ ਦੀ ਯੂਨੀਵਰਸਿਟੀ ਵਿਚ ਜੂਆ ਖਿਡਾਉਣ ਦਾ ਚਾਰ ਸਾਲ ਦਾ ਕੋਰਸ ਹੈ। ਜੂਆ ਖੇਡਣ ਵਾਲਿਆਂ ਲਈ ਵੀ ਕੋਰਸ ਹਨ। ਜੂਏ ਵਿਚ ਖੇਡੇ ਜਾਣ ਵਾਲੇ ਹਰ ਸੌ ਡਾਲਰ ਵਿਚੋਂ ਸਤਾਨਵੇਂ ਡਾਲਰ ਵਾਪਸ ਕੀਤੇ ਜਾਂਦੇ ਹਨ ਪਰ ਕਿਉਂਕਿ ਕਰੋੜਾਂ ਰੁਪਏ ਦਾ ਜੂਆ ਖੇਡਿਆ ਜਾਂਦਾ ਹੈ, ਨਫ਼ਾ ਲੱਖਾਂ ਤੱਕ ਪੁੱਜਦਾ ਹੈ। ਕੋਈ ਝਗੜਾ ਨਹੀਂ, ਕੋਈ ਤਕਰਾਰ ਨਹੀਂ, ਸਭ ਕੁਝ ਸਾਫ਼-ਸੁਥਰਾ ਅਤੇ ਸਪੱਸ਼ਟ ਹੈ।

ਇਥੋਂ ਦੇ ਇਕ-ਇਕ ਹੋਟਲ ਵਿਚ ਦਸ-ਦਸ ਹਜ਼ਾਰ ਵਿਅਕਤੀ ਭਾਂਤ-ਭਾਂਤ ਦਾ ਜੂਆ ਖੇਡਦੇ ਹਨ। ਖਿਡਾਉਣ ਦਾ ਕੰਮ ਆਮ ਕਰਕੇ ਇਸਤਰੀਆਂ ਕਰਦੀਆਂ ਹਨ। ਸੰਸਾਰ

ਵਿਚ ਜੂਏ ਦੀਆਂ ਜਿਤਨੀਆਂ ਪ੍ਰਸਿੱਧ ਕਿਸਮਾਂ ਹਨ, ਉਹ ਇੱਥੇ ਖੇਡੀਆਂ ਜਾਂਦੀਆਂ ਹਨ। ਇੱਥੇ ਜੂਆ ਖਿਡਾਰੀਆਂ ਨੂੰ ਲੁੱਟਣ ਵਾਂਗ ਨਹੀਂ ਖੇਡਿਆ ਜਾਂਦਾ, ਉਨ੍ਹਾਂ ਨੂੰ ਜਿਤਾਉਣ ਦੀ ਭਾਵਨਾ ਨਾਲ ਖਿਡਾਇਆ ਜਾਂਦਾ ਹੈ।

ਜੂਆ ਖੇਡਦਿਆਂ ਪੀਣ ਵਾਲੀ ਹਰ ਚੀਜ਼ ਮੁਫ਼ਤ ਹੈ ਅਤੇ ਇਥੇ ਸਭ ਕੁਝ ਇਤਨਾ ਦਿਲ-ਲਭਾਉਣਾ ਹੈ ਕਿ ਹਾਰਨ ਵਾਲੇ ਅਤੇ ਜਿੱਤਣ ਵਾਲੇ ਦੋਵੇਂ ਇਕੋ ਪ੍ਰਕਾਰ ਦੀ ਖੁਸ਼ੀ ਅਨੁਭਵ ਕਰਦੇ ਹਨ।

ਬਹੁਤੇ ਵਿਅਕਤੀ ਜਿੱਤ ਕੇ ਹੀ ਜਾਂਦੇ ਹਨ। ਹਰ ਇਕ ਵਿਅਕਤੀ ਇਕ ਵਾਰੀ ਜਿੱਤਦਾ ਜ਼ਰੂਰ ਹੈ ਪਰ ਹੋਰ ਜਿੱਤਣ ਦੀ ਲਾਲਸਾ ਅਧੀਨ ਉਹ ਖੇਡਦਾ ਰਹਿੰਦਾ ਹੈ। ਮੈਂ ਆਪ ਜਦੋਂ ਹਜ਼ਾਰਾਂ ਲੋਕਾਂ ਨੂੰ ਖੇਡਦੇ ਵੇਖਿਆ ਤਾਂ ਪੰਜ ਡਾਲਰ ਦੇ ਸਿੱਕੇ ਲੈ ਕੇ ਖੇਡਣਾ ਸ਼ੁਰੂ ਕੀਤਾ ਅਤੇ ਲਗਭਗ ਚਾਰ ਘੰਟੇ ਖੇਡਣ ਉਪਰੰਤ ਸੋਲ੍ਹਾਂ ਡਾਲਰ ਜਿੱਤ ਗਿਆ। ਮੈਂ ਹਿੰਦੁਸਤਾਨੀ ਸਾਂ, ਸੋ ਹੋਰ ਨਾ ਖੇਡਿਆ।

ਇਥੇ ਬਹੁਤਾ ਜੂਆ ਵੀ ਮਸ਼ੀਨਾਂ ਨਾਲ ਖੇਡਿਆ ਜਾਂਦਾ ਹੈ ਪਰ ਵੱਡੀਆਂ ਰਕਮਾਂ ਵਾਲਾ ਜੂਆ ਮੇਜ਼ ਦੁਆਲੇ ਬੈਠ ਕੇ ਖਿਡਾਇਆ ਜਾਂਦਾ ਹੈ।

ਇਸ ਸ਼ਹਿਰ ਵਿਚ ਮਨੁੱਖ ਦੀ ਸਿਰਜਣਾਤਮਕ ਸ਼ਕਤੀ ਅਤੇ ਸਮਰੱਥਾ ਵੇਖਣ ਵਾਲੀ ਹੈ। ਕਈ ਜੂਏਬਾਜ਼ ਇੱਥੇ ਆਏ ਅਤੇ ਇੱਥੇ ਹੀ ਵੱਸ ਗਏ। ਤੁਹਾਡੇ ਕੋਲ ਪੈਸਾ ਹੋਣਾ ਚਾਹੀਦਾ ਹੈ, ਕੁਝ ਵੀ ਤੁਹਾਡੀ ਪਹੁੰਚ ਤੋਂ ਬਾਹਰ ਨਹੀਂ ਰਹੇਗਾ।

ਇੱਥੇ ਲੋਕ ਦਿਨੇ ਸੌਂਦੇ ਹਨ ਅਤੇ ਸ਼ਾਮ ਨੂੰ ਘਰੋਂ ਬਾਹਰ ਨਿਕਲਦੇ ਹਨ। ਬਿਜਲੀ ਦੀ ਜਿਹੜੀ ਚਕਾਚੌਂਧ ਇੱਥੇ ਵੇਖਣ ਨੂੰ ਮਿਲੀ, ਉਹ ਨਾ ਨਿਊਯਾਰਕ ਸੀ ਨਾ ਹੀ ਵਾਸ਼ਿੰਗਟਨ, ਨਾ ਲੰਦਨ ਨਾ ਪੈਰਿਸ।

ਇੱਥੇ ਹੋਟਲ ਇਤਨੇ ਵੱਡੇ ਹਨ ਕਿ ਵੀਹ-ਵੀਹ ਹਜ਼ਾਰ ਵਿਅਕਤੀ ਇਕ ਹੀ ਹੋਟਲ ਵਿਚ ਰਹਿ ਸਕਦੇ ਹਨ। ਬਹੁਤੀ ਭੀੜ ਛੁੱਟੀਆਂ ਵਾਲੇ ਦਿਨ ਹੁੰਦੀ ਹੈ ਪਰ ਹੋਟਲ ਸਾਰਾ ਹਫ਼ਤਾ ਭਰੇ ਹੀ ਰਹਿੰਦੇ ਹਨ। ਇਹ ਨਿਰੰਤਰ ਚਲਦੇ ਮੇਲੇ ਦਾ ਸ਼ਹਿਰ ਹੈ।

ਇਸ ਸ਼ਹਿਰ ਵਿਚ ਵਿਚਰਦਿਆਂ ਪੁੰਨ-ਪਾਪ, ਨੇਕੀ-ਬਦੀ ਆਦਿ ਸਭ ਸੰਕਲਪ ਅਰਥ ਗੁਆ ਬੈਠਦੇ ਹਨ।

ਭਾਵੇਂ ਇਹ ਜੂਏ ਦਾ ਸ਼ਹਿਰ ਹੈ ਪਰ ਲੋਕ ਇਤਨੇ ਸ਼ਰੀਫ਼ ਅਤੇ ਸਲੀਕੇ ਵਾਲੇ ਹਨ ਕਿ ਸਭ ਕੁਝ ਚੰਗਾ-ਚੰਗਾ ਅਤੇ ਸੋਹਣਾ-ਸੋਹਣਾ ਪ੍ਰਤੀਤ ਹੁੰਦਾ ਹੈ।

ਇਥੋਂ ਦੇ ਹੋਟਲਾਂ ਵਿਚ ਵੇਖੇ ਨਾਚ ਅਤੇ ਮਨੋਰੰਜਨ ਦੇ ਸਾਰੇ ਪ੍ਰਬੰਧ ਜੀਵਨ ਭਰ ਯਾਦ ਰਹਿਣ ਵਾਲੇ ਅਨੁਭਵ ਹੁੰਦੇ ਹਨ।

ਇੱਥੇ ਵਿਚਰਦਿਆਂ ਇੰਜ ਲੱਗਦਾ ਹੈ ਜਿਵੇਂ ਪਰੀਆਂ ਦੇ ਦੇਸ਼ ਵਿਚੋਂ ਲੰਘ ਰਹੇ ਹੋਈਏ। ਇਸ ਸ਼ਹਿਰ ਦੀ ਖ਼ੂਬੀ ਇਹ ਹੈ ਕਿ ਇੱਥੇ ਤੁਹਾਨੂੰ ਦੁਨੀਆਂ ਦੇ ਹਰ ਦੇਸ਼ ਦਾ ਵਿਅਕਤੀ

ਮਿਲ ਜਾਵੇਗਾ। ਅਸੀਂ ਇਕ ਸੜਕ ਉੱਤੇ ਜਾ ਰਹੇ ਸਾਂ ਕਿ ਪਿੱਛੋਂ ਕਿਸੇ ਨੇ ਪੰਜਾਬੀ ਵਿਚ ਆਵਾਜ਼ ਮਾਰੀ, ਇਹ ਲੁਧਿਆਣੇ ਦਾ ਇਕ ਪਹਿਲਵਾਨ ਸੀ, ਜਿਹੜਾ ਉੱਥੇ ਟੈਕਸੀ ਚਲਾਉਂਦਾ ਸੀ। ਉਸ ਸਾਨੂੰ ਮੁਫ਼ਤ ਸਵਾਰੀ ਦੀ ਪੇਸ਼ਕਸ਼ ਕੀਤੀ ਪਰ ਇਸ ਸ਼ਹਿਰ ਵਿਚ ਟੈਕਸੀ ਵਿਚ ਉਹੀ ਲੋਕ ਬੈਠਦੇ ਹਨ, ਜਿਨ੍ਹਾਂ ਨੂੰ ਕਾਹਲ ਹੋਵੇ, ਸਾਨੂੰ ਕਾਹਲ ਨਹੀਂ ਸੀ।

ਅਸੀਂ ਉਸ ਦੀ ਸੁਖਸਾਂਦ ਪੁੱਛੀ। ਉਸ ਨੇ ਆਪਣੀ ਚਿੰਤਾ ਪ੍ਰਗਟਾਈ ਕਿ ਉਸ ਦੇ ਬੱਚੇ ਵੱਡੇ ਹੋ ਰਹੇ ਸਨ, ਸੋ ਉਹ ਉਨ੍ਹਾਂ ਦੇ ਜਵਾਨ ਹੋਣ ਤੋਂ ਪਹਿਲਾਂ ਹੀ ਉੱਥੋਂ ਚਲੇ ਜਾਣਾ ਚਾਹੁੰਦਾ ਸੀ, ਪਰ ਇਹ ਸ਼ਹਿਰ ਅਜਿਹਾ ਹੈ ਕਿ ਇਥੇ ਜਿਹੜਾ ਇਕ ਵਾਰੀ ਟਿਕ ਗਿਆ, ਉਹ ਭਾਗਾਂ ਨਾਲ ਹੀ ਨਿਕਲਦਾ ਹੈ।

ਇਸ ਸ਼ਹਿਰ ਵਿਚ ਕੰਮਾਂ ਦੀ ਭਰਮਾਰ ਹੈ ਅਤੇ ਮਾਇਆ ਦਾ ਆਦਾਨ-ਪ੍ਰਦਾਨ ਜਿਸ ਤੇਜ਼ੀ ਨਾਲ ਇੱਥੇ ਹੁੰਦਾ ਹੈ, ਹੋਰ ਕਿਧਰੇ ਵੀ ਨਹੀਂ ਹੁੰਦਾ।

ਅਸੀਂ ਤਿੰਨ ਦਿਨ, ਲੱਖਾਂ ਦੀ ਭੀੜ ਵਾਲੇ ਇਸ ਸ਼ਹਿਰ ਵਿਚ ਰਹੇ ਪਰ ਪੁਲੀਸ ਦਾ ਇਕ ਵੀ ਸਿਪਾਹੀ ਕਿਧਰੇ ਨਹੀਂ ਦਿਸਿਆ।

ਜੂਏਬਾਜ਼ਾਂ ਦੀ ਸ਼ਰਾਫ਼ਤ ਹੈਰਾਨ ਕਰਨ ਵਾਲੀ ਸੀ।

ਜੇ ਮੈਨੂੰ ਕੋਈ ਪੁੱਛੇ ਅਮਰੀਕਾ ਦਾ ਸਭ ਤੋਂ ਵੱਡਾ ਉਦਯੋਗ ਕਿਹੜਾ ਹੈ ਤਾਂ ਮੈਂ ਕਹਾਂਗਾ, ਮਨੋਰੰਜਨ। ਅਮਰੀਕਨਾਂ ਦੇ ਮਨੋਰੰਜਨ ਦੇ ਸਥਾਨ ਅਸਲ ਵਿਚ ਧਰਤੀ ਉੱਤੇ ਉਸਾਰੇ ਸੁਪਨੇ ਹਨ, ਜਿਹੜੇ ਬੜੀ ਸੂਝ-ਸਮਝ ਨਾਲ ਉਸਾਰੇ ਗਏ ਹਨ।

ਅਮਰੀਕਨ ਸੰਸਾਰ ਦੇ ਸਭ ਤੋਂ ਵੱਡੇ ਸੁਪਨਸਾਜ਼ ਹਨ। ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਜੋ ਕੁਝ ਵੀ ਕਰਨਗੇ, ਉਸ ਦੀ ਦੁਨੀਆਂ ਭਰ ਵਿਚ ਨਕਲ ਕੀਤੀ ਜਾਵੇਗੀ।

ਮੈਂ ਆਪ ਸਮਾਜਵਾਦ ਦਾ ਹਾਮੀ ਹਾਂ ਪਰ ਮਨੋਰੰਜਨ ਅਤੇ ਜੀਵਨ ਮਾਣਨ ਦੇ ਪੱਖੋਂ ਮੈਂ ਅਮਰੀਕਾ ਦਾ ਮਤਵਾਲਾ ਹਾਂ।

ਸਮਾਜਵਾਦੀਆਂ ਲਈ ਅਮਰੀਕਾ ਦੁਸ਼ਮਣ ਹੈ ਪਰ ਦੁਸ਼ਮਣ ਵੀ ਜਦੋਂ ਕੋਈ ਚੰਗਾ ਕੰਮ ਕਰੇ, ਉਸ ਦੀ ਪ੍ਰਸੰਸਾ ਕਰਨ ਦੀ ਦਲੇਰੀ ਹੋਣੀ ਚਾਹੀਦੀ ਹੈ।

ਅਮਰੀਕਾ ਸੁਪਨੇ ਸਿਰਜਦਾ ਹੀ ਨਹੀਂ, ਸੁਪਨੇ ਵੇਚਦਾ ਵੀ ਹੈ।

ਅਮਰੀਕਾ ਵਿਚ ਵਸਦੇ ਪੰਜਾਬੀ

ਮੈਂ ਵੀ ਸੁਣਿਆ ਹੋਇਆ ਸੀ ਕਿ ਪੰਜਾਬੀ ਅਤੇ ਆਲੂ ਦੁਨੀਆਂ ਦੇ ਹਰ ਹਿੱਸੇ ਵਿਚ ਮਿਲਦੇ ਹਨ। ਇਸੇ ਭਰਮ ਭਰੀ ਭਾਵਨਾ ਅਧੀਨ ਮੈਂ ਸੋਚਦਾ ਸਾਂ ਕਿ ਜਦੋਂ ਅਮਰੀਕਾ ਦੇ ਅੱਡੇ 'ਤੇ ਮੇਰਾ ਜਹਾਜ਼ ਉਤਰੇਗਾ ਤਾਂ ਉੱਥੇ ਪੰਜਾਬੀਆਂ ਦੀ ਗਿਣਤੀ ਇਤਨੀ ਕੁ ਹੋਵੇਗੀ, ਜਿਤਨੀ ਲੁਧਿਆਣੇ ਦੇ ਸਟੇਸ਼ਨ ਤੇ ਹੁੰਦੀ ਹੈ ਪਰ ਅਜਿਹਾ ਕੁਝ ਵੀ ਨਾ ਵਾਪਰਿਆ।

ਅਮਰੀਕਾ ਵਿਚ ਸਭ ਧਰਮਾਂ ਦੇ ਭਾਰਤੀਆਂ ਨੇ ਆਪਣੇ-ਆਪਣੇ ਧਾਰਮਿਕ ਸਥਾਨ ਬਣਾਏ ਹੋਏ ਹਨ, ਜਿੱਥੇ ਉਹ ਅਕਸਰ ਮਿਲਦੇ ਹਨ ਅਤੇ ਲੜਦੇ-ਝਗੜਦੇ ਹਨ।

ਪੰਜਾਬੀਆਂ ਦੇ ਧਾਰਮਿਕ ਸਥਾਨ ਸ਼ਰਧਾ ਦੇ ਘੱਟ ਅਤੇ ਸਾੜੇ-ਈਰਖਾ ਅਤੇ ਲੜਾਈ-ਝਗੜੇ ਦੇ ਵੱਧ ਸਥਾਨ ਹਨ। ਪੰਜਾਬੀਆਂ ਦੀ ਭਰਮਾਰ ਇਨ੍ਹਾਂ ਥਾਂਵਾਂ ਤੇ ਹੀ ਹੁੰਦੀ ਹੈ ਅਤੇ ਹੋਰ ਥਾਂਵਾਂ ਉੱਤੇ ਉਹ ਦਿਖਾਈ ਹੀ ਨਹੀਂ ਦਿੰਦੇ।

ਭਾਵੇਂ ਪੰਜਾਬੀ ਸੌ ਤੋਂ ਵੱਧ ਦੇਸ਼ਾਂ ਵਿਚ ਜਾ ਵੱਸੇ ਹਨ ਪਰ ਉਨ੍ਹਾਂ ਦੇ ਮਨ-ਭਾਉਂਦੇ ਟਿਕਾਣੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਹਨ, ਸੋ ਇਨ੍ਹਾਂ ਦੇਸ਼ਾਂ ਵਿਚ ਹੀ ਉਨ੍ਹਾਂ ਨੇ ਵਧੇਰੇ ਸਮੱਸਿਆਵਾਂ ਦਾ ਸਾਮ੍ਹਣਾ ਕੀਤਾ ਹੈ ਅਤੇ ਵਧੇਰੇ ਝਗੜੇ ਵੀ ਪੈਦਾ ਕੀਤੇ ਹਨ।

ਪੰਜਾਬੀ ਥਾਈਲੈਂਡ, ਮਲਾਇਆ, ਸਿੰਘਾਪੁਰ, ਕੀਨੀਆ, ਹਾਲੈਂਡ, ਆਸਟਰੇਲੀਆ, ਸਵਿਟਜ਼ਰਲੈਂਡ, ਸਵੀਡਨ, ਡੈਨਮਾਰਕ ਆਦਿ ਵਿਚ ਵੀ ਹਨ ਪਰ ਇਨ੍ਹਾਂ ਦੇਸ਼ਾਂ ਵਿਚ ਇੱਕ ਤਾਂ ਉਨ੍ਹਾਂ ਦੀ ਗਿਣਤੀ ਵਰਣਨਯੋਗ ਨਹੀਂ, ਦੂਜੇ ਉਹ ਮਾਨਸਿਕ ਤੌਰ ਉੱਤੇ ਵਧੇਰੇ ਸੰਤੁਸ਼ਟ ਅਤੇ ਚੁੱਪ ਹਨ।

ਅਮੀਰ ਪੰਜਾਬੀਆਂ ਦੀ ਗਿਣਤੀ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ ਹੀ ਕੀਤੀ ਜਾ ਸਕਦੀ ਹੈ।

ਆਰੰਭ ਵਿਚ ਪੰਜਾਬੀ ਰੋਜ਼ਗਾਰ ਦੀ ਭਾਲ ਵਿਚ ਇਨ੍ਹਾਂ ਦੇਸ਼ਾਂ ਵਿਚ ਅਪੜੇ ਸਨ ਅਤੇ ਉਨ੍ਹਾਂ ਨੇ ਫੌਲਾਦ ਦੀਆਂ ਫੈਕਟਰੀਆਂ ਅਤੇ ਖੇਤਾਂ ਵਿਚ ਸਖ਼ਤ ਮਿਹਨਤ ਦੇ ਕੰਮਾਂ ਨੂੰ ਕਬੂਲਿਆ, ਫੇਰੀਆਂ ਲਾਈਆਂ, ਘਰ-ਘਰ ਜਾ ਕੇ ਚੀਜ਼ਾਂ ਵੇਚੀਆਂ ਸਨ ਅਤੇ ਹੌਲੀ-ਹੌਲੀ ਹੋਰ ਕਿੱਤਿਆਂ ਵਿਚ ਪ੍ਰਵੇਸ਼ ਕੀਤਾ ਸੀ।

ਦੁਨੀਆਂ ਭਰ ਵਿਚ ਫੈਲੇ ਹੋਣ ਦੇ ਪੱਖੋਂ, ਮੈਨੂੰ ਚੀਨੀ ਵਧੇਰੇ ਸਫਲ ਪ੍ਰਤੀਤ ਹੋਏ ਹਨ। ਉਹ ਰੇਲ ਦੀਆਂ ਲਾਈਨਾਂ ਵਿਛਾਉਣ ਵਾਲੇ ਅਤੇ ਰਸੋਈਏ ਬਣ ਕੇ ਵਿਦੇਸ਼ਾਂ ਵਿਚ ਗਏ ਅਤੇ ਆਪਣੇ ਸਾਊ ਸੁਭਾਅ, ਮਿਹਨਤੀ ਬਿਰਤੀ, ਸਫ਼ਾਈ ਦੀ ਆਦਤ ਸਦਕਾ ਜਿਥੇ ਵੀ ਗਏ, ਉਥੇ ਹੀ ਸਫ਼ਲ ਹੋਏ ਅਤੇ ਉਨ੍ਹਾਂ ਨੇ ਆਪਣੇ ਵੱਖਰੇ ਚੀਨੀ ਨਗਰ ਵਸਾ ਲਏ ।

ਚੀਨੀਆਂ ਦਾ ਸੰਸਾਰ ਵਿਚ ਸਭ ਥਾਂਵਾਂ 'ਤੇ ਸਤਿਕਾਰ ਹੈ ਪਰ ਝਗੜਾਲੂ ਪੰਜਾਬੀ ਲਗਭਗ ਸਭਨੀਂ ਥਾਂਈਂ ਬਦਨਾਮ ਹਨ।

ਜਦੋਂ ਵਿਦੇਸ਼ਾਂ ਵਿਚ ਗਏ ਪੰਜਾਬੀ ਪੌਂਡਾਂ ਅਤੇ ਡਾਲਰਾਂ ਨੂੰ ਰੁਪਇਆਂ ਨਾਲ ਜ਼ਰਬ ਕਰਦੇ ਹਨ ਤਾਂ ਉਨ੍ਹਾਂ ਨੂੰ ਬੱਚਪਨ ਵਿਚ ਯਾਦ ਕੀਤੇ ਪਹਾੜੇ ਹੀ ਸਭ ਤੋਂ ਵੱਧ ਲਾਭਕਾਰੀ ਗਿਆਨ ਪ੍ਰਤੀਤ ਹੁੰਦਾ ਹੈ, ਕਿਉਂਕਿ ਇਵੇਂ ਪੌਂਡਾਂ ਅਤੇ ਡਾਲਰਾਂ ਨੂੰ ਰੁਪਿਆਂ ਵਿਚ ਵਟਾ ਕੇ ਉਨ੍ਹਾਂ ਨੂੰ ਆਪਣੇ ਅਮੀਰ ਹੋਣ ਦਾ ਅਹਿਸਾਸ ਹੁੰਦਾ ਹੈ, ਜਦੋਂ ਕਿ ਸਥਾਨਕ ਲੋਕਾਂ ਦੀ ਹਾਲਤ ਨਾਲ ਆਪਣਾ ਟਾਕਰਾ ਕਰਕੇ ਉਨ੍ਹਾਂ ਨੂੰ ਆਪਣੀ ਗਰੀਬੀ ਦਾ ਹੀ ਅਹਿਸਾਸ ਨਹੀਂ ਹੁੰਦਾ ਸਗੋਂ ਇਹ ਅਹਿਸਾਸ ਵੀ ਹੁੰਦਾ ਹੈ ਕਿ ਅੰਗਰੇਜ਼ਾਂ ਅਤੇ ਅਮਰੀਕਨਾਂ ਦੀ ਨਜ਼ਰ ਵਿਚ ਉਹ ਮਾਮੂਲੀ ਕਾਮੇ ਹੀ ਹਨ ਅਤੇ ਉਹ ਆਪਣੇ ਝਗੜਾਲੂ ਸੁਭਾਅ, ਸਫ਼ਾਈ ਦੀ ਘਾਟ ਆਦਿ ਕਾਰਨ ਉਨ੍ਹਾਂ ਦੀ ਨਫ਼ਰਤ ਦਾ ਸ਼ਿਕਾਰ ਵੀ ਹਨ। ਉਹ ਲੋਕ ਸਾਨੂੰ ਗੁਲਾਮ ਹਬਸ਼ੀਆਂ ਨਾਲ ਹੀ ਜੋੜਦੇ ਹਨ। ਅਸੀਂ ਜਿਤਨਾ ਮਰਜ਼ੀ ਰੋਸ ਪ੍ਰਗਟਾਈਏ, ਉਨ੍ਹਾਂ ਦੀ ਸੋਚ ਅਸੀਂ ਨਹੀਂ ਬਦਲ ਸਕਦੇ।

ਇੰਗਲੈਂਡ ਵਿਚ ਕਈ ਪੰਜਾਬੀਆਂ ਨੂੰ ਵੇਖ ਕੇ ਮੈਨੂੰ ਇੰਜ ਲਗਦਾ ਹੈ, ਜਿਵੇਂ ਉਹ ਭਾਰਤ ਵਿੱਚ ਅੰਗਰੇਜ਼ਾਂ ਦੀ ਲੰਮੀ ਗੁਲਾਮੀ ਤੋਂ ਅੱਕੇ ਨਹੀਂ ਸਨ ਅਤੇ ਉਨ੍ਹਾਂ ਦੀ ਹੋਰ ਗੁਲਾਮੀ ਕਰਨ ਲਈ ਉਹ, ਉਨ੍ਹਾਂ ਦੇ ਹੀ ਦੇਸ਼ ਜਾ ਪਹੁੰਚੇ ਹਨ।

ਉਨ੍ਹਾਂ ਦੀ ਹਾਲਤ ਉਨ੍ਹਾਂ ਪੰਜਾਬੀ ਫੌਜੀਆਂ ਵਾਲੀ ਹੋਈ ਹੈ, ਜਿਹੜੇ ਮਹਾਰਾਜਾ ਰਣਜੀਤ ਸਿੰਘ ਉਪਰੰਤ ਅੰਗਰੇਜ਼ੀ ਫੌਜਾਂ ਉੱਤੇ ਇਸ ਇੱਛਾ ਨਾਲ ਹਮਲਾ ਕਰਨ ਗਏ ਸਨ ਕਿ ਉਹ ਅੰਗਰੇਜ਼ਾਂ ਨੂੰ ਮਾਰ ਕੇ ਉਨ੍ਹਾਂ ਦੀਆਂ ਮੇਮਾਂ ਚੁੱਕ ਲਿਆਉਣਗੇ।

ਵਿਦੇਸ਼ਾਂ ਵਿਚ ਕਮਾਏ ਪੈਸੇ ਨਾਲ ਪੰਜਾਬੀ, ਪੰਜਾਬ ਵਿਚ ਹੋਰ ਜ਼ਮੀਨਾਂ ਖਰੀਦਣ ਲੱਗੇ ਅਤੇ ਪੰਜਾਬ ਦੀਆਂ ਜ਼ਮੀਨਾਂ ਦੇ ਭਾਅ ਵੱਧ ਗਏ। ਜਵਾਨ ਉਧਰ ਟੁਰ ਗਏ, ਬੁੱਢੇ ਮਾਪੇ, ਪੁੱਤਰਾਂ ਨੂੰ ਉਡੀਕਦੇ ਮੁੱਕ ਗਏ, ਘਰਾਂ ਨੂੰ ਅਜਿਹੇ ਤਾਲੇ ਲੱਗੇ ਕਿ ਕਦੀ ਨਾ ਖੁੱਲ੍ਹੇ ਅਤੇ ਜ਼ਮੀਨਾਂ ਬਿਗ਼ਾਨਿਆਂ ਦੇ ਵੱਸ ਪੈ ਗਈਆਂ ਅਤੇ ਉਨ੍ਹਾਂ ਦਾ ਵਿਦੇਸ਼ਾਂ ਵਿੱਚ ਕਮਾਇਆ ਧਨ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਰੁੜ੍ਹ ਗਿਆ।

ਇਨ੍ਹਾਂ ਵਰਤਾਰਿਆਂ ਵਿਚੋਂ ਉਪਜੀ ਉਦਾਸੀ ਅਤੇ ਮਾਯੂਸੀ ਨੇ ਉਨ੍ਹਾਂ ਨੂੰ ਸ਼ਰਾਬੀ ਬਣਾਇਆ, ਉਹ ਵਸਤਾਂ ਵਿਚੋਂ ਤਸੱਲੀ ਭਾਲਣ ਲੱਗੇ ਅਤੇ ਅੰਦਰੋਂ ਟੁੱਟਦੇ ਗਏ। ਉਨ੍ਹਾਂ ਦੀ ਹਾਲਤ ਇਸ ਕਰਕੇ ਵੀ ਤਰਸਯੋਗ ਸੀ ਕਿ ਉਹ ਸੋਚ ਦੇ ਪੱਖੋਂ ਪੂੰਜੀਵਾਦ ਦੇ ਵਿਰੋਧੀ ਸਨ ਪਰ ਵਿਹਾਰ ਦੇ ਪੱਖੋਂ ਉਸ ਦੇ ਪ੍ਰਸੰਸਕ ਸਨ।

ਉਨ੍ਹਾਂ ਨੇ ਤਲਵਾਰ ਵਾਲੇ ਹੱਥ ਵਿਚ ਢਾਲ ਅਤੇ ਢਾਲ ਵਾਲੇ ਹੱਥ ਵਿਚ ਤਲਵਾਰ ਫੜੀ ਹੋਈ ਹੈ, ਜਿਸ ਕਾਰਨ ਉਹ ਹਾਰੇ ਹੋਏ ਜੈਕਾਰੇ ਮਾਰਨ ਵਾਲੇ ਸੂਰਮੇ ਹਨ।

ਇਨ੍ਹਾਂ ਪੰਜਾਬੀਆਂ ਦੀ ਹਾਲਤ ਉਸ ਵਿਅਕਤੀ ਵਾਲੀ ਹੈ, ਜਿਹੜਾ ਇਕ ਹੱਥ ਨਾਲ ਦੋ ਹਦਵਾਣੇ ਚੁੱਕਣ ਦਾ ਯਤਨ ਕਰਦਾ ਹੈ।

ਇੰਗਲੈਂਡ ਵਿਚ ਹਿੰਦੁਸਤਾਨੀਆਂ ਨੂੰ ਪਾਕਿਸਤਾਨੀ ਹੀ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਹਰਾਮੀ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ।

ਇੰਗਲੈਂਡ ਦਿਨੋ-ਦਿਨ ਗ਼ਰੀਬ ਹੋ ਰਿਹਾ ਹੈ ਅਤੇ ਬੇ-ਰੋਜ਼ਗਾਰੀ ਵੱਧ ਰਹੀ ਹੈ ਅਤੇ ਇਸ ਸਭ ਲਈ ਅੰਗਰੇਜ਼, ਏਸ਼ੀਆਈ ਲੋਕਾਂ ਨੂੰ ਕੋਸਦੇ ਹਨ।

ਪੰਜਾਬ ਦੇ ਬਹੁਤ ਸਾਰੇ ਸਕੂਲ ਅਧਿਆਪਕ ਇੰਗਲੈਂਡ, ਕੈਨੇਡਾ ਆਦਿ ਪਹੁੰਚੇ ਹਨ, ਉਹ ਸਭ ਕੁਝ ਮਹਿਸੂਸ ਕਰਦੇ ਹਨ ਅਤੇ ਵੱਸ ਲਗੇ ਤਾਂ ਲਿਖਦੇ ਵੀ ਹਨ। ਉਨ੍ਹਾਂ ਦੀਆਂ ਕਵਿਤਾਵਾਂ, ਕਹਾਣੀਆਂ ਵਿਚ ਆਪਣੇ ਦੇਸ਼ ਦਾ ਹੇਰਵਾ ਝਲਕਦਾ ਹੈ, ਉਹ ਵਿਦੇਸ਼ਾਂ ਵਿਚ ਕੋਈ ਪ੍ਰਭਾਵਸ਼ਾਲੀ ਰੋਲ ਨਾ ਨਿਭਾ ਸਕਣ ਕਾਰਨ, ਮਾਨਤਾ ਪ੍ਰਾਪਤੀ ਲਈ ਆਪਣੇ ਪਿੰਡ ਅਤੇ ਆਪਣੀ ਧਰਤੀ ਨੂੰ ਤਰਸਦੇ ਹਨ। ਉਹ ਲੰਘ ਗਏ ਜਾਂ ਸੁੱਕ ਗਏ ਦਰਿਆਵਾਂ ਵਿਚ ਮੁੜ ਟੁਭੀਆਂ ਲਾਉਣੀਆਂ ਲੋਚਦੇ ਹਨ।

ਅਮਰੀਕਾ ਵਿਚ ਸਥਿਤੀ ਕੁਝ ਭਿੰਨ ਹੈ ਪਰ ਮਨ ਦੀ ਹਾਲਤ ਇਕੋ ਜਿਹੀ ਹੈ। ਉੱਥੇ ਵੀ ਆਪਣੇ ਦੇਸ਼ ਲਈ ਉਦਰੇਵਾਂ ਹੈ। ਉੱਥੇ ਪੰਜਾਬੀਆਂ ਨੇ ਜਦੋਂ ਘਰ, ਕਾਰ ਅਤੇ ਹੋਰ ਵਸਤਾਂ ਉਸਾਰ ਲਈਆਂ ਤਾਂ ਉੱਥੋਂ ਦੀ ਆਰਥਿਕ ਪ੍ਰਣਾਲੀ ਨੇ ਉਨ੍ਹਾਂ ਨੂੰ ਆਪਣੇ ਉਸ ਕਲਾਵੇ ਵਿਚ ਲੈ ਲਿਆ, ਜਿਹੜਾ ਕੁਝ ਚਿਰ ਮਗਰੋਂ ਕੈਦ ਭਾਸਣ ਲੱਗ ਪੈਂਦਾ ਹੈ।

ਉਹ ਮਸ਼ੀਨੀ ਜ਼ਿੰਦਗੀ ਵਿਚ ਅਜਿਹੇ ਢੰਗ ਨਾਲ ਗ੍ਰਸੇ ਗਏ ਹਨ ਕਿ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ ਦਿੱਸਦਾ।

ਕੱਚੇ ਭਾਰਤੀ ਘਰਾਂ ਵਿਚ ਰਹਿਣ ਵਾਲੇ ਪੰਜਾਬੀਆਂ ਨੇ ਉੱਥੇ ਜਦੋਂ ਪੱਕੇ ਘਰ ਖਰੀਦੇ ਅਤੇ ਜਦੋਂ ਵੱਡੇ ਬਿਲਾਂ ਦੀ ਅਦਾਇਗੀ ਆਰੰਭ ਹੋਈ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਨਵੇਂ ਘਰ ਤਾਂ ਪਹਿਲੇ ਘਰਾਂ ਨਾਲੋਂ ਵੀ ਵਧੇਰੇ ਕੱਚੇ ਹਨ।

ਉਹ ਆਪਣੀਆਂ ਬੀਵੀਆਂ ਨੂੰ ਪਿਆਰ ਵੀ ਕਰਦੇ ਹਨ ਤਾਂ ਇੰਜ ਲਗਦਾ ਹੈ, ਜਿਵੇਂ ਇਕ ਮਸ਼ੀਨ ਦੂਜੀ ਮਸ਼ੀਨ ਨਾਲ ਖਹਿਬੜ ਰਹੀ ਹੋਵੇ।

ਉਨ੍ਹਾਂ ਦੀ ਹਾਲਤ ਘਰੋਂ ਦੌੜ ਕੇ ਆਏ ਬੱਚਿਆਂ ਵਾਲੀ ਹੈ।

ਪੰਜਾਬੀਆਂ ਦੇ ਦੁਖਾਂਤ ਦਾ ਇੱਕ ਵੱਡਾ ਕਾਰਨ ਮੈਨੂੰ ਇਹ ਪ੍ਰਤੀਤ ਹੋਇਆ ਹੈ ਕਿ ਪੰਜਾਬੀ ਆਮ ਕਰਕੇ ਜਗੀਰਦਾਰੀ ਬਿਰਤੀ ਦੇ ਮਾਲਕ ਹਨ, ਜਦੋਂ ਕਿ ਉਹ ਵੱਸ ਰਹੇ ਹਨ ਅਤਿਅੰਤ ਵਿਕਸਿਤ ਪੂੰਜੀਵਾਦੀ ਸਮਾਜ ਵਿਚ, ਸੋ ਉਨ੍ਹਾਂ ਦੇ ਅੰਦਰ ਟੁੱਟ-ਭੱਜ ਵਧੇਰੇ ਤੇਜ਼ੀ ਨਾਲ ਵਾਪਰ ਰਹੀ ਹੈ।

ਔਖੇ, ਤੱਤੇ, ਗੰਦੇ ਅਤੇ ਭਾਰੇ ਕੰਮਾਂ ਨੇ ਉਨ੍ਹਾਂ ਨੂੰ ਪੈਸੇ ਵਿਚੋਂ ਤਸੱਲੀ ਲੱਭਣ ਲਈ ਮਜਬੂਰ ਕੀਤਾ ਹੈ। ਖਾਨਦਾਨ, ਕਿੱਤਾ, ਧਰਮ ਅਤੇ ਜ਼ਾਤ ਦੀ ਥਾਂ ਪੈਸਾ ਪ੍ਰਧਾਨ ਹੋ ਗਿਆ ਹੈ, ਪਰ ਨਾ ਉਹ ਆਪਣੀ ਜ਼ਾਤ ਭੁੱਲਦੇ ਹਨ, ਨਾ ਧਰਮ ਛੱਡਦੇ ਹਨ। ਇਵੇਂ ਉਹ ਪੂੰਜੀਵਾਦੀ ਰਜਵਾੜਿਆਂ ਵਾਂਗ ਵਿਚਰਨ ਲੱਗ ਪਏ ਹਨ। ਅਮਰੀਕਾ ਵਿਚ ਵੱਸਦੇ ਪੰਜਾਬੀ ਜ਼ਾਤ-ਪਾਤ ਪ੍ਰਤੀ ਵਧੇਰੇ ਸੁਚੇਤ ਹਨ। ਜਿਨ੍ਹਾਂ ਤੋਂ ਉਹ ਮਾਨਤਾ ਭਾਲਦੇ ਹਨ, ਉਨ੍ਹਾਂ ਤੋਂ ਉਨ੍ਹਾਂ ਨੂੰ ਖੁਲ੍ਹੀ ਅਤੇ ਖਾਲਸ ਨਿੰਦਾ ਹੀ ਪ੍ਰਾਪਤ ਹੁੰਦੀ ਹੈ।

ਜਦੋਂ ਵਿਅਕਤੀ ਜਵਾਨ ਹੁੰਦਾ ਹੈ ਜਾਂ ਵਿਦਿਆਰਥੀ ਵਾਲੀ ਉਮਰ ਵਿਚ ਹੁੰਦਾ ਹੈ ਤਾਂ ਉਹ ਹੋਸਟਲ ਵਿਚ ਰਹਿਣਾ ਪ੍ਰਵਾਨ ਕਰਦਾ ਹੈ। ਆਰੰਭ ਵਿਚ ਉਸ ਨੂੰ ਹੋਸਟਲ ਦੇ ਜੀਵਨ ਵਿਚਲੀਆਂ ਖੁੱਲ੍ਹਾਂ ਦਾ ਪਤਾ ਲੱਗਦਾ ਹੈ ਪਰ ਕੁਝ ਅਰਸੇ ਮਗਰੋਂ ਹੀ ਉਸ ਦੇ ਮਨ ਵਿਚ ਇੱਛਾ ਪੈਦਾ ਹੁੰਦੀ ਹੈ ਕਿ ਉਸ ਦਾ ਆਪਣਾ ਚੁੱਲ੍ਹਾ ਹੋਵੇ ਅਤੇ ਆਪਣਾ ਘਰ ਹੋਵੇ। ਬਿਗਾਨੀਆਂ ਥਾਂਵਾਂ ਉੱਤੇ ਕੁਝ ਦਿਨ ਘੁੰਮਣ ਉਪਰੰਤ ਹੀ ਅਕੇਵਾਂ ਮਹਿਸੂਸ ਹੋਣ ਲੱਗ ਪੈਂਦਾ ਹੈ, ਜਦੋਂ ਕਿ ਆਪਣੇ ਛੋਟੇ ਜਿਹੇ ਸ਼ਹਿਰ ਦੀਆਂ ਨਿੱਕੀਆਂ, ਤੰਗ ਗਲੀਆਂ ਨੂੰ ਹਜ਼ਾਰਾਂ ਵਾਰੀ ਕਛਦਿਆਂ ਵੀ ਅਸੀਂ ਨਹੀਂ ਥੱਕਦੇ।

ਵਿਦੇਸ਼ਾਂ ਵਿਚ ਮੈਂ ਅਨੇਕਾਂ ਇਸਤਰੀਆਂ ਨੂੰ ਮਿਲਿਆ ਪਰ ਤਸੱਲੀ ਮੈਨੂੰ ਆਪਣੀ ਪਤਨੀ ਦੀ ਯਾਦ ਵਿਚੋਂ ਹੀ ਮਿਲੀ ਅਤੇ ਅਮਰੀਕਾ ਦੀਆਂ ਇਸਤਰੀਆਂ ਮੈਨੂੰ ਪਲਾਸਟਿਕ ਦੀਆਂ ਗੁੱਡੀਆਂ ਪ੍ਰਤੀਤ ਹੋਈਆਂ, ਸੱਜੀਆਂ, ਸੋਹਣੀਆਂ ਪਰ ਨਿੱਘ ਅਤੇ ਮੋਹ ਤੋਂ ਖਾਲੀ।

ਆਰੰਭ ਵਿਚ ਮੈਨੂੰ ਸਭ ਕੁਝ ਚੰਗਾ-ਚੰਗਾ, ਸੋਹਣਾ-ਸੋਹਣਾ ਲੱਗਾ ਪਰ ਮੈਨੂੰ ਜਲਦੀ ਹੀ ਮਹਿਸੂਸ ਹੋਇਆ ਕਿ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਦਾ ਹਾਸਾ ਬਹੁਤਾ, ਲੰਮਾ ਨਹੀਂ ਅਤੇ ਉਹ ਹਾਸਾ ਸੁਭਾਵਕ ਵੀ ਨਹੀਂ।

ਮੈਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਵਾਤਾਵਰਣ ਨੂੰ ਉਸ ਧਿਆਨ ਨਾਲ ਵੇਖਣਾ ਸ਼ੁਰੂ ਕੀਤਾ, ਜਿਸ ਧਿਆਨ ਨਾਲ ਕੋਈ ਦਰਜ਼ੀ ਸੂਈ ਵਿਚ ਧਾਗਾ ਪਾਉਂਦਾ ਹੈ।

ਤਵੀਤ ਅਤੇ ਝੰਡੇ ਵਿਚ ਅੰਤਰ ਇਹ ਹੁੰਦਾ ਹੈ ਕਿ ਤਵੀਤ ਲੁਕੋ ਕੇ ਰੱਖਣਾ ਹੁੰਦਾ ਹੈ ਜਦੋਂ ਕਿ ਝੰਡਾ ਉੱਚੇ ਤੋਂ ਉੱਚਾ ਲਹਿਰਾਉਣਾ ਹੁੰਦਾ ਹੈ। ਮੈਨੂੰ ਉਨ੍ਹਾਂ ਦਾ ਝੰਡਾ ਤਾਂ ਦਿਸਦਾ ਸੀ ਪਰ ਉਨ੍ਹਾਂ ਦਾ ਤਵੀਤ ਮੇਰੇ ਤੋਂ ਲੁਕਿਆ ਹੋਇਆ ਸੀ, ਸੋ ਮੈਂ ਫ਼ੈਸਲਾ ਕੀਤਾ ਕਿ ਮੈਂ ਉਨ੍ਹਾਂ ਦੇ ਤਵੀਤ ਵੀ ਵੇਖਾਂਗਾ।

ਮੈਂ ਸੰਗਾਊ ਪ੍ਰੇਮੀ ਦੀ ਥਾਂ ਦਲੇਰ ਤਜਰਬੇਕਾਰ ਪਤੀ ਵਜੋਂ ਵਿਚਰਣ ਦਾ ਫ਼ੈਸਲਾ ਕੀਤਾ ਅਤੇ ਸੁਰਮੇ ਵਾਲੀਆਂ ਆਪਣੀਆਂ ਅੱਖਾਂ ਧੋ ਦਿੱਤੀਆਂ ਤਾਂ ਕਿ ਮੈਂ ਜੋ ਕੁਝ ਵੀ ਵੇਖਾਂ, ਉਹ ਮੈਨੂੰ ਸਾਫ਼ ਵਿਖਾਈ ਦੇਵੇ।

ਪੰਜਾਬੀ ਹੋਣ ਦੇ ਨਾਤੇ ਮੈਂ ਬਹੁਤਾ ਪੰਜਾਬੀਆਂ ਦੇ ਘਰਾਂ ਵਿਚ ਹੀ ਰਿਹਾ। ਇਨ੍ਹਾਂ ਘਰਾਂ ਵਿਚ ਰਹਿੰਦਿਆਂ ਮੈਨੂੰ ਆਪਣੇ ਲੋਕਾਂ ਦੇ ਜੀਵਨ ਅੰਦਰ ਝਾਤ ਮਾਰਨ ਦਾ ਅਵਸਰ

ਮਿਲਿਆ। ਮੇਰੀ ਦਿਲੀ ਭਾਵਨਾ ਇਹ ਰਹੀ ਹੈ ਕਿ ਸਾਰੇ ਭਾਰਤਵਾਸੀ ਖ਼ੁਸ਼ਹਾਲ ਹੋਣ। ਮੈਂ ਪੰਜਾਬੀਆਂ ਨੂੰ ਹਰ ਥਾਂ ਖ਼ੁਸ਼ਹਾਲ ਵੇਖਣਾ ਚਾਹੁੰਦਾ ਹਾਂ। ਪੰਜਾਬੀ ਆਮ ਕਰਕੇ ਖ਼ੁਸ਼ਹਾਲ ਹਨ। ਜਿਹੜੀਆਂ ਚੀਜ਼ਾਂ ਵਸਤਾਂ ਇੱਥੇ ਭਾਰਤ ਵਿਚ ਮਹਾਰਾਜਿਆਂ ਕੋਲ ਵੀ ਨਹੀਂ, ਉਹ ਉੱਥੇ ਆਮ ਪੰਜਾਬੀਆਂ ਕੋਲ ਹਨ।

ਚੀਜ਼ਾਂ-ਵਸਤਾਂ ਦੇ ਪੱਖੋਂ ਉਨ੍ਹਾਂ ਦੀ ਹਰ ਇੱਛਾ ਲਗਭਗ ਪੂਰੀ ਹੋ ਜਾਂਦੀ ਹੈ ਪਰ ਉਹ ਅੰਦਰੋਂ ਖੁਸ਼ ਨਹੀਂ। ਜੇਕਰ ਉਨ੍ਹਾਂ ਦੇ ਬਸੰਤੀ ਬਗੀਚਿਆਂ ਦੇ ਪਿੱਛੇ ਵੇਖਿਆ ਜਾਵੇ ਤਾਂ ਉਦਾਸੀ ਭਰੀ ਪੱਤਝੜ ਸਹਿਜੇ ਹੀ ਵਿਖਾਈ ਦੇਣ ਲੱਗ ਪੈਂਦੀ ਹੈ।

ਅਮਰੀਕਾ ਵਿਚ ਰਹਿੰਦਿਆਂ ਜਿਸ ਨੂੰ ਜਿਤਨੇ ਵਧੇਰੇ ਵਰ੍ਹੇ ਹੋਏ ਹਨ, ਉਹ ਉਤਨਾ ਵਧੇਰੇ ਉਦਾਸ ਹੈ। ਇਸ ਉਦਾਸੀ ਨੂੰ ਲੁਕਾਉਣ, ਭੁਲਾਉਣ ਅਤੇ ਟਾਲਣ ਦੇ ਵੀ ਅਨੇਕਾਂ ਸਾਧਨ ਹਨ, ਜਿਹੜੇ ਵਰਤੇ ਜਾ ਰਹੇ ਹਨ ਪਰ ਉਨ੍ਹਾਂ ਦੀ ਹਾਲਤ ਉਸ ਇਸਤਰੀ ਵਾਲੀ ਹੈ ਜਿਸ ਦੇ ਗਹਿਣਿਆਂ ਦੀ ਦੂਜੇ ਪ੍ਰਸ਼ੰਸਾ ਕਰਦੇ ਹਨ ਪਰ ਉਸ ਨੂੰ ਆਪ ਪਤਾ ਹੈ ਕਿ ਇਹ ਗਹਿਣੇ ਨਕਲੀ ਹਨ।

ਇਹ ਗੱਲ ਉਨ੍ਹਾਂ ਲੋਕਾਂ ਨੂੰ ਮਿਲ ਕੇ ਹੀ ਸਮਝ ਆਉਂਦੀ ਹੈ ਕਿ ਆਪਣਾ ਸਭਿਆਚਾਰ ਕੀ ਹੁੰਦਾ ਹੈ। ਨਿਰਸੰਦੇਹ ਉਨ੍ਹਾਂ ਦੇ ਸਰੀਰ ਰੱਜੇ ਹੋਏ ਹਨ ਪਰ ਉਨ੍ਹਾਂ ਦੀਆਂ ਆਤਮਾਵਾਂ ਭਟਕ ਰਹੀਆਂ ਹਨ।

ਉਨ੍ਹਾਂ ਕੋਲ ਤੇਜ਼-ਰਫ਼ਤਾਰ ਕਾਰਾਂ ਹਨ ਪਰ ਕੋਈ ਮੰਜ਼ਿਲ ਨਹੀਂ।

ਆਪਣੀ ਸਮੁੱਚੀ ਯਾਤਰਾ ਵਿਚ ਆਪਣੇ ਦੋਸਤਾਂ-ਮਿੱਤਰਾਂ ਤੋਂ ਇਲਾਵਾ ਮੈਨੂੰ ਕੇਵਲ ਦੋ ਵਿਅਕਤੀ ਮਿਲੇ, ਜਿਨ੍ਹਾਂ ਨੇ ਆਪਣੇ ਮਨ ਦੀ ਹਾਲਤ ਨੂੰ ਬਿਨਾਂ ਪਲੇਥਣ ਲਾਏ ਬਿਆਨ ਕੀਤਾ, ਉਨ੍ਹਾਂ ਦੇ ਵਿਜੋਗੇ ਹੋਏ ਚਿਹਰੇ ਅਜੇ ਵੀ ਮੇਰੀਆਂ ਅੱਖਾਂ ਅੱਗੇ ਤਰ ਰਹੇ ਹਨ।

ਉਨ੍ਹਾਂ ਦੀਆਂ ਅੱਖਾਂ ਵਿਚ ਤਰਦੇ ਅਥਰੂ ਅੱਜ ਵੀ ਮੈਨੂੰ ਬੇਚੈਨ ਕਰਦੇ ਹਨ।

ਮੈਂ ਯੋਰਪ ਅਤੇ ਅਮਰੀਕਾ ਦੀ ਸੈਰ 'ਤੇ ਖੁਸ਼ ਹੋਣ ਲਈ ਗਿਆ ਸਾਂ।

ਮੇਰੀ ਝੋਲੀ ਭਾਵੇਂ ਨਵੇਂ ਅਨੁਭਵਾਂ ਨਾਲ ਭਰੀ ਗਈ ਹੈ ਪਰ ਸਮੁੱਚੇ ਤੌਰ ਉੱਤੇ ਮੈਂ ਉਦਾਸ ਹੋ ਕੇ ਮੁੜਿਆ ਹਾਂ। ਮੈਨੂੰ ਪਹਿਲਾਂ ਵੀ ਆਪਣਾ ਦੇਸ਼ ਬੜਾ ਗਰੀਬ ਲੱਗਦਾ ਸੀ ਪਰ ਬਾਹਰ ਗਏ ਲੋਕਾਂ ਨੂੰ ਵੇਖ ਕੇ, ਹੁਣ ਤਾਂ ਇਹ ਇਤਨਾ ਗਰੀਬ ਲੱਗਦਾ ਹੈ ਕਿ ਮੈਨੂੰ ਕਿਸੇ ਵੀ ਚੀਜ਼ ਦਾ ਮਾਣ ਨਹੀਂ ਰਿਹਾ।

ਮੈਨੂੰ ਉਦਾਸੀ ਇਸ ਗੱਲ ਦੀ ਹੈ ਕਿ ਜਿਹੜੇ ਇਸ ਦੀ ਗਰੀਬੀ ਨੂੰ ਆਪਣੀ ਅਮੀਰੀ ਵਿਚ ਪਲਟਾਉਣ ਗਏ ਸਨ, ਉਹ ਤਾਂ ਉੱਥੇ ਗੁਆਚ ਗਏ ਹਨ। ਮੈਂ ਵੀ ਗੁਆਚ ਗਿਆ ਹਾਂ ਅਤੇ ਆਪਣੇ ਆਪ ਨੂੰ ਲੱਭ ਰਿਹਾ ਹਾਂ।

ਉਹ ਵਾਪਸ ਮੁੜਨਾ ਚਾਹੁੰਦੇ ਹਨ ਪਰ ਫ਼ਾਸਲਾ ਬਹੁਤ ਲੰਮਾ ਹੈ ਅਤੇ ਉਨ੍ਹਾਂ ਨੂੰ ਆਪ ਵੀ ਮਹਿਸੂਸ ਹੁੰਦਾ ਹੈ ਕਿ ਉਹ ਰਾਹ ਭੁੱਲ ਗਏ ਹਨ।

ਸੱਚ ਤਾਂ ਇਹ ਹੈ ਕਿ ਉਹ ਆਪਣੇ ਆਪ ਨੂੰ ਲੱਭ ਰਹੇ ਹਨ।

ਉਹ ਆਸ ਲਾਈ ਬੈਠੇ ਹਨ ਕਿ ਕੁਝ ਨਾ ਕੁਝ ਅਜਿਹਾ ਵਾਪਰ ਜਾਵੇਗਾ ਕਿ ਸਭ ਕੁਝ ਠੀਕ ਹੋ ਜਾਵੇਗਾ, ਪਰ ਉਹ ਜਾਣਦੇ ਹਨ ਕਿ ਅਜਿਹਾ ਕੁਝ ਵੀ, ਕਦੇ ਵੀ ਨਹੀਂ ਵਾਪਰੇਗਾ।

ਮਰੀ ਹੋਈ ਮਾਂ ਦੀ ਬੁੱਕਲ ਵਿਚ ਨਹੀਂ ਮੁੜਿਆ ਜਾ ਸਕਦਾ।

ਉਨ੍ਹਾਂ ਕੋਲ ਅੱਗੇ ਜਾਣ ਦਾ ਰਾਹ ਤਾਂ ਹੈ, ਪਿੱਛੇ ਮੁੜਨ ਲਈ ਹਿੰਮਤ ਨਹੀਂ।

ਉਹ ਭਰੇ ਪਰਿਵਾਰਾਂ ਨੂੰ ਛੱਡ ਕੇ ਗਏ ਸਨ ਪਰ ਉਨ੍ਹਾਂ ਦੀਆਂ ਮਾਂਵਾਂ, ਉਨ੍ਹਾਂ ਨੂੰ ਉਡੀਕਦੀਆਂ, ਪਿੱਛੇ ਮੁੜ ਗਈਆਂ ਹਨ, ਉਨ੍ਹਾਂ ਨੇ ਆਪਣੇ ਪਿਉਆਂ ਦੀਆਂ ਅੱਖਾਂ ਦੇ ਓਪਰੇਸ਼ਨਾਂ ਲਈ ਪੈਸੇ ਭੇਜੇ ਸਨ, ਉਨ੍ਹਾਂ ਦੀ ਜੋਤ ਮੁੜ ਆਈ ਹੈ, ਪਰ ਉਨ੍ਹਾਂ ਨੂੰ ਕੁਝ ਵੀ ਵਿਖਾਈ ਨਹੀਂ ਦਿੰਦਾ।

ਜਦੋਂ ਉਹ ਆਉਣਗੇ ਤਾਂ ਉਨ੍ਹਾਂ ਦੇ ਭਾਣਜੇ-ਭਤੀਜੇ, ਉਨ੍ਹਾਂ ਨੂੰ ਇਕ ਵਿੱਥ ਉੱਤੇ ਖੜ੍ਹੋ ਕੇ ਹੀ ਵੇਖਣਗੇ।

ਇਹ ਵਿੱਥ ਤੇਜ਼ ਤੋਂ ਤੇਜ਼ ਜਹਾਜ਼ ਵੀ ਨਹੀਂ ਲੰਘ ਸਕਦੇ।

ਉਨ੍ਹਾਂ ਦੀ ਹਾਲਤ ਅੱਖ ਵਿਚ ਰੁਕੇ ਅਥਰੂ ਵਾਲੀ ਹੈ।

ਉਨ੍ਹਾਂ ਦੀ ਹਾਲਤ ਮਾਲ ਰੋਡ ਉੱਤੇ ਇੱਕਲੇ ਜਾਂਦੇ ਯਾਤਰੂ ਵਾਲੀ ਹੈ।

ਅਮਰੀਕੀ ਸਭਿਆਚਾਰ ਇਤਨਾ ਸ਼ਕਤੀਸ਼ਾਲੀ ਹੈ ਕਿ ਇਹ ਇਕ ਵਾਰੀ ਬੰਦੇ ਨੂੰ ਪੂਰੀ ਤਰ੍ਹਾਂ ਭੰਨ-ਤੋੜ ਕੇ ਉਸ ਨੂੰ ਆਪਣੇ ਅਨੁਸਾਰ ਜ਼ਰੂਰ ਢਾਲਦਾ ਹੈ।

ਅਮਰੀਕੀ ਸਭਿਆਚਾਰ, ਕੁੱਕੜ ਵਾਂਗ, ਪਹਿਲਾਂ ਤੁਹਾਨੂੰ ਆਪਣੇ ਦਾਣੇ ਵਾਂਗ ਖ਼ਿਲਾਰ ਲੈਂਦਾ ਹੈ, ਫਿਰ ਤੁਹਾਨੂੰ ਚੁੱਗਦਾ ਹੈ।

ਮੋਟੀ ਅਕਲ ਅਤੇ ਮੋਟੀ ਚਮੜੀ ਵਾਲੇ ਪੰਜਾਬੀ ਬਹੁਤ ਖ਼ੁਸ਼ ਹਨ।

ਦੂਜਿਆਂ ਨਾਲੋਂ ਉਨ੍ਹਾਂ ਦਾ ਅੰਤਰ ਇਹ ਹੈ ਕਿ ਉਹ ਕੁਝ ਦੇਰ ਮਗਰੋਂ ਪਛਤਾਉਣਗੇ ਪਰ ਉਹ ਪਛਤਾਉਣਗੇ ਜ਼ਰੂਰ। ਸ਼ੁਰੂ ਵਿਚ ਸਾਰੇ ਹੀ ਬੜੀਆਂ ਜੋਸ਼ੀਲੀਆਂ ਚਿੱਠੀਆਂ ਲਿਖਦੇ ਹਨ, ਰੰਗਦਾਰ ਫੋਟੋਆਂ ਵੀ ਭੇਜਦੇ ਹਨ ਪਰ ਜਿਉਂ ਹੀ ਉਹ ਫੈਲਣ ਲੱਗਦੇ ਹਨ ਤਾਂ ਆਲੇ-ਦੁਆਲੇ ਤੋਂ ਹੁਝਕੇ ਲੱਗਣ ਲੱਗ ਪੈਂਦੇ ਹਨ।

ਉਹ ਕੱਟੇ ਹੋਏ ਪਰਾਂ ਵਾਲੇ ਪੰਛੀ ਹੋ ਨਿਬੜਦੇ ਹਨ।

ਅਮਰੀਕਾ ਬੜਾ ਡਾਢਾ ਮੁਲਕ ਹੈ, ਅਮਰੀਕਾ ਬੜਾ ਬੇਰਹਿਮ ਮੁਲਕ ਹੈ, ਅਮਰੀਕਾ ਬੜਾ ਨਿਰਮੋਹੀ ਦੇਸ਼ ਹੈ।

ਅਮਰੀਕਾ ਵਿਚੋਂ ਆਪਣੇ ਵਤਨ ਵਾਲੀ ਸੁਗੰਧ ਨਹੀਂ ਆਉਂਦੀ।

ਹਰ ਪੰਜਾਬੀ ਅਤੇ ਭਾਰਤੀ ਨੂੰ ਅਮਰੀਕਾ ਵਿਚ ਆਰੰਭ ਦੇ ਕੁਝ ਵਰ੍ਹੇ ਚਰੱਖੜੀ ਤੇ ਚੜ੍ਹਨਾ ਪੈਂਦਾ ਹੈ। ਜਦੋਂ ਉਹ ਕੁਝ ਸੁਖਾਲਾ ਹੁੰਦਾ ਹੈ, ਉਦੋਂ ਹੀ ਪਤੀ-ਪਤਨੀ ਵਿਚਕਾਰ ਸੰਬੰਧ ਵਿਗੜਨੇ ਆਰੰਭ ਹੋ ਜਾਂਦੇ ਹਨ।

ਬਹੁਤ ਘੱਟ ਘਰ ਹਨ, ਜਿੱਥੇ ਪਤੀ-ਪਤਨੀ ਵਿਚਕਾਰ ਸੰਬੰਧ ਸੁਖਾਵੇਂ ਹਨ। ਬਹੁਤ ਘੱਟ ਘਰ ਹਨ ਜਿੱਥੇ ਸੱਸ-ਸਹੁਰੇ ਦੀ ਪ੍ਰਸ਼ੰਸਾ ਹੁੰਦੀ ਹੈ।

ਆਮ ਕਰਕੇ ਪਤਨੀਆਂ ਨੇ ਆਪਣੇ ਪਤੀ ਤਬਲੇ ਵਾਂਗ ਕੱਸੇ ਹੋਏ ਹਨ ਅਤੇ ਪਤੀ ਆਪਣੀ ਪਤਨੀ ਦਾ ਮਨਚਾਹਿਆ ਰਾਗ ਹੀ ਅਲਾਪਦੇ ਹਨ। ਕੇਵਲ ਜੱਦੋ-ਜਹਿਦ ਦੇ ਵਰ੍ਹਿਆਂ ਵਿਚ ਹੀ ਪਤੀ-ਪਤਨੀ ਇਕ ਬੋਲੀ ਬੋਲਦੇ ਹਨ।

ਜਦੋਂ ਪੰਜਾਬੀ ਆਪਣੀ ਸਖਤ ਮਿਹਨਤ ਨਾਲ ਕੁਝ ਸੁਖਾਲੇ ਹੁੰਦੇ ਹਨ ਤਾਂ ਉਹ ਦਿਖਾਵੇ ਦੇ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ।

ਰਿਸ਼ਤੇਦਾਰਾਂ ਵੱਲੋਂ ਉਧਰ ਬੁਲਾਏ ਜਾਣ ਦੀ ਮੰਗ ਜ਼ੋਰ ਫੜਦੀ ਹੈ। ਉਹ ਉਧਰ ਬੈਠੇ ਹੁੰਦੇ ਹਨ, ਰਿਸ਼ਤੇਦਾਰ ਇਧਰ ਆਪਸ ਵਿਚ ਲੜਨ ਲੱਗ ਪੈਂਦੇ ਹਨ। ਇਸ ਨੁਕਤੇ ਉੱਤੇ ਪਤੀ-ਪਤਨੀ ਵਿਚਕਾਰ ਤੇਰੇ-ਮੇਰੇ ਦਾ ਤਕਰਾਰ ਹੁੰਦਾ ਹੈ।

ਸਮੁੱਚੇ ਤੌਰ ਉੱਤੇ ਅਮਰੀਕਾ ਵਿਚ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਦੀ ਸਥਿਤੀ ਵਧੇਰੇ ਮਜ਼ਬੂਤ ਹੈ। ਪੰਜਾਬੀ ਟੱਬਰਾਂ ਵਿਚ ਵੀ ਇੰਜ ਹੀ ਵਾਪਰਦਾ ਹੈ। ਅਮਰੀਕਾ ਦੀਆਂ ਵਾਸੀ ਬਣੀਆਂ ਲਗਭਗ ਅਨਪੜ੍ਹ ਪੰਜਾਬੀ ਕੁੜੀਆਂ, ਇਧਰ ਦੇ ਡਾਕਟਰਾਂ-ਇੰਜੀਨੀਅਰਾਂ ਨੂੰ ਵਿਆਹ ਕੇ ਉਧਰ ਲੈ ਜਾਂਦੀਆਂ ਹਨ।

ਇਵੇਂ ਹੀ ਅਮਰੀਕਾ ਦੇ ਵਾਸੀ ਬਣੇ, ਮਜ਼ਦੂਰੀ ਕਰਦੇ ਲਗਭਗ ਅਨਪੜ੍ਹ ਪੰਜਾਬੀ ਮੁੰਡੇ, ਇਧਰ ਦੀਆਂ ਚੰਗੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਵਿਆਹ ਕੇ ਲੈ ਜਾਂਦੇ ਹਨ।

ਜਦੋਂ ਬੁਨਿਆਦ ਵਿਚ ਹੀ ਮਾਨਸਿਕ ਅਸਾਵਾਂਪਣ ਹੋਵੇ ਤਾਂ ਝਗੜੇ ਉਪਜਦਿਆਂ ਦੇਰ ਨਹੀਂ ਲੱਗਦੀ।

ਇਹ ਰਿਸ਼ਤੇ ਸੁਖਾਵੇਂ ਨਹੀਂ, ਇਹ ਰਿਸ਼ਤੇ ਸੁਖਾਵੇਂ ਹੋ ਹੀ ਨਹੀਂ ਸਕਦੇ।

ਬੜੇ ਸੋਹਣੇ ਘਰਾਂ ਵਿਚ ਇਹ ਜੋੜੇ ਖਹਿਬੜਦੇ ਹਨ, ਝਗੜਦੇ ਹਨ ਅਤੇ ਇਕ ਦੂਜੇ ਉੱਤੇ ਤੋਹਮਤਾਂ ਲਾਉਂਦੇ ਹਨ। ਕੁਝ ਦਿਨਾਂ ਦੇ ਤਕਰਾਰ ਮਗਰੋਂ ਉਹ ਫਿਰ ਦੋਸਤੀ ਦਾ ਹੱਥ ਵਧਾਉਂਦੇ ਹਨ ਅਤੇ ਅਚਾਨਕ ਫਿਰ ਲੜਨ ਲੱਗ ਪੈਂਦੇ ਹਨ।

ਤਰਸ ਤਾਂ ਉਨ੍ਹਾਂ ਤੇ ਆਉਂਦਾ ਹੈ ਜਿਹੜੇ ਉੱਥੇ ਅਣਵਿਆਹੇ ਸਾਥ ਵੀ ਨਿਭਾਉਂਦੇ ਹਨ ਅਤੇ ਆਪਣੇ ਮਾਪਿਆਂ ਦੀ ਖੁਸ਼ੀ ਲਈ ਇਧਰ ਵਿਆਹ ਕਰਕੇ ਨੂੰਹ-ਰਾਣੀ ਨੂੰ ਜੋੜਾਂ ਅਤੇ ਦਮੇ ਦੇ ਮਰੀਜ਼ ਆਪਣੇ ਮਾਪਿਆਂ ਦੀ ਸੇਵਾ ਵਿਚ ਅਰਪਣ ਕਰ ਜਾਂਦੇ ਹਨ।

ਇਹ ਘੁੱਗੀਆਂ 'ਤੂੰ ਆਰ ਚੰਨ ਵੇ ਤੇ ਮੈਂ ਪਾਰ ਚੰਨ ਵੇ' ਗਾਉਂਦੀਆਂ ਆਪਣੇ ਕੰਤਾਂ ਨੂੰ ਉਡੀਕਦੀਆਂ-ਉਡੀਕਦੀਆਂ ਘੀਏ ਤੋਂ ਕਰੇਲਾ ਬਣ ਜਾਂਦੀਆਂ ਹਨ।

ਕਿਸਮਤ ਆਪੋ-ਆਪਣੀ, ਹਰ ਕਿਸੇ ਨੂੰ ਭਾਣਾ ਮੰਨਣਾ ਪੈਂਦਾ ਹੈ।

ਅਮਰੀਕਾ ਵਿਚ ਸਮੁੱਚਾ ਮਾਹੌਲ ਇਸ ਪ੍ਰਕਾਰ ਦਾ ਹੈ ਕਿ ਕਿਸੇ ਨੂੰ ਕਿਸੇ ਦੀ ਪ੍ਰਵਾਹ ਨਹੀਂ। ਤਲਾਕ ਦਾ ਕਾਨੂੰਨ ਇਸਤਰੀ ਦੇ ਪੱਖ ਵਿਚ ਹੈ ਅਤੇ ਤਲਾਕ ਦੀ ਧਮਕੀ ਅਕਸਰ ਇਸਤਰੀ ਦਿੰਦੀ ਹੈ ਅਤੇ ਇਹ ਧਮਕੀ ਦਿਨ ਵਿਚ ਕਈ ਵਾਰ ਦਿੱਤੀ ਜਾਂਦੀ ਹੈ।

ਜਿੱਥੇ ਇਸਤਰੀ, ਪੁਰਸ਼ ਨਾਲੋਂ ਵਧੇਰੇ ਕਮਾਉਂਦੀ ਹੈ, ਉੱਥੇ ਪਤਨੀ ਬੈਠ ਕੇ ਹੁਕਮ ਦਿੰਦੀ ਹੈ ਅਤੇ ਪਤੀ ਖਲੋ ਕੇ ਸੁਣਦਾ ਹੈ।

ਪਤਨੀਆਂ ਹੌਲੀ-ਹੌਲੀ ਆਪਣੇ ਰਿਸ਼ਤੇਦਾਰਾਂ ਨੂੰ ਬੁਲਾ ਕੇ ਆਪਣੇ ਘਰ ਦੇ ਨੇੜੇ-ਤੇੜੇ ਟਿਕਾ ਲੈਂਦੀਆਂ ਹਨ ਅਤੇ ਪਤੀ ਦੇ ਰਿਸ਼ਤੇਦਾਰਾਂ ਨੂੰ ਇਵੇਂ ਵੇਖਦੀਆਂ ਹਨ, ਜਿਵੇਂ ਝਟਕਈ, ਬੱਕਰੇ ਨੂੰ ਵੇਖਦਾ ਹੈ। ਅਜਿਹੇ ਪਤੀ ਆਪਣੇ ਮਾਪਿਆਂ ਨਾਲੋਂ ਟੁੱਟ ਜਾਂਦੇ ਹਨ, ਭੈਣਾਂ-ਭਰਾਵਾਂ ਤੋਂ ਦੂਰ ਹੋ ਜਾਂਦੇ ਹਨ। ਇਹ ਪਿੱਛੇ ਕਿਸੇ ਦੇ ਜੰਮੇ-ਮਰੇ ਤੇ ਚਿੱਠੀ ਪੱਤਰ ਵੀ ਨਹੀ ਲਿਖ ਸਕਦੇ। ਸਭ ਤੋਂ ਦੁੱਖੀ ਵੰਨਗੀ ਅਜਿਹੇ ਹੀ ਵਿਅਕਤੀਆਂ ਦੀ ਹੈ। ਮੈਂ ਅਜਿਹੇ ਇਕ ਵਾਕਫ਼ ਦੇ ਘਰ ਰਿਹਾ ਅਤੇ ਉਸ ਨੇ ਮੈਨੂੰ ਆਪਣੀ ਜਿਹੜੀ ਕਥਾ ਸੁਣਾਈ, ਉਸ ਨਾਲ ਮੈਂ ਧੁਰ ਅੰਦਰ ਤੱਕ ਹਿੱਲ ਗਿਆ ਸਾਂ। ਕੁਝ ਇਸਤਰੀਆਂ ਨਾਲ ਵੀ ਇਵੇਂ ਹੀ ਵਾਪਰਦਾ ਹੈ। ਸਾਡੇ ਦੇਸ਼ ਵਿਚ ਵੀ ਬੜਾ ਕੁਝ ਵਾਪਰਦਾ ਹੈ ਪਰ ਵਿਦੇਸ਼ ਵਿਚ ਕੋਈ ਕਿਸੇ ਦਾ ਸਹਾਰਾ ਨਹੀਂ ਬਣ ਸਕਦਾ, ਕਿਉਂਕਿ ਜੋ ਵੀ ਮਿਲਦਾ ਹੈ ਲੁਟੇਰਾ ਬਣ ਕੇ ਹੀ ਮਿਲਦਾ ਹੈ, ਸੋ ਉੱਥੇ ਜੋ ਕੁਝ ਵਾਪਰਦਾ ਹੈ, ਉਹ ਵਧੇਰੇ ਦੁੱਖਦਾਈ ਹੁੰਦਾ ਹੈ।

ਉੱਥੇ ਮੈਨੂੰ ਸਮਝ ਆਈ ਕਿ ਕੁੜੀਆਂ ਨੂੰ ਚਿੜੀਆਂ ਕਿਉਂ ਕਹਿੰਦੇ ਹਨ।

ਆਪਣੀ ਉਡਾਣ ਦੌਰਾਨ ਚਿੜੀ ਨੂੰ ਜਿਹੜਾ ਵੀ ਪੰਛੀ ਮਿਲਦਾ ਹੈ, ਉਹ, ਉਸ ਨਾਲੋਂ ਵਧੇਰੇ ਤਾਕਤਵਰ ਅਤੇ ਜਾਬਰ ਹੁੰਦਾ ਹੈ।

ਮੈਂ ਅਜਿਹੀ ਇਕ ਚਿੜੀ ਇਕ ਬਾਜ਼ ਦੇ ਪੰਜੇ ਵਿਚ ਵੇਖੀ ਸੀ।

ਮੈਨੂੰ ਇਸ ਗੱਲ ਦੀ ਭਰਪੂਰ ਖ਼ੁਸ਼ੀ ਹੈ ਕਿ ਮੇਰੇ ਦੋਸਤਾਂ ਦੇ ਆਪਣੀਆਂ ਬੀਵੀਆਂ ਨਾਲ ਸੰਬੰਧ ਬੜੇ ਸੁਖਾਵੇਂ ਹਨ ਪਰ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਚਿੰਤਾ ਹੈ ਅਤੇ ਬੁੱਢਾਪੇ ਵਿਚ ਉਨ੍ਹਾਂ ਨੂੰ ਇਕੱਲੇ ਰਹਿ ਜਾਣ ਦਾ ਡਰ ਹੈ।

ਸਾਡੇ ਦੇਸ਼ ਵਿਚ ਇਸਤਰੀਆਂ ਅਤੇ ਵਿਸ਼ੇਸ਼ ਕਰਕੇ ਪਤਨੀਆਂ ਬੜੀਆਂ ਹੰਢਣਸਾਰ ਹਨ। ਭਾਰਤੀ ਪਤਨੀਆਂ ਆਪਣੇ ਪਤੀਆਂ ਨਾਲ ਇਵੇਂ ਵਿਚਰਦੀਆਂ ਅਤੇ ਉਨ੍ਹਾਂ ਦਾ ਧਿਆਨ ਰੱਖਦੀਆਂ ਹਨ, ਜਿਵੇਂ ਉਨ੍ਹਾਂ ਦੀਆਂ ਹਮ-ਉਮਰ ਮਾਂਵਾਂ ਹੋਣ।

ਸਾਡੇ ਦੇਸ਼ ਦੀਆਂ ਇਸਤਰੀਆਂ ਕਿਸੇ ਵੀ ਰੂਪ ਜਾਂ ਰਿਸ਼ਤੇ ਵਿਚ ਹੋਣ, ਉਹ ਅਕਸਰ ਮਾਂਵਾਂ ਵਾਂਗ ਹੀ ਵਿਚਰਦੀਆਂ ਹਨ।

ਉਹ ਪਤੀਆਂ ਨਾਲ ਰਹਿੰਦੀਆਂ ਨਹੀਂ, ਉਨ੍ਹਾਂ ਨੂੰ ਪਾਲਦੀਆਂ ਹਨ।

ਅਮਰੀਕਾ ਵਿਚ ਵੱਸਦੇ ਕਿਸੇ ਭਾਰਤੀ ਜਾਂ ਪੰਜਾਬੀ ਦੇ ਘਰ ਜਿਉਂ-ਜਿਉਂ ਧੀ ਜਵਾਨ ਹੁੰਦੀ ਹੈ, ਮਾਪਿਆਂ ਦੀ ਚਿੰਤਾ ਵੱਧਦੀ ਹੈ। ਇਹ ਚਿੰਤਾ ਮਾਪਿਆਂ ਨੂੰ ਭਾਰਤ ਵਿਚ ਵੀ ਹੁੰਦੀ ਹੈ, ਪਰ ਉਸ ਚਿੰਤਾ ਅਤੇ ਸਾਡੀ ਚਿੰਤਾ ਵਿਚ ਢੇਰ ਅੰਤਰ ਹੈ। ਸਕੂਲਾਂ ਵਿਚ ਬੱਚਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਉਹ ਆਪਣੇ ਫੈਸਲੇ ਆਪ ਕਰਨ।

ਖੁਰਾਕ ਚੰਗੀ ਹੋਣ ਕਰਕੇ ਉਥੇ ਧੀਆਂ ਜਲਦੀ ਜਵਾਨ ਹੋ ਜਾਂਦੀਆਂ ਹਨ।

ਧੀਆਂ ਦਾ ਜਵਾਨ ਹੋਣਾ ਟਾਲਿਆ ਨਹੀਂ ਜਾ ਸਕਦਾ।

ਜਵਾਨੀ, ਅਤੇ ਉਹ ਵੀ ਅਮਰੀਕਾ ਦੀ ਜਵਾਨੀ, ਕਿਸੇ ਰੋਕ-ਟੋਕ ਦੀ ਪ੍ਰਵਾਹ ਨਹੀਂ ਕਰਦੀ ਅਤੇ ਕੋਈ ਵੀ ਫ਼ੈਸਲਾ ਕਰਨ ਲੱਗਿਆਂ, ਉਹ ਅੱਗੇ-ਪਿੱਛੇ ਨਹੀਂ ਵੇਖਦੀ।

ਅਚਾਨਕ ਚੁੜੇਲ ਬਣੀ ਧੀ, ਇਕ ਦਿਨ ਕਿਸੇ ਜੋਕਰ ਵਰਗੇ ਮੁੰਡੇ ਨੂੰ ਨਾਲ ਲੈ ਕੇ ਆ ਜਾਵੇਗੀ। ਅਚਾਨਕ ਉਹ ਉਸ ਮੁੰਡੇ ਨਾਲ ਕਈ ਦਿਨਾਂ ਲਈ ਕਿਧਰੇ ਚਲੀ ਜਾਵੇਗੀ। ਅਚਾਨਕ ਉਹ ਕਿਸੇ ਦਿਨ ਕਿਸੇ ਹੋਰ ਆਦਮੀ ਨਾਲ ਘਰ ਮੁੜ ਆਵੇਗੀ। ਅਚਾਨਕ ਉਹ ਕਿਸੇ ਹੋਰ ਨਾਲ ਵਿਆਹ ਕਰਨ ਦਾ ਫ਼ੈਸਲਾ ਕਰ ਲਵੇਗੀ। ਉਹ ਇਤਨਾ ਕੁਝ ਅਚਾਨਕ ਕਰਨ ਲੱਗ ਪੈਂਦੀ ਹੈ ਕਿ ਪਿਤਾ ਦੇ ਸਿਰ ਦੇ ਵਾਲ ਲੋਪ ਹੋ ਜਾਂਦੇ ਹਨ ਅਤੇ ਮਾਂ ਆਪਣੇ ਆਪ ਨੂੰ ਦਵਾਈਆਂ ਦੇ ਹਵਾਲੇ ਕਰ ਦਿੰਦੀ ਹੈ।

ਹਰ ਕਿਸੇ ਨੂੰ ਪਤਾ ਹੁੰਦਾ ਹੈ ਕਿ ਇਵੇਂ ਵਾਪਰੇਗਾ ਪਰ ਹਰ ਕੋਈ ਉਸ ਡਾਕਟਰ ਵਾਂਗ ਸੋਚਦਾ ਹੈ, ਜਿਹੜਾ ਸਮਝਦਾ ਹੈ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਮੌਤ ਨੂੰ ਟਾਲ ਦੇਵੇਗਾ।

ਸਾਡੇ ਸਭਿਆਚਾਰ ਦੇ ਸੰਸਕਾਰ ਇਤਨੇ ਸ਼ਕਤੀਸ਼ਾਲੀ ਹਨ ਕਿ ਉਥੇ ਇਹ ਸਥਿਤੀ ਮਾਪਿਆਂ ਤੋਂ ਬਰਦਾਸ਼ਤ ਨਹੀਂ ਹੁੰਦੀ।

ਮਾਪਿਆਂ ਦੇ ਜੀਵਨ ਵਿਚ ਇਹ ਉਹ ਸਮਾਂ ਹੁੰਦਾ ਹੈ, ਜਦੋਂ ਉਹ ਅੱਖਾਂ ਨਾਲ ਵੇਖਦੇ ਘੱਟ ਹਨ ਅਤੇ ਰੋਂਦੇ ਵੱਧ ਹਨ।

ਉਨ੍ਹਾਂ ਦੀ ਹਾਲਤ ਉਸ ਕਿਸਾਨ ਵਾਲੀ ਹੁੰਦੀ ਹੈ ਜਿਸ ਦੇ ਸਾਮ੍ਹਣੇ ਉਸ ਦੀ ਫ਼ਸਲ ਉੱਤੇ ਗੜੇ ਪੈ ਰਹੇ ਹੋਣ ਜਾਂ ਉਸ ਕੰਜੂਸ ਵਾਲੀ ਹੁੰਦੀ ਹੈ ਜਿਸ ਦੀ ਥੈਲੀ ਗੁਆਚ ਜਾਵੇ।

ਅਮਰੀਕਾ ਵਿੱਚ ਵੱਸਦੇ ਮਾਪਿਆਂ ਲਈ ਪੁੱਤਰਾਂ ਦੇ ਅਜਿਹੇ ਕਾਰਨਾਮੇ ਬਰਦਾਸ਼ਤ ਕਰਨੇ ਫਿਰ ਵੀ ਸੌਖੇ ਹਨ ਪਰ ਧੀਆਂ ਦੀਆਂ ਅਜਿਹੀਆਂ ਹਰਕਤਾਂ ਉਹ ਬਰਦਾਸ਼ਤ ਨਹੀਂ ਕਰ ਸਕਦੇ। ਜਿਨ੍ਹਾਂ ਦੇ ਕੇਵਲ ਪੁੱਤਰ ਹਨ, ਉਹ ਵੀ ਸੁਖੀ ਨਹੀਂ। ਅਜਿਹੇ ਮਾਪੇ ਪੁੱਤਰਾਂ ਦੇ ਤਰਲੇ ਕਰਦੇ ਰਹਿੰਦੇ ਹਨ ਕਿ ਉਹ ਜੋ ਮਰਜ਼ੀ ਕਰਨ ਪਰ ਵਿਆਹ ਕਿਸੇ ਭਾਰਤੀ ਕੁੜੀ ਨਾਲ ਹੀ ਕਰਵਾਉਣ। ਜਿਹੜੇ ਪੁੱਤਰ ਪੰਜਾਬੀ ਕੁੜੀ ਨਾਲ ਵਿਆਹ ਕਰਵਾਉਣਾ ਮੰਨ ਲੈਣ, ਉਨ੍ਹਾਂ ਦੇ ਮਾਪੇ ਆਪਣੇ ਆਪ ਨੂੰ ਬੜੇ ਭਾਗਸ਼ਾਲੀ ਸਮਝਦੇ ਹਨ।

ਸੱਚ ਤਾਂ ਇਹ ਹੈ ਕਿ ਸੋਲ੍ਹਾਂ ਸਾਲਾਂ ਦੀ ਉਮਰ ਵਿਚ ਹੀ ਬੱਚੇ ਆਪਣੇ ਮਾਪਿਆਂ ਨੂੰ ਝਿੜਕਣ ਲੱਗ ਪੈਂਦੇ ਹਨ। ਇਹ ਬੱਚੇ ਧਰਮ ਤੋਂ ਬੇਮੁੱਖ ਤਾਂ ਹੁੰਦੇ ਹੀ ਹਨ, ਆਪਣੀ ਬੋਲੀ, ਦੇਸ਼, ਸਭਿਆਚਾਰ ਅਤੇ ਮਾਪਿਆਂ ਤੋਂ ਵੀ ਬੇਮੁੱਖ ਹੋ ਜਾਂਦੇ ਹਨ।

ਮਾਪੇ ਕਹਿੰਦੇ ਹਨ ਕਿ ਉਨ੍ਹਾਂ ਨੇ ਬੱਚਿਆਂ ਨੂੰ ਬੜੀ ਮਿਹਨਤ ਕਰਕੇ ਪੜ੍ਹਾਇਆ ਹੈ, ਜਦੋਂ ਕਿ ਬੱਚੇ ਕਹਿੰਦੇ ਹਨ ਕਿ ਉਨ੍ਹਾਂ ਨੇ ਉਨ੍ਹਾਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ। ਇਸ ਪੜਾਓ ਉੱਤੇ ਮਾਪਿਆਂ ਅਤੇ ਬੱਚਿਆ ਦਾ ਆਪਸੀ ਰਿਸ਼ਤਾ ਬਣਾਵਟੀ ਬਣ ਜਾਂਦਾ ਹੈ। ਬੱਚੇ ਅਕਸਰ ਮਾਪਿਆਂ ਨੂੰ ਪੁੱਛਦੇ ਹਨ, 'ਤੁਸੀਂ ਆਪਣੀ ਵਸੀਅਤ ਲਿਖ ਦਿੱਤੀ ਹੈ ਕਿ ਨਹੀਂ?' ਕਈ ਬੱਚੇ ਮਾਂ ਨੂੰ ਕਹਿੰਦੇ ਹਨ, 'ਇਸ ਮੂਰਖ ਆਦਮੀ ਨਾਲੋਂ ਚੰਗੇਰਾ, ਤੈਨੂੰ ਕੋਈ ਪਤੀ ਨਹੀਂ ਸੀ ਲੱਭਿਆ?' ਇਕ ਥਾਂ ਉੱਤੇ ਇਕ ਵਿਅਕਤੀ ਦੀਆਂ ਦੋ ਧੀਆਂ

ਸਥਾਨਕ ਕਾਲਜ ਵਿਚ ਪੜ੍ਹਦੀਆਂ ਹੋਣ ਦੇ ਬਾਵਜੂਦ ਘਰ ਨਹੀਂ ਸਨ ਰਹਿ ਰਹੀਆਂ, ਕਿਉਂਕਿ ਘਰ ਵਿਚ ਉਨ੍ਹਾਂ ਨੂੰ ਅਗਰਬੱਤੀ ਦੀ ਬੂ ਆਉਂਦੀ ਸੀ।

ਮੇਰੇ ਇੱਕ ਮਿੱਤਰ ਨੇ ਵੇਚਣ ਦੇ ਇਰਾਦੇ ਨਾਲ ਮਕਾਨ ਪਾਇਆ ਹੋਇਆ ਸੀ ਅਤੇ ਉਸ ਨੇ ਆਪਣੀ ਪਤਨੀ ਨੂੰ ਕਿਹਾ ਹੋਇਆ ਸੀ ਕਿ ਘਰ ਵਿਚੋਂ ਬੱਚਿਆਂ ਨੂੰ ਪਰੇਸ਼ਾਨ ਕਰਨ ਵਾਲੀ ਘਿਓ ਜਾਂ ਹਲਦੀ-ਮਿਰਚਾਂ ਦੀ ਬੂ ਨਹੀਂ ਆਉਣੀ ਚਾਹੀਦੀ।

ਜਦੋਂ ਬੱਚੇ ਸੋਲ੍ਹਾਂ ਸਾਲਾਂ ਦੇ ਹੋ ਜਾਣ ਤਾਂ ਅਚਾਨਕ ਮਾਪਿਆਂ ਨੂੰ ਪਤਾ ਲੱਗਦਾ ਹੈ ਕਿ ਉਹ ਇਕੱਲੇ ਰਹਿ ਗਏ ਹਨ।

ਅਮਰੀਕਨ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਅਜਿਹੇ ਵਿਹਾਰ ਦੀ ਆਦਤ ਹੀ ਨਹੀਂ ਸਗੋਂ ਉਹ ਤਾਂ ਬੱਚਿਆ ਨੂੰ ਆਪ ਵੀ ਕਹਿ ਦਿੰਦੇ ਹਨ ਕਿ ਉਹ ਹੁਣ ਵੱਡੇ ਹੋ ਗਏ ਹਨ, ਸੋ ਉਹ ਹੁਣ ਆਪਣੇ ਰਾਹ ਪੈਣ।

ਅਸੀਂ ਭਾਰਤੀ, ਟੱਬਰ ਵਿਚ ਰਹਿਣ ਦੇ ਆਦੀ ਹਾਂ ਅਤੇ ਸਾਡੇ ਲਈ ਬੱਚਿਆਂ ਵੱਲੋਂ ਤਿਆਗੇ ਜਾਣ ਜਿਹਾ ਦੁੱਖ ਹੋਰ ਕੋਈ ਨਹੀਂ ਹੁੰਦਾ।

ਬਹੁਤੀਆਂ ਹਾਲਤਾਂ ਵਿਚ ਸਾਡੀ ਦੂਜੀ ਅਤੇ ਹਰ ਹਾਲਤ ਵਿਚ ਤੀਜੀ ਪੀੜ੍ਹੀ ਅਮਰੀਕਾ ਦੇ ਵਿਸ਼ਾਲ ਪ੍ਰਵਾਹ ਵਿਚ ਗੁਆਚ ਜਾਂਦੀ ਹੈ। ਅਮਰੀਕਾ ਹਰ ਕਿਸੇ ਨੂੰ ਆਪਣੇ ਤਾਣੇ-ਪੇਟੇ ਵਿਚ ਰਲਾ ਲੈਂਦਾ ਹੈ। ਜਦੋਂ ਮਾਪੇ ਬੁੱਢੇ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣਾ ਦੇਸ਼ ਅਤੇ ਆਪਣਾ ਸਭਿਆਚਾਰ ਯਾਦ ਆਉਂਦਾ ਅਤੇ ਸਤਾਉਂਦਾ ਹੈ ਪਰ ਗਊ-ਬਲਦ ਚੋਰੀ ਹੋ ਜਾਣ ਉਪਰੰਤ ਘਰ ਨੂੰ ਰੋਪੜੀ ਜਿੰਦਾ ਮਾਰਨ ਦਾ ਕੋਈ ਲਾਭ ਨਹੀਂ ਹੁੰਦਾ।

ਸਭ ਕੁਝ ਲੁਟਾ ਕੇ ਜਿਹੜੇ ਹੋਸ਼ ਵਿਚ ਆਉਂਦੇ ਹਨ, ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਕਰਦਾ ਅਤੇ ਜਿਹੜਾ ਚੋਣ ਹਾਰ ਗਿਆ ਹੋਵੇ ਜਾਂ ਜਿਹੜਾ ਹੁਣੇ-ਹੁਣੇ ਜੇਬ ਕੱਟਵਾ ਕੇ ਆਇਆ ਹੋਵੇ, ਉਸਨੂੰ ਕੋਈ ਨਹੀਂ ਸੁਣਦਾ।

ਅਮਰੀਕਾ ਵਿਚ ਬੁੱਢਾਪੇ ਵਿਚ ਗੁਜ਼ਾਰੇ ਲਈ ਖੁੱਲ੍ਹੇ ਪੈਸੇ ਮਿਲਦੇ ਹਨ ਪਰ ਜੀਵਨ ਦੀ ਤਸੱਲੀ ਕੇਵਲ ਪੈਸਿਆਂ ਨਾਲ ਨਹੀਂ ਹੁੰਦੀ। ਉੱਥੇ ਹਰ ਕਿਸੇ ਨਾਲ ਇਵੇਂ ਵਾਪਰਦਾ ਹੈ, ਸੋ ਸਾਰੇ ਰੋ-ਧੋ ਕੇ ਚੁੱਪ ਕਰ ਰਹਿੰਦੇ ਹਨ।

ਅਮਰੀਕਾ ਵਿਚ ਵੱਸਦੇ ਭਾਰਤੀ ਮਾਪਿਆਂ ਕੋਲ ਗੱਲਬਾਤ ਦਾ ਇਕ ਸਦੀਵੀ ਵਿਸ਼ਾ ਹੁੰਦਾ ਹੈ, ਆਪਣੀ ਸੰਤਾਨ ਨੂੰ ਕੋਸਣਾ ਅਤੇ ਸੰਤਾਨ ਨੂੰ ਮਾਲ-ਗੱਡੀ ਜਿੰਨੀਆਂ ਲੰਮੀਆਂ-ਲੰਮੀਆਂ ਗਾਲ੍ਹਾਂ ਕੱਢਣਾ। ਇਸ ਪੜਾਓ ਉੱਤੇ ਮਾਪਿਆਂ ਦੀ ਹਾਲਤ ਗਲੇ ਵਿਚ ਰੁਕੀ ਹਿਚਕੀ ਵਾਲੀ ਹੋ ਜਾਂਦੀ ਹੈ।

ਮੈਨੂੰ ਜਿਹੜੀ ਗੱਲ ਨੇ ਵਧੇਰੇ ਚਿੰਤਿਤ ਕੀਤਾ ਹੈ ਉਹ ਇਹ ਹੈ ਕਿ ਜਿਹੜੇ ਲੋਕ ਇਧਰੋਂ ਉਧਰ ਗਏ ਹਨ, ਉਨ੍ਹਾਂ ਦਾ ਮਾਨਸਿਕ ਵਿਕਾਸ ਨਹੀਂ ਹੋਇਆ।

ਉਹ ਸਗੋਂ ਪਹਿਲੇ ਨਾਲੋਂ ਵੀ ਨਿੱਘਰ ਗਏ ਹਨ।

ਪ੍ਰਤੀਤ ਹੁੰਦਾ ਹੈ ਕਿ ਕੁਝ ਵੀ ਪੜ੍ਹਨ ਲਈ ਉਨ੍ਹਾਂ ਕੋਲ ਵਕਤ ਹੀ ਨਹੀਂ, ਸੋ ਉਹ ਅੰਤਾਂ ਦੇ ਅੰਧ-ਵਿਸ਼ਵਾਸੀ ਬਣ ਜਾਂਦੇ ਹਨ। ਉੱਥੇ ਧਿਆਨ ਨੂੰ ਖਿੱਚਣ ਵਾਲੇ ਇਤਨੇ ਸਾਧਨ ਹਨ ਕਿ ਪੜ੍ਹਨ ਜਿਹੇ ਕੰਮ ਵੱਲ ਕਿਸੇ ਕੋਲ ਦੇਣ ਲਈ ਸਮਾਂ ਹੀ ਨਹੀਂ।

ਇੱਧਰੋਂ ਇਕ ਵਿਅਕਤੀ ਇੰਜੀਨੀਅਰ ਬਣ ਕੇ ਗਿਆ ਸੀ ਅਤੇ ਉਸ ਨੂੰ ਨਿਊਯਾਰਕ ਨੇੜੇ ਰਹਿੰਦਿਆਂ ਕਈ ਵਰ੍ਹੇ ਹੋ ਗਏ ਸਨ। ਉਹ ਇਕ ਪੈਟਰੋਲ ਪੰਪ ਚਲਾ ਰਿਹਾ ਸੀ। ਉਸ ਨੇ ਮੈਨੂੰ ਪੁੱਛਿਆ ਕਿ ਕੈਲੀਫੋਰਨੀਆ ਵਿਚ ਪੈਟਰੋਲ ਪੰਪ ਕਿਹੋ ਜਿਹੇ ਹਨ ? ਉਸ ਨੇ ਮੈਨੂੰ ਦੱਸਿਆ ਕਿ ਉਸ ਕੋਲ ਅਖ਼ਬਾਰ ਪੜ੍ਹਨ ਲਈ ਸਮਾਂ ਹੀ ਨਹੀਂ, ਉਸ ਕੋਲ ਚਿੱਠੀ ਲਿਖਣ ਲਈ ਵੀ ਸਮਾਂ ਨਹੀਂ, ਉਸ ਕੋਲ ਕਿਸੇ ਨਾਲ ਟੈਲੀਫ਼ੋਨ ਉੱਤੇ ਗੱਲਬਾਤ ਕਰਨ ਦਾ ਸਮਾਂ ਵੀ ਨਹੀਂ ਸੀ। ਉਸ ਕੋਲ ਕਿਸੇ ਚੀਜ਼ ਵਾਸਤੇ ਸਮਾਂ ਨਹੀਂ ਸੀ ਅਤੇ ਜੇ ਸਮਾਂ ਹੁੰਦਾ ਵੀ ਤਾਂ ਵੀ ਕੁਝ ਪੜ੍ਹਨ ਦੀ ਸੰਭਾਵਨਾ ਨਹੀਂ ਸੀ। ਉਹ ਉਤਨਾ ਕੁ ਸਿਆਣਾ ਰਹਿ ਗਿਆ ਸੀ, ਜਿਤਨੀ ਕੁ ਸਿਆਣਪ ਉਸ ਨੂੰ ਆਪਣਾ ਕੰਮ ਚਲਾਉਣ ਲਈ ਲੋੜੀਂਦੀ ਸੀ।

ਮੈਂ ਮੰਦਰਾਂ, ਗੁਰਦਵਾਰਿਆਂ ਵਿਚ ਵੀ ਗਿਆ ਅਤੇ ਉੱਥੇ ਜਿਹੜੀਆਂ ਅੰਧ-ਵਿਸ਼ਵਾਸੀ ਕਥਾਵਾਂ ਸੁਣਾਈਆਂ ਜਾ ਰਹੀਆਂ ਸਨ ਉਹ ਸੁਣਨੀਆਂ ਮੇਰੇ ਲਈ ਮੁਸ਼ਕਿਲ ਹੋ ਗਈਆਂ ਸਨ ਪਰ ਉਹ ਲੋਕ ਉਨ੍ਹਾਂ ਉੱਤੇ ਖ਼ੁਸ਼ ਹੋ ਕੇ ਡਾਲਰਾਂ ਦਾ ਮੀਂਹ ਵਰ੍ਹਾ ਰਹੇ ਸਨ।

ਪੰਜਾਬ ਵਿਚ ਰਹਿੰਦਿਆਂ ਅਸੀਂ ਜ਼ਾਤ-ਪਾਤ ਵੱਲ ਧਿਆਨ ਨਹੀਂ ਦਿੰਦੇ, ਪਰ ਅਮਰੀਕਾ ਵਿਚ ਵੱਸਦੇ ਪੰਜਾਬੀ ਅਨੇਕਾਂ ਆਧਾਰਾਂ ਉੱਤੇ ਵੰਡੇ ਹੋਏ ਹਨ। ਉਹ ਹਰ ਗੱਲ ਵਿਚ ਜ਼ਾਤ-ਪਾਤ, ਇਲਾਕੇ ਅਤੇ ਗੋਤ ਦੀ ਚਰਚਾ ਨਾਲੋ-ਨਾਲ ਕਰਦੇ ਹਨ।

ਇੰਗਲੈਂਡ ਵਿਚ ਤਾਂ ਸਥਿਤੀ ਹੋਰ ਵੀ ਨਿੱਘਰੀ ਹੋਈ ਹੈ। ਰਾਮਗੜ੍ਹੀਆਂ ਦਾ ਵੱਖਰਾ ਗੁਰਦਵਾਰਾ ਹੈ, ਜੱਟਾਂ ਦਾ ਵੱਖਰਾ। ਮਾਲਵੇ ਵਾਲੇ ਵੱਖ ਹਨ, ਮਾਝੇ ਅਤੇ ਦੋਆਬੇ ਵਾਲੇ ਵੱਖ। ਪੰਜਾਬ ਤੋਂ ਗਏ ਸਿੱਖ, ਅਫ਼ਰੀਕਾ ਵਿਚੋਂ ਆਏ ਸਿੱਖਾਂ ਨਾਲ ਨਹੀਂ ਬੋਲਦੇ। ਖੱਤਰੀ, ਜੱਟਾਂ ਨਾਲ ਨਹੀਂ ਬੋਲਦੇ, ਜੱਟ ਕੰਬੋਆਂ ਨਾਲ ਨਹੀਂ ਬੈਠਦੇ।

ਧਾਰਮਿਕ ਸਥਾਨਾਂ ਉੱਤੇ ਕਬਜ਼ਿਆਂ ਲਈ ਜੋ ਡਾਂਗ-ਸੋਟਾ ਚੱਲਦਾ ਹੈ, ਤੋਬਾ-ਤੋਬਾ।

ਉੱਥੇ ਸਭ ਕੁਝ ਮੁੱਲ ਵਿਕਦਾ ਹੈ ਅਤੇ ਹਰ ਇਕ ਚੀਜ਼ ਲਈ ਮੁੱਲ ਤਾਰਨਾ ਪੈਂਦਾ ਹੈ, ਸੋ ਸਭ ਦਾ ਆਪਸ ਵਿਚ ਰਿਸ਼ਤਾ ਬਰਾਬਰੀ ਵਾਲਾ ਹੈ। ਕੋਈ ਆਪਣੇ ਆਪ ਨੂੰ ਦੂਜੇ ਤੋਂ ਨੀਵਾਂ ਨਹੀਂ ਸਮਝਦਾ। ਸਾਰੇ ਹੀ ਮੋਹਰੀ ਹਨ, ਆਗੂ ਹਨ, ਜੱਥੇਦਾਰ ਹਨ, ਉੱਚਾ ਬੋਲਦੇ ਹਨ, ਵੰਗਾਰਦੇ ਹਨ, ਅਣਖ ਦੀ ਲੜਾਈ ਲੜਦੇ ਹਨ।

ਆਪਣੇ-ਆਪਣੇ ਢੰਗ ਨਾਲ ਸਾਰੇ ਧਰਮ ਦੀ ਸੇਵਾ ਕਰ ਰਹੇ ਹਨ। ਐਤਵਾਰ ਦਾ ਦਿਨ ਉਨ੍ਹਾਂ ਦਾ ਇਸੇ ਮਨੋਰੰਜਨ ਵਿਚ ਲੰਘਦਾ ਹੈ। ਸਭ ਦਾ ਆਪਸ ਵਿਚ ਰਿਸ਼ਤਾ ਸ਼ਰੀਕੇ ਵਾਲਾ ਹੈ। ਹਰ ਕਿਸੇ ਵਿਚ ਝਟਪਟ ਅਮੀਰ ਬਣੇ ਵਿਅਕਤੀ ਵਾਲਾ ਘਮੰਡ ਹੈ।

ਜਦੋਂ ਮਾਨਸਿਕ ਵਿਕਾਸ ਰੁੱਕ ਜਾਵੇ ਤਾਂ ਮਨੁੱਖ ਆਪਣੀ ਸਥਿਤੀ ਨੂੰ ਵਿਗਾੜਨ ਦੇ ਰਾਹ ਪੈ ਜਾਂਦਾ ਹੈ। ਤਿੜਕੇ ਹੋਏ ਮਨਾਂ ਵਾਲੇ ਲੋਕ ਕਿਵੇਂ ਵਿਚਰਦੇ ਹਨ, ਇਹ ਵੇਖਣ ਲਈ ਤੁਹਾਨੂੰ ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਜਾਣਾ ਪਵੇਗਾ।

ਉੱਥੇ ਵੀ ਜਿਹੜਾ ਪੈਸੇ ਉਧਾਰ ਲੈਣ ਉਪਰੰਤ, ਜੇ ਉਹ ਵਾਪਸ ਨਹੀਂ ਕਰਦਾ ਤਾਂ ਵਿਗੜ ਜਾਂਦੀ ਹੈ, ਵਾਪਸ ਕਰਨ ਵਾਲੇ ਦੀ ਵੀ ਵਿਗੜ ਜਾਂਦੀ ਹੈ। ਵਿਗੜਨੀ ਤਾਂ ਹੈ ਹੀ, ਬਹਾਨਾ ਕੋਈ ਬਣ ਜਾਵੇ।

ਕੋਈ ਕਿਸੇ ਦੇ ਘਰ ਨਹੀਂ ਜਾਂਦਾ, ਕਿਉਂਕਿ ਸਾਰੇ ਰੱਜੇ-ਪੁੱਜੇ ਹਨ। ਜਦੋਂ ਕਦੇ ਸਬੱਬ ਨਾਲ ਦੋ ਟੱਬਰ ਮਿਲ ਬੈਠਣ ਤਾਂ ਕਿਸੇ ਤੀਜੇ ਟੱਬਰ ਦੀ ਪੱਗ ਉਛਲਦੀ ਹੈ।

ਮੈਂ ਵੇਖਿਆ ਹੈ ਕਿ ਸਾਨੂੰ ਗੱਲਾਂ ਵਿਚੋਂ ਆਨੰਦ ਨਹੀਂ ਮਿਲਦਾ, ਆਨੰਦ ਤਾਂ ਸਾਨੂੰ ਚੁਗ਼ਲੀਆਂ ਵਿਚੋਂ ਮਿਲਦਾ ਹੈ। ਚੁਗ਼ਲੀ ਵਿਚੋਂ ਹਰ ਕਿਸੇ ਨੂੰ ਫੋੜੇ ਉੱਤੇ ਖੁਰਕ ਕਰਨ ਵਾਲਾ ਆਨੰਦ ਮਿਲਦਾ ਹੈ।

ਪੰਜਾਬਣਾਂ ਕੋਲ ਅਣਗਿਣਤ ਗਹਿਣੇ ਅਤੇ ਕੱਪੜੇ ਹਨ ਪਰ ਉਨ੍ਹਾਂ ਨੇ ਮੰਦਰ-ਗੁਰਦਵਾਰੇ ਤੋਂ ਸਿਵਾਏ ਕਿੱਧਰੇ ਜਾਣਾ ਨਹੀਂ ਹੁੰਦਾ, ਸੋ ਮੰਦਰਾਂ-ਗੁਰਦਵਾਰਿਆਂ ਵਿਚ ਰੇਸ਼ਮ ਅਤੇ ਗਹਿਣਿਆਂ ਦੀ ਨੁਮਾਇਸ਼ ਲਗਦੀ ਹੈ। ਮੈਂ ਵੇਖ ਕੇ ਹੈਰਾਨ ਹੋਇਆ ਹਾਂ ਕਿ ਪੈਸੇ ਦੇ ਜ਼ੋਰ ਨਾਲ ਬੰਦਾ ਆਪਣੇ-ਆਪ ਨਾਲ ਕਿਹੋ ਜਿਹੇ ਭੱਦੇ ਮਖੌਲ ਕਰਦਾ ਹੈ।

ਪੂਰੇ ਮੇਚ ਦੇ ਕੱਪੜੇ ਮੈਂ ਸ਼ਾਇਦ ਹੀ ਕਿਸੇ ਨੂੰ ਪਾਏ ਵੇਖੇ ਹੋਣ। ਕੱਪੜੇ ਜਾਂ ਤੰਗ ਹੁੰਦੇ ਹਨ ਜਾਂ ਇਹੋ ਜਿਹੇ ਜਿਵੇਂ ਕਿਸੇ ਨੇ ਤੰਬੂ ਆਪਣੇ ਆਪ ਉੱਤੇ ਸੁੱਟਿਆ ਹੋਵੇ। ਸੁਰਖ਼ੀ-ਪਾਊਡਰ ਵੀ ਬੜਾ ਵਰਤਿਆ ਜਾਂਦਾ ਹੈ ਤਾਂ ਕਿ ਕਰੂਪਤਾ ਹੋਰ ਚਮਕੇ। ਕਈ ਵਾਲ-ਰੰਗੀਆਂ ਇਸਤਰੀਆਂ ਨੂੰ ਵੇਖ ਕੇ ਇੰਜ ਲੱਗਦਾ ਹੈ, ਜਿਵੇਂ ਲਿਪਸਟਿਕ ਉਨ੍ਹਾਂ ਨੇ ਸੈਂਡਲਾਂ ਨੂੰ ਲਾ ਲਈ ਹੋਵੇ ਅਤੇ ਪਾਲਿਸ਼ ਮੂੰਹ ਨੂੰ।

ਜਦੋਂ ਪੰਜਾਬੀ ਪੁਰਸ਼ ਜੁੜ ਖਲੋਂਦੇ ਹਨ ਤਾਂ ਉਹ ਵਾਪਰੀਆਂ ਘਟਨਾਵਾਂ ਦੀ ਚੀਰ-ਫਾੜ ਕਰਦੇ ਹਨ, ਚੀਜ਼ਾਂ ਖਰੀਦਣ-ਵੇਚਣ ਲਈ ਵਰਤੇ ਗਏ ਦਾਓ-ਪੇਚਾਂ ਦਾ ਵੇਰਵਾ ਦਿੰਦੇ ਹਨ ਅਤੇ ਸਿੱਧ ਕਰਕੇ ਵਿਛੜਦੇ ਹਨ ਕਿ ਉਨ੍ਹਾਂ ਨੇ ਅਮਰੀਕਾ ਵਿਚ ਆ ਕੇ ਬੜੀ ਸਿਆਣਪ ਵਾਲਾ ਕੰਮ ਕੀਤਾ ਹੈ ਪਰ ਉਨ੍ਹਾਂ ਕੋਲ ਡਾਲਰਾਂ ਤੋਂ ਸਿਵਾਇ ਵਿਚਾਰਨ ਵਾਲਾ ਕੋਈ ਮਹੱਤਵਪੂਰਨ ਵਿਸ਼ਾ ਨਹੀਂ ਹੁੰਦਾ, ਸੋ ਉਹ ਡਾਲਰਾਂ ਨਾਲ ਇਕ ਦੂਜੇ ਨੂੰ ਮਾਪਦੇ ਹਨ। ਸਭ ਕੁਝ ਬੜਾ ਅਜੀਬ-ਅਜੀਬ ਲੱਗਦਾ ਹੈ। ਮੈਨੂੰ ਤਾਂ ਉਨ੍ਹਾਂ ਦੀਆਂ ਗੱਲਾਂ ਸੁਣ-ਸੁਣ ਕੇ ਇੰਜ ਲੱਗਦਾ ਰਿਹਾ ਹੈ ਜਿਵੇਂ ਕਿ ਬਹੁਤ ਗਰੀਬ ਮਾਪਿਆਂ ਦਾ ਮੁੰਡਾ ਕਿਸੇ ਅਮੀਰ ਰਿਸ਼ਤੇਦਾਰ ਦੇ ਘਰ ਵਿਆਹ ਉੱਤੇ ਪਹਿਲੀ ਵਾਰ ਗਿਆ ਹੋਵੇ। ਇਤਨੀਆਂ ਵੱਡੀਆਂ ਗੱਲਾਂ ਵਿਚ ਮੈਂ ਕੀ ਯੋਗਦਾਨ ਪਾ ਸਕਦਾ ਸਾਂ? ਸੋ ਮੈਂ ਸੁਣਦਾ ਰਿਹਾ, ਮੈਂ ਵੇਖਦਾ ਰਿਹਾ ਪਰ ਸਭਨੀ ਥਾਂਈਂ ਇਹ ਪ੍ਰਭਾਵ ਜ਼ਰੂਰ ਦੇਣਾ ਪਿਆ ਕਿ ਮੈਂ ਬੜੇ ਸਿਆਣੇ ਅਤੇ ਸੁਲਝੇ ਹੋਏ ਲੋਕਾਂ ਦੀ ਗੱਲਬਾਤ ਸੁਣ ਰਿਹਾ ਸਾਂ।

ਉੱਥੇ ਗਏ ਸਾਰੇ ਇਕ ਦੂਜੇ ਦਾ ਪਿਛੋਕੜ ਜਾਣਦੇ ਹਨ, ਸੋ ਉਹ ਵਡਿਆਉਣ ਦੀ ਭਾਸ਼ਾ ਵਿਚ ਇਕ ਦੂਜੇ ਨੂੰ ਨਿੰਦਦੇ ਹਨ।

ਪੰਜਾਬੀਆਂ ਦੀ ਸਿਫ਼ਤ ਇਹ ਹੈ ਕਿ ਉਹ ਆਪ ਗੁਰਦਵਾਰੇ ਵਿਚ ਭਾਵੇਂ ਕਹੀ-ਕੁਹਾੜਾ ਹੋ ਰਹੇ ਹੋਣ, ਲੰਗਰ ਨਿਰੰਤਰ ਚੱਲਦਾ ਰਹਿੰਦਾ ਹੈ।

ਅਮਰੀਕਾ ਵਿਚ ਪੰਜਾਬੀਆਂ ਦੇ ਘਰ ਬਹੁਤ ਵੱਡੇ ਹਨ। ਸ਼ਾਇਦ ਇਸ ਕਰਕੇ ਕਿ ਇਥੋਂ ਤੰਗ ਘਰਾਂ ਵਿਚੋਂ ਗਏ ਹੋਣ ਕਰਕੇ ਉਹ ਆਪਣੇ ਛੋਟੇਪਣ ਨੂੰ ਵੱਡੇ ਘਰਾਂ ਰਾਹੀਂ ਢੱਕਦੇ ਹਨ। ਕਈ ਵਾਰੀ ਪਰੰਪਰਾ ਹੀ ਅਜਿਹੀ ਹੁੰਦੀ ਹੈ। ਸ਼ਾਇਦ ਮੈਂ ਵੀ ਉੱਥੇ ਰਹਿਣ ਦੀ ਹਾਲਤ ਵਿਚ ਇਵੇਂ ਹੀ ਕਰਦਾ। ਮਹੀਨੇ ਬੀਤ ਜਾਂਦੇ ਹਨ ਕੋਈ ਕਿਸੇ ਦੇ ਘਰ ਨਹੀਂ ਜਾਂਦਾ। ਕਿਸੇ ਚੀਜ਼ ਦੀ ਘਾਟ ਨਹੀਂ। ਅੰਤਾਂ ਦੇ ਸੁਖ ਸਾਧਨ ਹਨ ਪਰ ਗੱਲਬਾਤ ਬਹੁਤਾ ਚਿਰ ਨਹੀਂ ਚੱਲ ਸਕਦੀ ਅਤੇ ਖਾਣ-ਪੀਣ ਬਹੁਤਾ ਚਿਰ ਭਰਮਾ ਨਹੀਂ ਸਕਦਾ।

ਉੱਥੇ ਰਹਿੰਦਿਆ ਮੈਂ ਜਾਣ ਲਿਆ ਸੀ ਕਿ ਉਨ੍ਹਾਂ ਲੋਕਾਂ ਦੀ ਕਿਹੜੀਆਂ ਗੱਲਾਂ ਵਿਚ ਦਿਲਚਸਪੀ ਹੈ। ਪੰਜਾਬੀ ਕਿਧਰੇ ਵੀ ਚਲਾ ਜਾਵੇ, ਉਹ ਕਮੀਨਾ ਨਹੀਂ ਹੁੰਦਾ। ਉਹ ਸਭ ਕੁਝ ਤੁਹਾਡੇ ਅੱਗੇ ਰੱਖ ਦੇਵੇਗਾ। ਉਨ੍ਹਾਂ ਦੇ ਘਰ ਸਾਡੇ ਕਈ ਰਿਆਸਤੀ ਰਾਜਿਆਂ ਦੇ ਮਹਿਲਾਂ ਨਾਲੋਂ ਸੋਹਣੇ ਹਨ ਪਰ ਅਮਰੀਕਾ ਦਾ ਸਭ ਤੋਂ ਵੱਡਾ ਗੁਣ-ਦੋਸ਼ ਇਹ ਹੈ ਕਿ ਕੋਈ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਤੁਸੀਂ ਵੱਡੇ ਹੋ, ਛੋਟੇ ਹੋ, ਅਮੀਰ ਹੋ, ਗਰੀਬ ਹੋ, ਡਾਕਟਰ ਹੋ, ਜਮਾਂਦਾਰ ਹੋ, ਕਿਸੇ ਨੂੰ ਪ੍ਰਵਾਹ ਨਹੀਂ। ਇਹ ਬੇ-ਪ੍ਰਵਾਹੀ, ਲਾ-ਪ੍ਰਵਾਹੀ ਦੀ ਹੱਦ ਤੱਕ ਹੈ। ਇਹ ਲਾ-ਪ੍ਰਵਾਹੀ ਏਸ਼ੀਆਈ ਲੋਕਾਂ ਨੂੰ ਬੇਚੈਨ ਕਰਦੀ ਹੈ, ਸੋ ਉਹ ਮਾਨਤਾ ਪ੍ਰਾਪਤੀ ਲਈ ਆਪਣੇ ਵਤਨ ਮੁੜਦੇ ਹਨ, ਰਿਸ਼ਤੇਦਾਰਾਂ ਨੂੰ ਮਿਲਦੇ ਹਨ, ਤੋਹਫ਼ੇ ਵੰਡਦੇ ਹਨ, ਆਪਣੀ ਵਾਹ-ਵਾਹ ਕਰਵਾ ਕੇ ਕੁਝ ਚਿਰ ਲਈ ਆਪਣੇ ਆਪ ਨੂੰ ਧਰਵਾਸ ਦਿੰਦੇ ਹਨ।

ਕਲਪਨਾ ਕਰੋ ਹੀਰ ਦਾ ਕੀ ਹਾਲ ਹੋਵੇ ਜੇ ਉਸ ਵੱਲ ਕੋਈ ਧਿਆਨ ਹੀ ਨਾ ਦੇਵੇ?

ਕਲਪਨਾ ਕਰੋ ਤੁਸੀਂ ਵਿਸ਼ਾਲ ਮੇਲੇ ਵਿਚ ਘੁੰਮ ਰਹੇ ਹੋਵੋ ਅਤੇ ਤੁਹਾਨੂੰ ਕੋਈ ਪਛਾਣਨ ਵਾਲਾ ਨਾ ਹੋਵੇ।

ਅਸੀਂ ਬਹੁਤ ਕੁਝ ਮਾਨਤਾ ਪ੍ਰਾਪਤ ਕਰਨ ਲਈ ਕਰਦੇ ਹਾਂ, ਇਹ ਮਾਨਤਾ ਉੱਥੇ ਨਹੀਂ ਮਿਲਦੀ। ਪੰਜਾਬੀ ਦੋ ਸਭਿਆਚਾਰਾ ਵਿਚ ਵੰਡਿਆ ਜੀਵਨ ਜੀ ਰਹੇ ਹਨ।

ਉਨ੍ਹਾਂ ਦੀ ਸਥਿਤੀ ਸਾਹਿਬਾਂ ਵਾਲੀ ਹੈ, ਜਿਸ ਦਾ ਤਨ ਮਿਰਜ਼ੇ ਵੱਲ ਅਤੇ ਮਨ ਮਾਪਿਆਂ ਵੱਲ ਸੀ।

ਪੰਜਾਬੀਆਂ ਦੀ ਸਥਿਤੀ ਦੁਚਿੱਤੀ ਵਿਚ ਗ੍ਰਸੇ ਬੰਦੇ ਵਰਗੀ ਹੈ। ਜਦੋਂ ਉਹ ਭਾਰਤ ਵਿਚ ਵੱਸਦੇ ਆਪਣੇ ਰਿਸ਼ਤੇਦਾਰਾਂ ਨਾਲ ਆਪਣੀ ਤੁਲਨਾ ਕਰਦੇ ਹਨ ਤਾਂ ਪ੍ਰਸੰਨ ਹੁੰਦੇ ਹਨ ਪਰ ਜਦੋਂ ਅਮਰੀਕਨਾਂ ਨਾਲ ਆਪਣੀ ਤੁਲਨਾ ਕਰਦੇ ਹਨ ਤਾਂ ਉਹ ਉਦਾਸ ਹੀ ਨਹੀਂ ਹੁੰਦੇ, ਉਨ੍ਹਾਂ ਨੂੰ ਆਪਣੇ ਬਿਗਾਨੇ ਹੋਣ ਦਾ ਅਹਿਸਾਸ ਵੀ ਹੁੰਦਾ ਹੈ। ਅਮਰੀਕਨ ਸਾਨੂੰ ਹੈਰਾਨੀ ਨਾਲ ਵੇਖਦੇ ਹਨ ਅਤੇ ਇਹ ਹੈਰਾਨੀ ਸਾਨੂੰ ਦੁੱਖੀ ਕਰਦੀ ਹੈ।

ਸਾਡੀਆਂ ਜੜ੍ਹਾਂ ਉਸ ਧਰਤੀ ਵਿਚ ਨਹੀਂ ਹਨ।

ਅਸੀਂ ਉਸ ਧਰਤੀ ਵਿਚ ਦਰੱਖ਼ਤਾਂ ਵਾਂਗ ਨਹੀਂ ਉੱਗ ਸਕਦੇ। ਸਾਡੀ ਹਾਲਤ ਗਮਲਿਆਂ ਵਿਚ ਉੱਗੇ ਬੂਟਿਆਂ ਵਾਲੀ ਹੈ।

ਅਸੀਂ ਉਥੇ ਇਕ ਹੱਦ ਤੋਂ ਵੱਧ ਵਿਕਾਸ ਨਹੀਂ ਕਰ ਸਕਦੇ।

ਉੱਥੇ ਰਹਿੰਦੇ ਪੰਜਾਬੀਆਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਬਨਵਾਸੋਂ ਪਰਤਣ ਉੱਤੇ ਕੋਈ ਦੀਵਾਲੀ ਨਹੀਂ ਮਨਾਵੇਗਾ।

ਇਸੇ ਕਰਕੇ ਉਹ ਬਨਵਾਸ ਤੋਂ ਪਰਤਣ ਲਈ ਤਿਆਰ ਨਹੀਂ ਹਨ।

ਕਈ ਬੰਦੇ ਉੱਥੇ ਮੈਨੂੰ ਬੱਦਲਾਂ ਵਾਂਗ ਭਰੇ ਹੋਏ ਲੱਗੇ ਪਰ ਉਨ੍ਹਾਂ ਨੂੰ ਵਰ੍ਹਨ ਲਈ ਕੋਈ ਥਾਂ ਨਹੀਂ ਸੀ ਲੱਭ ਰਹੀ। ਕਈ ਬੰਦੇ ਮੈਨੂੰ ਸੁੱਕੇ ਸਰੋਵਰ ਵਾਂਗ ਗੁੰਮ-ਸੁੰਮ ਦਿਖਾਈ ਦਿੱਤੇ ਅਤੇ ਕਈਆਂ ਦੀਆਂ ਅੱਖਾਂ ਵਿਚ ਮੈਨੂੰ ਪੁਸ਼ਤਾਂ ਦੇ ਜਗਰਾਤੇ ਵਿਖਾਈ ਦਿੱਤੇ।

ਆਪਣੇ ਦੇਸ਼ ਵਿਚ ਅਨੇਕਾਂ ਨੁਕਸ ਹਨ ਪਰ ਕਿਉਂਕਿ ਇਹ ਸਾਡਾ ਆਪਣਾ ਹੈ ਇਸ ਲਈ ਸਭ ਕੁਝ ਬਰਦਾਸ਼ਤ ਕਰਨ ਯੋਗ ਹੈ। ਉੱਥੇ ਖਾਣ-ਪੀਣ ਦੀਆ ਵਸਤਾਂ ਬਹੁਤ ਹਨ ਪਰ ਮਨ ਦਾ ਰੱਜ ਨਹੀਂ। ਉੱਥੇ ਰਹਿੰਦਿਆਂ ਇੰਜ ਲੱਗਦਾ ਹੈ ਜਿਵੇਂ ਮਹਿੰਗੇ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਹੋਈਏ, ਘਰ ਵਿਚ ਨਹੀਂ।

ਜਿਹੜੇ ਉੱਥੇ ਟਿਕ ਗਏ ਹਨ, ਉਹ ਉੱਥੇ ਦੇ ਢੰਗ-ਤਰੀਕਿਆਂ ਅਨੁਸਾਰ ਢਲ ਗਏ ਹਨ ਪਰ ਸਾਡੀ ਜੀਵਨ-ਜਾਚ ਹੋਰ ਹੈ, ਉਨ੍ਹਾਂ ਦੀ ਹੋਰ, ਉੱਥੇ ਅਸੀਂ ਮਹਿਮਾਨਾਂ ਵਾਂਗ ਵਿਚਰਦੇ ਹਾਂ। ਸਾਡਾ ਉੱਥੇ ਜ਼ੋਰ ਨਹੀਂ ਚੱਲਦਾ। ਉੱਥੇ ਅਸੀਂ ਆਪਣੀ ਮੰਨਵਾ ਨਹੀਂ ਸਕਦੇ, ਉਨ੍ਹਾਂ ਦੀ ਮੰਨ ਕੇ ਸਬਰ ਕਰਨਾ ਪੈਂਦਾ ਹੈ, ਉੱਥੇ ਅਸੀਂ ਖੁਲ੍ਹ ਕੇ ਲੜ ਵੀ ਨਹੀਂ ਸਕਦੇ, ਉਤਨਾ ਹੀ ਲੜ ਸਕਦੇ ਹਾਂ ਜਿਤਨੇ ਦੀ ਉਥੋਂ ਦੇ ਕਾਨੂੰਨ ਆਗਿਆ ਦੇਣ।

ਉੱਥੇ ਸਮਝੌਤਿਆਂ ਵਾਲਾ ਜੀਵਨ ਜਿਉਣਾ ਪੈਂਦਾ ਹੈ।

ਅਮਰੀਕੀ ਸਭਿਆਚਾਰ ਦਾ ਖਾਸਾ ਹੈ ਕਿ ਕੁਝ ਹੀ ਵਰ੍ਹਿਆਂ ਵਿਚ ਇਹ ਬੰਦੇ ਤੋਂ ਸੋਚਣ ਦੀ ਆਦਤ ਖੋਹ ਲੈਂਦਾ ਹੈ ਅਤੇ ਫਿਰ ਉਸ ਨੂੰ ਭੰਬੀਰੀ ਵਾਂਗ ਘੁੰਮਾਉਂਦਾ ਹੈ। ਜਿਹੜੇ ਸੋਚਣ ਦੀ ਜ਼ਿੱਦ ਕਰਦੇ ਹਨ ਉਹ ਦੁੱਖੀ ਹੁੰਦੇ ਹਨ ਅਤੇ ਕੀ ਗੁਆਇਆ, ਕੀ ਪਾਇਆ ਦੀ ਸੋਚ ਉਨ੍ਹਾਂ ਨੂੰ ਤੰਗ ਕਰਦੀ ਹੈ। ਅਜਿਹਾ ਵਿਅਕਤੀ ਬਾਹਰੋਂ ਸਾਬਤਾ-ਸਬੂਤਾ ਲੱਗਦਾ ਹੈ, ਪਰ ਟੁੱਟ-ਭੱਜ ਤਾਂ ਅੰਤਰ-ਮਨ ਵਿਚ ਵਾਪਰਦੀ ਹੈ। ਇਸ ਟੁੱਟ-ਭੱਜ ਨੂੰ ਵਸਤਾਂ ਦੇ ਠੁੰਮ੍ਹਣੇ ਨਹੀਂ ਦਿੱਤੇ ਜਾ ਸਕਦੇ।

ਜਦੋਂ ਬੰਦੇ ਦੇ ਜਜ਼ਬੇ ਠੰਡੇ ਪੈ ਜਾਣ, ਉਹ ਵਸਤਾਂ ਵਿਚੋਂ ਝੂਠੀ ਤਸੱਲੀ ਭਾਲਦਾ ਹੈ।

ਅਮਰੀਕੀ ਜੀਵਨ ਜਾਚ

ਕਿਸੇ ਨੇ ਪੁੱਛਿਆ, 'ਸਾਰੀ ਦੁਨੀਆਂ ਅਮਰੀਕਾ ਵੇਖਣ ਲਈ ਕਿਉਂ ਉਤਾਵਲੀ ਹੈ?' ਉੱਤਰ ਮਿਲਿਆ, 'ਹਰ ਇਕ ਵਿਅਕਤੀ ਵਿਚ ਚਿੜੀਆ-ਘਰ ਅਤੇ ਆਪਣੇ ਦੇਸ਼ ਨਾਲੋਂ ਚੰਗੇਰਾ ਮੁਲਕ ਵੇਖਣ ਦੀ ਇਕ ਬੁਨਿਆਦੀ ਅਤੇ ਬਲਵਾਨ ਇੱਛਾ ਹੁੰਦੀ ਹੈ, ਇਹ ਇੱਛਾ ਹੀ ਉਸ ਨੂੰ ਅਮਰੀਕਾ ਲੈ ਜਾਂਦੀ ਹੈ।'

ਅਮਰੀਕਾ ਸੰਸਾਰ ਦਾ ਸਭ ਤੋਂ ਵਧੀਆ ਚਿੜੀਆ-ਘਰ ਹੈ, ਜਿਥੇ ਹਰ ਕੌਮ, ਹਰ ਨਸਲ, ਹਰ ਧਰਮ, ਹਰ ਬੋਲੀ ਅਤੇ ਹਰ ਵੰਨਗੀ ਦੇ ਜੀਵ ਮਿਲ ਜਾਣਗੇ।

ਸੰਸਾਰ ਦੇ ਕਿਸੇ ਵੀ ਹੋਰ ਦੇਸ਼ ਵਿਚ ਇਤਨੀ ਦਲੇਰੀ ਨਹੀਂ ਕਿ ਦੁਨੀਆਂ ਭਰ ਦੇ ਲੋਕਾਂ ਨੂੰ ਸੈਨਤਾਂ ਕਰ ਕਰ ਕੇ ਆਪਣੇ ਕੋਲ ਬੁਲਾ ਲਵੇ।

ਇਹ ਦਲੇਰੀ ਕੇਵਲ ਅਮਰੀਕਾ ਵਿਚ ਹੈ।

ਸਭ ਕੁਝ ਦੇ ਬਾਵਜੂਦ ਅਮਰੀਕਾ ਦੇ ਹਰ ਵਾਸੀ ਨੂੰ ਇਸ ਗੱਲ ਦਾ ਡੂੰਘਾ ਅਹਿਸਾਸ ਹੈ ਕਿ ਉਹ ਬਾਹਰੋਂ ਆਇਆ ਹੈ।

ਕੇਵਲ ਚਿੱਟੀ ਚਮੜੀ ਵਾਲੇ ਪ੍ਰਾਚੀਨ ਅੰਗਰੇਜ਼ (ਐਂਗਲੋ-ਸੈਕਸਨ) ਅਤੇ ਉਹ ਵੀ ਈਸਾਈ ਧਰਮ ਦੀ ਪ੍ਰੋਟੈਸਟੈਂਟ ਸ਼ਾਖ ਨਾਲ ਸੰਬੰਧ ਰੱਖਣ ਵਾਲੇ ਲੋਕ ਹੀ ਆਪਣੇ ਆਪ ਨੂੰ ਅਮਰੀਕਨ ਮੰਨਦੇ ਹਨ।

ਅੰਗਰੇਜ਼ਾਂ ਨੇ ਅਮਰੀਕਾ ਦਾ ਰੰਗ-ਰੂਪ ਇਵੇਂ ਬਦਲ ਦਿੱਤਾ ਹੈ, ਜਿਵੇਂ ਲਲਾਰੀ ਦੇ ਤੱਸਲੇ ਵਿਚੋਂ ਨਿਕਲਣ ਨਾਲ ਕਪੜੇ ਦਾ ਰੰਗ ਬਦਲ ਜਾਂਦਾ ਹੈ।

ਅਮਰੀਕਾ ਦੇ ਆਦਿ-ਵਾਸੀ ਤਾਂ ਵਿਚਾਰੇ ਜਿਹੇ ਹੀ ਬਣ ਕੇ ਰਹਿ ਗਏ ਹਨ। ਅਫਰੀਕਾ ਵਿਚੋਂ ਲਿਆਂਦੇ ਨੀਗਰੋ ਲੋਕਾਂ ਨੂੰ ਭਾਵੇਂ ਇਬਰਾਹੀਮ ਲਿੰਕਨ ਨੇ ਆਜ਼ਾਦ ਕਰਵਾ ਦਿੱਤਾ ਸੀ ਪਰ ਉਨ੍ਹਾਂ ਦੇ ਓਦਰੇ ਮਨ ਅਜੇ ਵੀ ਭਟਕ ਰਹੇ ਹਨ।

ਜੋ ਹਾਲ ਸਾਡੇ ਦੇਸ਼ ਵਿਚ ਹਰੀਜਨਾਂ ਦਾ ਹੈ, ਅਮਰੀਕਾ ਵਿਚ ਲਗਭਗ ਉਹੋ ਜਿਹੀ ਸਥਿਤੀ ਨੀਗਰੋ ਲੋਕਾਂ ਦੀ ਹੈ। ਇਨ੍ਹਾਂ ਲੋਕਾਂ ਦੇ ਚਿਹਰਿਆਂ ਉੱਤੇ ਘੋਰ ਉਦਾਸੀ ਹੈ। ਇਨ੍ਹਾਂ ਦੀ ਮਿਹਨਤ ਨਾਲ ਉਸਰਿਆ ਅਮਰੀਕਾ ਇਨ੍ਹਾਂ ਨੂੰ ਅਪਨਾਉਣ ਤੋਂ ਇਨਕਾਰੀ ਹੈ, ਸੋ ਗਾਲ੍ਹਾਂ ਇਨ੍ਹਾਂ ਲੋਕਾਂ ਦੇ ਹੋਠਾਂ ਉੱਤੇ ਆ ਕੇ ਪੱਬਾਂ ਭਾਰ ਵਾਪਸ ਮੁੜ ਜਾਂਦੀਆਂ ਹਨ।

ਇਨ੍ਹਾਂ ਲੋਕਾਂ ਦੇ ਛਿਲੇ ਹੋਏ ਮਨਾਂ ਦਾ ਪ੍ਰਛਾਵਾਂ ਬਹੁਤ ਡੂੰਘਾ ਹੈ। ਜਿੱਥੇ ਇਹ ਲੋਕ ਰਹਿੰਦੇ ਹਨ, ਉੱਥੇ ਦੂਰ-ਦੂਰ ਤਕ ਉਦਾਸੀ ਦੀ ਸੰਘਣੀ ਧੁੰਦ ਪਸਰੀ ਹੁੰਦੀ ਹੈ। ਮੈਨੂੰ ਇਨ੍ਹਾਂ ਲੋਕਾਂ ਦੇ ਚਿਹਰਿਆਂ ਉਤਲੇ ਨੈਣ ਨਕਸ਼ਾਂ ਵਿਚੋਂ ਉਹ ਜ਼ਖ਼ਮ ਵਿਖਾਈ ਦਿੱਤੇ, ਜਿਨ੍ਹਾਂ ਦੀ ਮਰਹਮ ਅਮਰੀਕਾ ਕੋਲ ਨਹੀਂ ਹੈ।

ਮੇਰਾ ਵਿਸ਼ਵਾਸ ਹੈ ਕਿ ਇਹ ਲੋਕ ਇਕ ਦਿਨ ਆਪਣੇ ਮੂੰਹਾਂ ਉੱਤੇ ਸਦੀਆਂ ਤੋਂ ਬੱਝੀਆਂ ਪੱਟੀਆਂ ਖੋਲ੍ਹ ਕੇ ਜਦੋਂ ਦਹਾੜਨਗੇ ਤਾਂ ਸ਼ੇਰ ਵੀ ਡਰ ਜਾਣਗੇ।

ਜਦੋਂ ਵੀ ਮੈਂ ਕਿਸੇ ਨੀਗਰੋ ਨੂੰ ਧਿਆਨ ਨਾਲ ਵੇਖਿਆ ਹੈ, ਉਸ ਵਿਚ ਲੰਮੇ ਅਰਸੇ ਤੋਂ ਗਿੱਲੇ-ਗੋਹੇ ਦੀ ਅੱਗ ਵਾਂਗ ਕੁਝ ਬਲਦਾ-ਬੁਝਦਾ ਦਿਖਾਈ ਦਿੱਤਾ ਹੈ। ਪਤਾ ਨਹੀਂ ਕਿਉਂ ਮੇਰੇ ਮਨ ਵਿਚ ਇਹ ਵਿਚਾਰ ਬੈਠਿਆ ਹੋਇਆ ਹੈ ਕਿ ਕਾਲਾ ਰੰਗ, ਲੁਟੇ ਹੋਏ ਲੋਕਾਂ ਦੇ ਕਸ਼ਟਾਂ ਦੀ ਕਾਲਖ ਨਾਲ ਬਣਿਆ ਹੈ।

ਅਮਰੀਕਾ ਵਿਚ ਨੀਗਰੋ ਲੋਕਾਂ ਨਾਲ ਹਰ ਖੇਤਰ ਵਿਚ ਵਿਤਕਰਾ ਹੁੰਦਾ ਹੈ।

ਇਸ ਵਿਤਕਰੇ ਦੀ ਤਾਰ ਇਤਨੀ ਬਾਰੀਕ ਅਤੇ ਤਿੱਖੀ ਹੈ ਕਿ ਬੰਦਾ ਤੜਪ ਪੈਂਦਾ ਹੈ ਪਰ ਉਭਾਸਰ ਨਹੀਂ ਸਕਦਾ।

ਇਹ ਇਕ ਅਜਿਹਾ ਸਵਾਲ ਹੈ ਜਿਸ ਦਾ ਜਵਾਬ ਅਮਰੀਕਾ ਨੂੰ ਕਦੇ ਨਾ ਕਦੇ, ਹਨੇਰੇ ਜਾਂ ਸਵੇਰੇ, ਦੇਣਾ ਹੀ ਪਵੇਗਾ।

ਇਹ ਇਕ ਸਵਾਲ ਹੈ, ਜਿਸ ਨੂੰ ਸਦਾ ਲਈ ਟਾਲਿਆ ਨਹੀਂ ਜਾ ਸਕਦਾ ।

ਅਸੀਂ ਇਤਿਹਾਸ ਪੜ੍ਹਦੇ ਹਾਂ ਆਪਣਾ ਅਤੀਤ ਜਾਣਨ ਲਈ, ਅਸੀਂ ਅਮਰੀਕਾ ਜਾਂਦੇ ਹਾਂ ਆਪਣਾ ਭਵਿੱਖ ਜਾਣਨ-ਵੇਖਣ ਲਈ।

ਅਮਰੀਕਾ ਨੇ ਸੰਸਾਰ ਲਈ ਸਭ ਪ੍ਰਕਾਰ ਦੀਆਂ ਚੰਗੀਆਂ ਅਤੇ ਮਾੜੀਆਂ ਚੀਜ਼ਾਂ ਅਤੇ ਵਰਤਾਰਿਆਂ ਦੇ ਮਾਡਲ ਸਿਰਜੇ ਹੋਏ ਹਨ।

ਉਹ ਚੰਗੇ ਅਤੇ ਮਾੜੇ ਦੋਹਾਂ ਖੇਤਰਾਂ ਵਿਚ ਦੂਜਿਆਂ ਨਾਲੋਂ ਅਗੇ ਹੈ।

ਅਮਰੀਕਾ ਵਿਚ ਹਰ ਕਿਸੇ ਨੂੰ ਬੰਨ੍ਹ-ਬਹਾਲਣ ਦੀ ਸ਼ਕਤੀ ਹੈ।

ਇਸ ਦੇਸ਼ ਵਿਚ ਪਹੁੰਚੇ ਕਈ ਦੀਵੇ, ਸੂਰਜ ਹੋ ਨਿਬੜੇ ਹਨ।

ਇਹ ਵੀ ਸੱਚ ਹੈ ਕਿ ਅਮਰੀਕਾ ਨੇ ਕਈ ਦੇਸ਼ਾਂ ਦੀ ਰਾਜਨੀਤੀ ਅਤੇ ਆਰਥਿਕਤਾ ਨਾਲ ਬਲਾਤਕਾਰ ਵੀ ਕੀਤਾ ਹੈ।

ਸਭ ਕੁਝ ਵੇਖ ਸੁਣ ਕੇ ਮੈਂ ਤਾਂ ਇਹ ਕਹਾਂਗਾ ਕਿ ਅਮਰੀਕਾ ਬਾਰੇ ਕੋਈ ਇਕਹਿਰੀ ਰਾਇ ਨਹੀਂ ਦਿੱਤੀ ਜਾ ਸਕਦੀ। ਜਿਵੇਂ ਕੁਝ ਔਰਤਾਂ ਅਤੇ ਮਰਦ ਕਿਸੇ ਵੀ ਹੋਰ ਔਰਤ ਜਾਂ ਮਰਦ ਵਰਗੇ ਨਹੀਂ ਹੁੰਦੇ, ਉਵੇਂ ਹੀ ਅਮਰੀਕਾ ਇਕ ਵੱਖਰੀ ਹੀ ਵੰਨਗੀ ਹੈ।

ਕਈਆਂ ਨੂੰ ਇਹ ਸੂਰਜਮੁਖੀ ਦਾ ਖਿੜਿਆ ਹੋਇਆ ਖੇਤ ਵਿਖਾਈ ਦਿੰਦਾ ਹੈ ਅਤੇ ਕਈਆਂ ਨੂੰ ਲੁੱਕ ਦਾ ਪੀਪਾ।

ਅਮਰੀਕਾ ਰਾਜ-ਕਾਲ ਦਾ ਇਕ ਨਿਵੇਕਲਾ ਨਾਂ ਹੈ, ਇਹ ਵਰਤ-ਵਰਤਾਰੇ ਦੀ ਇਕ ਵੱਖਰੀ ਜਾਚ ਹੈ।

ਅਮਰੀਕਾ ਨੂੰ ਵੇਖ ਕੇ ਹਰ ਕਿਸੇ ਪਰਵਾਸੀ ਨੂੰ ਆਪਣੇ ਦੇਸ਼ ਦੀ ਸਥਿਤੀ ਦਾ ਉਵੇਂ ਹੀ ਖਿਆਲ ਆਉਂਦਾ ਹੈ ਜਿਵੇਂ ਦਿੱਲੀ ਵਿਚ ਘੁੰਮਦਿਆਂ ਇਕ ਕਿਸਾਨ ਨੂੰ ਬਹੁਤ ਦੂਰ ਮਿੱਟੀ ਘੱਟੇ ਵਿਚ ਲਪੇਟੇ, ਸੁੱਤ-ਉਣੀਂਦੇ, ਸੁੱਸਤ ਚਾਲ ਚਲਦੇ, ਸੁੰਗੜੇ ਹੋਏ, ਆਪਣੇ ਪਿੰਡ ਦਾ ਖਿਆਲ ਆਉਂਦਾ ਹੈ।

ਮੈਨੂੰ ਸੁਝ ਨਹੀਂ ਰਿਹਾ ਕਿ ਮੈਂ ਤੁਹਾਨੂੰ ਕਿਵੇਂ ਮਹਿਸੂਸ ਕਰਵਾਵਾਂ ਕਿ ਰੱਬ ਨੇ ਸਾਡੇ ਨਾਲ ਕੀ-ਕੀ ਜ਼ੁਲਮ ਕੀਤੇ ਹਨ। ਨਿਰਸੰਦੇਹ ਸਾਡੀਆਂ ਲਗਭਗ ਸਾਰੀਆਂ ਸਮੱਸਿਆਵਾਂ ਸਾਡੀ ਕਮਜ਼ੋਰ ਆਰਥਿਕ ਸਥਿਤੀ ਦੀ ਦੇਣ ਹਨ। ਵਿਉਂਤਬੰਦੀ ਦੀ ਘਾਟ ਆਪਣੇ ਦੇਸ਼ ਦੀ ਮੈਨੂੰ ਸਭ ਤੋਂ ਵੱਡੀ ਸਮੱਸਿਆ ਪ੍ਰਤੀਤ ਹੋਈ ਹੈ।

ਸਾਡੇ ਦੇਸ਼ ਵਿਚ ਵੱਡੀ ਪੱਧਰ ਉੱਤੇ ਤਬਦੀਲੀ ਵਾਪਰ ਰਹੀ ਹੈ ਪਰ ਕਿਉਂਕਿ ਅਸੀਂ ਅਤੀਤ, ਅੰਧ-ਵਿਸ਼ਵਾਸਾਂ ਅਤੇ ਪਰੰਪਰਾਵਾਂ ਨਾਲ ਚਿਮੜੇ ਹੋਏ ਹਾਂ, ਤਬਦੀਲੀ ਨੂੰ ਅਸੀਂ ਖਿੜੇ-ਮੱਥੇ ਸਵੀਕਾਰ ਨਹੀਂ ਕਰ ਰਹੇ।

ਸਾਡੀ ਉੱਨਤੀ ਨਕਲਮਾਰਾਂ ਵਾਲੀ ਉੱਨਤੀ ਹੈ, ਅਸੀਂ ਆਪਣੀ ਮੌਲਿਕ, ਸੱਜਰੀ ਅਤੇ ਨਿਵੇਕਲੀ ਹੋਂਦ ਨਹੀਂ ਉਸਾਰ ਸਕੇ।

ਸਾਨੂੰ ਭੁਲੇਖਾ ਹੈ ਕਿ ਅਸੀਂ ਆਰਥਿਕ ਖੇਤਰ ਵਿਚ ਸੁਤੰਤਰ ਹੋ ਰਹੇ ਹਾਂ, ਜਦੋਂ ਕਿ ਸੱਚ ਇਹ ਹੈ ਕਿ ਸਾਨੂੰ ਵਧੇਰੇ ਤੋਂ ਵਧੇਰੇ ਖੇਤਰਾਂ ਵਿਚ ਅਮਰੀਕਾ ਉੱਤੇ ਨਿਰਭਰ ਹੋਣਾ ਪੈ ਰਿਹਾ ਹੈ। ਉਦਾਹਰਣ ਵਜੋਂ ਸਾਨੂੰ ਨਹੀਂ ਪਤਾ ਕਿ ਸਾਡੀ ਧਰਤੀ ਦੇ ਕਿਹੜੇ ਭਾਗ ਥਲੇ ਤੇਲ ਹੈ ਪਰ ਅਮਰੀਕਨਾਂ ਨੂੰ ਪਤਾ ਹੈ। ਉਹ ਦੱਸਣ ਲਈ ਕਰੋੜਾਂ ਰੁਪਏ ਮੰਗਦੇ ਹਨ। ਆਪਣੇ ਯਤਨਾਂ ਨਾਲ ਤੇਲ ਦਾ ਪਤਾ ਲਾਉਣ ਲਈ ਸਾਨੂੰ ਢਾਈ ਗੁਣਾਂ ਰਕਮ ਖਰਚਣੀ ਪਵੇਗੀ, ਸੋ ਅਸੀਂ ਅਮਰੀਕਾ ਨੂੰ ਕਰੋੜਾਂ ਰੁਪਏ ਦੇਣ ਲਈ ਮਜਬੂਰ ਹਾਂ।

ਹਰ ਖੇਤਰ ਵਿਚ ਇਵੇਂ ਵਾਪਰ ਰਿਹਾ ਹੈ।

ਅਸੀਂ ਨਵੇਂ-ਨਵੇਂ ਢੰਗਾਂ ਨਾਲ ਗੁਲਾਮ ਬਣਾਏ ਜਾ ਰਹੇ ਹਾਂ।

ਬਹੁਤੇ ਅਮਰੀਕਨ ਉਹ ਹਨ, ਜਿਨ੍ਹਾਂ ਦੇ ਵੱਡੇ-ਵੱਡੇਰਿਆਂ ਨੂੰ ਇੰਗਲੈਂਡ ਤੋਂ ਦੇਸ਼-ਨਿਕਾਲਾ ਦਿੱਤਾ ਗਿਆ ਸੀ। ਅਨੇਕਾਂ ਉਹ ਹਨ ਜਿਨ੍ਹਾਂ ਦੇ ਵੱਡੇ-ਵਡੇਰੇ ਡਾਕੂ-ਲੁਟੇਰੇ ਅਤੇ ਧਾੜਵੀ ਸਨ। ਉਨ੍ਹਾਂ ਵਿਚ ਸਾਹਸੀ ਹੋਣ ਦਾ ਗੁਣ ਸੀ, ਸੋ ਉਨ੍ਹਾਂ ਨੇ ਵਿਸ਼ਾਲ ਅਤੇ ਖੁੱਲ੍ਹੇ ਪਏ ਅਮਰੀਕਾ ਉੱਤੇ ਕਬਜ਼ਾ ਕਰ ਲਿਆ ।

ਜਿਸ ਨੇ ਜੋ ਮਲ ਲਿਆ, ਉਹ ਉਸ ਦੀ ਜਾਇਦਾਦ ਹੋ ਗਿਆ।

ਅਮਰੀਕਾ ਵਿਚ ਸੈਂਕੜੇ ਮੀਲ ਲੰਮੀਆਂ ਅਨੇਕਾਂ ਸੜਕਾਂ ਅਤੇ ਸੈਂਕੜੇ ਹੀ ਵੱਡੇ ਪੁੱਲ ਨਿੱਜੀ ਮਲਕੀਅਤ ਹਨ। ਇਨ੍ਹਾਂ ਜਾਇਦਾਦਾਂ ਦੇ ਮਾਲਕ, ਇਨ੍ਹਾਂ ਸੜਕਾਂ ਉੱਤੋਂ ਲੰਘਣ ਵਾਲਿਆਂ ਤੋਂ ਰਾਹਦਾਰੀ ਲੈਂਦੇ ਹਨ।

ਅਮਰੀਕਾ ਅਥਾਹ ਅਵਸਰਾਂ ਦਾ ਦੇਸ਼ ਹੈ। ਤੁਹਾਡੇ ਵਿਚ ਯੋਗਤਾ ਹੋਣੀ ਚਾਹੀਦੀ ਹੈ, ਉਸ ਨੂੰ ਪ੍ਰਗਟਾਉਣ ਦਾ ਮੌਕਾ ਅਤੇ ਸਰਮਾਇਆ ਅਮਰੀਕਾ ਦੇਵੇਗਾ।

ਤੁਸੀਂ ਹਸੋਗੇ ਤਾਂ ਸਾਰਾ ਅਮਰੀਕਾ ਤੁਹਾਡੇ ਨਾਲ ਹਸੇਗਾ ਪਰ ਰੋਵੋਗੇ ਤੁਸੀਂ ਇਕੱਲੇ।

ਅਮਰੀਕਾ ਸਫਲ ਅਤੇ ਹਿੰਮਤੀ ਵਿਅਕਤੀ ਦਾ ਸਾਥ ਦਿੰਦਾ ਹੈ, ਹਾਰੇ ਹੋਏ ਵਿਅਕਤੀ ਨੂੰ ਅਮਰੀਕਾ ਨਹੀਂ ਪਛਾਣਦਾ।

ਜਿਹੜੇ ਅਦਾਰੇ ਕਿਸੇ ਵੇਲੇ ਅਮਰੀਕਾ ਵਿਚ ਨੰਬਰ ਇਕ ਸਨ, ਉਹ ਦੇਣਦਾਰੀਆਂ ਵਿਚ ਅਜਿਹੇ ਉਲਝੇ ਕਿ ਸਦਾ ਲਈ ਲੋਪ ਹੋ ਗਏ। ਅਨੇਕਾਂ ਫਿਲਮਾਂ ਦੇ ਹੀਰੋ ਕੰਗਾਲ ਹੋ ਕੇ, ਸਿਨੇਮਿਆਂ ਦੇ ਗੇਟ-ਕੀਪਰ ਬਣਨ ਲਈ ਮਜਬੂਰ ਹੋਏ।

ਅਜਿਹੀ ਉਥਲ-ਪੁਥਲ ਸਾਡੇ ਦੇਸ਼ ਵਿਚ ਵੀ ਵਾਪਰਦੀ ਹੈ ਪਰ ਅਮਰੀਕਾ 'ਚ ਇਹ ਬੜੀ ਤੇਜ਼ੀ ਨਾਲ ਵਾਪਰਦੀ ਹੈ। ਸਭ ਕੁਝ ਪੈਸੇ ਉੱਤੇ ਆਧਾਰਿਤ ਹੈ, ਸੋ ਉਸ ਜੀਵਨ ਵਿਚ ਰਿਸ਼ਤੇ-ਨਾਤੇ, ਦੋਸਤੀਆਂ-ਦੁਸ਼ਮਣੀਆਂ ਉਤਨੀਆਂ ਪੱਕੀਆਂ ਨਹੀਂ, ਜਿਤਨੀਆਂ ਸਾਡੇ ਦੇਸ਼ ਵਿਚ ਹਨ। ਗਰੀਬੀ ਦੇ ਕਈ ਲਾਭ ਵੀ ਹਨ, ਇਕ ਲਾਭ ਇਹ ਹੈ ਕਿ ਇਕ-ਦੂਜੇ ਉੱਤੇ ਨਿਰਭਰਤਾ ਵਧੇਰੇ ਹੋਣ ਕਰਕੇ, ਸਾਡੇ ਰਿਸ਼ਤੇ ਵਧੇਰੇ ਹੰਢਣਸਾਰ ਹਨ।

ਅਮਰੀਕਾ ਵਿਚ ਸਭ ਕੁਝ ਬੜਾ ਪੱਕਾ ਹੈ ਪਰ ਕੁਝ ਵੀ ਹੰਢਣਸਾਰ ਨਹੀਂ।

ਅਮਰੀਕਾ ਵਿਚ ਜਿਹੜੇ ਲੋਕ ਮੁੱਢ ਵਿਚ ਬਹੁੜੇ ਉਨ੍ਹਾਂ ਨੇ ਇੰਗਲੈਂਡ ਵਿਚਲੀਆਂ ਰਵਾਇਤਾਂ ਦੇ ਉਲਟ ਵਰਤ-ਵਰਤਾਰਾ ਸਥਾਪਿਤ ਕੀਤਾ। ਇੰਗਲੈਂਡ ਵਿਚ ਲੋਕ ਸੜਕ ਦੇ ਖੱਬੇ ਪਾਸੇ ਚਲਦੇ ਹਨ, ਅਮਰੀਕਾ ਨੇ ਸੱਜੇ ਪਾਸੇ ਚੱਲਣ ਦੀ ਪਿਰਤ ਪਾਈ। ਅਸੀਂ ਬਿਜਲੀ ਦਾ ਬਲਬ ਜਾਂ ਪੱਖਾ ਸਵਿਚ ਨੂੰ ਉਪਰੋਂ ਥੱਲੇ ਕਰਕੇ ਜਗਾਉਂਦੇ-ਚਲਾਉਂਦੇ ਹਾਂ ਪਰ ਅਮਰੀਕਨ ਥੱਲੋਂ ਉੱਪਰ ਕਰਦੇ ਹਨ। ਅਸੀਂ ਤਾਰੀਖ ਲਿਖਣ ਵੇਲੇ ਪਹਿਲਾਂ ਦਿਨ, ਫਿਰ ਮਹੀਨਾ ਅਤੇ ਅੰਤ ਵਿਚ ਸਾਲ ਲਿਖਦੇ ਹਾਂ, ਅਮਰੀਕਾ ਵਿਚ ਪਹਿਲੇ ਮਹੀਨਾ, ਫਿਰ ਦਿਨ ਅਤੇ ਮਗਰੋਂ ਸਾਲ ਲਿਖਿਆ ਜਾਂਦਾ ਹੈ। ਅਸੀਂ ਪਹਿਨਣ ਸਮੇਂ ਕਪੜੇ ਦਾ ਚਮਕਦਾਰ ਪਾਸਾ ਬਾਹਰ ਰਖਦੇ ਹਾਂ, ਅਮਰੀਕਨ ਇਸ ਨੂੰ ਅੰਦਰਲੇ ਪਾਸੇ ਰਖਦੇ ਹਨ। ਅਸੀਂ ਬੜੇ ਸੌਖੇ ਹੋ ਕੇ ਭੋਜਨ ਖਾਣ ਲਈ ਬੈਠਦੇ ਹਾਂ, ਉਹ ਪੂਰਾ ਲਿਬਾਸ ਪਾ ਕੇ ਖਾਣਾ ਖਾਂਦੇ ਹਨ। ਅਸੀਂ ਸਵੇਰੇ ਨਹਾਉਂਦੇ ਹਾਂ, ਉਹ ਰਾਤ ਨੂੰ ਨਹਾਉਂਦੇ ਹਨ। ਅਸੀਂ ਹੋਟਲ ਵਿਚ ਭੋਜਨ ਪਹਿਲਾਂ ਖਾਂਦੇ ਹਾਂ, ਪੈਸੇ ਮਗਰੋਂ ਅਦਾ ਕਰਦੇ ਹਾਂ, ਉੱਥੇ ਪੈਸੇ ਪਹਿਲਾਂ ਲਏ ਜਾਂਦੇ ਹਨ, ਭੋਜਨ ਮਗਰੋਂ ਮਿਲਦਾ ਹੈ। ਇਹੀ ਹਾਲ ਪੈਟਰੋਲ ਪੰਪਾਂ ਤੇ ਹੈ।

ਮਾਇਕ ਪੱਖੋਂ ਅਸੀਂ ਹੁਣ ਕਪੜੇ ਪਾਉਣ ਦੇ ਯੋਗ ਹੋਏ ਹਾਂ, ਜਦੋਂ ਕਿ ਅਮਰੀਕਨ ਕਪੜੇ ਪਾ-ਪਾ ਕੇ ਥੱਕ ਗਏ ਹਨ, ਸੋ ਉਹ ਕਪੜੇ ਲਾਹੁਣ ਵਿਚ ਰੁਝੇ ਹੋਏ ਹਨ।

ਜਿਤਨੇ ਇਕਹਿਰੇ, ਢਿਲੇ ਅਤੇ ਬੇ-ਮੇਚ ਕਪੜੇ ਅਮਰੀਕਨ ਪਾਉਂਦੇ ਹਨ, ਦੁਨੀਆਂ ਦੇ ਕਿਸੇ ਹੋਰ ਦੇਸ਼ ਦੇ ਲੋਕ ਨਹੀਂ ਪਹਿਨਦੇ।

ਅਸੀਂ ਆਪਣੀ ਹੀਣਤਾ ਕਾਰਨ ਵਧੇਰੇ ਕਪੜੇ ਪਾਉਂਦੇ ਹਾਂ ਅਤੇ ਆਪਣੇ ਕਪੜਿਆਂ ਵੱਲ ਵਧੇਰੇ ਧਿਆਨ ਦਿੰਦੇ ਹਾਂ।

ਸਾਨੂੰ ਖਾਣ-ਹੰਢਾਉਣ ਦੇ ਅਵਸਰ ਹੁਣ ਮਿਲੇ ਹਨ। ਇਹੀ ਕਾਰਨ ਹੈ ਕਿ ਸਾਡੇ ਸਮਾਜਿਕ ਸਮਾਗਮਾਂ ਉੱਤੇ ਜਾਂ ਕਪੜੇ ਦਿੱਤੇ ਜਾਂਦੇ ਹਨ ਜਾਂ ਖਾਣ ਦਾ ਸਾਮਾਨ।

ਸੰਸਾਰ ਦੇ ਬਾਕੀ ਦੇਸ਼ਾਂ ਵਿਚ ਪੁਰਸ਼ ਚੁਸਤ ਹਨ ਅਤੇ ਇਸਤਰੀਆਂ ਪਛੜੀਆਂ ਹੋਈਆਂ ਹਨ ਪਰ ਅਮਰੀਕਾ ਵਿਚ ਬਿਲਕੁਲ ਉਲਟ ਹੈ।

ਜਿਹੜੇ ਪੰਜਾਬੀ ਜਾਂ ਭਾਰਤੀ ਅਮਰੀਕਨ ਇਸਤਰੀ ਨਾਲ ਵਿਆਹ ਕਰਵਾਉਂਦੇ ਹਨ, ਉਨ੍ਹਾਂ ਨੂੰ ਪਤਨੀ ਨਹੀਂ ਮਿਲਦੀ, ਥਾਣੇਦਾਰਨੀ ਮਿਲਦੀ ਹੈ।

ਅਜਿਹੇ ਪਤੀ ਅਸਲ ਵਿਚ ਪਹਿਲਾਂ ਹੀ ਸੁੰਗੜੇ ਹੋਏ ਹੁੰਦੇ ਹਨ ਅਤੇ ਫੈਲਣ ਦੇ ਚਾਅ ਵਿਚ ਉਹ ਹੋਰ ਸੁੰਗੜ ਜਾਂਦੇ ਹਨ। ਅਜਿਹੇ ਪਤੀਆਂ ਦੀਆਂ ਸਭ ਬਗਾਵਤਾਂ ਕੁਚਲ ਦਿੱਤੀਆਂ ਜਾਂਦੀਆਂ ਹਨ। ਅਜਿਹੇ ਪਤੀਆਂ ਨੂੰ ਵੇਖ ਕੇ ਇੰਜ ਲਗਦਾ ਹੈ ਜਿਵੇਂ ਪਤੀ, ਪਤਨੀ ਅਤੇ ਪਤਨੀ, ਪਤੀ ਬਣ ਗਈ ਹੋਵੇ। ਬਹੁਤੀਆਂ ਅਮਰੀਕਨ ਇਸਤਰੀਆਂ ਦੇ ਸੁਭਾਅ ਕਾਂਵਾਂ ਵਾਲੇ ਹਨ ਅਤੇ ਪਤੀ ਕੋਇਲਾਂ ਪ੍ਰਤੀਤ ਹੁੰਦੇ ਹਨ।

ਸਾਡੇ ਦੇਸ਼ ਦੀਆਂ ਉੱਚੇ ਕੱਦ ਵਾਲੀਆਂ ਡਿਗਰੀਆਂ ਦੀ ਅਮਰੀਕਾ ਵਿਚ ਕਦਰ ਨਹੀਂ, ਉੱਥੇ ਸਭ ਕੁਝ ਉਨ੍ਹਾਂ ਦੀ ਲੋੜ ਅਨੁਸਾਰ ਕਰਨਾ ਪੈਂਦਾ ਹੈ।

ਸਾਡੇ ਦੇਸ਼ ਦਾ ਵਿਦਿਅਕ ਪ੍ਰਬੰਧ ਸਾਡੇ ਦਿਮਾਗਾਂ ਵਿਚ ਬੇਲੋੜੀ ਸੂਚਨਾ ਤਾਂ ਭਰ ਦਿੰਦਾ ਹੈ ਪਰ ਇਹ ਨਾ ਸਾਨੂੰ ਗਿਆਨ ਦਿੰਦਾ ਹੈ ਅਤੇ ਨਾ ਹੀ ਜੀਵਨ ਨੂੰ ਅਮਲੀ ਪੱਧਰ ਉਤੇ ਜਿਉਣ ਦਾ ਸਲੀਕਾ। ਨਤੀਜਾ ਇਹ ਹੁੰਦਾ ਹੈ ਕਿ ਮਨ ਆਪ-ਮੁਹਾਰੇ ਯਥਾਰਥ ਨਾਲੋਂ ਇਕ ਵਿੱਥ ਜਿਹੀ ਰਖ ਕੇ ਟੁਰਨ ਲੱਗ ਪੈਂਦਾ ਹੈ।

ਸਾਡੇ ਦੇਸ਼ ਵਿਚ ਇਸਤਰੀ ਇਤਨੀ ਪੱਛੜੀ ਹੋਈ ਹੈ ਕਿ ਉਸ ਨੂੰ ਵੇਖ ਕੇ ਉਤਸ਼ਾਹ ਨਹੀਂ ਉਪਜਦਾ, ਸਗੋਂ ਤਰਸ ਹੀ ਆਉਂਦਾ ਹੈ।

ਇਸਤਰੀ ਦੀ ਨਿੱਘਰੀ ਹੋਈ ਹਾਲਤ ਦਾ ਨਤੀਜਾ ਇਹ ਹੈ ਕਿ ਸਾਡੇ ਦੇਸ਼ ਵਿਚ ਪੁਰਸ਼ ਦਾ ਜੀਵਨ ਵੀ ਸੁੰਗੜਿਆ ਅਤੇ ਸਰਾਪਿਆ ਹੋਇਆ ਹੈ।

ਅਮਰੀਕਾ ਵਿਚ ਇਸਤਰੀ ਦੀ ਸਥਿਤੀ ਪੁਰਸ਼ ਦੇ ਬਰਾਬਰ ਤਾਂ ਹੈ ਹੀ, ਕਈ ਖੇਤਰਾਂ ਵਿਚ, ਇਹ ਪੁਰਸ਼ਾਂ ਨਾਲੋਂ ਵੀ ਚੰਗੇਰੀ ਹੈ।

ਅਮਰੀਕਾ ਰਹਿੰਦਿਆਂ ਅਤੇ ਘੁੰਮਦਿਆਂ ਕਈ ਥਾਂਈਂ ਜਦੋਂ ਵੀ ਮੈਂ ਕਿਸੇ ਪੁਰਸ਼ ਨੂੰ ਕੋਈ ਗੱਲ ਪੁੱਛੀ ਤਾਂ ਉਸ ਦਾ ਉੱਤਰ ਉਸ ਦੇ ਨਾਲ ਵਾਲੀ ਇਸਤਰੀ ਨੇ ਹੀ ਦਿੱਤਾ। ਸ਼ੁਰੂ ਵਿਚ ਮੈਨੂੰ ਇਵੇਂ ਲੱਗਿਆ, ਜਿਵੇਂ ਇਹ ਇੱਥੋਂ ਦੇ ਲੋਕਾਂ ਦਾ ਸਲੀਕਾ ਹੈ ਕਿ ਅਜਨਬੀ ਪੁਰਸ਼ ਨਾਲ ਇਸਤਰੀ ਗੱਲ ਕਰੇਗੀ ਅਤੇ ਇਸਤਰੀ ਨਾਲ ਪੁਰਸ਼ ਪਰ ਥੋੜ੍ਹੇ ਹੀ ਚਿਰ ਮਗਰੋਂ

ਮੈਨੂੰ ਪਤਾ ਲੱਗਾ ਕਿ ਅਮਰੀਕਾ ਦੇ ਬਹੁਤੇ ਪੁਰਸ਼ ਬਗਲੋਲ ਅਤੇ ਭੌਂਦੂ ਹਨ, ਜਦੋਂ ਕਿ ਇਸਤਰੀਆਂ ਚੌਕਸ ਅਤੇ ਚੁਸਤ ਹਨ।

ਇਹ ਵੀ ਅਮਰੀਕਾ ਵਿਚ ਘੁੰਮ ਕੇ ਹੀ ਪਤਾ ਲੱਗਦਾ ਹੈ ਕਿ ਇਸਤਰੀਆਂ ਕਿੰਨੇ ਹੀ ਉਹ ਕੰਮ ਕਰ ਸਕਦੀਆਂ ਹਨ, ਜਿਨ੍ਹਾਂ ਦਾ ਭਾਰਤ ਵਿਚ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਉਹ ਟਰੱਕ ਚਲਾਉਂਦੀਆਂ ਹਨ, ਚੌਕੀਦਾਰਾ ਕਰਦੀਆਂ ਹਨ, ਟੈਕਸੀਆਂ ਚਲਾਉਂਦੀਆਂ ਹਨ, ਖੇਤਾਂ ਵਿਚ ਕੰਬਾਈਨਾਂ ਚਲਾਉਂਦੀਆਂ ਹਨ। ਦਫਤਰਾਂ ਅਤੇ ਦੁਕਾਨਾਂ ਵਿਚ ਤਾਂ ਉਹ ਪੁਰਸ਼ਾਂ ਨਾਲੋਂ ਵਧੇਰੇ ਥਾਂਵਾਂ ਉਤੇ ਕੰਮ ਕਰਦੀਆਂ ਹੀ ਹਨ। ਉਨ੍ਹਾਂ ਨੇ ਸਮੁੱਚੇ ਜੀਵਨ ਨੂੰ ਸੋਹਣਾ, ਕੂਲਾ ਅਤੇ ਨੇਮਬੱਧ ਬਣਾਇਆ ਹੋਇਆ ਹੈ।

ਸੋਹਣਾ ਬਣਨਾ ਅਤੇ ਸੋਹਣਾ ਪ੍ਰਤੀਤ ਹੋਣਾ ਉਨ੍ਹਾਂ ਦਾ ਧਰਮ ਹੈ। ਉਨ੍ਹਾਂ ਦੀ ਸੁੰਦਰਤਾ ਤੁਹਾਡੇ ਤੋਂ ਆਪ-ਮੁਹਾਰੇ ਪ੍ਰਸ਼ੰਸਾ ਕਰਵਾਏਗੀ। ਤੁਸੀਂ ਉਨ੍ਹਾਂ ਦੀ ਪ੍ਰਸ਼ੰਸਾ ਕਰੋ ਉਹ ਬਲਿਹਾਰਵੀਂ ਮੁਸਕ੍ਰਾਹਟ ਨਾਲ ਤੁਹਾਡੀ ਝੋਲੀ ਭਰ ਦੇਣਗੀਆਂ। ਉਨ੍ਹਾਂ ਦੇ ਚਿਹਰੇ ਅਕਸਰ ਇਤਨੇ ਸੋਹਣੇ ਹੁੰਦੇ ਹਨ ਕਿ ਦਿਲ ਕਰਦਾ ਹੈ, ਉਨ੍ਹਾਂ ਨੂੰ ਚੁੰਮ ਕੇ ਉਨ੍ਹਾਂ ਪਿੱਛੇ ਆਪ ਲੁਕ ਜਾਈਏ।

ਹਵਾਈ ਜਹਾਜ਼ ਵਿਚ ਕੈਲੀਫੋਰਨੀਆਂ ਤੋਂ ਫਲੋਰੀਡਾ ਜਾ ਰਿਹਾ ਸਾਂ, ਮੈਂ ਹੀ ਥੋੜ੍ਹਾ ਜਿਹਾ ਟੇਢਾ ਹੋ ਕੇ ਬੈਠਾ ਸਾਂ ਅਤੇ ਇਕ ਹੋਸਟੈਸ ਦੀ ਚਾਹ ਦੇ ਸਾਮਾਨ ਵਾਲੀ ਰੇਹੜੀ ਮੇਰੇ ਗੋਡੇ ਨਾਲ ਘਿਸਰ ਗਈ, ਉਹ ਉੱਥੇ ਹੀ ਬਹਿ ਕੇ ਮੇਰਾ ਗੋਡਾ ਮਲਣ ਲੱਗ ਪਈ ਅਤੇ ਅੱਠ-ਨੌਂ ਵਾਰੀ ਮੇਰਾ ਹਾਲ ਪੁੱਛਣ ਆਉਂਦੀ ਰਹੀ।

ਉਥੇ ਮੈਨੂੰ ਆਪਣੇ ਦੇਸ਼ ਦੀ ਇਕ ਘਟਨਾ ਯਾਦ ਆਈ। ਇਕ ਬਸ ਵਿਚ ਜਾ ਰਿਹਾ ਸਾਂ ਕਿ ਇਕ ਦੁਰਘਟਨਾ ਕਾਰਨ ਇਕ ਆਦਮੀ ਦੀਆਂ ਲੱਤਾਂ ਬਸ ਦੇ ਫੱਟਿਆਂ ਵਿਚ ਉਲਝ ਗਈਆਂ। ਇਕ ਡਾਕਟਰ ਨੇ ਦੂਜੇ ਡਾਕਟਰ ਨੂੰ ਕਿਹਾ ਕਿ ਇਸ ਨੂੰ ਬਾਹਰ ਕੱਢਣ ਵਾਸਤੇ ਇਸ ਦੀ ਲੱਤ ਵੱਢਣੀ ਪਵੇਗੀ, ਕੋਲ ਖਲੋਤੇ ਇਕ ਬੰਦੇ ਨੇ ਕਿਹਾ, ਡਾਕਟਰ ਸਾਹਿਬ ਜੇ ਫੱਟਾ ਵੱਢ ਲਈਏ ਤਾਂ ਵੀ ਬੰਦਾ ਬਾਹਰ ਕੱਢਿਆ ਜਾ ਸਕਦਾ ਹੈ, ਡਾਕਟਰ ਦਾ ਉੱਤਰ ਸੀ, ਹਾਂ ਇਹ ਵੀ ਠੀਕ ਹੈ।

ਮੇਰੇ ਗੋਡੇ ਨੂੰ ਕੁਝ ਨਹੀਂ ਸੀ ਹੋਇਆ ਪਰ ਜਿਤਨਾ ਧਿਆਨ ਜਹਾਜ਼ ਵਿਚ ਮੇਰੇ ਗੋਡੇ ਵਲ ਦਿੱਤਾ ਜਾ ਰਿਹਾ ਸੀ, ਉਤਨਾ ਧਿਆਨ ਪ੍ਰਾਪਤ ਕਰਨ ਦੀ ਆਦਤ ਨਾ ਹੋਣ ਕਾਰਨ, ਮੈਨੂੰ ਸੁਝ ਨਹੀਂ ਸੀ ਰਿਹਾ ਕਿ ਮੈਂ ਕੀ ਕਹਾਂ ? ਉਹ ਮੈਨੂੰ ਬਾਰ-ਬਾਰ ਪੁੱਛਦੀ ਰਹੀ, ਤੁਸੀਂ ਕੀ ਲਵੋਗੇ, ਕੀ ਪੀਵੋਗੇ, ਉਸ ਦੇ ਵਿਹਾਰ ਵਿਚ ਕੁਝ ਵੀ ਬਨਾਵਟੀ ਨਹੀਂ ਸੀ।

ਦੂਜੇ ਪਾਸੇ ਸਾਡੇ ਦੇਸ਼ ਵਿਚ ਇਸਤਰੀ ਹਰ ਅਜਨਬੀ ਪੁਰਸ਼ ਨੂੰ ਸ਼ੱਕ ਅਤੇ ਡਰ ਦੀ ਨਜ਼ਰ ਨਾਲ ਵੇਖਦੀ ਹੈ। ਸੱਚ ਵੀ ਇਹ ਹੈ ਕਿ ਸਾਡੇ ਦੇਸ਼ ਵਿਚ ਪੁਰਸ਼ ਅਣਜਾਣ ਇਸਤਰੀ ਨਾਲ ਸ਼ਿਕਾਰੀ ਜਾਂ ਬਘਿਆੜ ਦੀ ਦ੍ਰਿਸ਼ਟੀ ਨਾਲ ਵਿਚਰਦੇ ਹਨ।

ਅਮਰੀਕਾ ਦੀ ਇਸਤਰੀ ਨੇ ਦੇਸ਼ ਦੀ ਖੁਸ਼ਹਾਲੀ ਵਿਚ ਪੂਰਾ ਯੋਗਦਾਨ ਪਾਇਆ ਹੈ। ਉਥੇ ਅੱਸੀ ਸਾਲ ਦੀਆਂ ਬੁੱਢੀਆਂ ਵੀ ਕੁੜੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਪੂਰੇ ਜੋਸ਼

ਨਾਲ ਜੀਵਨ ਜਿਉਂਦੀਆਂ ਹਨ, ਜਦੋਂ ਕਿ ਸਾਡੇ ਦੇਸ਼ ਵਿਚ ਮੁਟਿਆਰਾਂ ਵੀ ਮਾਈਆਂ ਪ੍ਰਤੀਤ ਹੁੰਦੀਆਂ ਹਨ। ਅਮਰੀਕਾ ਜਵਾਨਾਂ ਦਾ ਦੇਸ਼ ਹੈ ਅਤੇ ਜਵਾਨ ਬਣੇ ਰਹਿਣ ਲਈ ਜੋ ਕੁਝ ਵੀ ਲੋੜੀਂਦਾ ਹੈ, ਉਹ ਅਮਰੀਕਾ ਕੋਲ ਹੈ, ਉਥੇ ਕਿਸੇ ਨੂੰ ਬੁੱਢਾ ਕਹਿਣਾ, ਗਾਲ੍ਹ ਕੱਢਣ ਵਾਂਗ ਹੈ।

ਬੰਗਾਲੀ ਨਾਵਲਾਂ ਦੇ ਪ੍ਰਭਾਵ ਕਾਰਨ ਜਦੋਂ ਵੀ ਮੈਂ ਕਿਸੇ ਸਮਾਜ ਜਾਂ ਕਿਸੇ ਸਭਿਆਚਾਰ ਨੂੰ ਨਿਰਖਦਾ-ਪਰਖਦਾ ਹਾਂ ਤਾਂ ਮੇਰੇ ਮਨ ਵਿਚ ਪੈਮਾਨਾ ਇਹ ਹੁੰਦਾ ਹੈ ਕਿ ਉਸ ਸਭਿਆਚਾਰ ਜਾਂ ਸਮਾਜ ਵਿਚ ਵਿਧਵਾ ਦੀ ਸਥਿਤੀ ਕੀ ਹੈ? ਆਪਣੇ ਦੇਸ਼ ਵਿਚ ਵਿਧਵਾ ਦੀ ਹਾਲਤ ਨੂੰ ਬਿਆਨ ਕਰਨਾ ਇਸ ਸਫ਼ਰਨਾਮੇ ਵਿਚ ਯੋਗ ਨਹੀਂ ਹੋਵੇਗਾ ਪਰ ਯੋਰਪ ਅਤੇ ਅਮਰੀਕਾ ਵਿਚ ਵਿਧਵਾ ਦੂਜੀਆਂ ਇਸਤਰੀਆਂ ਵਾਂਗ ਹੀ ਭਰਪੂਰ ਜੀਵਨ ਜਿਉਂਦੀ ਹੈ।

ਜੇ ਮੈਂ ਵਿਆਹ ਤੋਂ ਪਹਿਲਾਂ ਬੰਗਾਲੀ ਨਾਵਲ ਪੜ੍ਹੇ ਹੁੰਦੇ ਤਾਂ ਮੈਂ ਨਿਸਚੇ ਹੀ ਇਕ ਵਿਧਵਾ ਨਾਲ ਵਿਆਹ ਕਰਵਾਉਣਾ ਸੀ।

ਸਾਡੇ ਦੇਸ਼ ਵਿਚ ਵਿਧਵਾ ਦੀ ਹਾਲਤ ਰੁਕੀ ਹੋਈ ਘੜੀ, ਫਟੀ ਹੋਈ ਚਾਦਰ ਜਾਂ ਲੁਟੀ ਹੋਈ ਪਤੰਗ ਵਾਲੀ ਹੁੰਦੀ ਹੈ।

ਅਮਰੀਕਾ ਦੇ ਬੱਚੇ ਇਤਨੇ ਸੋਹਣੇ ਅਤੇ ਗੋਭਲੇ ਹਨ ਕਿ ਦਿਲ ਕੀਤਾ ਕਿ ਇਕ-ਦੋ ਚੋਰੀ ਕਰ ਕੇ ਲੈ ਜਾਵਾਂ। ਉਥੋਂ ਦੇ ਤੰਦਰੁਸਤ ਅਤੇ ਉਤਸ਼ਾਹ ਨਾਲ ਭਰੇ ਬੱਚਿਆਂ ਨੂੰ ਵੇਖ ਕੇ ਮਹਿਸੂਸ ਹੋਇਆ ਕਿ ਸਾਡੇ ਬੱਚੇ ਸਰੀਰਕ ਭੁੱਖ ਕਾਰਨ ਰੋਂਦੇ ਹੀ ਰਹਿੰਦੇ ਹਨ। ਦੁੱਖ ਇਸ ਗੱਲ ਦਾ ਹੈ ਕਿ ਅਸੀਂ ਆਪਣੀ ਖੁਰਾਕ ਵਿਚੋਂ ਉਹ ਚੀਜ਼ਾਂ ਕੱਢ ਦਿੱਤੀਆਂ ਹਨ, ਜਿਹੜੀਆਂ ਸਰੀਰ ਨੂੰ ਰਿਸ਼ਟ-ਪੁਸ਼ਟ ਬਣਾਉਂਦੀਆਂ ਹਨ। ਅਮਰੀਕਾ ਵਿਚ ਬੱਚੇ ਨੂੰ ਪਾਲਣਾ ਬਹੁਤ ਹੀ ਮਹਿੰਗਾ ਕੰਮ ਹੈ, ਉਥੇ ਸਾਰੇ ਕੰਮ ਧੰਦੇ ਨਿਜੀ ਖੇਤਰ ਵਿਚ ਹੋਣ ਕਰਕੇ, ਕਿਸੇ ਇਸਤਰੀ ਨੂੰ ਪ੍ਰਸੂਤ-ਛੁੱਟੀ ਨਹੀਂ ਮਿਲਦੀ। ਉੱਥੇ ਬੱਚੇ ਨੂੰ ਜਨਮ, ਉਸ ਨੂੰ ਪਾਲਣ ਦੀ ਖੁਸ਼ੀ ਮਾਣਨ ਅਤੇ ਅਨੁਭਵ ਪ੍ਰਾਪਤ ਕਰਨ ਵਾਸਤੇ, ਦਿੱਤਾ ਜਾਂਦਾ ਹੈ।

ਇਕ ਗੱਲ ਉੱਥੇ ਦੀ ਇਹ ਚੰਗੀ ਲੱਗੀ ਕਿ ਉਥੇ ਲੜਕੇ ਅਤੇ ਲੜਕੀ ਵਿਚ ਕੋਈ ਅੰਤਰ ਨਹੀਂ, ਮੈਂ ਤਾਂ ਇਹ ਕਹਾਂਗਾ ਕਿ ਉਥੇ ਮਾਪਿਆਂ ਦੀ ਪਹਿਲੀ ਪਸੰਦ ਧੀ ਦੀ ਹੁੰਦੀ ਹੈ। ਮਾਂਵਾਂ ਲਈ ਧੀਆਂ ਨੂੰ ਪਾਲਣਾ, ਸਜਾਉਣਾ ਅਤੇ ਸਿਖਾਉਣਾ ਵਧੇਰੇ ਤਸੱਲੀ ਭਰਿਆ ਅਨੁਭਵ ਹੁੰਦਾ ਹੈ।

ਸਾਡੇ ਦੇਸ਼ ਵਿਚ ਇੱਛਾ ਭਾਵੇਂ ਪੁੱਤਰਾਂ ਦੀ ਕੀਤੀ ਜਾਂਦੀ ਹੈ ਪਰ ਵਧੇਰੇ ਤਸੱਲੀ ਧੀਆਂ ਨੂੰ ਪਾਲ ਕੇ ਹੀ ਹੁੰਦੀ ਹੈ।

ਪੁੱਤਰ ਵਿਆਹ ਹੋਣ ਤਕ ਹੀ ਪੁੱਤਰ ਰਹਿੰਦੇ ਹਨ, ਜਦੋਂ ਕਿ ਧੀਆਂ, ਸਾਰੀ ਉਮਰ ਧੀਆਂ ਰਹਿੰਦੀਆਂ ਹਨ।

ਮੇਰਾ ਵਿਸ਼ਵਾਸ ਹੈ ਕਿ ਜੇ ਪੁਰਸ਼ ਇਸਤਰੀ ਦਾ ਸਤਿਕਾਰ ਕਰਨਾ ਸਿਖ ਲਵੇ ਤਾਂ ਬਿਨਾਂ ਕਿਸੇ ਲਾਗਤ ਦੇ ਜੀਵਨ ਦੀ ਪੱਧਰ ਉੱਚੀ ਕੀਤੀ ਜਾ ਸਕਦੀ ਹੈ। ਅਮਰੀਕਾ ਵਿਚ

ਮੁੰਡਿਆਂ ਦੇ ਮੁਕਾਬਲੇ ਲੜਕੀਆਂ ਨੂੰ ਕੰਮ ਜਲਦੀ ਮਿਲਦਾ ਹੈ, ਸੋ ਉਹ ਵਧੇਰੇ ਵਿਸ਼ਵਾਸ ਨਾਲ ਵਿਚਰਦੀਆਂ ਹਨ। ਮਾਂ ਬਣਨ ਦੀ ਇੱਛਾ ਅਮਰੀਕੀ ਇਸਤਰੀ ਦਾ ਵੀ ਸੁਪਨਾ ਹੈ। ਅਮਰੀਕਾ ਵਿਚ ਬੱਚੇ ਦੇ ਨਾਂ ਨਾਲ ਪਿਤਾ ਦਾ ਨਹੀਂ, ਮਾਂ ਦਾ ਨਾਂ ਲਿਖਿਆ ਜਾਂਦਾ ਹੈ। ਭਾਰਤ ਵਿਚ ਵੀ ਹੁਣ ਅਜਿਹੀ ਪ੍ਰਣਾਲੀ ਅਪਨਾ ਲਈ ਗਈ ਹੈ।

ਮਾਂਵਾਂ ਬੱਚਿਆਂ ਨੂੰ ਬੜੀ ਜ਼ਿੰਮੇਵਾਰੀ ਨਾਲ ਪਾਲਦੀਆਂ ਹਨ ਪਰ ਉਥੇ ਜਿਉਂ-ਜਿਉਂ ਘਰ ਟੁੱਟ ਰਹੇ ਹਨ, ਤਿਉਂ-ਤਿਉਂ ਬੱਚਿਆਂ ਦੀ ਸਥਿਤੀ ਸਮੱਸਿਆਵਾਂ ਸਿਰਜ ਰਹੀ ਹੈ। ਸਮੁੱਚੇ ਤੌਰ ਉੱਤੇ ਯੋਰਪ ਅਤੇ ਅਮਰੀਕਾ ਵਿਚ ਜੀਵਨ ਇਤਨਾ ਤੇਜ਼-ਰਫਤਾਰ ਹੈ ਕਿ ਬੱਚਿਆਂ ਨੂੰ ਪਾਲਣ ਦਾ ਸਬਰ ਮੁਕਦਾ ਜਾ ਰਿਹਾ ਹੈ। ਇਹ ਵੀ ਇਕ ਕਾਰਨ ਹੈ ਕਿ ਇਨ੍ਹਾਂ ਮੁਲਕਾਂ ਵਿਚ ਆਬਾਦੀ ਵੱਧਣ ਦੀ ਬਜਾਇ ਘਟ ਰਹੀ ਹੈ।

ਆਬਾਦੀ ਦੇ ਘਟਣ ਦੀ ਸਮੱਸਿਆ ਯੋਰਪ ਵਿਚ ਅਤੇ ਵਿਸ਼ੇਸ਼ ਕਰਕੇ ਫਰਾਂਸ ਵਿਚ ਚਿੰਤਾ ਦਾ ਕਾਰਨ ਬਣੀ ਹੋਈ ਹੈ।

ਅਮਰੀਕਾ ਨੂੰ ਜਿੰਨੇ ਨਵੇਂ ਕਾਮਿਆਂ ਦੀ ਲੋੜ ਹੈ, ਉਤਨੇ ਪੈਦਾ ਨਹੀਂ ਹੋ ਰਹੇ। ਸਾਡੇ ਦੇਸ਼ ਵਿਚ ਜਦੋਂ ਚੰਗੇਰੇ ਜੀਵਨ ਦੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ ਤਾਂ ਅਸੀਂ ਵੀ ਆਬਾਦੀ ਦੇ ਵਾਧੇ ਉਤੇ ਰੋਕ ਲਾ ਸਕਾਂਗੇ।

ਨਿਰਸੰਦੇਹ ਅਮਰੀਕਾ ਬਹੁਲਤਾਵਾਂ ਦਾ ਦੇਸ਼ ਹੈ।

ਜਿਨ੍ਹਾਂ ਵਸਤਾਂ ਦੀ ਸਾਡੇ ਦੇਸ਼ ਵਿਚ ਘਾਟ ਹੈ, ਅਮਰੀਕਾ ਵਿਚ ਉਨ੍ਹਾਂ ਦੇ ਢੇਰ ਲੱਗੇ ਹੋਏ ਹਨ ਅਤੇ ਜਿਨ੍ਹਾਂ ਚੀਜ਼ਾਂ ਲਈ ਅਸੀਂ ਉਡੀਕਦੇ ਅਤੇ ਤਰਸਦੇ ਹਾਂ, ਉਥੇ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ।

ਅਮਰੀਕਾ ਵਿਚ ਬਦਾਮ ਦੀ ਗਿਰੀ ਮੂੰਗਫਲੀ ਦੀ ਗਿਰੀ ਤੋਂ ਸੱਸਤੀ ਹੈ, ਫਲ ਸਬਜ਼ੀ ਤੋਂ ਸੱਸਤੇ ਹਨ, ਮੀਟ ਵੀ ਸਬਜ਼ੀ ਤੋਂ ਸੱਸਤਾ ਹੈ। ਸਬਜ਼ੀ ਤਾਂ ਸੱਸਤੀ ਹੈ ਹੀ। ਦੁੱਧ ਅਤੇ ਫਲਾਂ ਦੇ ਜੂਸ ਇਤਨੇ ਸੱਸਤੇ ਹਨ ਕਿ ਇਨ੍ਹਾਂ ਦੀ ਕਿਸੇ ਨੂੰ ਪ੍ਰਵਾਹ ਨਹੀਂ।

ਬੱਚਪਨ ਵਿਚ ਹੀ ਮੇਰੇ ਮਨ ਵਿਚ ਇਹ ਗਲ ਬੈਠੀ ਹੋਈ ਸੀ ਕਿ ਜਦੋਂ ਮੈਂ ਖ਼ੁਸ਼ਹਾਲ ਹੋ ਜਾਵਾਂਗਾ ਤਾਂ ਸਵੇਰੇ ਨਾਸ਼ਤੇ ਵੇਲੇ ਕਿਸੇ ਫਲ ਦੇ ਜੂਸ ਦਾ ਇਕ ਗਲਾਸ ਪੀਆ ਕਰਾਂਗਾ, ਪਰ ਅਜੇ ਤਕ ਮੈਂ ਨਿੰਬੂ ਦਾ ਰਸ ਪੀਣ ਦੇ ਯੋਗ ਹੀ ਹੋਇਆ ਹਾਂ।

ਜਿਸ ਢੰਗ ਨਾਲ ਮਹਿੰਗਾਈ ਵੱਧ ਰਹੀ ਹੈ, ਉਸ ਨਾਲ ਮੈਨੂੰ ਡਰ ਹੈ ਕਿ ਕਿਧਰੇ ਨਿੰਬੂ ਵੀ ਨਾ ਖੋਹ ਲਿਆ ਜਾਵੇ।

ਅਮਰੀਕਾ ਵਿਚ ਆਮਦਨ ਦਾ ਲਗਭਗ ਦੱਸ ਪ੍ਰਤੀਸ਼ਤ ਭਾਗ ਹੀ ਰਸੋਈ ਉਤੇ ਖਰਚ ਹੁੰਦਾ ਹੈ। ਖਾਣ-ਪੀਣ ਇਤਨਾ ਸੱਸਤਾ ਹੈ ਕਿ ਇਹ ਧਿਆਨ ਦੇਣ ਯੋਗ ਪੱਖ ਨਹੀਂ ਰਿਹਾ।

ਆਪਣੇ ਦੇਸ਼ ਵਿਚ ਜਦੋਂ ਲੋਕਾਂ ਨੂੰ ਮੈਂ ਰੋਟੀ ਦੀ ਸਮੱਸਿਆ ਨਾਲ ਜੂਝਦੇ ਅਤੇ ਝਗੜਦੇ ਵੇਖਦਾ ਹਾਂ ਤਾਂ ਮੈਂ ਧੁਰ ਅੰਦਰ ਤਕ ਸੁੰਗੜ ਜਾਂਦਾ ਹਾਂ ਅਤੇ ਚੁੱਪ ਅਤੇ ਗਹਿਰ-ਗੰਭੀਰ ਅਤੇ ਉਦਾਸ ਹੋ ਜਾਂਦਾ ਹਾਂ।

ਅਮਰੀਕਾ ਵਿਚ ਵਪਾਰ ਦਾ ਬੋਲਬਾਲਾ ਹੈ।

ਦੁਕਾਨਾਂ ਵਿਚ ਸਭ ਕੁਝ ਇਸ ਢੰਗ ਨਾਲ ਸਜਿਆ ਹੁੰਦਾ ਹੈ ਕਿ ਮਲੋ-ਮਲੀ ਚੀਜ਼ਾਂ ਖਰੀਦਣ ਨੂੰ ਦਿਲ ਕਰ ਆਉਂਦਾ ਹੈ। ਕਿਸੇ ਨੂੰ ਵੀ ਕਿਸੇ ਚੀਜ਼ ਦੀ ਲੋੜ ਨਹੀਂ ਹੁੰਦੀ ਪਰ ਫਿਰ ਵੀ ਲੋਕ ਖਰੀਦੀ ਹੀ ਜਾ ਰਹੇ ਹਨ। ਖਰੀਦਣ ਦੀ ਇਹ ਨਿਰੰਤਰ ਲਾਲਸਾ, ਤਿਆਗੀ ਜੀਵਨ ਜੀਉਣ ਵਾਲੇ ਭਾਰਤੀਆਂ ਲਈ ਬੜਾ ਅਜੀਬ ਵਰਤਾਰਾ ਪ੍ਰਤੀਤ ਹੁੰਦੀ ਹੈ।

ਭਾਰਤ ਦੀ ਕੇਂਦਰੀ ਬਿਰਤੀ ਤਿਆਗ ਵਾਲੀ ਹੈ, ਜਦੋਂ ਕਿ ਅਮਰੀਕਾ ਦੀ ਕੇਂਦਰੀ ਬਿਰਤੀ ਵੱਧ ਤੋਂ ਵੱਧ ਪ੍ਰਾਪਤ ਕਰਨ ਦੀ ਹੈ। ਅਸੀਂ ਆਤਮਾ ਦੀ ਚੂਲ-ਦੁਆਲੇ ਘੁੰਮਦੇ ਹਾਂ, ਉਹ ਸਰੀਰ ਦੇ ਚਲਾਏ ਚਲਦੇ ਹਨ। ਸਾਡੇ ਕੋਲ ਅਧਿਆਤਮਕ ਅਮੀਰੀ ਹੈ ਪਰ ਪਦਾਰਥਕ ਪੱਖੋਂ ਅਸੀਂ ਬੜੇ ਗਰੀਬ ਹਾਂ। ਦੂਜੇ ਪਾਸੇ ਯੋਰਪ ਅਤੇ ਅਮਰੀਕਾ ਕੋਲ ਪਦਾਰਥਕ ਅਮੀਰੀ ਹੈ ਪਰ ਅਧਿਆਤਮਕ ਪੱਖੋਂ ਉਹ ਲਗਭਗ ਕੰਗਾਲ ਹਨ।

ਜੇ ਭਾਰਤ ਦਾ ਅਧਿਆਤਮਵਾਦ ਅਤੇ ਪੱਛਮ ਦਾ ਪਦਾਰਥਵਾਦ ਇਕ ਦੂਜੇ ਦੇ ਰੰਗ ਵਿਚ ਰੰਗੇ ਜਾਣ ਤਾਂ ਅਦਭੁਤ ਕ੍ਰਿਸ਼ਮਾ ਵਾਪਰ ਸਕਦਾ ਹੈ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਸੰਸਾਰ ਭਰ ਦੇ ਧਾਰਮਿਕ ਆਗੂ ਅਤੇ ਤਿਆਗੀ ਸਾਧ-ਸੰਤ ਉਥੇ ਖੁਲ੍ਹੀਆਂ ਬਾਂਹਾਂ ਨਾਲ ਸਵੀਕਾਰੇ ਜਾਂਦੇ ਹਨ ਪਰ ਉਥੇ ਦੇ ਪਦਾਰਥਵਾਦੀ ਜੀਵਨ ਅਤੇ ਕਾਮ ਦੇ ਖੇਤਰ ਵਿਚ ਖੁਲ੍ਹਾਂ ਅਤੇ ਅਥਾਹ ਸੰਭਾਵਨਾਵਾਂ ਦੇ ਸਾਗਰ ਵਿਚ ਇਹ ਸਾਧ-ਸੰਤ ਜਲਦੀ ਹੀ ਗੋਤੇ ਖਾਣ ਲਗ ਜਾਂਦੇ ਹਨ।

ਜਦੋਂ ਅਮਰੀਕਨ ਲੋਕ ਸਾਡੇ ਸਾਧਾਂ-ਸੰਤਾਂ ਦੀ ਮਾਇਆ ਦੀ ਭੁੱਖ ਨੂੰ ਵੇਖਦੇ ਹਨ ਤਾਂ ਬੁਝਾਰਤ ਬੁਝ ਲਏ ਜਾਣ ਵਾਂਗ, ਉਹ ਇਨ੍ਹਾਂ ਵਿਚ ਰੁਚੀ ਵਿਖਾਉਣੋਂ ਹਟ ਜਾਂਦੇ ਹਨ। ਉਸ ਦੇਸ਼ ਵਿਚ ਕਿਸੇ ਸਾਧ ਦਾ ਸਾਧ ਬਣੇ ਰਹਿਣਾ ਲਗਭਗ ਅਸੰਭਵ ਹੈ। ਇਹੀ ਕਾਰਨ ਹੈ ਕਿ ਅਮਰੀਕਾ ਵਿਚ ਨਾ ਤਾਂ ਸਾਧ ਬਣਨਾ ਸੰਭਵ ਹੈ ਅਤੇ ਨਾ ਹੀ ਸਮਾਧੀ ਲਾਉਣੀ। ਉਥੇ ਲਗਭਗ ਹਰ ਸਮਾਧੀ ਭੰਗ ਹੁੰਦੀ ਰਹੀ ਹੈ।

ਇਕ ਗੱਲ ਹੋਰ ਕਹਿਣੀ ਚਾਹਵਾਂਗਾ ਕਿ ਪੱਛਮ ਦੇ ਲੋਕਾਂ ਨੂੰ ਧੋਖਾ ਦੇਣਾ ਸੰਭਵ ਨਹੀਂ, ਉਨ੍ਹਾਂ ਨੂੰ ਬਹੁਤੇ ਅਰਸੇ ਤਕ ਮੂਰਖ ਨਹੀਂ ਬਣਾਇਆ ਜਾ ਸਕਦਾ ਪਰ ਨਾਲ ਹੀ ਇਹ ਕਹਿਣਾ ਚਾਹਵਾਂਗਾ ਕਿ ਖੁਲ੍ਹ-ਦਿਲੇ ਅਤੇ ਅਮੀਰ ਹੋਣ ਕਾਰਨ, ਉਨ੍ਹਾਂ ਵਿਚ ਬਹੁਤ ਕੁਝ ਵੇਖ ਕੇ ਅਣਡਿਠ ਕਰਨ ਦੀ ਆਦਤ ਵੀ ਹੈ।

ਅਸੀਂ ਭਾਰਤ ਵਿਚ ਕਾਮ, ਕਰੋਧ, ਲੋਭ, ਮੋਹ ਆਦਿ ਤਿਆਗਣ ਦੇ ਉਪਦੇਸ਼ ਤਾਂ ਦਿੰਦੇ ਹਾਂ ਪਰ ਵਾਸਤਵ ਵਿਚ ਅਸੀਂ ਅਮਰੀਕਨਾਂ ਨਾਲੋਂ ਵੀ ਇਨ੍ਹਾਂ ਕੁਰੀਤੀਆਂ ਦਾ ਵਧੇਰੇ ਸ਼ਿਕਾਰ ਹਾਂ। ਸਾਡੇ ਦੇਸ਼ ਵਿਚ ਪਾਖੰਡ ਬਹੁਤ ਹੈ। ਉਥੇ ਸਭ ਕੁਝ ਸਲਾਹੁਣ ਯੋਗ ਨਹੀਂ ਪਰ ਪਾਖੰਡ ਉਥੇ ਵੇਖਣ ਨੂੰ ਨਹੀਂ ਮਿਲੇਗਾ। ਅਸੀਂ ਬਹੁਤ ਕੁਝ, ਇਹ ਧਿਆਨ ਵਿਚ ਰਖ ਕੇ ਨਹੀਂ ਕਰਦੇ ਜਾਂ ਕਰਦੇ ਹਾਂ ਕਿ ਲੋਕ ਕੀ ਕਹਿਣਗੇ? ਅਮਰੀਕਾ ਵਿਚ ਹਰ ਕੋਈ ਆਪਣੀ ਮਰਜ਼ੀ ਕਰਦਾ ਹੈ ਅਤੇ ਕਿਸੇ ਨੂੰ ਪ੍ਰਵਾਹ ਨਹੀਂ ਕਿ ਦੂਜੇ ਕੀ ਕਹਿਣਗੇ ਅਤੇ ਕੀ ਸੋਚਣਗੇ?

ਕਿਸੇ ਦੂਜੇ ਵਾਸਤੇ ਸੋਚਣ, ਕਹਿਣ ਦੀ ਕਿਸੇ ਕੋਲ ਵਿਹਲ ਹੀ ਨਹੀਂ।

ਹਰ ਇਕ ਅਮਰੀਕਨ ਘਰ ਵਿਚ ਲਗਭਗ ਤਿੰਨ ਘਰਾਂ ਦਾ ਸਾਮਾਨ ਪਿਆ ਹੋਇਆ ਹੈ। ਉਥੇ ਲੋਕਾਂ ਦਾ ਆਪਣੇ ਘਰ ਨਾਲ ਉਸ ਪ੍ਰਕਾਰ ਦਾ ਮੋਹ ਨਹੀਂ ਹੁੰਦਾ, ਜਿਹੋ ਜਿਹਾ ਸਾਡੇ ਦੇਸ਼ ਵਿਚ ਵੇਖਣ ਨੂੰ ਮਿਲਦਾ ਹੈ।

ਬੱਚਿਆਂ ਦੇ ਭਵਿਖ ਬਾਰੇ ਮਾਪੇ ਚਿੰਤਤ ਨਹੀਂ, ਉਨ੍ਹਾਂ ਦੇ ਵਿਆਹ ਕਰਨ ਦਾ ਉਨ੍ਹਾਂ ਨੂੰ ਫਿਕਰ ਨਹੀਂ, ਆਪਣੇ ਬੁਢਾਪੇ ਦੀ ਉਨ੍ਹਾਂ ਨੂੰ ਪ੍ਰਵਾਹ ਨਹੀਂ।

ਉਥੇ ਰਿਸ਼ਤੇਦਾਰੀਆਂ ਦਾ ਭਾਰਤ ਵਾਲਾ ਜੰਜਾਲ ਨਹੀਂ, ਸੋ ਉਨ੍ਹਾਂ ਦੇ ਜੀਵਨ ਵਿਚ ਬਹੁਤ ਕੁਝ ਅਜਿਹਾ ਹੈ ਹੀ ਨਹੀਂ, ਜਿਹੜਾ ਸਾਡੇ ਜੀਵਨ ਵਿਚ ਬਹੁਤ ਮਹੱਤਵਪੂਰਨ ਪਰ ਬੋਝਲ ਅਤੇ ਕਸ਼ਟਦਾਇਕ ਹੈ।

ਹਰ ਕਿਸੇ ਕੋਲ ਆਪਣੀ ਕਾਰ ਅਤੇ ਟੈਲੀਫੋਨ ਹੋਣ ਕਰਕੇ ਸਮੇਂ ਦੀ ਬਹੁਤ ਬੱਚਤ ਹੋ ਸਕਣੀ ਸੰਭਵ ਹੈ, ਨਤੀਜਾ ਇਹ ਹੈ ਕਿ ਉਥੇ ਹਰ ਇਕ ਦਾ ਜੀਵਨ ਬੜਾ ਚੁੱਸਤ ਹੈ। ਆਪਣੇ ਦੇਸ਼ ਵਿਚ ਅਸੀਂ ਬਹੁਤਾ ਸਮਾਂ ਆਪਣੇ ਆਲੇ-ਦੁਆਲੇ ਦੇ ਚਾਰ-ਪੰਜ ਮੀਲ ਦੇ ਖੇਤਰ ਵਿਚ ਗੁਜ਼ਾਰਦੇ ਹਾਂ ਜਦੋਂ ਕਿ ਉਥੇ ਇਹ ਖੇਤਰ ਲਗਭਗ ਸੌ ਮੀਲ ਹੈ। ਸੌ ਦੋ ਸੌ ਮੀਲਾਂ ਨੂੰ ਤਾਂ ਉਹ ਗਿਣਦੇ ਹੀ ਨਹੀਂ। ਸਫਰ ਨੂੰ ਸਾਡੇ ਦੇਸ਼ ਵਿਚ ਸਿਰ-ਦਰਦੀ ਗਿਣਿਆ ਜਾਂਦਾ ਹੈ, ਜਦੋਂ ਕਿ ਪੱਛਮ ਵਿਚ ਇਹ ਬੜਾ ਸੁਖਾਵਾਂ ਮਨ-ਪ੍ਰਚਾਵਾ ਹੈ।

ਅਮਰੀਕਾ ਦੀ ਤਰੱਕੀ ਦਾ ਇਕ ਕਾਰਨ ਮੈਨੂੰ ਉਨ੍ਹਾਂ ਦਾ ਸੁਚੱਜਾ ਟੈਲੀਫੋਨ ਪ੍ਰਬੰਧ ਪ੍ਰਤੀਤ ਹੋਇਆ ਹੈ। ਇਹ ਸਿਸਟਮ ਇਤਨਾ ਭਰੋਸੇਯੋਗ ਹੈ ਕਿ ਅਮਰੀਕਾ ਦੀ ਪ੍ਰਸ਼ੰਸਾ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ। ਸਾਡੇ ਦੇਸ਼ ਵਿਚ ਵੱਡੇ ਸ਼ਹਿਰਾਂ ਵਿਚ ਹਾਲਤ ਭਾਵੇਂ ਕੁਝ ਚੰਗੀ ਹੈ ਪਰ ਬਹੁਤੇ ਇਲਾਕਿਆਂ ਵਿਚ ਪਹਿਲਾਂ ਤਾਂ ਟੈਲੀਫੋਨ ਲਗਦਾ ਹੀ ਨਹੀਂ, ਜੇ ਲਗ ਜਾਵੇ ਤਾਂ ਬਹੁਤਾ ਸਮਾਂ ਖਰਾਬ ਹੀ ਰਹਿੰਦਾ ਹੈ, ਜੇ ਠੀਕ ਹੋਵੇ ਤਾਂ ਮੰਗਿਆ ਨੰਬਰ ਨਹੀਂ ਮਿਲਦਾ। ਪਹਿਲਾਂ ਇਕ ਦੋ ਗਲਤ ਨੰਬਰ ਮਿਲਣਗੇ, ਕਿਉਂਕਿ ਗਲਤ ਨੰਬਰ ਕਦੇ ਰੁਝੇ ਨਹੀਂ ਹੁੰਦੇ। ਜੇ ਚੰਗੀ ਕਿਸਮਤ ਨੂੰ ਨੰਬਰ ਮਿਲ ਜਾਵੇ ਤਾਂ ਗਲਤ ਆਦਮੀ ਟੈਲੀਫੋਨ ਚੁਕੇਗਾ ਅਤੇ ਉਸ ਨੂੰ ਬੇਨਤੀ ਕਰਨੀ ਪਵੇਗੀ ਕਿ ਫਲਾਣੇ ਬੰਦੇ ਨਾਲ ਗੱਲ ਕਰਨੀ ਹੈ ਪਰ ਅਮਰੀਕਾ ਵਿਚ ਸਭ ਕੁਝ ਵਖਰੀ ਭਾਂਤ ਦਾ ਹੈ। ਉਥੇ ਤਾਂ ਹੁਣ ਰੱਬ ਦੇ ਘਰ ਟੈਲੀਫੋਨ ਲਗਣਾ ਬਾਕੀ ਹੈ, ਬਾਕੀ ਸਭ ਥਾਂਈਂ ਲਗ ਗਿਆ ਹੈ।

ਉਥੋਂ ਦੀਆਂ ਟੈਲੀਫੋਨ ਕੰਪਨੀਆਂ ਟੈਲੀਫੋਨ ਕਰਨ ਨਾਲ ਹੀ ਟੈਲੀਫੋਨ ਲਾ ਜਾਂਦੀਆਂ ਹਨ। ਉਥੇ ਗਾਹਕਾਂ ਨੂੰ ਪ੍ਰੇਰਿਆ ਜਾਂਦਾ ਹੈ ਕਿ ਭਾਵੇਂ ਕੁਨੈਕਸ਼ਨ ਇਕ ਲਵੋ ਪਰ ਆਪਣੇ ਘਰ ਦੇ ਹਰ ਕੋਨੇ ਵਿਚ ਟੈਲੀਫੋਨ ਰਖੋ। ਵਿਸਥਾਰ ਤੋਂ ਸੰਕੋਚ ਕਰਦਾ ਹੋਇਆ ਇਤਨਾ ਹੀ ਕਹਾਂਗਾ ਕਿ ਉਥੇ ਟੈਲੀਫੋਨ ਅਤੇ ਕਾਰ ਤੋਂ ਬਿਨਾਂ ਕਿਸੇ ਬੰਦੇ ਦਾ ਜਾਂ ਕਿਸੇ ਘਰ ਦਾ ਕਿਆਸ ਨਹੀਂ ਕੀਤਾ ਜਾ ਸਕਦਾ।

ਅਸੀਂ ਆਪਣੇ ਦੇਸ਼ ਵਿਚ ਟੈਲੀਫੋਨ ਨੂੰ ਅਜੇ ਵਪਾਰਕ ਸੰਦ ਵਜੋਂ ਵਰਤਣਾ ਨਹੀਂ ਸਿਖਿਆ, ਫਜ਼ੂਲ ਕੰਮਾਂ ਲਈ ਹੀ ਵਰਤਣਾ ਸਿੱਖਿਆ ਹੈ। ਆਪਣੇ ਦੇਸ਼ ਦੇ ਟੈਲੀਫੋਨ ਸਿਸਟਮ ਵਿਚੋਂ ਆਪਣੇ ਦੇਸ਼ ਦੀ ਸਮੁੱਚੀ ਹਾਲਤ ਸਮਝੀ ਜਾ ਸਕਦੀ ਹੈ। ਉਥੇ ਗਲਤ ਟੈਲੀਫੋਨ ਨੰਬਰ ਨਹੀਂ ਮਿਲਦਾ, ਉਥੇ ਗੱਲਬਾਤ ਦੌਰਾਨ ਹੀ ਟੈਲੀਫੋਨ ਜੁਆਬ ਨਹੀਂ ਦੇ ਜਾਂਦਾ, ਉਥੇ ਕਦੇ ਵਾਧੂ ਬਿਲ ਆਉਣ ਦੀ ਸ਼ਿਕਾਇਤ ਨਹੀਂ ਆਉਂਦੀ। ਉਥੇ ਟੈਲੀਫੋਨ ਇਤਨੇ ਹਨ ਕਿ ਕਿਸੇ ਦੇ ਘਰ ਜਾ ਕੇ ਟੈਲੀਫੋਨ ਕਰਨ ਦੀ ਲੋੜ ਨਹੀਂ ਪੈਂਦੀ। ਜੇ ਕਿਸੇ ਥਾਂ ਤੁਸੀਂ ਸਮਝੋ ਕਿ ਟੈਲੀਫੋਨ ਹੋਣਾ ਚਾਹੀਦਾ ਹੈ ਤਾਂ ਘੁੰਮ ਕੇ ਵੇਖੋ ਨੇੜੇ ਤੇੜੇ ਜ਼ਰੂਰ ਹੋਵੇਗਾ। ਲਗਭਗ ਹਰ ਦੁਕਾਨ ਵਿਚ ਪੈਸੇ ਪਾ ਕੇ ਵਰਤਣ ਵਾਲਾ ਟੈਲੀਫੋਨ ਲਾਉਣਾ ਉਥੋਂ ਦੀ ਦੁਕਾਨਦਾਰੀ ਵਿਚ ਸ਼ਾਮਲ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਾਰਾ ਲੈਣ-ਦੇਣ ਟੈਲੀਫੋਨ ਰਾਹੀਂ ਹੁੰਦਾ ਹੈ, ਕੋਈ ਲਿਖਤੀ ਆਰਡਰ ਨਹੀਂ ਕਢੇ ਜਾਂਦੇ ਪਰ ਸਭ ਕੁਛ ਠੀਕ-ਠਾਕ ਚਲ ਰਿਹਾ ਹੈ। ਉਥੇ ਇਹ ਵੇਖ ਕੇ ਹੈਰਾਨੀ ਹੋਈ ਕਿ ਸਰਕਾਰੀ ਚਿੱਠੀਆਂ ਵੀ ਬਿਨਾਂ ਦਸਖ਼ਤਾਂ ਦੇ ਜਾਰੀ ਕੀਤੀਆਂ ਜਾਂਦੀਆਂ ਹਨ।

ਆਪਣੇ ਦੇਸ਼ ਵਿਚ ਅਫ਼ਸਰਾਂ ਵਲੋਂ ਦਸਖ਼ਤ ਕਰਨ ਦੀ ਅਮੁੱਕ ਲਾਲਸਾ ਨੂੰ ਜਦੋਂ ਵੇਖਦਾ ਹਾਂ ਤਾਂ ਪਤਾ ਨਹੀਂ ਕਿਉਂ ਸ਼ਰਮਸਾਰ ਜਿਹਾ ਮਹਿਸੂਸ ਕਰਦਾ ਹਾਂ।

ਸੰਸਾਰ ਵਿਚ ਭਾਵੇਂ ਅਮਰੀਕਾ ਸਭ ਤੋਂ ਵੱਧ ਅਮੀਰ ਅਤੇ ਤੇਜ਼ ਰਫਤਾਰ ਦੇਸ਼ ਹੈ ਪਰ ਕਈ ਖੇਤਰਾਂ ਵਿਚ ਉਹ ਪੁਰਾਣੀਆਂ ਰੀਤਾਂ ਨਾਲ ਹੀ ਚਿਮੜਿਆ ਹੋਇਆ ਹੈ। ਸੰਸਾਰ ਭਰ ਵਿਚ ਨਾਪਤੋਲ ਦੀ ਮੀਟ੍ਰਿਕ ਪ੍ਰਣਾਲੀ ਲਾਗੂ ਹੋ ਗਈ ਹੈ ਪਰ ਅਮਰੀਕਨ ਅਜੇ ਵੀ ਕਿਲੋਗ੍ਰਾਮਾਂ, ਕਿਲੋਮੀਟਰਾਂ ਆਦਿ ਦੀ ਥਾਂ ਪਾਊਂਡਾਂ ਅਤੇ ਮੀਲਾਂ ਨਾਲ ਹੀ ਕੰਮ ਚਲਾ ਰਹੇ ਹਨ। ਅਨੇਕਾਂ ਹੋਰ ਖੇਤਰਾਂ ਵਿਚ ਵੀ ਉਹ ਬਾਕੀ ਦੀ ਦੁਨੀਆ ਨਾਲੋਂ ਵੱਖਰੇ ਹਨ।

ਅਮਰੀਕਾ ਕਈ ਪੱਖਾਂ ਤੋਂ ਬੜਾ ਪੁਰਾਣਾ ਹੈ ਅਤੇ ਪੁਰਾਤਨਤਾ ਨੂੰ ਸਾਂਭ-ਸਾਂਭ ਰਖਣਾ ਉਨ੍ਹਾਂ ਦਾ ਸ਼ੌਕ ਪ੍ਰਤੀਤ ਹੁੰਦਾ ਹੈ।

ਉਨ੍ਹਾਂ ਕੋਲ ਸਭ ਕੁਝ ਨਵਾਂ ਹੈ, ਸੋ ਉਹ ਸੰਸਾਰ ਭਰ ਵਿਚੋਂ ਪੁਰਾਣੀਆਂ ਵਸਤਾਂ ਖਰੀਦ ਕੇ ਆਪਣੇ ਅਜਾਇਬ ਘਰਾਂ ਵਿਚ ਰਖ ਰਹੇ ਹਨ। ਉਹ ਪੁਰਾਣੀਆਂ ਚੀਜ਼ਾਂ ਨੂੰ ਸਜਾ-ਸਜਾ ਰਖਦੇ ਹਨ। ਸਾਡੇ ਦੇਸ਼ ਦੀਆਂ ਅਨੇਕਾਂ ਪੁਰਾਣੀਆਂ ਮੂਰਤੀਆਂ ਉਨ੍ਹਾਂ ਦੇ ਅਜਾਇਬ ਘਰਾਂ ਵਿਚ ਵੇਖੀਆਂ ਜਾ ਸਕਦੀਆਂ ਹਨ।

ਇਸ ਰੁਚੀ ਦਾ ਇਕ ਕਾਰਨ ਇਹ ਹੈ ਕਿ ਅਮਰੀਕਾ ਨੂੰ ਆਪਣੀ ਪਰੰਪਰਾ ਦੀ ਅਣਹੋਂਦ ਦਾ ਡੂੰਘਾ ਅਹਿਸਾਸ ਹੈ। ਦੂਜੇ ਪਾਸੇ ਜਦੋਂ ਆਪਣੇ ਦੇਸ਼ ਵਿਚ ਢਹਿ ਰਹੇ ਕਿਲ੍ਹਿਆਂ, ਪੁਰਾਣੀਆਂ ਹਵੇਲੀਆਂ ਨੂੰ ਸਾਂਭਣ ਸੰਭਾਲਣ ਦੀ ਗੱਲ ਚਲਦੀ ਹੈ ਤਾਂ ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਅਮਰੀਕਨਾਂ ਦੀ ਸੋਚ ਦਾ ਸ਼ਿਕਾਰ ਹੋ ਕੇ ਉਨ੍ਹਾਂ ਨੂੰ ਵਿਖਾਉਣ ਦੇ ਉਦੇਸ਼ ਨਾਲ, ਅਸੀਂ ਵੀ ਇਨ੍ਹਾਂ ਚੀਜ਼ਾਂ ਨੂੰ ਸੰਭਾਲਣ ਲਗ ਪਏ ਹਾਂ।

ਮੇਰਾ ਵਿਚਾਰ ਹੈ ਕਿ ਸਾਡੇ ਕੋਲ ਸਭ ਕੁਝ ਬੜਾ ਪੁਰਾਣਾ ਹੈ, ਜਦੋਂ ਕਿ ਸਾਨੂੰ ਨਵੀਨਤਾ ਦੀ ਲੋੜ ਹੈ ਜਦੋਂ ਕਿ ਅਮਰੀਕਾ ਕੋਲ ਸਭ ਕੁਝ ਨਵਾਂ ਹੈ, ਸੋ ਉਨ੍ਹਾਂ ਦੀ ਦਿਲਚਸਪੀ ਪੁਰਾਤਨ ਵਸਤਾਂ ਵਿਚ ਵਧੇਰੇ ਹੈ।

ਮੈਂ ਇਸ ਗੱਲ ਦੇ ਪੱਖ ਵਿਚ ਹਾਂ ਕਿ ਖੰਡਰ ਬਣੇ ਕਿਲ੍ਹਿਆਂ ਉਤੇ ਸਮਾਂ ਅਤੇ ਧਨ ਖਰਚਣ ਦੀ ਥਾਂ ਇਨ੍ਹਾਂ ਥਾਂਵਾਂ ਉਤੇ ਆਧੁਨਿਕ ਇਮਾਰਤਾਂ ਉਸਾਰੀਆਂ ਜਾਣ।

ਵਿਦੇਸ਼ੀ ਪੁਸਤਕਾਂ ਦੇ ਪ੍ਰਭਾਵ ਅਧੀਨ ਅਸੀਂ ਖ਼ੁਰਾਕ ਦੇ ਖੇਤਰ ਵਿਚ ਵੀ ਅਮਰੀਕੀ ਸੋਚ ਦਾ ਸ਼ਿਕਾਰ ਹੋ ਰਹੇ ਹਾਂ। ਉਦਾਹਰਣ ਵਜੋਂ ਅਮਰੀਕਾ ਵਿਚ ਹਰ ਵਿਅਕਤੀ ਸਾਲ ਵਿਚ ਔਸਤ ਇਕ ਸੌ ਕਿਲੋਗ੍ਰਾਮ ਖੰਡ ਵਰਤਦਾ ਹੈ, ਜਦੋਂ ਕਿ ਸਾਡੇ ਦੇਸ਼ ਵਿਚ ਇਹ ਔਸਤ ਪੰਜ ਕਿਲੋਗ੍ਰਾਮ ਵੀ ਨਹੀਂ। ਇਹੀ ਹਾਲ ਦੁੱਧ, ਮੱਖਣ ਆਦਿ ਦਾ ਹੈ।

ਸਾਡੇ ਡਾਕਟਰ ਅਮਰੀਕੀ ਪੁਸਤਕਾਂ ਦੇ ਪ੍ਰਭਾਵ ਅਧੀਨ, ਸਾਡੀ ਪਹਿਲਾਂ ਹੀ ਘਟ ਖ਼ੁਰਾਕ ਨੂੰ ਹੋਰ ਘਟਾਉਣ ਉਤੇ ਜ਼ੋਰ ਦੇ ਰਹੇ ਹਨ।

ਸਮੁੱਚੇ ਤੌਰ ਉਤੇ ਸਾਡੇ ਦੇਸ਼ ਦੀ ਬਹੁਗਿਣਤੀ ਦੀਆਂ ਸਰੀਰਕ ਸਮੱਸਿਆਵਾਂ ਖ਼ੁਰਾਕ ਦੀ ਘਾਟ ਦਾ ਨਤੀਜਾ ਹਨ।

ਸਾਡੇ ਦੇਸ਼ ਵਿਚ ਛੋਟਾ ਜਿਹਾ ਵਰਗ ਹੀ ਹੈ ਜੋ ਵਾਧੂ ਖ਼ੁਰਾਕ ਦੀਆਂ ਉਪਜਾਈਆਂ ਸਮੱਸਿਆਵਾਂ ਨਾਲ ਪੀੜਤ ਹੈ। ਅਜਿਹੇ ਘਰਾਂ ਵਿਚ ਸਾਰੇ ਕੰਮ ਨੌਕਰਾਂ ਤੋਂ ਕਰਵਾਉਣ ਦੀ ਪ੍ਰਵਿਰਤੀ ਕਾਰਨ ਮਾਲਕ ਬੀਮਾਰ ਹੀ ਰਹਿੰਦੇ ਹਨ।

ਅਮਰੀਕਨ ਬਹੁਤ ਖਾਂਦੇ ਪੀਂਦੇ ਹਨ ਪਰ ਉਹ ਸਰੀਰਕ ਕੰਮ ਵੀ ਬਹੁਤ ਕਰਦੇ ਹਨ, ਸੋ ਸਮੁੱਚੇ ਤੌਰ ਤੇ ਉਹ ਸਾਡੇ ਨਾਲੋਂ ਵਧੇਰੇ ਤੰਦਰੁਸਤ ਹਨ।

ਅਮਰੀਕਾ ਵਿਚ ਸਭ ਕੁਝ ਮਸ਼ੀਨਾਂ ਨਾਲ ਬਣਦਾ ਹੈ, ਸੋ ਉਥੇ ਹੱਥ ਨਾਲ ਬਣੀਆਂ ਚੀਜ਼ਾਂ ਦੀ ਕਦਰ ਵਧੇਰੇ ਹੈ ਜਦੋਂ ਕਿ ਭਾਰਤ ਵਿਚ ਸਥਿਤੀ ਉਲਟ ਹੈ। ਅਮਰੀਕਾ ਵਿਚ ਮਸ਼ੀਨਾਂ ਦੀ ਵਰਤੋਂ ਇਤਨੀ ਵਿਆਪਕ ਪੱਧਰ ਉਤੇ ਹੁੰਦੀ ਹੈ ਕਿ ਮਹੀਨਿਆਂ ਦੇ ਕੰਮ ਘੰਟਿਆਂ ਵਿਚ ਹੋ ਜਾਂਦੇ ਹਨ। ਸਾਡੇ ਦੇਸ਼ ਵਿਚ ਸਮੇਂ ਸਿਰ ਕੇਵਲ ਸੂਰਜ ਹੀ ਚੜ੍ਹਦਾ ਹੈ ਅਤੇ ਬਾਕੀ ਸਾਰੇ ਕੰਮਾਂ ਵਿਚ ਦੇਰ ਹੋ ਜਾਂਦੀ ਹੈ। ਉਥੇ ਘੁੰਮਦਿਆਂ ਜਦੋਂ ਕੰਮ ਨੂੰ ਜਲਦੀ ਨਿਪਟਾਉਣ ਉਤੇ ਜ਼ੋਰ ਦੇਣ ਵਾਲੇ ਮੁਹਾਵਰੇ ਅਤੇ ਨਾਹਰੇ ਪੜ੍ਹੇ-ਸੁਣੇ ਤਾਂ ਆਪਣੇ ਦੇਸ਼ ਵਿਚ ਕੰਮ ਨੂੰ ਲਮਕਾਉਣ, ਟਾਲਣ ਆਦਿ ਬਾਰੇ ਮੁਹਾਵਰੇ-ਅਖਾਣ ਯਾਦ ਆਏ। ਉਥੇ ਕਿਸੇ ਵੀ ਖੇਤਰ ਵਿਚ ਦੇਰੀ ਲਾਹੇਵੰਦੀ ਨਹੀਂ, ਜਦੋਂ ਕਿ ਅਸੀਂ ਆਮ ਕਹਿੰਦੇ ਹਾਂ 'ਸਹਿਜ ਪਕੇ ਸੋ ਮੀਠਾ ਹੋਵੇ', 'ਸਿਦਕਾਂ ਦੇ ਬੇੜੇ ਪਾਰ', 'ਸਬਰ ਦਾ ਫਲ ਮਿਠਾ' ਆਦਿ।

ਅਮਰੀਕਾ ਨੂੰ ਵੇਖ ਕੇ ਭਾਰਤ ਇਕ ਰੁਕੀ ਹੋਈ ਘੜੀ ਪ੍ਰਤੀਤ ਹੁੰਦਾ ਹੈ।

ਅਮਰੀਕਾ ਵਿਚ ਜੇ ਤੁਸੀਂ ਜਾਓ ਤਾਂ ਉਨ੍ਹਾਂ ਦਾ ਫੋਟੋਆਂ ਖਿਚਣ-ਖਿਚਵਾਉਣ ਦਾ ਝੱਲ ਤੁਹਾਨੂੰ ਬੜਾ ਹੈਰਾਨ ਕਰੇਗਾ।

ਫੋਟੋਗ੍ਰਾਫੀ ਦਾ ਸਾਮਾਨ ਬਣਾਉਣ ਵਾਲੀਆਂ ਕੰਪਨੀਆਂ ਨੇ ਲੋਕਾਂ ਦੀ ਸਵੈ-ਪ੍ਰਸ਼ੰਸਾ ਅਤੇ ਆਤਮ-ਮਹਿਮਾ ਦੀ ਭੁੱਖ ਅਤੇ ਲਾਲਸਾ ਨੂੰ ਸਮਝ ਕੇ ਹਰ ਇਕ ਦੇ ਹੱਥ ਕੈਮਰਾ ਫੜਾ ਦਿੱਤਾ ਹੈ। ਉਹ ਇਤਨੀਆਂ ਤਸਵੀਰਾਂ ਖਿਚਦੇ ਹਨ ਕਿ ਪ੍ਰਤੀਤ ਹੁੰਦਾ ਹੈ, ਜਿਵੇਂ ਉਹ ਇਸ ਸੰਸਾਰ ਵਿਚ ਫੋਟੋਆਂ ਖਿਚਵਾਉਣ ਲਈ ਹੀ ਆਏ ਹੋਣ। ਸਾਡੇ ਦੇਸ਼ ਵਿਚ ਵੀ ਉਨ੍ਹਾਂ ਕੰਪਨੀਆਂ ਦੇ ਪ੍ਰਭਾਵ ਅਧੀਨ ਇਹ ਪ੍ਰਵਿਰਤੀ ਵੱਧ ਰਹੀ ਹੈ।

ਕੋਈ ਸਮਾਂ ਸੀ ਜਦੋਂ ਅਸੀਂ ਮਹਾਂਪੁਰਸ਼ਾਂ ਦੀਆਂ ਤਸਵੀਰਾਂ, ਚਿਤਰਾਂ ਨਾਲ ਆਪਣੇ ਘਰਾਂ ਦੀਆਂ ਕੰਧਾਂ ਸਜਾਉਂਦੇ ਸਾਂ ਪਰ ਹੁਣ ਤਾਂ ਘਰ ਆਏ ਗਏ ਨੂੰ ਮਲੋਮਲੀ ਆਪਣੀਆਂ ਐਲਬਮਾਂ ਵਿਖਾਈਆਂ ਜਾਂਦੀਆਂ ਹਨ। ਅਮਰੀਕਾ ਫੋਟੋ ਖਿਚਵਾਉਣ ਤੋਂ ਫਿਲਮ ਬਣਵਾਉਣ ਦੀ ਪ੍ਰਵਿਰਤੀ ਦਾ ਸ਼ਿਕਾਰ ਹੋ ਗਿਆ ਹੈ।

ਇਕ ਘਰ ਵਿਚ ਮੈਂ ਵੇਖਿਆ ਕਿ ਐਨਸਾਈਕਲੋਪੀਡੀਆ ਵਾਲੀ ਜਿਲਦ ਵਾਲੀਆਂ ਕਈ ਪੁਸਤਕਾਂ ਪਈਆਂ ਸਨ। ਆਪਣੇ ਮਿੱਤਰ ਨੂੰ ਮੈਂ ਪੁਛਿਆ ਕਿ ਇਨ੍ਹਾਂ ਨੂੰ ਕੌਣ ਪੜ੍ਹਦਾ ਹੈ ? ਤਾਂ ਉੱਤਰ ਮਿਲਿਆ ਇਹ ਵਿਸ਼ਵਕੋਸ਼ ਨਹੀਂ, ਤਸਵੀਰਾਂ ਦੀਆਂ ਐਲਬਮਾਂ ਹਨ। ਨਿਰਸੰਦੇਹ ਵਧੇਰੇ ਫੋਟੋਆਂ ਖਿਚਵਾਉਣੀਆਂ ਕੈਮਰੇ ਰਾਹੀਂ ਫੜ੍ਹਾਂ ਮਾਰਨ ਵਾਲਾ ਅਮਲ ਹੈ।

ਅਮਰੀਕਨ ਜੀਵਨ ਵਿਚ ਬਹੁਤ ਕੁਝ ਫਜ਼ੂਲ ਹੈ, ਵਾਧੂ ਹੈ, ਤਰਕਹੀਣ, ਹਾਸੋਹੀਣਾ ਅਤੇ ਨਿਰਰਥਕ ਹੈ, ਸੋ ਉਨ੍ਹਾਂ ਨੂੰ ਵੇਖ ਕੇ ਸਮਝ ਨਹੀਂ ਆਉਂਦੀ ਕਿ ਉਨ੍ਹਾਂ ਨੂੰ ਮਾਨਵਜਾਤੀ ਦੀ ਕਿਹੜੀ ਵੰਨਗੀ ਵਿਚ ਰਖਿਆ ਜਾਵੇ।

ਉਨ੍ਹਾਂ ਕੋਲ ਮਿਲਣ-ਗਿਲਣ ਦੇ ਸਾਰੇ ਸਾਧਨ ਹਨ ਪਰ ਉਹ ਅੰਤਾਂ ਦੇ ਇਕੱਲੇ ਹਨ, ਉਨ੍ਹਾਂ ਕੋਲ ਖੁਆਉਣ-ਪਿਲਾਉਣ ਦੀ ਅਥਾਹ-ਸਮਰਥਾ ਹੈ ਪਰ ਉਨ੍ਹਾਂ ਦੇ ਘਰ ਕੋਈ ਨਹੀਂ ਆਉਂਦਾ, ਉਨ੍ਹਾਂ ਕੋਲ ਆਰਾਮ ਕਰਨ ਦੇ ਸਾਰੇ ਸੁਖ-ਸਾਧਨ ਹਨ ਪਰ ਉਨ੍ਹਾਂ ਵਿਚ ਟਿਕ ਕੇ ਬਹਿਣ ਦੀ ਪ੍ਰਵਿਰਤੀ ਨਹੀਂ, ਉਹ ਦੁਨੀਆਂ ਦੇ ਸਭ ਤੋਂ ਅਮੀਰ ਲੋਕ ਹਨ ਪਰ ਹਰ ਕੋਈ ਕੰਨਾਂ ਤਕ ਕਰਜ਼ੇ ਵਿਚ ਡੁਬਿਆ ਹੋਇਆ ਹੈ, ਉਹ ਦੂਜਿਆਂ ਦਾ ਧਿਆਨ ਖਿਚਣ ਲਈ ਹਰ ਸਿੱਧਾ-ਪੁੱਠਾ ਕਾਰਜ ਕਰਦੇ ਹਨ ਪਰ ਕੋਈ ਕਿਸੇ ਦੂਜੇ ਵਲ ਧਿਆਨ ਨਹੀਂ ਦਿੰਦਾ, ਉਨ੍ਹਾਂ ਦੇ ਅਖਬਾਰ ਬਹੁਤ ਭਾਰੇ ਹਨ, ਪਰ ਉਨ੍ਹਾਂ ਨੂੰ ਪੜ੍ਹਨ ਦਾ ਕਿਸੇ ਕੋਲ ਸਮਾਂ ਨਹੀਂ, ਉਹ ਬਦਲਾਂ ਵਾਂਗ ਭਰੇ ਹੋਏ ਹਨ ਪਰ ਵਰ੍ਹਨ ਲਈ ਕੋਈ ਥਾਂ ਨਹੀਂ ਮਿਲਦੀ।

ਅਮਰੀਕਾ ਨੂੰ ਵੇਖ ਕੇ ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਕੋਈ ਜੂਏਘਰ ਵਿਚ, ਸ਼ਰਾਬ ਪੀ ਕੇ, ਸਮਾਧੀ ਲਾਉਣ ਦਾ ਯਤਨ ਕਰ ਰਿਹਾ ਹੋਏ।

ਤੂੰ ਮੈਂ, ਮੈਂ ਤੂੰ, ਤੂੰ ਤੂੰ, ਮੈਂ ਮੈਂ

ਭਾਰਤ ਜਿਹੇ ਵਿਸ਼ਾਲ ਰਿਸ਼ਤੇ-ਨਾਤਿਆਂ ਵਾਲੇ ਸਮਾਜਿਕ ਪ੍ਰਬੰਧ ਵਿਚ ਪਲਿਆ ਵਿਅਕਤੀ ਅਮਰੀਕਾ ਵਿਚ ਇਸਤਰੀ-ਪੁਰਸ਼ ਸੰਬੰਧਾਂ ਨੂੰ ਵੇਖ ਕੇ ਹੈਰਾਨ ਵੀ ਹੁੰਦਾ ਹੈ ਅਤੇ ਪਰੇਸ਼ਾਨ ਵੀ ਹੁੰਦਾ ਹੈ।

ਇਸਤਰੀ-ਪੁਰਸ਼ ਸੰਬੰਧਾਂ ਦੇ ਪੱਖ ਤੋਂ ਸਾਡਾ ਜੀਵਨ ਅਮਰੀਕੀ ਜੀਵਨ ਨਾਲੋਂ ਇਤਨਾ ਵੱਖਰਾ ਹੈ ਕਿ ਤੁਲਨਾ ਕਰਨੀ ਵਿਅਰਥ ਪ੍ਰਤੀਤ ਹੁੰਦੀ ਹੈ।

ਉਦਾਹਰਣ ਵਜੋਂ ਅਸੀਂ ਅਕਸਰ ਗਿਲਾ ਕਰਦੇ ਹਾਂ ਕਿ ਉਸ ਵਿਆਹ ਵਿਚ, ਉਸ ਸਮਾਗਮ ਵਿਚ ਜਾਂ ਉਸ ਮੌਕੇ ਉੱਤੇ ਉਸਨੇ ਸਾਡੀ ਪੁੱਛ-ਪ੍ਰਤੀਤ ਹੀ ਨਹੀਂ ਕੀਤੀ, ਜਦੋਂ ਕਿ ਅਮਰੀਕਾ ਵਿਚ ਅਜਿਹੀ ਪੁੱਛ-ਪ੍ਰਤੀਤ ਦਖ਼ਲ-ਅੰਦਾਜ਼ੀ ਸਮਝੀ ਜਾਂਦੀ ਹੈ।

ਉਥੇ ਲੋਕ ਆਪਣੇ ਰਿਸ਼ਤੇਦਾਰਾਂ ਕੋਲ ਨਹੀਂ ਠਹਿਰਦੇ, ਹੋਟਲਾਂ ਵਿਚ ਠਹਿਰਦੇ ਹਨ ਅਤੇ ਹੋਟਲ ਦੇ ਅਮਲੇ ਵਲੋਂ ਹੀ ਪੁੱਛ-ਪ੍ਰਤੀਤ ਨਾ ਹੋਣ ਦੀ ਸੂਰਤ ਵਿਚ ਹੋਟਲ ਮਾਲਕ ਨਾਲ ਗਿਲਾ-ਸ਼ਿਕਵਾ ਕਰਦੇ ਹਨ।

ਰਿਸ਼ਤੇਦਾਰੀਆਂ ਦਾ ਸੰਕਲਪ ਅਮਰੀਕਾ ਵਿਚ ਲਗਭਗ ਲੋਪ ਹੋ ਗਿਆ ਹੈ, ਉਥੇ ਗੁਆਂਢੀ ਦੇ ਵੀ ਕੋਈ ਅਰਥ ਨਹੀਂ ਪਰ ਹਰ ਕੋਈ ਆਪਣੀ ਨਿੱਜੀ ਦੁਨੀਆਂ ਵਿਚ ਮਸਤ ਹੈ।

ਸਾਡੇ ਦੇਸ਼ ਵਿਚ ਹਰ ਪੁਰਸ਼ ਜੀਵਨ ਦੌਰਾਨ ਭਰਾ, ਪਤੀ ਅਤੇ ਪਿਤਾ ਦੇ ਫ਼ਰਜ਼ ਨਿਭਾਉਂਦਾ-ਨਿਭਾਉਂਦਾ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜਦਾ ਹੈ। ਇਵੇਂ ਹੀ ਹਰ ਇਸਤਰੀ ਵੱਖ-ਵੱਖ ਪੁਰਸ਼ਾਂ ਦੇ ਪਰਛਾਵਿਆਂ ਵਿਚ ਵਿਚਰਦੀ-ਵਿਚਰਦੀ ਮੌਤ ਦੇ ਬੂਹੇ ਉੱਤੇ ਜਾ ਅਪੜਦੀ ਹੈ।

ਅਸੀਂ ਆਪਣਾ ਜੀਵਨ ਜਿਉਂਦੇ ਨਹੀਂ ਕੇਵਲ ਫ਼ਰਜ਼ ਪੂਰੇ ਕਰਨ ਵਿਚ ਰੁਝੇ ਰਹਿੰਦੇ ਹਾਂ, ਕਿਉਂਕਿ ਸਾਡੇ ਦੇਸ਼ ਦੀ ਗ਼ਰੀਬੀ ਅਤੇ ਸਮਾਜਿਕ-ਪ੍ਰਣਾਲੀ ਸਾਨੂੰ ਇਕ ਦੂਜੇ ਉੱਤੇ ਨਿਰਭਰ ਹੋਣ ਲਈ ਮਜਬੂਰ ਕਰਦੀ ਹੈ।

ਜੀਵਨ ਦੇ ਜਿਨ੍ਹਾਂ ਪੱਖਾਂ ਨੂੰ ਅਸੀਂ ਮਹੱਤਵਪੂਰਨ ਬਣਾਇਆ ਹੋਇਆ ਹੈ ਅਤੇ ਜਿਨ੍ਹਾਂ ਪ੍ਰਤੀ ਅਸੀਂ ਸਾਰਾ ਜੀਵਨ ਅਰਪਣ ਕਰ ਦਿੰਦੇ ਹਾਂ, ਉਹ ਪੱਖ ਅਮਰੀਕੀ ਸਮਾਜ ਵਿਚ

ਕਿਧਰੇ ਵਿਖਾਈ ਨਹੀਂ ਦਿੰਦੇ। ਬੰਧਨਾਂ, ਰੋਕਾਂ, ਫ਼ਰਜ਼ਾਂ, ਜ਼ਿੰਮੇਵਾਰੀਆਂ ਆਦਿ ਦਾ ਸਾਡੇ ਜੀਵਨ ਵਿਚ ਇਤਨਾ ਬੋਲਬਾਲਾ ਹੈ ਕਿ ਇਨ੍ਹਾਂ ਦੀ ਸੰਘਣੀ ਧੁੰਦ ਵਿਚੋਂ ਅਸੀਂ ਜੀਵਨ ਭਰ ਬਾਹਰ ਹੀ ਨਹੀਂ ਨਿਕਲਦੇ।

ਸਾਡੇ ਦੇਸ਼ ਵਿਚ ਪਰੰਪਰਾ ਦਾ ਜਾਲ ਇਤਨਾ ਸੰਘਣਾ ਹੈ ਕਿ ਅਸੀਂ ਖੁਲ੍ਹ ਕੇ ਸਾਹ ਲੈਣ ਨੂੰ ਵੀ ਵਿਭਚਾਰ ਸਮਝਣ ਲੱਗ ਪਏ ਹਾਂ। ਅਸੀਂ ਬਿਨਾਂ ਕੋਈ ਪਾਪ ਕੀਤੇ ਸਾਰਾ ਜੀਵਨ ਉਨ੍ਹਾਂ ਪਾਪਾਂ ਨੂੰ ਬਖਸ਼ਾਉਣ ਲਈ ਅਰਦਾਸਾਂ ਵਿਚ ਝੁਕੇ ਰਹਿੰਦੇ ਹਾਂ।

ਅਮਰੀਕਾ ਅਤੇ ਯੋਰਪ ਨੂੰ ਵੇਖ ਕੇ ਮੈਨੂੰ ਆਪਣੇ ਦੇਸ਼ ਦੇ ਲੋਕ ਕੈਦ ਭੁਗਤ ਰਹੇ ਪ੍ਰਤੀਤ ਹੁੰਦੇ ਹਨ ਅਤੇ ਇਨ੍ਹਾਂ ਦੀ ਹਾਲਤ ਉਨ੍ਹਾਂ ਲੋਕਾਂ ਵਾਲੀ ਪ੍ਰਤੀਤ ਹੁੰਦੀ ਹੈ ਜਿਹੜੇ ਆਜ਼ਾਦੀ ਦਾ ਸੁਨੇਹਾ ਦੇਣ ਵਾਲੇ ਨੂੰ ਆਪਣਾ ਦੁਸ਼ਮਣ ਮਿੱਥ ਕੇ, ਉਸ ਨੂੰ ਧਾਰਮਿਕ ਉਪਦੇਸ਼ ਦੇਣ ਲੱਗ ਪੈਂਦੇ ਹਨ।

ਰਿਸ਼ਤੇ-ਨਾਤਿਆਂ ਦੇ ਪੱਖੋਂ ਸਾਡੀ ਜੀਵਨ-ਪ੍ਰਣਾਲੀ ਵਿਚ ਇਤਨੀ ਵੰਨ-ਸੁਵੰਨਤਾ ਹੈ ਕਿ ਅਸੀਂ ਸਾਰੀਆਂ ਰਿਸ਼ਤੇਦਾਰੀਆਂ ਦੇ ਨਾਂ ਵੀ ਨਹੀਂ ਗਿਣ ਸਕਦੇ।

ਇਹ ਸਭ ਕੁਝ ਵੇਖ ਕੇ ਮੈਨੂੰ ਇੰਜ ਲੱਗਦਾ ਹੈ ਜਿਵੇਂ ਸਾਡੇ ਕੋਲ ਪਹਿਨਣ ਲਈ ਕੱਪੜਿਆਂ ਦੇ ਅੰਬਾਰ ਲੱਗੇ ਹੋਏ ਹਨ ਪਰ ਸਾਡੇ ਮੇਚ ਦਾ ਕੋਈ ਵੀ ਕੱਪੜਾ ਨਹੀਂ।

ਜਿਉਂ-ਜਿਉਂ ਮਨੁੱਖ ਖੁਸ਼ਹਾਲ ਹੁੰਦਾ ਹੈ, ਤਿਉਂ-ਤਿਉਂ ਉਸ ਵਿਚ ਸਵੈ-ਵਿਸ਼ਵਾਸ ਵੱਧਦਾ ਹੈ ਅਤੇ ਦੂਜਿਆਂ ਉੱਤੇ ਨਿਰਭਰਤਾ ਘੱਟਦੀ ਹੈ।

ਆਰਥਿਕ ਮੰਦਹਾਲੀ ਵਿਚ ਅਸੀਂ ਰਿਸ਼ਤੇਦਾਰਾਂ ਦੀਆਂ ਗੱਲਾਂ ਵਧੇਰੇ ਕਰਦੇ ਹਾਂ ਪਰ ਮੰਦਹਾਲੀ ਕਾਰਨ ਸਾਡੀਆਂ ਆਪਣੀਆਂ ਸਮੱਸਿਆਵਾਂ ਵੀ ਨਹੀਂ ਸੁਲਝਦੀਆਂ, ਸੋ ਅਸੀਂ ਕਿਸੇ ਦੀ ਮਦਦ ਨਹੀਂ ਕਰ ਸਕਦੇ, ਸ਼ਾਇਦ ਇਸੇ ਕਰਕੇ ਅਸੀਂ ਆਪਣੀ ਗੱਲਬਾਤ ਵਿਚ ਸ਼ਿਕਵੇ-ਸ਼ਿਕਾਇਤਾਂ ਵਧੇਰੇ ਕਰਦੇ ਹਾਂ।

ਗ਼ਰੀਬੀ ਕਾਰਨ ਹੀ ਸਾਡੇ ਵਿਆਹਾਂ ਵਿਚ ਭੀੜ ਹੁੰਦੀ ਹੈ ਅਤੇ ਹਰ ਕੋਈ ਬਰਾਤੀ ਬਣਨਾ ਚਾਹੁੰਦਾ ਹੈ।

ਜਦੋਂ ਸਾਡੇ ਖਾਣ-ਪੀਣ ਅਤੇ ਪਹਿਨਣ ਦੀ ਪੱਧਰ ਉੱਚੀ ਹੋ ਜਾਵੇਗੀ ਤਾਂ ਨਾ ਕੇਵਲ ਸਾਡੀਆਂ ਬਰਾਤਾਂ ਛੋਟੀਆਂ ਹੋ ਜਾਣਗੀਆਂ ਸਗੋਂ ਸਾਡੇ ਵਿਆਹ ਵੀ ਸਾਦੇ ਹੋ ਜਾਣਗੇ ਅਤੇ ਰਿਸ਼ਤੇਦਾਰੀਆਂ ਦਾ ਜੰਜਾਲ ਵੀ ਘੱਟ ਜਾਵੇਗਾ।

ਅਮਰੀਕਾ ਵਿਚ ਇਹ ਸਭ ਕੁਝ ਵਾਪਰ ਚੁੱਕਿਆ ਹੈ।

ਇਸਲਾਮੀ ਸਮਾਜ ਵਿਚ ਅਤੇ ਚੀਨੀ ਸਮਾਜ ਵਿਚ ਰਿਸ਼ਤਾ-ਨਾਤਾ ਪ੍ਰਬੰਧ ਸਾਡੇ ਨਾਲੋਂ ਵੀ ਵਧੇਰੇ ਗੁੰਝਲਦਾਰ ਹੈ।

ਵਿਆਹ ਸਭ ਪ੍ਰਕਾਰ ਦੇ ਰਿਸ਼ਤਿਆਂ ਦਾ ਸਰੋਤ ਹੁੰਦਾ ਹੈ।

ਇਸਲਾਮੀ ਸਮਾਜ ਵਿਚ ਹਰ ਪੁਰਸ਼ ਚਾਰ ਤੱਕ ਵਿਆਹ ਕਰ ਸਕਦਾ ਹੈ, ਸੋ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਥੇ ਰਿਸ਼ਤਾ-ਨਾਤਾ ਪ੍ਰਬੰਧ ਕਿਹੋ ਜਿਹਾ ਹੋਵੇਗਾ? ਮੈਨੂੰ ਇਸਲਾਮੀ ਸਮਾਜ ਦੇ ਪਛੜੇ ਹੋਣ ਦਾ ਇਕ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਉਥੇ ਹਰ ਇਸਤਰੀ, ਪੁਰਸ਼ ਰਿਸ਼ਤੇਦਾਰੀਆਂ ਦੇ ਫਰਜ਼ ਨਿਭਾਉਣ ਵਿਚ ਰੁੱਝਾ ਹੋਇਆ ਹੈ ਅਤੇ ਆਪਣਾ ਵਿਕਾਸ ਕਰਨ ਲਈ ਉਸ ਕੋਲ ਸਮਾਂ ਹੀ ਨਹੀਂ ਬਚਦਾ।

ਸਾਡੇ ਦੇਸ਼ ਵਿਚ ਵਸੀਲਿਆਂ ਦੀ ਘਾਟ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਾਡੇ ਸਮਾਜਿਕ ਸਮਾਗਮਾਂ ਵਿਚ ਮਹਿਮਾਨਾਂ ਦੀ ਗਿਣਤੀ ਕੀਤੇ ਗਏ ਪ੍ਰਬੰਧਾਂ ਨਾਲੋਂ ਵੱਧ ਹੁੰਦੀ ਹੈ ਅਤੇ ਖਾਣ-ਪੀਣ ਦਾ ਸਾਮਾਨ ਅਕਸਰ ਥੁੜ ਜਾਂਦਾ ਹੈ, ਪਰ ਅਮਰੀਕਾ ਵਿਚ ਇਵੇਂ ਨਹੀਂ ਹੁੰਦਾ, ਕਿਉਂਕਿ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਵਿਉਂਤੇ ਗਏ ਸਮਾਗਮ ਵਿਚ ਕਿਨ੍ਹਾਂ-ਕਿਨ੍ਹਾਂ ਨੇ ਆਉਣਾ ਹੈ।

ਆਪਣੇ ਦੇਸ਼ ਵਿਚ ਰਿਸ਼ਤੇ-ਨਾਤੇ ਦੀ ਵੰਨ-ਸੁਵੰਨਤਾ ਨੂੰ ਦੇਖ ਕੇ ਮੈਨੂੰ ਅਕਸਰ ਉਹ ਵਿਅਕਤੀ ਯਾਦ ਆਉਂਦਾ ਹੈ, ਜਿਸ ਕੋਲ ਸਾਮਾਨ ਵਧੇਰੇ ਹੋਵੇ ਅਤੇ ਸੂਟਕੇਸ ਛੋਟਾ। ਉਹ ਕੁਝ ਛੱਡਣਾ ਵੀ ਨਹੀਂ ਚਾਹੁੰਦਾ ਪਰ ਸਭ ਕੁਝ ਸੰਭਾਲ ਵੀ ਨਹੀਂ ਸਕਦਾ। ਇਹ ਗੱਲ ਲਗਭਗ ਹਰ ਵਿਅਕਤੀ ਨਾਲ ਵਾਪਰਦੀ ਹੈ।

ਸਾਡੇ ਦੇਸ਼ ਵਿਚ ਭਾਵੇਂ ਸੂਟਕੇਸ ਹੋਵੇ, ਭਾਵੇਂ ਟਰੰਕ ਅਤੇ ਭਾਵੇਂ ਵਿਆਹ ਵਾਲੀ ਪੇਟੀ, ਸਾਮਾਨ ਦੇ ਬਹੁਤੇ ਹੋਣ ਕਾਰਨ, ਇਹ ਬੰਦ ਮੁਸ਼ਕਿਲ ਨਾਲ ਹੀ ਹੁੰਦੀ ਹੈ।

ਅਸੀਂ ਘਰ ਨਵਾਂ ਬਣਾ ਲੈਂਦੇ ਹਾਂ ਪਰ ਸਾਮਾਨ ਪੁਰਾਣਾ ਹੀ ਹੁੰਦਾ ਹੈ। ਅਸੀਂ ਬਾਹਰੋਂ ਇੱਕੀਵੀਂ ਸਦੀ ਵਿਚ ਵਿਚਰ ਰਹੇ ਪ੍ਰਤੀਤ ਹੁੰਦੇ ਹਾਂ ਪਰ ਅਸੀਂ ਵੇਖ ਪਿਛੇ ਰਹੇ ਹਾਂ।

ਅਸੀਂ ਰਿਸ਼ਤੇਦਾਰਾਂ ਦੀਆਂ ਵਧੀਕੀਆਂ ਦੀਆਂ ਗੱਲਾਂ ਕਰਦੇ ਹਾਂ, ਪਰ ਉਨ੍ਹਾਂ ਨੂੰ ਤਿਆਗ ਵੀ ਨਹੀਂ ਸਕਦੇ। ਇਹ ਉਵੇਂ ਹੀ ਹੈ ਜਿਵੇਂ ਕੋਈ ਵਿਅਕਤੀ ਤੰਗ ਜੁੱਤੀ ਨੂੰ ਇਹ ਸੋਚ ਕੇ ਸੰਭਾਲੀ ਰੱਖੇ ਕਿ ਕਿਸੇ ਦਿਨ ਸ਼ਾਇਦ ਪੂਰੀ ਆ ਜਾਵੇ। ਅਸੀਂ ਬਹੁਤੇ ਕਪੜੇ ਵੀ ਇਸ ਲਈ ਸੰਭਾਲ ਕੇ ਰਖਦੇ ਹਾਂ ਕਿ ਇਨ੍ਹਾਂ ਨੂੰ ਪਤਲੇ ਹੋ ਕੇ ਪਾਵਾਂਗੇ।

ਰਿਸ਼ਤੇ-ਨਾਤੇ ਪ੍ਰਬੰਧ ਦੀ ਮੂਲ ਇਕਾਈ ਪਰਿਵਾਰ ਹੈ ਅਤੇ ਵਿਆਹ ਨਵੇਂ ਰਿਸ਼ਤੇ-ਨਾਤੇ ਸਿਰਜਣ ਦਾ ਬੁਨਿਆਦੀ ਆਧਾਰ ਹੁੰਦਾ ਹੈ।

ਅਮਰੀਕਾ ਵਿਚ ਵਿਆਹ ਇਕ ਖੇਡ ਬਣ ਗਈ ਹੈ ਅਤੇ ਨਤੀਜੇ ਵਜੋਂ ਪਰਿਵਾਰਕ ਜੀਵਨ ਦੀਆਂ ਧੱਜੀਆਂ ਉੱਡ ਰਹੀਆਂ ਹਨ। ਅਮਰੀਕਾ ਵਿਚ ਹਰ ਵਿਅਕਤੀ ਔਸਤ ਚਾਰ-ਪੰਜ ਵਿਆਹ ਕਰਵਾਉਂਦਾ ਹੈ ਅਤੇ ਇਤਨੇ ਹੀ ਤਲਾਕ ਲੈਂਦਾ ਹੈ। ਜੀਵਨ ਦੇ ਪੰਜਵੇਂ ਦਹਾਕੇ ਵਿਚ ਅਕਸਰ ਇਸਤਰੀ-ਪੁਰਸ਼ ਇਕ ਦੂਜੇ ਤੋਂ ਪੂਰਨ ਭਾਂਤ ਵਿਛੜ ਜਾਂਦੇ ਹਨ। ਉਥੇ ਦੂਜਾ ਵਿਆਹ ਸਭ ਤੋਂ ਵੱਧ ਹੰਢਣਸਾਰ ਹੁੰਦਾ ਹੈ ਪਰ ਬੱਚੇ ਪਹਿਲੇ ਵਿਚ ਹੀ ਹੋ ਜਾਂਦੇ ਹਨ। ਦੂਜੇ ਵਿਆਹ ਦੀ ਉਕਤਾਹਟ ਤੋਂ ਛੁਟਕਾਰਾ ਪਾਉਣ ਲਈ ਤੀਜਾ ਵਿਆਹ ਕੀਤਾ ਜਾਂਦਾ ਹੈ ਅਤੇ ਇਸ ਉਪਰੰਤ ਇਸਤਰੀ-ਪੁਰਸ਼ ਸੰਬੰਧਾਂ ਦਾ ਅੰਨ੍ਹਾ ਗੇੜ ਚੱਲਦਾ ਹੈ।

ਜਦੋਂ ਮੈਂ ਇਕ ਜੋੜੇ ਨੂੰ ਦੱਸਿਆ ਕਿ ਮੇਰੇ ਮਾਤਾ-ਪਿਤਾ ਨੂੰ ਪਤੀ-ਪਤਨੀ ਵਜੋਂ ਰਹਿੰਦਿਆਂ ਪੰਜਾਹ ਵਰ੍ਹੇ ਤੋਂ ਵੱਧ ਹੋ ਗਏ ਸਨ ਤਾਂ ਉਨ੍ਹਾਂ ਨੂੰ ਇੰਜ ਲੱਗਿਆ ਜਿਵੇਂ ਮੈਂ ਕਿਸੇ ਪੁਰਾਤਨ ਯੁਗ ਦੀ ਕੋਈ ਕਥਾ ਸੁਣਾ ਰਿਹਾ ਹੋਵਾਂ।

ਮੈਨੂੰ ਇਕ ਅਜਿਹੇ ਘਰ ਜਾਣ ਦਾ ਅਵਸਰ ਮਿਲਿਆ ਜਿਥੇ ਮੇਰਾ ਇਕ ਮਿੱਤਰ ਉਕੇ-ਪੁੱਕੇ ਪੈਸੇ ਦੇ ਕੇ ਰਹਿ ਰਿਹਾ ਸੀ। ਘਰ ਦੀ ਮਾਲਕਣ ਦੀ ਉਮਰ ਛੇ ਦਹਾਕਿਆਂ ਤੋਂ ਵੱਧ ਸੀ ਅਤੇ ਉਹ ਤਿੰਨ ਦਹਾਕੇ ਪਹਿਲਾਂ ਫ਼ਰਾਂਸ ਤੋਂ ਆਈ ਸੀ। ਇਤਨਾ ਅਰਸਾ ਉਥੇ ਰਹਿਣ ਦੇ ਬਾਵਜੂਦ ਉਹ ਟੁੱਟੀ-ਭੱਜੀ ਅੰਗ੍ਰੇਜ਼ੀ ਹੀ ਬੋਲਦੀ ਸੀ। ਉਸ ਦੀ ਧੀ ਤਲਾਕ ਉਪਰੰਤ, ਆਪਣੇ ਮਨਪਸੰਦ ਦੇ ਆਦਮੀ ਨਾਲ ਬਿਨਾਂ ਵਿਆਹ ਦੇ ਰਹਿ ਰਹੀ ਸੀ।

ਉਹ ਫਰਾਂਸੀਸੀ ਔਰਤ ਜੂਏ ਦੀ ਬੜੀ ਸ਼ੌਕੀਨ ਸੀ, ਸ਼ਾਇਦ ਇਹੀ ਉਸ ਦੇ ਇਕੱਲੇ ਰਹਿ ਜਾਣ ਦਾ ਕਾਰਨ ਸੀ।

ਉਹ ਜ਼ਿੰਦਗੀ ਦੀ ਬਾਜ਼ੀ ਹਾਰ ਗਈ ਸੀ ਪਰ ਆਪਣਾ ਸਭ ਕੁਝ, ਜੂਏ ਵਿਚ ਜਿੱਤਣ ਦੀ ਭਾਵਨਾ ਨਾਲ, ਦਾਓ 'ਤੇ ਲਾ ਰਹੀ ਸੀ। ਉਸ ਦਾ ਪਤੀ ਆਪਣੀ ਪਸੰਦ ਦੀ ਇਸਤਰੀ ਨਾਲ ਨੇੜਲੇ ਸ਼ਹਿਰ ਵਿਚ ਰਹਿ ਰਿਹਾ ਸੀ।

ਲਗਭਗ ਹਰ ਥਾਂਈਂ ਅਜਿਹਾ ਵਾਪਰ ਰਿਹਾ ਹੈ ਅਤੇ ਇਹ ਸਭ ਕੁਝ ਇਤਨੀ ਵਿਸ਼ਾਲ ਪੱਧਰ ਉੱਤੇ ਵਾਪਰ ਰਿਹਾ ਹੈ ਅਤੇ ਇਤਨੀ ਤੇਜ਼ੀ ਨਾਲ ਵਾਪਰ ਰਿਹਾ ਹੈ ਕਿ ਉਨ੍ਹਾਂ ਨੂੰ ਸਭ ਕੁਝ ਸੁਭਾਵਕ ਪ੍ਰਤੀਤ ਹੋਣ ਲੱਗ ਪਿਆ ਹੈ।

ਭਾਰਤੀ ਦ੍ਰਿਸ਼ਟੀ ਤੋਂ ਵੇਖਿਆਂ ਅਮਰੀਕੀ ਇਸਤਰੀਆਂ ਅਤੇ ਪੁਰਸ਼ਾਂ ਦਾ ਵਿਹਾਰ ਨਿਰਲੱਜਤਾ ਅਤੇ ਲਾਪ੍ਰਵਾਹੀ ਵਾਲਾ ਹੈ, ਜਦੋਂ ਕਿ ਉਨ੍ਹਾਂ ਦੀ ਦ੍ਰਿਸ਼ਟੀ ਤੋਂ ਵੇਖਿਆਂ ਭਾਰਤੀ ਇਸਤਰੀ-ਪੁਰਸ਼ਾਂ ਦੇ ਸੰਬੰਧ ਗੁਲਾਮੀ ਦੇ ਦੌਰ ਵਾਲੇ ਹਨ।

ਪੂਰਬ ਅਤੇ ਪੱਛਮ ਦੀ ਜੀਵਨ-ਜਾਚ ਵਿਚ ਅੰਤਰ ਮਰਿਯਾਦਾ ਪ੍ਰਸ਼ੋਤਮ ਰਾਮ ਅਤੇ ਮੌਜੀ-ਮਸਤ ਕ੍ਰਿਸ਼ਨ ਵਾਲਾ ਪ੍ਰਤੀਤ ਹੁੰਦਾ ਹੈ।

ਮੈਂ ਜਾਣਨਾ ਚਾਹੁੰਦਾ ਸਾਂ ਕਿ ਅਮਰੀਕਾ ਵਿਚ ਪਤੀ-ਪਤਨੀ ਵਿਚਕਾਰ ਇਤਨੀ ਜਲਦੀ ਅਣਬਣ ਕਿਉਂ ਹੋ ਜਾਂਦੀ ਹੈ ਅਤੇ ਉਹ ਇਕ-ਦੂਜੇ ਪ੍ਰਤੀ ਕਿਉਂ ਅਚਾਨਕ ਠੰਡੇ ਹੋ ਜਾਂਦੇ ਹਨ ਅਤੇ ਉਹ ਕਿਉਂ ਛੋਟੀਆਂ-ਛੋਟੀਆਂ ਗੱਲਾਂ ਉੱਤੇ ਤਲਾਕ ਦੇ ਦਿੰਦੇ ਹਨ।

ਇਸ ਪ੍ਰਸ਼ਨ ਦਾ ਉੱਤਰ ਉਥੇ ਦੇ ਲੋਕਾਂ ਦੇ ਵਿਹਾਰ ਨੂੰ ਵੇਖ ਕੇ ਦਿੱਤਾ ਜਾ ਸਕਦਾ ਹੈ। ਉਥੇ ਇਸਤਰੀ-ਪੁਰਸ਼ ਦੀ ਪਹਿਲੀ ਪਛਾਣ ਲਗਭਗ ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿਚ ਹੋ ਚੁੱਕੀ ਹੁੰਦੀ ਹੈ ਅਤੇ ਉਨ੍ਹਾਂ ਵਿਚ ਸਰੀਰਕ ਸੰਬੰਧ ਸਥਾਪਿਤ ਹੋ ਚੁੱਕੇ ਹੁੰਦੇ ਹਨ।

ਉਨ੍ਹਾਂ ਦਾ ਪਿਆਰ ਦਾ ਸੰਕਲਪ ਨਿਰਸੰਦੇਹ ਸਾਡੇ ਪਿਆਰ ਦੇ ਸੰਕਲਪ ਨਾਲੋਂ ਪੂਰਨ ਭਾਂਤ ਵੱਖਰੀ ਪ੍ਰਕਾਰ ਦਾ ਹੈ।

ਉਨਾਂ ਨੇ ਆਪਣੀ ਲਾਪ੍ਰਵਾਹੀ ਨੂੰ ਆਜ਼ਾਦੀ ਦਾ ਨਾਂ ਦਿੱਤਾ ਹੋਇਆ ਹੈ।

ਹਰ ਕੋਈ ਚੰਮ-ਖੁਸ਼ੀਆਂ ਵਿਚ ਇਸ ਪੱਧਰ ਤੱਕ ਉਲਝਿਆ ਹੋਇਆ ਹੈ ਕਿ ਕਿਸੇ ਕੋਲ ਇਸ ਸਮੱਸਿਆ ਬਾਰੇ ਸੋਚਣ ਲਈ ਸਮਾਂ ਹੀ ਨਹੀਂ।

ਸਮੁੱਚੇ ਰੂਪ ਵਿਚ ਅਮਰੀਕਨ ਕੁਝ ਕਰਦੇ ਰਹਿਣ ਵਿਚ ਵਿਸ਼ਵਾਸ ਕਰਦੇ ਹਨ, ਜਦੋਂ ਕਿ ਅਸੀਂ ਹਰ ਵੇਲੇ ਸੋਚਦੇ ਰਹਿੰਦੇ ਹਾਂ।

ਉੱਥੇ ਇਸ ਪ੍ਰਵਿਰਤੀ ਦਾ ਨਤੀਜਾ ਇਹ ਹੈ ਕਿ ਬਹੁਤੀਆਂ ਇਸਤਰੀਆਂ ਵੀਹ ਸਾਲ ਤੋਂ ਪਹਿਲਾਂ ਹੀ, ਵਿਆਹ ਤੋਂ ਬਿਨਾਂ ਹੀ, ਮਾਂਵਾਂ ਬਣ ਜਾਂਦੀਆਂ ਹਨ।

ਖੁਰਾਕ ਦੀ ਬਹੁਤਾਤ ਅਤੇ ਖਾਣ-ਪੀਣ ਦੀ ਖੁਲ੍ਹ ਨਾਲ ਅਮਰੀਕਨਾਂ ਵਿਚ ਸਰੀਰਕ ਪੱਖੋਂ ਜਵਾਨੀ ਜਲਦੀ ਆ ਜਾਂਦੀ ਹੈ। ਕਾਮ-ਸੰਬੰਧਾਂ ਦੇ ਖੇਤਰ ਵਿਚ ਸਭ ਪ੍ਰਕਾਰ ਦੇ ਬੰਧਨਾਂ ਅਤੇ ਸਭ ਪ੍ਰਕਾਰ ਦੀ ਪਾਪ-ਭਾਵਨਾ ਤੋਂ ਮੁਕਤ ਹੋਣ ਕਾਰਨ, ਉਹ ਇਸ ਖੇਤਰ ਵਿਚ ਖੁਲ੍ਹ ਕੇ ਵਿਚਰਦੇ ਹਨ। ਉਥੇ ਕੋਈ ਹੈਰਾਨ ਨਹੀਂ ਹੁੰਦਾ ਪਰ ਲਗਭਗ ਤੀਹ ਪ੍ਰਤੀਸ਼ਤ ਪੁਰਸ਼ਾਂ ਦੇ ਆਪਣੀਆਂ ਧੀਆਂ ਨਾਲ ਨਾਜਾਇਜ਼ ਸੰਬੰਧ ਹਨ।

ਉਥੇ ਸਾਵੇਂ-ਸੰਤੁਲਤ ਕਾਮ-ਸੰਬੰਧਾਂ ਦੀ ਥਾਂ ਕਾਮ-ਕੁਰੀਤੀਆਂ ਦਾ ਬੋਲਬਾਲਾ ਹੈ ਅਤੇ ਵਿਆਹ ਤੋਂ ਬਿਨਾਂ ਕਿਸੇ ਇਸਤਰੀ ਦਾ ਮਾਂ ਬਣ ਜਾਣਾ ਇਤਨੀ ਆਮ ਗੱਲ ਹੈ ਕਿ ਇਸ ਪਾਸੇ ਕੋਈ ਧਿਆਨ ਹੀ ਨਹੀਂ ਦਿੰਦਾ। ਕੋਈ ਕਿਸੇ ਨੂੰ ਪੁੱਛਦਾ ਹੀ ਨਹੀਂ ਕਿ ਇਸ ਬੱਚੇ ਦਾ ਪਿਓ ਕੌਣ ਹੈ। ਇਸ ਕਰਕੇ ਯੋਰਪ ਅਤੇ ਅਮਰੀਕਾ ਵਿਚ ਹੁਣ ਬੱਚੇ ਦੇ ਨਾਂ ਨਾਲ ਪਿਤਾ ਦਾ ਨਹੀਂ, ਮਾਂ ਦਾ ਨਾਂ ਲਿਖਿਆ ਜਾਂਦਾ ਹੈ। ਮਾਪੇ ਆਪਣੇ ਸੁਆਦਾਂ ਵਿਚ ਇਤਨੇ ਡੁੱਬੇ ਹੋਏ ਹਨ ਕਿ ਬੱਚਿਆਂ ਵਲ ਕਿਸੇ ਕੋਲ ਧਿਆਨ ਦੇਣ ਦਾ ਸਮਾਂ ਹੀ ਨਹੀਂ।

ਇਹ ਕਹਿਣਾ ਵਧੇਰੇ ਯੋਗ ਹੋਵੇਗਾ ਕਿ ਅਮਰੀਕਾ ਵਿਚ ਸਾਵੇਂ-ਸੰਤੁਲਤ ਕਾਮ-ਸੰਬੰਧ ਕੇਵਲ ਜਾਨਵਰਾਂ ਵਿਚ ਹੀ ਵੇਖਣ ਨੂੰ ਮਿਲਦੇ ਹਨ। ਇਸਤਰੀ-ਪੁਰਸ਼ ਸੰਬੰਧਾਂ ਦੇ ਪੱਖ ਤੋਂ ਅਮਰੀਕਾ ਨੂੰ ਵੇਖ ਕੇ ਸ਼ਰਮ ਆਉਂਦੀ ਹੈ।

ਸਾਰੀ ਦੁਨੀਆਂ ਅਮਰੀਕਨਾਂ ਦੀ ਨਕਲ ਕਰਦੀ-ਕਰਦੀ, ਇਸ ਖੇਤਰ ਵਿਚ ਵੀ ਉਨ੍ਹਾਂ ਦੀ ਨਕਲ ਕਰਨ ਲੱਗ ਪਈ ਹੈ।

ਮੈਂ ਇਕ ਸੇਵਾ-ਮੁਕਤ ਹੋਏ ਅਮਰੀਕੀ ਸਿਪਾਹੀ ਦੇ ਘਰ ਗਿਆ। ਉਸ ਨੇ ਆਪਣੇ ਕਮਰੇ ਵਿਚ ਛੇ ਬੰਦੂਕਾਂ ਨਾਲ ਮੋਰਚਾ ਬਣਾਇਆ ਹੋਇਆ ਸੀ ਅਤੇ ਤਿੰਨ ਟੈਲੀਵਿਜ਼ਨ ਲਾਏ ਹੋਏ ਸਨ। ਉਸ ਦਾ ਕਹਿਣਾ ਸੀ ਕਿ ਉਸ ਨੂੰ ਉਸੇ ਹਾਲਤ ਵਿਚ ਨੀਂਦਰ ਆਉਂਦੀ ਸੀ ਅਤੇ ਅਸ਼ਲੀਲ ਫਿਲਮਾਂ ਨੂੰ ਵੇਖਣ ਦਾ ਉਸ ਦਾ ਸ਼ੌਕ ਇਤਨਾ ਵੱਧ ਸੀ ਕਿ ਉਹ ਤਿੰਨ-ਤਿੰਨ ਫਿਲਮਾਂ ਇਕੋ ਵੇਲੇ ਵੇਖਦਾ ਸੀ। ਉਹ ਇਕੱਲਾ ਰਹਿ ਰਿਹਾ ਸੀ ਅਤੇ ਆਪਣੇ ਮਨ-ਪ੍ਰਚਾਵੇ ਲਈ ਉਹ ਇਸਤਰੀਆਂ ਨੂੰ ਇਵੇਂ ਖ਼ਰੀਦ ਲਿਆਉਂਦਾ ਸੀ, ਜਿਵੇਂ ਅਸੀਂ ਸਬਜ਼ੀ ਦੀ ਦੁਕਾਨ ਤੋਂ ਸਬਜ਼ੀ ਖ਼ਰੀਦਦੇ ਹਾਂ।

ਅਮਰੀਕਾ ਵਿਚ ਵੇਸਵਾਵਾਂ ਇਸਤਰੀਆਂ ਹੀ ਨਹੀਂ ਹਨ, ਪੁਰਸ਼ ਵੀ ਇਹ ਧੰਦਾ ਕਰਦੇ ਹਨ। ਜੇ ਕਈ ਹੋਟਲਾਂ ਵਿਚ ਇਸਤਰੀਆਂ ਨੰਗੇ ਨਾਚ ਨੱਚਦੀਆਂ ਹਨ ਤਾਂ ਕਈ

ਹੋਟਲ ਅਜਿਹੇ ਵੀ ਹਨ, ਜਿੱਥੇ ਪੁਰਸ਼ ਵੀ ਨੰਗੇ ਨਾਚ ਕਰਦੇ ਹਨ ਅਤੇ ਇਸਤਰੀਆਂ ਉੱਛਲ-ਉੱਛਲ ਕੇ ਉਨ੍ਹਾਂ ਨੂੰ ਦਾਦ ਦਿੰਦੀਆਂ ਹਨ।

ਇਹ ਸਭ ਕੁਝ ਵੇਖ ਕੇ ਵੇਖਣ ਵਾਲੇ ਨੂੰ ਸਮਝ ਨਹੀਂ ਆਉਂਦੀ ਕਿ ਉਹ ਸਵਰਗ ਵਿਚ ਆ ਗਿਆ ਹੈ ਕਿ ਨਰਕ ਵਿਚ। ਤਾਕਤ ਅਤੇ ਮਾਇਆ ਦੇ ਨਸ਼ੇ ਵਿਚ ਅਮਰੀਕਨਾਂ ਕੋਲ ਸਰੀਰ ਤੋਂ ਅੱਗੇ ਵੇਖਣ ਦੀ ਸਮਰਥਾ ਨਹੀਂ ਰਹੀ।

ਇਹ ਵੀ ਕਹਿਣਾ ਚਾਹਵਾਂਗਾ ਕਿ ਸਾਡੇ ਦੇਸ਼ ਵਿਚ ਇਸਤਰੀ-ਪੁਰਸ਼ ਸੰਬੰਧ ਇਸ ਹੱਦ ਤੱਕ ਸੁੰਗੜੇ ਹੋਏ ਅਤੇ ਸੰਕੀਰਣਤਾ ਦਾ ਸ਼ਿਕਾਰ ਹਨ ਕਿ ਇਨ੍ਹਾਂ ਨੂੰ ਵੀ ਕਿਸੇ ਪੱਖ ਤੋਂ ਸੰਤੁਲਤ ਨਹੀਂ ਕਿਹਾ ਜਾ ਸਕਦਾ।

ਅਮਰੀਕਾ ਵਿਚ ਆਮ ਕਰਕੇ ਪਹਿਲਾ ਬੱਚਾ ਹੋਣ ਉਪਰੰਤ ਮਾਪੇ ਵਿਆਹ ਕਰਵਾ ਲੈਂਦੇ ਹਨ, ਪਰ ਆਰਥਿਕ ਅਤੇ ਭਾਵਕ ਪੱਖੋਂ ਮਾਪਿਆਂ ਵਾਲੀ ਕੋਈ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਨਾ ਹੋਣ ਕਾਰਨ, ਇਹ ਵਿਆਹ ਲੜਾਈ-ਝਗੜੇ ਦਾ ਸ਼ਿਕਾਰ ਹੋਣ ਕਾਰਨ, ਜਲਦੀ ਹੀ ਟੁੱਟ ਜਾਂਦੇ ਹਨ।

ਉੱਥੇ ਕਿਸੇ ਵਿਚ ਵੀ ਇਤਨੀ ਸਹਿਣ-ਸ਼ੀਲਤਾ ਨਹੀਂ ਕਿ ਉਹ ਦੂਜੀ ਧਿਰ ਦੀਆਂ ਭਾਵਨਾਵਾਂ ਦੀ ਕਦਰ ਕਰ ਸਕੇ। ਹਰ ਕਿਸੇ ਦੀ ਬਿਰਤੀ ਲੁਟੇਰੇ ਵਾਲੀ ਹੈ।

ਇਸ ਅਨੁਭਵ ਵਿਚੋਂ ਲਗਭਗ ਹਰ ਅਮਰੀਕਨ ਗੁਜ਼ਰਦਾ ਹੈ ਅਤੇ ਇਸਤਰੀ ਦੀ ਸਥਿਤੀ ਇਕ ਵੇਸਵਾ ਅਤੇ ਪੁਰਸ਼ ਦੀ ਹਾਲਤ ਇਕ ਗੈਰ-ਜ਼ਿੰਮੇਵਾਰ ਵਿਗੜੇ ਹੋਏ ਸੁਆਰਥੀ ਵਿਅਕਤੀ ਵਾਲੀ ਹੋ ਜਾਂਦੀ ਹੈ।

ਅਮਰੀਕਾ ਵਿਚ ਰਿਸ਼ਤੇਦਾਰ ਤਾਂ ਕੀ, ਮਾਪੇ ਵੀ ਆਪਣੇ ਬੱਚਿਆਂ ਦੇ ਨਿੱਜੀ ਮਾਮਲਿਆਂ ਵਿਚ ਦਖ਼ਲ ਨਹੀਂ ਦਿੰਦੇ । ਉੱਥੇ ਕਿਸੇ ਮਸਲੇ ਬਾਰੇ ਕਿਸੇ ਤੋਂ ਸਲਾਹ ਲੈਣ-ਦੇਣ ਦਾ ਰਿਵਾਜ ਨਹੀਂ ਪਰ ਵਿਗੜੇ ਵਿਆਹ-ਸਬੰਧਾਂ ਨੂੰ ਠੀਕ ਕਰਨ ਵਾਲੀਆਂ ਸਲਾਹਕਾਰੀ ਵਰਕਸ਼ਾਪਾਂ ਖੁਲ੍ਹੀਆਂ ਹੋਈਆਂ ਹਨ।

ਸੰਬੰਧਾਂ ਦੇ ਵਿਗੜਨ ਦੇ ਕਾਰਨਾਂ ਦੀ ਜੇ ਸੂਚੀ ਬਣਾਈ ਜਾਵੇ ਤਾਂ ਇੰਜ ਲਗੇਗਾ ਜਿਵੇਂ ਅਮਰੀਕਨ ਆਪਣੇ ਬੱਚਪਨ ਵਿਚੋਂ ਬਾਹਰ ਹੀ ਨਹੀਂ ਨਿਕਲਦੇ।

ਸਾਡੇ ਦੇਸ਼ ਵਿਚ ਪਤੀ-ਪਤਨੀ ਅਕਸਰ ਇਕ-ਦੂਜੇ ਅਨੁਸਾਰ ਢਲ ਜਾਂਦੇ ਹਨ, ਪਰ ਉਥੇ ਵਿਹਾਰ ਵਿਚ ਲਚਕ ਦੀ ਲਗਭਗ ਅਣਹੋਂਦ ਹੈ। ਉਨ੍ਹਾਂ ਦਾ ਮੁੱਢਲਾ ਵਿਹਾਰ ਉਹੋ ਜਿਹਾ ਹੁੰਦਾ ਹੈ, ਜਿਹੋ ਜਿਹਾ ਸਾਡੇ ਦੇਸ਼ ਵਿਚ ਮੰਗੇਤਰਾਂ ਦਾ ਹੁੰਦਾ ਹੈ, ਪਰ ਵਿਆਹ ਉਪਰੰਤ ਝੱਟ ਮਗਰੋਂ ਹੀ ਅਸਲੀ ਰੰਗ ਉਘੜਨ ਅਤੇ ਚਮਕਦਾਰ ਰੰਗ ਫਿੱਕੇ ਪੈਣ ਲੱਗ ਪੈਂਦੇ ਹਨ। ਪਹਿਲੇ ਬਾਂਹਾਂ ਇਕ-ਦੂਜੇ ਨਾਲ ਗਲਵਕੜੀ ਪਾਉਣ ਲਈ ਉੱਠਦੀਆਂ ਹਨ ਪਰ ਥੋੜ੍ਹੇ ਅਰਸੇ ਮਗਰੋਂ ਹੀ ਬਾਂਹਾਂ ਸਵਾਲੀਆ ਨਿਸ਼ਾਨ ਬਣਾਉਣ ਲਈ ਉੱਠਣ ਲੱਗ ਪੈਂਦੀਆਂ ਹਨ। ਮੁੱਢ ਵਿਚ ਇਸਤਰੀ-ਪੁਰਸ਼ ਦੇ ਸੰਬੰਧ ਬਾਰ੍ਹਾਂਦਰੀ ਦੀ ਰਮਣੀਕ ਖਾਮੋਸ਼ੀ

ਵਾਲੇ ਹੁੰਦੇ ਹਨ, ਕਿਉਂਕਿ ਦੋਵੇਂ ਧਿਰਾਂ ਇਕ ਦੂਜੇ ਵਿਚ ਅਭੇਦ ਹੋਣ ਲਈ ਤੱਤਪਰ ਹੁੰਦੀਆਂ ਹਨ, ਪਰ ਕੁਝ ਅਰਸੇ ਵਿਚ ਹੀ ਬਹੁਤ ਕੁਝ ਵਾਪਰ ਜਾਂਦਾ ਹੈ ਅਤੇ ਦਰਿਆ ਦੇ ਦੋਹਾਂ ਕਿਨਾਰਿਆਂ ਉੱਤੇ ਸ਼ੋਰ ਪੈਣ ਲੱਗ ਪੈਂਦਾ ਹੈ। ਅਮਰੀਕਾ ਵਿਚ ਕਿਸੇ ਕੈਦੋਂ ਦੇ ਦਖ਼ਲ ਬਿਨਾਂ ਹੀ ਹੀਰ-ਰਾਂਝਾ ਵਿਛੜ ਜਾਂਦੇ ਹਨ।

ਅਮਰੀਕਾ ਵਿਚ ਦੂਜਾ ਵਿਆਹ ਆਮ ਕਰਕੇ ਉਦੋਂ ਕਰਵਾਇਆ ਜਾਂਦਾ ਹੈ ਜਦੋਂ ਪੁਰਸ਼ ਅਤੇ ਇਸਤਰੀ ਕਮਾਉਣ ਲੱਗ ਪੈਣ। ਅਮਰੀਕਾ ਵਿਚ ਇਕ ਵੀ ਮਿਸਾਲ ਅਜਿਹੀ ਨਹੀਂ ਹੋਵੇਗੀ ਜਿਥੇ ਪਤੀ-ਪਤਨੀ ਆਪਣੇ ਮਾਪਿਆਂ ਦੀ ਕਮਾਈ ਉੱਤੇ ਪਲ ਰਹੇ ਹੋਣ। ਉਥੇ ਆਪਣੀ ਰੋਜ਼ੀ ਆਪ ਕਮਾਉਣੀ ਪੈਂਦੀ ਹੈ। ਦੂਜਾ ਵਿਆਹ ਇਕ ਪ੍ਰਕਾਰ ਦਾ ਸੌਦਾ ਹੁੰਦਾ ਹੈ। ਦੋਵੇਂ ਧਿਰਾਂ ਤਜਰਬੇਕਾਰ ਹੋਣ ਕਰਕੇ ਆਪਣਾ ਨਫ਼ਾ-ਨੁਕਸਾਨ ਸੋਚਦੀਆਂ ਹਨ ਅਤੇ ਦੋਵੇਂ ਧਿਰਾਂ ਇਕ-ਦੂਜੇ ਨੂੰ ਇੰਜ ਮਿਲਦੀਆਂ ਹਨ, ਜਿਵੇਂ ਇਕ ਚੋਰ ਦੂਜੇ ਚੋਰ ਨੂੰ ਮਿਲਦਾ ਹੈ ਅਤੇ ਦੋਵੇਂ ਚੋਰ, ਈਮਾਨਦਾਰੀ ਦੀ ਚਰਚਾ ਕਰਦੇ ਹਨ।

ਉਹ ਦੂਜਾ ਵਿਆਹ ਕਰਦੇ ਹਨ, ਕਿਉਂਕਿ ਇਕ ਨੂੰ ਦੂਜੇ ਦੀ ਲੋੜ ਹੁੰਦੀ ਹੈ, ਸੋ ਸ਼ਰਤਾਂ ਖਿੜੇ-ਮੱਥੇ ਸਵੀਕਾਰ ਕੀਤੀਆਂ ਜਾਂਦੀਆਂ ਹਨ ਅਤੇ ਉਹ ਮਕਾਨ ਨੂੰ ਘਰ ਬਣਾਉਣ ਵਿਚ ਰੁਝ ਜਾਂਦੇ ਹਨ ਪਰ ਕੁਝ ਸਾਲਾਂ ਵਿਚ ਹੀ ਉਹ ਇਕ-ਦੂਜੇ ਤੋਂ ਉਕਤਾ ਜਾਂਦੇ ਹਨ।

ਮੈਂ ਅਨੁਭਵ ਕਰਦਾ ਹਾਂ ਕਿ ਅਮਰੀਕਨ, ਸੋਚ ਦੀ ਪੱਧਰ ਤੋਂ ਬੱਚੇ ਹਨ ਅਤੇ ਖਿਡੌਣਿਆਂ ਨਾਲ ਖੇਡਣ ਦੀ ਆਦਤ ਵਸ ਕੋਈ ਵੀ ਖਿਡੌਣਾ ਲੰਮੇ ਅਰਸੇ ਤੱਕ ਉਨ੍ਹਾਂ ਨੂੰ ਰਿਝਾ ਨਹੀਂ ਸਕਦਾ।

ਅਮਰੀਕਾ ਵਿਚ ਕਿਸੇ ਦੇ ਨਿੱਜੀ ਸੰਬੰਧਾਂ ਵਿਚ ਨਾ ਕੋਈ ਦਖਲ ਦਿੰਦਾ ਹੈ ਅਤੇ ਨਾ ਹੀ ਕੋਈ ਦਖਲ ਬਰਦਾਸ਼ਤ ਕੀਤਾ ਜਾਂਦਾ ਹੈ।

ਕਈ ਵਾਰੀ ਦੋਵੇਂ ਧਿਰਾਂ ਇਕ-ਦੂਜੇ ਦੀ ਰੁਚੀ ਅਨੁਸਾਰ ਵੀ ਹੁੰਦੀਆਂ ਹਨ ਅਤੇ ਅਜਿਹੇ ਜੋੜਿਆਂ ਨੂੰ ਵੇਖ ਕੇ ਕਿਸੇ ਸੋਹਣੇ ਸ਼ੇਅਰ ਦੀ ਦਾਦ ਦੇਣ ਵਾਂਗ ਬਾਂਹਵਾਂ ਆਪ-ਮੁਹਾਰੇ ਉੱਠਦੀਆਂ ਹਨ। ਅਜਿਹੇ ਸੋਹਣੇ ਦ੍ਰਿਸ਼ ਬਹੁਤ ਘੱਟ ਹਨ, ਕਿਉਂਕਿ ਬਹੁਤੀਆਂ ਹਾਲਤਾਂ ਵਿਚ ਨਹਿਲੇ ਨੂੰ ਦਹਿਲਾ ਹੀ ਮਿਲਦਾ ਹੈ।

ਬਹੁਤੇ ਅਮਰੀਕੀ ਇਸਤਰੀ-ਪੁਰਸ਼ਾਂ ਦੀ ਹਾਲਤ ਉਨ੍ਹਾਂ ਬੱਚਿਆਂ ਵਾਲੀ ਹੈ, ਜਿਨ੍ਹਾਂ ਨੇ ਸਕੂਲ ਲੱਗਣ ਤੋਂ ਪਹਿਲਾਂ ਹੀ ਪ੍ਰਾਰਥਨਾ ਮੁਕਾ ਲਈ ਹੋਵੇ।

ਜਿਵੇਂ ਬੁਝਾਰਤ ਬੁਝ ਲੈਣ ਉਪਰੰਤ ਉਸ ਵਿਚ ਦਿਲਚਸਪੀ ਘੱਟ ਜਾਂਦੀ ਹੈ, ਉਵੇਂ ਹੀ ਅਮਰੀਕੀ ਇਸਤਰੀ-ਪੁਰਸ਼, ਇਕ ਦੂਜੇ ਨੂੰ ਬੁਝ ਲੈਣ ਉਪਰੰਤ, ਇਕ-ਦੂਜੇ ਤੋਂ ਉਪਰਾਮ ਅਤੇ ਪਰੇਸ਼ਾਨ ਹੋ ਜਾਂਦੇ ਹਨ।

ਉਸ ਦੇਸ਼ ਵਿਚ ਬੱਚਿਆ ਦੀ ਪਾਲਣਾ-ਪੋਸਣਾ ਹੀ ਕੁਝ ਇਸ ਢੰਗ-ਤਰੀਕੇ ਅਤੇ ਵਾਤਾਵਰਣ ਵਿਚ ਹੁੰਦੀ ਹੈ ਕਿ ਉਹ ਕਿਸੇ ਦੀ ਮਜਬੂਰੀ, ਲੋੜ ਜਾਂ ਸਥਿਤੀ ਨੂੰ ਸਮਝਣ ਦੀ ਯੋਗਤਾ ਵੀ ਨਹੀਂ ਰੱਖਦੇ ਅਤੇ ਸਮਝਣ ਦਾ ਯਤਨ ਵੀ ਨਹੀਂ ਕਰਦੇ।

ਅਮਰੀਕਾ ਵਿਚ ਹਰ ਕੋਈ ਆਪਣਾ ਆਪਣਾ ਰਾਗ ਅਲਾਪ ਰਿਹਾ ਹੈ।

ਕਿਉਂਕਿ ਉਥੇ ਕਿਸੇ ਦੀ ਕਿਸੇ ਉੱਤੇ ਆਰਥਿਕ ਨਿਰਭਰਤਾ ਨਹੀਂ, ਸੋ ਕਿਸੇ ਨੂੰ ਦੂਜੇ ਬਾਰੇ ਸੋਚਣ ਦੀ ਲੋੜ ਅਤੇ ਮਜਬੂਰੀ ਵੀ ਨਹੀਂ।

ਦੋਵੇਂ ਧਿਰਾਂ ਨਿਰੰਤਰ ਹਿਸਾਬ-ਕਿਤਾਬ ਲਾਉਂਦੀਆਂ ਰਹਿੰਦੀਆਂ ਹਨ ਕਿ ਰਿਸ਼ਤਾ ਕਿਤਨਾ ਲਾਹੇਵੰਦਾ ਹੈ।

ਜਦੋਂ ਰਿਸ਼ਤਾ ਲਾਹੇਵੰਦਾ ਨਾ ਰਹੇ ਤਾਂ ਹਾਲਤ ਉਸ ਦੁਕਾਨ ਵਾਲੀ ਹੋ ਜਾਂਦੀ ਹੈ ਜਿਸ ਦੇ ਦੋ ਭਾਈਵਾਲ ਹੋਣ ਅਤੇ ਗੋਲਕ ਖਾਲੀ ਹੋਵੇ ਅਤੇ ਦੋਵੇਂ ਇਕ ਦੂਜੇ ਉਤੇ ਚੋਰੀ ਦਾ ਦੋਸ਼ ਲਾ ਰਹੇ ਹੋਣ ਅਤੇ ਦੋਵੇਂ ਆਪਣੇ ਆਪ ਨੂੰ ਈਮਾਨਦਾਰ ਦਸ ਰਹੇ ਹੋਣ।

ਅਮਰੀਕਾ ਵਿਚ ਪਤੀ-ਪਤਨੀ ਦੀ ਲੜਾਈ ਵੇਖਣ ਨਾਲ ਹੀ ਸੰਬੰਧ ਰੱਖਦੀ ਹੈ। ਮੈਨੂੰ ਇਕ ਅਜਿਹੀ ਲੜਾਈ ਵੇਖਣ ਨੂੰ ਮਿਲੀ ਸੀ ਅਤੇ ਮੇਰੀਆਂ ਅੱਖਾਂ ਵਿਚ ਮੱਸਿਆ ਉਤਰ ਆਈ ਸੀ। ਉਨ੍ਹਾਂ ਨੂੰ ਲੜਦਿਆਂ ਵੇਖ ਕੇ ਮੈਨੂੰ ਇੰਜ ਲਗਿਆ ਜਿਵੇਂ ਉਨ੍ਹਾਂ ਦੀਆਂ ਅੱਖਾਂ ਤਾਂ ਹਨ ਪਰ ਨਜ਼ਰ ਕੋਈ ਨਹੀਂ। ਇਹ ਉਹ ਲੜਾਈ ਸੀ, ਜਿਸ ਮਗਰੋਂ ਇਕ-ਦੂਜੇ ਵਲ ਵਾਪਸ ਮੁੜਨਾ ਸੰਭਵ ਨਹੀਂ ਹੁੰਦਾ।

ਉਹ ਚੰਗੀ ਤਰ੍ਹਾਂ ਖੁਲ੍ਹ ਕੇ, ਇਕ-ਦੂਜੇ ਨੂੰ ਪੁਣਦੇ-ਛਾਣਦੇ ਹੋਏ ਲੜਦੇ ਹਨ, ਤਾਂ ਕਿ ਸਮਝੌਤੇ ਦੀ ਕੋਈ ਸੰਭਾਵਨਾ ਹੀ ਨਾ ਰਹੇ।

ਸਾਡੇ ਦੇਸ਼ ਵਿਚ ਪਤੀ-ਪਤਨੀ ਦਾ ਰਿਸ਼ਤਾ ਬੜਾ ਹੰਢਣਸਾਰ ਹੈ।

ਇਹ ਇਕ ਅਜਿਹਾ ਪੱਖ ਹੈ ਜਿਸ ਦੇ ਸਾਹਮਣੇ ਅਮਰੀਕੀ ਪਰਿਵਾਰਕ ਜੀਵਨ ਬੜਾ ਪਤਲਾ ਅਤੇ ਪੇਤਲਾ ਪ੍ਰਤੀਤ ਹੁੰਦਾ ਹੈ ਪਰ ਸਾਡੇ ਦੇਸ਼ ਵਿਚ ਇਸਤਰੀ ਨੂੰ ਜਿਸ ਕਿਸਮ ਦੀਆਂ ਪੁਰਸ਼ ਦੀਆਂ ਵਧੀਕੀਆਂ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ, ਉਨ੍ਹਾਂ ਦਾ ਅਮਰੀਕੀ ਜੀਵਨ ਵਿਚ ਨਾਂ-ਨਿਸ਼ਾਨ ਵੀ ਨਹੀਂ।

ਸਾਡੇ ਦੇਸ਼ ਵਿਚ ਇਸਤਰੀ ਨੂੰ ਪੁਰਸ਼ ਨੇ ਦੇਵੀ ਤਾਂ ਬਣਾ ਦਿੱਤਾ ਹੈ ਪਰ ਜੀਵਨ-ਸਾਥਣ ਨਹੀਂ ਬਣਾਇਆ। ਪੁਰਸ਼ ਦੀ ਨਜ਼ਰ ਇਸਤਰੀ ਦੇ ਦਿਲ ਜਿੰਨੀ ਉੱਚੀ ਨਹੀਂ ਉਠ ਸਕੀ ਅਤੇ ਭਾਰਤ ਵਿਚ ਵਿਆਹ ਉਤੇ ਰਸਮ ਦੀ ਛਾਪ ਲਾ ਕੇ, ਪੁਰਸ਼ ਇਸਤਰੀ ਵਲੋਂ ਲਗਭਗ ਅਵੇਸਲਾ ਹੋ ਜਾਂਦਾ ਹੈ।

ਸਮੁੱਚੇ ਤੌਰ ਉੱਤੇ ਅਮਰੀਕੀ ਸਮਾਜ ਵਿਚ ਇਸਤਰੀ ਦੀ ਸਥਿਤੀ ਪੁਰਸ਼ ਦੇ ਮੁਕਾਬਲੇ ਵਧੇਰੇ ਮਜ਼ਬੂਤ ਹੈ, ਸੋ ਬਹੁਤੇ ਤਲਾਕ ਇਸਤਰੀਆਂ ਵਲੋਂ ਦਿੱਤੇ ਜਾਂਦੇ ਹਨ। ਪੁਰਸ਼ ਦੀ ਜਾਇਦਾਦ ਵਿਚੋਂ ਅੱਧ ਨਾਲੋਂ ਵੀ ਵੱਧ, ਤਲਾਕ ਦੇਣ ਵਾਲੀ ਇਸਤਰੀ ਨੂੰ ਮਿਲਦਾ ਹੈ, ਸੋ ਤਲਾਕ ਦੇਣਾ ਮਾਇਕ ਪੱਖੋਂ ਵੀ ਇਸਤਰੀ ਲਈ ਲਾਹੇਵੰਦਾ ਹੁੰਦਾ ਹੈ।

ਦੱਸਣ ਦੀ ਲੋੜ ਨਹੀਂ ਕਿ ਘਰ ਵਿਚ ਇਸਤਰੀ ਦੀ ਚਲਦੀ ਹੈ, ਸੋ ਪੁਰਸ਼ ਵਲੋਂ ਕਿਸੇ ਪ੍ਰਕਾਰ ਦੀ ਵਧੀਕੀ ਕਰਨ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਜਦੋਂ ਤਕ ਕੋਈ ਪੁਰਸ਼

ਕਿਸੇ ਇਸਤਰੀ ਦੀਆਂ ਪਦਾਰਥਕ ਅਤੇ ਸਰੀਰਕ ਲੋੜਾਂ ਪੂਰੀਆਂ ਕਰਨ ਦੀ ਸਥਿਤੀ ਵਿਚ ਰਹਿੰਦਾ ਹੈ, ਰਿਸ਼ਤਾ ਬਣਿਆ ਰਹਿੰਦਾ ਹੈ ਪਰ ਜਦੋਂ ਇਹ ਸੰਭਾਵਨਾ ਨਾ ਰਹੇ ਤਾਂ ਤਲਾਕ ਲੈਣ ਨੂੰ ਕੁਝ ਘੰਟੇ ਹੀ ਲੱਗਦੇ ਹਨ। ਇਵੇਂ ਹੀ ਜਦੋਂ ਤਕ ਕੋਈ ਇਸਤਰੀ ਕਿਸੇ ਪੁਰਸ਼ ਦੇ ਮਨ ਨੂੰ ਭਾਉਂਦੀ ਰਹੇ, ਉਹ ਉਸ ਨਾਲ ਜੁੜਿਆ ਰਹਿੰਦਾ ਹੈ। ਸ਼ਰਾਬ, ਇਸਤਰੀ ਪੁਰਸ਼ ਦੋਵੇਂ ਇਸ ਲਈ ਪੀਂਦੇ ਹਨ, ਕਿਉਂਕਿ ਸਮੁੱਚੇ ਜੀਵਨ ਵਿਚ ਅੰਤਾਂ ਦਾ ਤਣਾਓ ਅਤੇ ਬੇਗੀਅਤ ਹੈ। ਕਈ ਰਿਸ਼ਤੇ ਸ਼ਰਾਬ ਦੀ ਸਾਂਝ ਕਰਕੇ ਹੀ ਚਲਦੇ ਹਨ।

ਅਮਰੀਕਾ ਦੇ ਸੱਤਵੇਂ ਦਹਾਕੇ ਦੇ ਰਾਸ਼ਟਰਪਤੀ ਕੈਨੇਡੀ ਦੀ ਵਿਧਵਾ ਨੇ ਇਟਲੀ ਦੇ ਇਕ ਅਮੀਰ ਬੁੱਢੇ ਨਾਲ ਇਸ ਲਈ ਵਿਆਹ ਕਰਵਾਇਆ ਸੀ, ਕਿਉਂਕਿ ਉਸ ਕੋਲ ਅੰਤਾਂ ਦੀ ਦੌਲਤ ਸੀ ਅਤੇ ਉਹ ਆਪਣੀ ਨਵੀਂ ਪਤਨੀ ਦਾ ਹਰ ਨਖਰਾ ਅਤੇ ਹਰ ਪ੍ਰਕਾਰ ਦਾ ਖਰਚਾ ਸਹਿਣ ਲਈ ਤਿਆਰ ਸੀ।

ਅਮਰੀਕਾ ਵਿਚ ਵਿਆਹ ਕਿਸੇ ਦੀ ਯੋਗਤਾ ਨੂੰ ਨਹੀਂ, ਉਸ ਦੇ ਬੈਂਕ ਦੇ ਖਾਤੇ ਨੂੰ ਵੇਖ ਕੇ ਕਰਵਾਇਆ ਜਾਂਦਾ ਹੈ।

ਅਮਰੀਕਾ ਵਿਚ ਵਿਆਹ ਇਕ ਪ੍ਰਕਾਰ ਦਾ ਵਪਾਰਕ ਲੈਣ-ਦੇਣ ਹੈ। ਹਰ ਚੀਜ਼ ਵਿਕ ਰਹੀ ਹੈ, ਬੋਲੀ ਹੋ ਰਹੀ, ਜਿਹੜਾ ਵੱਧ ਤੋਂ ਵੱਧ ਮੁਲ ਤਾਰਨ ਲਈ ਤਿਆਰ ਹੈ, ਉਹ ਸਫਲ ਹੋ ਜਾਂਦਾ ਹੈ।

ਮੈਂ ਉਥੇ ਹੀ ਸਾਂ ਜਦੋਂ ਸਾਨਫਰਾਂਸਿਸਕੋ ਵਿਚ ਇਕ ਪੰਜਾਬੀ ਦੀ ਲਾਟਰੀ ਨਿਕਲ ਆਈ। ਉਸ ਨੂੰ ਇਕ ਘੰਟੇ ਵਿਚ ਲਗਭਗ ਦੋ ਦਰਜਨ ਅਮਰੀਕਨ ਕੁੜੀਆਂ ਵਲੋਂ ਵਿਆਹ ਦੀ ਪੇਸ਼ਕਸ਼ ਆਈ।

ਪੁਰਸ਼ ਕੋਲ ਪੈਸਾ ਹੋਣਾ ਚਾਹੀਦਾ ਹੈ, ਇਸਤਰੀਆਂ ਇਵੇਂ ਆਉਣਗੀਆਂ ਜਿਵੇਂ ਗੁੜ ਉਤੇ ਮੱਖੀਆਂ, ਕਿਉਂਕਿ ਪੈਸਾ ਅਮਰੀਕੀ ਜੀਵਨ ਦੀ ਚੂਲ ਹੈ।

ਸਮੁੱਚੇ ਤੌਰ ਉਤੇ ਅਮਰੀਕੀ ਇਸਤਰੀਆਂ ਵਧੇਰੇ ਸੁਲਝੀਆਂ ਹੋਈਆਂ ਹਨ, ਸੋ ਉਨ੍ਹਾਂ ਨੂੰ ਆਪਣੇ ਹਾਣ ਦੇ ਪੁਰਸ਼ ਦੀ ਥਾਂ ਡਿਉਢੀ ਜਾਂ ਦੁਗਣੀ ਉਮਰ ਵਾਲੇ ਪੁਰਸ਼ਾਂ ਨਾਲ ਰਹਿਣ ਵਿਚੋਂ ਵਧੇਰੇ ਤਸੱਲੀ ਮਿਲਦੀ ਹੈ।

ਪੁਰਸ਼ ਕੋਲ ਪੈਸਾ ਖਤਮ ਹੁੰਦਿਆਂ ਹੀ ਅਮਰੀਕਨ ਚਿੜੀ ਕੁਝ ਦਿਨਾਂ ਵਿਚ ਹੀ ਉਡ ਕੇ ਦੂਜੀ ਟਾਹਣੀ ਉੱਤੇ ਜਾ ਬੈਠੇਗੀ।

ਸਾਡੇ ਦੇਸ਼ ਵਿਚ ਪਤੀ ਨਾਲ ਕੁਝ ਵਾਪਰੇ, ਪਤਨੀ ਉਸ ਨੂੰ ਤਿਆਗਦੀ ਨਹੀਂ ਪਰ ਉਥੇ ਕੋਈ ਦੁਰਘਟਨਾ ਹੋਣ ਦੀ ਸੂਰਤ ਵਿਚ ਜਾਂ ਕਿਸੇ ਲੰਮੀ ਬੀਮਾਰੀ ਦੀ ਹਾਲਤ ਵਿਚ, ਪੁਰਸ਼ ਇਕੱਲਾ ਹੀ ਰਹਿ ਜਾਂਦਾ ਹੈ।

ਇਹੀ ਦੁਖਾਂਤ ਇਸਤਰੀ ਨਾਲ ਵਾਪਰਦਾ ਹੈ।

ਅਮਰੀਕਨਾਂ ਦੇ ਪਰਿਵਾਰਿਕ ਜੀਵਨ ਵਿਚ ਅੰਤਾਂ ਦਾ ਅਕੇਵਾਂ ਹੈ। ਕਿਸੇ ਪਤਨੀ ਨੇ ਆਪਣੇ ਪੇਕੇ ਨਹੀਂ ਜਾਣਾ, ਸੱਸ-ਸੁਹਰੇ ਨੂੰ ਨਹੀਂ ਮਿਲਣਾ, ਨਾ ਆਪਣੇ ਭੈਣ-ਭਰਾਵਾਂ ਨੂੰ ਮਿਲਣ ਲਈ, ਆਉਣ ਵਾਸਤੇ ਕਹਿਣਾ ਹੈ, ਨਾ ਹੀ ਉਨ੍ਹਾਂ ਵਲ ਜਾਣਾ ਹੈ। ਰਿਸ਼ਤੇਦਾਰ ਹਨ ਹੀ ਨਹੀਂ। ਹਰ ਕੋਈ ਆਪਣੇ ਤਕ ਸੀਮਤ ਹੈ।

ਜਿਹੜੇ ਰਿਸ਼ਤੇ ਅਤੇ ਕੰਮ ਸਾਨੂੰ ਪਰਿਵਾਰਕ ਜੀਵਨ ਵਿਚ ਰੁਝਾਈ ਅਤੇ ਉਲਝਾਈ ਰੱਖਦੇ ਹਨ, ਉਹ ਉਥੇ ਹਨ ਹੀ ਨਹੀਂ। ਘਰ ਵਿਚ ਰੋਟੀ ਪਕਾਉਣ ਦੀ ਮਜਬੂਰੀ ਵੀ ਨਹੀਂ, ਸਭ ਕੁਝ ਬਣਿਆ ਬਣਾਇਆ ਮਿਲਦਾ ਹੈ।

ਪਰੰਪਰਾ ਅਤੇ ਰਸਮਾਂ-ਰੀਤਾਂ ਵਾਲੇ ਦੇਸ਼ ਵਿਚੋਂ ਗਏ ਵਿਅਕਤੀ ਨੂੰ ਅਮਰੀਕਨਾਂ ਦਾ ਵਿਹਾਰ ਇਵੇਂ ਲਗਦਾ ਹੈ, ਜਿਵੇਂ ਉਹ ਕਿਸੇ ਨਾਟਕ ਵਿਚ ਰੋਲ ਅਦਾ ਕਰ ਰਹੇ ਹੋਣ।

ਜਿਹੜੇ ਭਾਰਤੀ ਉਥੇ ਜਾਂਦੇ ਹਨ, ਉਹ ਵੀ ਅਜਿਹਾ ਜੀਵਨ ਜਿਉਣ ਲਈ ਮਜਬੂਰ ਹਨ। ਅਜਿਹੇ ਜੀਵਨ ਕਰਕੇ ਹੀ ਉਨ੍ਹਾਂ ਨੂੰ ਆਪਣੇ ਦੇਸ਼ ਦੇ ਨਿੱਘੇ ਅਤੇ ਟਿਕਾਊ ਅਤੇ ਹੰਢਣਸਾਰ ਜੀਵਨ ਦੀ ਯਾਦ ਸਤਾਉਂਦੀ ਹੈ।

ਆਪਣੇ ਘਰਾਂ ਵਿਚ ਰਹਿਣ ਵਾਲੇ ਭਾਰਤੀ ਜਦੋਂ ਉਥੇ ਦਿਨ-ਰਾਤ ਮਿਹਨਤ ਕਰਕੇ ਜਾਇਦਾਦ ਬਣਾ ਲੈਂਦੇ ਹਨ, ਤਾਂ ਉਨਾਂ ਨੂੰ ਪਤਾ ਲੱਗਦਾ ਹੈ ਕਿ ਅਮਰੀਕਾ ਦੇ ਪੱਕੇ ਘਰ, ਉਨ੍ਹਾਂ ਦੇ ਭਾਰਤ ਵਿਚਲੇ ਕੱਚੇ ਘਰਾਂ ਦੇ ਪਿਆਰ ਅਤੇ ਨਿੱਘ ਤੋਂ ਸੱਖਣੇ ਹਨ।

ਮੰਜ਼ਲ ਦੇ ਨੇੜੇ ਪਹੁੰਚ ਕੇ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਪੈਰ ਗੁਆਚ ਗਏ ਹਨ, ਸੋ ਪਿਛੇ ਮੁੜਨਾ ਅਸੰਭਵ ਹੋ ਜਾਂਦਾ ਹੈ।

ਉਨ੍ਹਾਂ ਨੂੰ ਆਪਣਾ ਜੀਵਨ ਇਕ ਲੰਮੀ ਬਹਿਸ ਵਰਗਾ ਪ੍ਰਤੀਤ ਹੁੰਦਾ ਹੈ।

ਅਮਰੀਕਾ ਵਿਚ ਸਾਰੇ ਮਕਾਨ ਇਕੋ ਜਿਹੇ ਹਨ, ਸਾਰੇ ਸ਼ਹਿਰ ਵੀ ਇਕੋ ਜਿਹੇ ਹਨ। ਕੋਈ ਕਿਸੇ ਦੇ ਘਰ ਆਉਂਦਾ-ਜਾਂਦਾ ਨਹੀਂ, ਕੋਈ ਚਿੱਠੀ-ਪੱਤਰ ਨਹੀਂ ਲਿਖਦਾ। ਕੰਮ ਵਾਲੀ ਥਾਂ ਉਤੇ ਕੰਮ ਇਸ ਢੰਗ ਨਾਲ ਨੇਮਬਧ ਕੀਤਾ ਜਾਂਦਾ ਹੈ ਕਿ ਕਿਸੇ ਦੀ ਕਿਸੇ ਨਾਲ ਗੱਲਬਾਤ ਕਰਨ ਦੀ ਸੰਭਾਵਨਾ ਹੀ ਨਹੀਂ ਹੁੰਦੀ। ਹਰ ਕੋਈ ਆਪਣੇ ਆਪ ਨੂੰ ਪਾਟੇ ਖਾਨ ਸਮਝਦਾ ਹੈ, ਕੋਈ ਕਿਸੇ ਨੂੰ ਪਛਾਣਦਾ ਹੀ ਨਹੀਂ। ਇਧਰੋਂ ਗਏ ਵਿਅਕਤੀ ਨੂੰ ਇਹ ਸਭ ਕੁਝ ਬੜਾ ਰੁੱਖਾ-ਰੁੱਖਾ ਜਾਪਦਾ ਹੈ ਅਤੇ ਦਿਲ ਕਰਦਾ ਹੈ ਹੁਣੇ ਮੁੜ ਜਾਈਏ।

ਕਿਸੇ ਨਾਲ ਰਲ ਕੇ ਕੁਝ ਕਰਨ ਦਾ ਉਥੇ ਰਿਵਾਜ ਹੀ ਨਹੀਂ।

ਭਾਰਤੀ ਟੱਬਰਾਂ ਦੇ ਜੀਵਨ ਉਤੇ ਵੀ ਅਜਿਹੀ ਪ੍ਰਣਾਲੀ ਦਾ ਪ੍ਰਭਾਵ ਪ੍ਰਤੱਖ ਵੱਧ ਰਿਹਾ ਹੈ। ਉਥੇ ਵਸਦੇ ਉੱਤਰੀ ਭਾਰਤ ਦੇ ਲੋਕ ਦੱਖਣੀ ਭਾਰਤ ਦੇ ਲੋਕਾਂ ਨਾਲ ਨਹੀਂ ਬੋਲਦੇ। ਪੰਜਾਬੀਆਂ ਵਿਚ ਜ਼ਾਤ-ਪਾਤ ਅਤੇ ਖੇਤਰਵਾਦ ਦਾ ਜਿਹੜਾ ਘਿਨਾਉਣਾ ਰੂਪ ਉੱਥੇ ਵੇਖਿਆ, ਉਸ ਨੂੰ ਯਾਦ ਕਰਕੇ ਵੀ ਕੰਬ ਜਾਂਦਾ ਹਾਂ। ਹਰ ਕੋਈ ਵਿਯੋਗਿਆ ਹੋਇਆ ਹੈ।

ਇਕ-ਦੂਜੇ ਨੂੰ ਨੀਵਾਂ ਦਿਖਾਉਣ ਦੀ ਬਿਰਤੀ, ਕੰਮ ਵਾਲੀ ਥਾਂ ਉੱਤੇ ਰੜਕਾਂ ਕੱਢਣ ਦੀ ਪ੍ਰਵਿਰਤੀ, ਹਰ ਹੀਲੇ ਪੈਸੇ ਕਮਾਉਣ ਦਾ ਯਤਨ, ਵਿਹਾਰ ਵਿਚ ਅੰਤਾਂ ਦਾ ਹੋਛਾਪਣ ਅਤੇ ਫੜ੍ਹਾਂ ਮਾਰਨ ਦੀ ਆਦਤ, ਅਮਰੀਕਾ ਵਿਚ ਵਸਦੇ ਸਾਡੇ ਲੋਕਾਂ ਦੇ ਜੀਵਨ ਦੀਆਂ ਪਛਾਣਾਂ ਹਨ। ਇਹ ਸਭ ਕੁਝ ਵੇਖ ਕੇ ਮੈਂ ਇਸ ਨਤੀਜੇ ਤੇ ਅਪੜਿਆ ਹਾਂ ਕਿ ਪਿਆਰ, ਮੋਹ, ਸਨੇਹ, ਮਿਲਵਰਤਣ, ਹਮਦਰਦੀ, ਸੱਚਾਈ, ਨਿਮਰਤਾ ਅਤੇ ਦੋਸਤੀ ਦਾ ਗਰੀਬੀ ਨਾਲ ਸਿੱਧਾ ਸੰਬੰਧ ਹੈ ਅਤੇ ਜਿਉਂ ਹੀ ਪੂੰਜੀਵਾਦੀ ਪ੍ਰਣਾਲੀ ਵਾਲੀ ਆਰਥਿਕ ਖੁਸ਼ਹਾਲੀ ਆਉਂਦੀ ਹੈ, ਇਹ ਸਾਰੇ ਪੱਖ ਲੋਪ ਹੋ ਜਾਂਦੇ ਹਨ ਅਤੇ ਈਰਖਾ, ਸਾੜਾ, ਨਫ਼ਰਤ ਆਦਿ ਉਘੜਦੇ ਹਨ ਅਤੇ ਸਥਿਤੀ ਆਪੋ-ਧਾਪੀ ਵਾਲੀ ਹੋ ਨਿਬੜਦੀ ਹੈ।

ਅਮਰੀਕਾ ਮੈਨੂੰ ਪੈਸੇ ਵਾਲੇ ਗਰੀਬ ਲੋਕਾਂ ਦਾ ਦੇਸ਼ ਪ੍ਰਤੀਤ ਹੁੰਦਾ ਹੈ।

ਮੈਂ ਵੇਖਿਆ ਹੈ ਕਿ ਇਸਤਰੀ-ਪੁਰਸ਼ ਸੰਬੰਧਾਂ ਦੇ ਪੱਖੋਂ ਰੂਸ ਅਤੇ ਹੋਰ ਸਮਾਜਵਾਦੀ ਦੇਸ਼ਾਂ ਵਿਚ ਵੀ ਸਥਿਤੀ ਉਤਸ਼ਾਹ ਜਨਕ ਨਹੀਂ।

ਯੋਰਪ ਵਿਚ ਪਰਿਵਾਰਕ ਜੀਵਨ ਪ੍ਰਤੀ ਅਜੇ ਵੀ ਕੁਝ ਸਤਿਕਾਰ ਹੈ, ਉਹ ਲੋਕ ਪੁਰਾਣੀਆਂ ਪਰੰਪਰਾਵਾਂ ਨੂੰ ਪਾਲ ਰਹੇ ਹਨ।

ਵਿਆਹ ਖੇਤੀ-ਬਾੜੀ ਵਾਲੇ ਸਮਾਜ ਦੀ ਲੋੜ ਸੀ, ਪੂੰਜੀਵਾਦੀ ਪ੍ਰਣਾਲੀ ਵਿਚ ਸਾਰੇ ਜਗੀਰਦਾਰੀ ਵਰਤਾਰਿਆਂ ਵਾਂਗ ਇਸ ਰੀਤ ਨੇ ਵੀ ਟੁੱਟਣਾ ਹੀ ਹੈ। ਇਸਤਰੀ-ਪੁਰਸ਼ ਸੰਬੰਧਾਂ ਵਿਚ ਅਮਰੀਕਾ ਵਿਚ ਵਾਪਰ ਰਹੀ ਤਬਦੀਲੀ ਭਿਆਨਕ ਬੀਮਾਰੀਆਂ ਦੇ ਨਾਲ-ਨਾਲ ਸਮਾਜ-ਵਿਰੋਧੀ ਪ੍ਰਵਿਰਤੀਆਂ ਨੂੰ ਵੀ ਸਿਰਜ ਰਹੀ ਹੈ।

ਸਾਡੇ ਦੇਸ਼ ਵਿਚਲੇ ਅਮੀਰ ਘਰਾਂ ਵਿਚ ਅਮਰੀਕੀ ਮਾਡਲ ਦੀ ਨਕਲ ਦੀ ਆਦਤ, ਨਿਸਚੇ ਹੀ ਘਰੇਲੂ ਸੰਬੰਧਾਂ ਨੂੰ ਵਿਗਾੜ ਰਹੀ ਹੈ।

ਸਾਡੇ ਦੇਸ਼ ਵਿਚ ਮਾਤਾ-ਪਿਤਾ ਆਪਣੇ ਆਪ ਵਿਚ ਸਤਿਕਾਰਤ ਪਦਵੀਆਂ ਹੀ ਨਹੀਂ, ਗੰਭੀਰ ਜ਼ਿੰਮੇਵਾਰੀਆਂ ਦੇ ਨਾਂ ਵੀ ਹਨ। ਜਿਸ ਸਮਾਜ ਵਿਚਲੇ ਬੱਚਿਆਂ ਵਿਚ ਆਪਣੇ ਮਾਪਿਆਂ ਪ੍ਰਤੀ ਨਫ਼ਰਤ ਦੀ ਭਾਵਨਾ ਹੋਵੇ, ਉਸ ਸਮਾਜ ਦੀ ਹਾਲਤ ਦਾ ਅਨੁਮਾਨ ਲਾਉਣਾ ਕਠਿਨ ਨਹੀਂ ਹੋਣਾ ਚਾਹੀਦਾ। ਅਮਰੀਕਨ ਬੱਚੇ ਜਦੋਂ ਵੱਡੇ ਹੁੰਦੇ ਹਨ ਤਾਂ ਆਪਣੇ ਮਾਪਿਆਂ ਵਲੋਂ ਵਿਖਾਈ ਲਾਪ੍ਰਵਾਹੀ ਕਾਰਨ, ਉਨ੍ਹਾਂ ਨੂੰ ਬਿਲਕੁਲ ਵਿਸਾਰ ਹੀ ਨਹੀਂ ਦਿੰਦੇ, ਸਗੋਂ ਉਨ੍ਹਾਂ ਤੋਂ ਬਦਲੇ ਵੀ ਲੈਂਦੇ ਹਨ।

ਇਨ੍ਹਾਂ ਬੱਚਿਆਂ ਵਿਚ ਮੁਆਫ਼ ਅਤੇ ਅਣਡਿਠ ਕਰਨ ਦਾ ਗੁਣ ਨਹੀਂ ਹੁੰਦਾ ਅਤੇ ਜਿਸ ਸਮਾਜ ਵਿਚ ਇਹ ਗੁਣ ਨਹੀਂ ਹੁੰਦਾ, ਉੱਥੇ ਜੀਵਨ ਦੀਆਂ ਦੂਜੀਆਂ ਉਸਾਰੂ ਕਦਰਾਂ-ਕੀਮਤਾਂ ਦੀ ਵੀ ਅਣਹੋਂਦ ਹੁੰਦੀ ਹੈ।

ਬੱਚੇ ਤਾਂ ਮਾਪਿਆਂ ਨੂੰ ਛੱਡ ਹੀ ਜਾਂਦੇ ਹਨ, ਮਾਪੇ ਆਪ ਵੀ ਲੜ-ਝਗੜ ਕੇ ਵੱਖਰੇ ਰਹਿਣ ਲੱਗ ਪੈਂਦੇ ਹਨ।

ਉਥੇ ਭਾਰਤੀ ਬੱਚੇ ਵੀ ਆਪਣੇ ਮਾਪਿਆਂ ਨੂੰ ਨਫ਼ਰਤ ਕਰਦੇ ਹਨ ਅਤੇ ਉਨ੍ਹਾਂ ਵਲੋਂ ਮਿਹਨਤ ਕਰਨ ਅਤੇ ਪੈਸਾ ਜੋੜਨ ਦੇ ਉਦੇਸ਼ ਦਾ ਮਖੌਲ ਉਡਾਉਂਦੇ ਹਨ। ਇਹ ਸਥਿਤੀ ਇਸ ਹੱਦ ਤੱਕ ਵਿਗੜੀ ਹੋਈ ਹੈ ਕਿ ਸੁਧਰਨ ਦੀ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ।

ਭਾਰਤ ਵਿਚ ਅਮੀਰ ਘਰਾਂ ਦੇ ਬੱਚਿਆਂ ਦਾ ਵਿਹਾਰ ਵੀ ਅਮਰੀਕਨ ਮਾਡਲ ਉਤੇ ਢਲਦਾ ਜਾ ਰਿਹਾ ਹੈ।

ਮੰਦੇ ਭਾਗਾਂ ਨੂੰ ਅਸੀਂ ਹਰ ਅਮਰੀਕੀ ਵਰਤਾਰੇ ਦੀ ਨਕਲ ਕਰਨ ਦੇ ਆਦੀ ਹੋਣ ਕਾਰਨ ਪਰਿਵਾਰਿਕ ਸੰਬੰਧਾਂ ਵਿਚ ਵੀ ਉਨ੍ਹਾਂ ਦੀ ਨਕਲ ਕਰਨ ਦੀ ਬਿਰਤੀ ਵਿਖਾਉਣ ਲਗ ਪਏ ਹਾਂ। ਇਹ ਬੜੀ ਚਿੰਤਾ ਦਾ ਵਿਸ਼ਾ ਹੈ।

ਅਮਰੀਕਾ ਵਿਚ ਤਲਾਕ ਦਾ ਇਕ ਕਾਰਨ ਮੈਨੂੰ ਇਹ ਵੀ ਜਾਪਿਆ ਹੈ ਕਿ ਉਥੇ ਕੰਮ ਦੇ ਘੰਟਿਆਂ ਤੋਂ ਇਲਾਵਾ ਪਤੀ-ਪਤਨੀ ਨੂੰ ਹਰ ਥਾਂ ਇਕੱਠੇ ਜਾਣ ਜਾਂ ਰਹਿਣ ਦੀ ਮਜਬੂਰੀ ਹੈ ਅਤੇ ਉਹ ਇਤਨਾ ਇਕੱਠਾ ਰਹਿੰਦੇ ਹਨ ਕਿ ਉਨ੍ਹਾਂ ਵਿਚ ਮਿਲਣ ਦੀ ਥਾਂ ਵਿਛੋੜੇ ਦੀ ਤਾਂਘ ਪੈਦਾ ਹੁੰਦੀ ਹੈ।

ਉਹ ਇਕ ਦੂਜੇ ਨੂੰ ਵੇਖ-ਵੇਖ ਕੇ ਅੱਕ ਜਾਂਦੇ ਹਨ।

ਉਥੇ ਟਰੱਕ ਪਤੀ-ਪਤਨੀ ਦੋਵੇਂ ਚਲਾਉਂਦੇ ਹਨ ਅਤੇ ਟਰੱਕ ਵਿਚ ਹੀ ਸੌਂਦੇ ਹਨ। ਹੋਰਨਾਂ ਥਾਂਈਂ ਵੀ ਇਹੀ ਹਾਲ ਹੈ। ਲਗਾਤਾਰ ਇਕੱਠੇ ਰਹਿਣ ਦੀ ਇਸ ਸਥਿਤੀ ਤੋਂ ਅੰਤ ਵਿਚ ਦੋਵੇਂ ਅੱਕ ਜਾਂਦੇ ਹਨ ਅਤੇ ਅਕੇਵਾਂ ਤਲਾਕ ਦਾ ਰੂਪ ਧਾਰ ਲੈਂਦਾ ਹੈ।

ਅਮਰੀਕਾ ਵਿਚ ਜੀਵਨ ਦੇ ਹਰ ਖੇਤਰ ਵਿਚ ਅਥਾਹ ਵੰਨ-ਸੁਵੰਨਤਾ ਹੈ। ਕਪੜਿਆਂ, ਫਰਨੀਚਰ, ਰੋਜ਼ਗਾਰ, ਖਾਣ-ਪੀਣ, ਮਨ-ਪ੍ਰਚਾਵੇ ਆਦਿ ਦੇ ਸਾਰੇ ਖੇਤਰਾਂ ਵਿਚ ਹੈਰਾਨ ਕਰਨ ਵਾਲੀ ਵੰਨ-ਸੁਵੰਨਤਾ ਹੈ। ਇਹੀ ਹਾਲ ਧਰਮਾਂ, ਵਿਸ਼ਵਾਸਾਂ, ਫਿਰਕਿਆਂ ਅਤੇ ਵਿਚਾਰਾਂ ਦੇ ਖੇਤਰ ਵਿਚ ਹੈ। ਵੰਨ-ਸੁਵੰਨਤਾ ਦੀ ਇਸ ਪ੍ਰਵਿਰਤੀ ਨੇ ਇਸਰਤੀ-ਪੁਰਸ਼ ਸੰਬੰਧਾਂ ਦੇ ਖੇਤਰ ਵਿਚ ਵੀ ਰੰਗ ਵਿਖਾਇਆ ਹੈ। ਇਵੇਂ ਅਕੇਵੇਂ ਅਤੇ ਵੰਨ-ਸੁਵੰਨਤਾ ਦੀਆਂ ਅਥਾਹ ਸੰਭਾਵਨਾਵਾਂ ਇਸਤਰੀਆਂ ਅਤੇ ਪੁਰਸ਼ਾਂ ਨੂੰ ਨਵੇਂ-ਨਵੇਂ ਪ੍ਰਯੋਗ ਕਰਨ ਦੇ ਰਾਹ ਪਾਉਂਦੀਆਂ ਹਨ।

ਕਹਿੰਦੇ ਹਨ ਕਿ ਉਥੇ ਸਾਰੇ ਇਸਤਰੀ, ਪੁਰਸ਼ ਅਨੇਕਾਂ ਪ੍ਰਯੋਗ ਕਰਦੇ ਹਨ। ਕਿਉਂਕਿ ਕਿਸੇ ਨੂੰ ਦੂਜੀ ਧਿਰ ਦਾ ਅਤੀਤ ਫਰੋਲਣ ਦੀ ਆਗਿਆ ਨਹੀਂ, ਸੋ ਇਸ ਵਰਤਾਰੇ ਨਾਲ ਕਿਸੇ ਪ੍ਰਕਾਰ ਦੀ ਦੋਸ਼-ਭਾਵਨਾ ਵੀ ਨਹੀਂ ਜੁੜਦੀ।

ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉੱਥੇ ਸਭ ਕੁਝ ਮਾੜਾ ਹੈ ਅਤੇ ਇਥੇ ਸਭ ਕੁਝ ਚੰਗਾ ਹੈ। ਮੈਂ ਤਾਂ ਇਹ ਦਰਸਾਉਣਾ ਚਾਹੁੰਦਾ ਹਾਂ ਕਿ ਆਰਥਿਕ ਖੁਸ਼ਹਾਲੀ ਨੇ ਉਨ੍ਹਾਂ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਬਦਲ ਦਿੱਤਾ ਹੈ। ਉਸ ਸਮਾਜ ਵਿਚ ਪੈਸੇ ਨਾਲ ਹਰ ਸਮੱਸਿਆ ਹੱਲ ਕੀਤੀ ਜਾ ਸਕਦੀ ਹੈ।

ਤਲਾਕਸ਼ੁਦਾ ਹੋਣਾ ਉਸ ਸਮਾਜ ਵਿਚ ਕੋਈ ਅਰਥ ਨਹੀਂ ਰੱਖਦਾ, ਕਿਉਂਕਿ ਤਲਾਕ ਨਵੇਂ ਵਿਆਹ ਲਈ ਕੋਈ ਰੁਕਾਵਟ ਨਹੀਂ ਬਣਦਾ।

ਲਗਭਗ ਹਰ ਅਮਰੀਕਨ ਆਪਣੇ ਜੀਵਨ ਵਿਚ ਔਸਤ ਲਗਭਗ ਅੱਠ ਘਰ ਬਦਲਦਾ ਹੈ, ਦਸ-ਪੰਦਰ੍ਹਾਂ ਸ਼ਹਿਰ ਬਦਲਦਾ ਹੈ, ਦਸ ਕਾਰਾਂ ਬਦਲਦਾ ਹੈ ਅਤੇ ਚਾਰ-ਪੰਜ ਪਤੀ-ਪਤਨੀਆਂ ਬਦਲੀਆਂ ਜਾਂਦੀਆਂ ਹਨ।

ਵਿਆਹ ਤੋਂ ਬਾਹਰੇ ਸੰਬੰਧਾਂ ਦੀ ਗਿਣਤੀ ਕਰਨ ਦਾ ਉੱਥੇ ਰਿਵਾਜ ਨਹੀਂ। ਉਹ ਪੁਰਾਣੀਆਂ ਚੀਜ਼ਾਂ ਤੋਂ ਛੁਟਕਾਰਾ ਪਾਉਣ ਵਿਚ ਦੇਰ ਨਹੀਂ ਲਾਉਂਦੇ। ਉਹ ਨਵੀਆਂ ਚੀਜ਼ਾਂ ਦੇ ਮਤਵਾਲੇ ਹਨ ਅਤੇ ਇਹੀ ਸੋਚ ਉਨ੍ਹਾਂ ਦੇ ਆਪਸੀ ਸੰਬੰਧਾਂ ਵਿਚ ਵੇਖੀ ਜਾ ਸਕਦੀ ਹੈ।

ਰਿਸ਼ਤਾ ਅਕਾਊ ਹੁੰਦਿਆਂ ਹੀ ਦੋਵੇਂ ਧਿਰਾਂ ਆਮ ਕਰਕੇ ਆਪਸੀ ਸਹਿਮਤੀ ਨਾਲ ਹੀ ਵਿਛੜ ਜਾਂਦੀਆਂ ਹਨ। ਇਸ ਨੂੰ ਉਹ ਕਾਰ ਦਾ ਪਹੀਆ ਬਦਲਣ ਵਾਂਗ ਸੁਭਾਵਕ ਵਰਤਾਰਾ ਮੰਨਦੇ ਹਨ। ਵਿਛੜਨ ਉਪਰੰਤ ਦੋਵੇਂ ਧਿਰਾਂ ਜੇ ਕਿਧਰੇ ਮਿਲ ਪੈਣ ਤਾਂ ਉਹ ਸਾਊ ਅਜਨਬੀਆਂ ਵਾਂਗ ਵਿਚਰਦੀਆਂ ਹਨ।

ਜੀਵਨ ਵਿਚ ਬੋਰੀਅਤ ਅਤੇ ਅਕੇਵੇਂ ਕਾਰਨ ਅਮਰੀਕੀ ਸਮਾਜ ਵਿਚ ਨਸ਼ਿਆਂ ਦੀ ਵੱਧਦੀ ਵਰਤੋਂ ਆਪਸੀ ਸੰਬੰਧਾਂ ਨੂੰ ਵਿਗਾੜਨ ਦਾ ਇਕ ਹੋਰ ਕਾਰਨ ਹੈ।

ਆਮ ਕਰਕੇ ਇਸਤਰੀਆਂ ਪੁਰਸ਼ਾਂ ਨਾਲੋਂ ਵੱਧ ਨਸ਼ੇ ਕਰਦੀਆਂ ਹਨ, ਵੱਧ ਸ਼ਰਾਬ ਪੀਂਦੀਆਂ ਹਨ, ਵੱਧ ਸਿਗਰਟਾਂ ਪੀਂਦੀਆਂ ਹਨ, ਵੱਧ ਜੂਆ ਖੇਡਦੀਆਂ ਹਨ। ਦੂਜੇ ਸ਼ਬਦਾਂ ਵਿਚ ਇਸਤਰੀਆਂ ਦੀਆਂ ਆਦਤਾਂ ਪੁਰਸ਼ਾਂ ਦੀਆਂ ਆਦਤਾਂ ਤੋਂ ਮਹਿੰਗੀਆਂ ਹਨ।

ਆਮ ਕਰਕੇ ਝਗੜਾ ਸ਼ੁਰੂ ਹੀ ਉਦੋਂ ਹੁੰਦਾ ਹੈ ਜਦੋਂ ਆਪਣੇ ਨਸ਼ਿਆਂ ਵਾਸਤੇ ਦੂਜੀ ਧਿਰ ਤੋਂ ਪੈਸੇ ਮੰਗੇ ਜਾਂਦੇ ਹਨ।

ਨਸ਼ਿਆਂ ਦੀ ਆਦਤ ਰੂਸ ਵਿਚ ਵੀ ਸਮੱਸਿਆ ਬਣੀ ਹੋਈ ਹੈ, ਉੱਥੇ ਵੀ ਪਰਿਵਾਰ ਅਤੇ ਘਰ ਟੁੱਟ ਰਹੇ ਹਨ।

ਅਮਰੀਕਾ ਵਿਚ ਇਹ ਸੰਭਵ ਹੀ ਨਹੀਂ ਕਿ ਘਰ ਵਿਚ ਪਤੀ, ਭਾਰਤੀ ਪਤੀ ਵਾਂਗ ਵਿਚਰ ਸਕੇ। ਉਸ ਨੂੰ ਘਰ ਦੇ ਸਾਰੇ ਕੰਮਾਂ ਵਿਚ ਹੱਥ ਵਟਾਉਣਾ ਪੈਂਦਾ ਹੈ। ਉਥੇ ਇਸਤਰੀਆਂ ਪੁਰਸ਼ਾਂ ਨਾਲੋਂ ਵਧੇਰੇ ਚੁਸਤ ਚਲਾਕ ਹਨ, ਉਨ੍ਹਾਂ ਲਈ ਰੋਜ਼ਗਾਰ ਦੇ ਅਵਸਰ ਵੀ ਵਧੇਰੇ ਹਨ, ਸੋ ਉਥੇ ਸਾਡੇ ਦੇਸ਼ ਦੇ ਰਿਵਾਜ ਅਨੁਸਾਰ ਪੁਰਸ਼, ਪਤਨੀਆਂ ਨਹੀਂ ਚੁਣਦੇ, ਇਸਤਰੀਆਂ, ਪਤੀ ਚੁਣਦੀਆਂ ਹਨ, ਕਿਉਂਕਿ ਚੋਣ ਦਾ ਅੰਤਮ ਫੈਸਲਾ ਪੁਰਸ਼ ਨੇ ਨਹੀਂ, ਇਸਤਰੀ ਨੇ ਕਰਨਾ ਹੁੰਦਾ ਹੈ।

ਅਮਰੀਕਾ ਵਿਚ ਵਸਦੇ ਭਾਰਤੀਆਂ ਦੇ ਪਰਿਵਾਰਕ ਜੀਵਨ ਵਿਚ ਤਰੇੜਾਂ ਉਭਰ ਰਹੀਆਂ ਹਨ। ਉਹ ਉਸ ਜੀਵਨ ਦੀਆਂ ਖੁਲ੍ਹਾਂ ਵੀ ਮਾਣਨੀਆਂ ਚਾਹੁੰਦੇ ਹਨ ਪਰ ਨਾਲ ਹੀ ਭਾਰਤੀ ਪਰਿਵਾਰ ਵਾਂਗ ਸੁਰੱਖਿਅਤ ਜੀਵਨ ਵੀ ਜਿਉਣਾ ਚਾਹੁੰਦੇ ਹਨ।

ਉਹ ਇਕੋ ਵੇਲੇ ਦੋ ਬੇੜੀਆਂ ਵਿਚ ਵਿਚਰਨਾ ਚਾਹੁੰਦੇ ਹਨ।

ਸਾਡੇ ਦੇਸ਼ ਵਿਚ ਕੋਈ ਕੋਈ ਘਰ ਲੜਾਈ-ਝਗੜੇ ਦਾ ਸ਼ਿਕਾਰ ਹੁੰਦਾ ਹੈ, ਉਥੇ ਕੋਈ ਕੋਈ ਘਰ ਲੜਾਈ-ਝਗੜੇ ਤੋਂ ਮੁਕਤ ਹੁੰਦਾ ਹੈ।

ਇਸਤਰੀ-ਪੁਰਸ਼ ਸੰਬੰਧਾਂ ਦੇ ਪੱਖੋਂ ਅਮਰੀਕਾ ਝੀਲ ਨਹੀਂ, ਇਕ ਛੱਪੜ ਹੈ।

ਅਮਰੀਕਾ ਦਾ ਅਸਲੀ ਚਿਹਰਾ

ਜੇ ਇਹ ਠੀਕ ਹੈ ਕਿ ਅਮਰੀਕਾ ਅਮੀਰ, ਆਜ਼ਾਦ, ਨਿਪੁੰਨ, ਤਾਕਤਵਰ ਅਤੇ ਬਹਾਦਰ ਲੋਕਾਂ ਦਾ ਦੇਸ਼ ਹੈ ਤਾਂ ਇਹ ਵੀ ਠੀਕ ਹੈ ਕਿ ਅਮਰੀਕਾ ਡਾਕੂਆਂ, ਚੋਰਾਂ, ਠੱਗਾਂ, ਲੁਟੇਰਿਆਂ, ਧਾੜਵੀਆਂ ਦਾ ਦੇਸ਼ ਹੈ।

ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਅਮਰੀਕਾ ਦੀ ਅਮੀਰੀ ਦੁਨੀਆਂ ਦੇ ਗਰੀਬ ਮੁਲਕਾਂ ਨੂੰ ਲੁੱਟ ਕੇ ਉਸਾਰੀ ਗਈ ਹੈ।

ਕੋਈ ਸਮਾਂ ਸੀ ਜਦੋਂ ਹਰ ਚੰਗੇ ਖੇਤਰ ਵਿਚ ਅਮਰੀਕਾ ਸੰਸਾਰ ਦਾ ਆਗੂ ਸੀ ਪਰ ਅੱਜ ਦਾ ਅਮਰੀਕਾ ਅਤਿਅੰਤ ਘਿਨਾਉਣੀ ਕਿਸਮ ਦੇ ਵਿਭਚਾਰ, ਦੁਰਾਚਾਰ, ਭਰਿਸ਼ਟਾਚਾਰ ਅਤੇ ਅਮਾਨਵੀ ਵਿਵਹਾਰ ਦਾ ਅਖਾੜਾ ਹੈ।

ਬੜੇ ਮਾਣ ਨਾਲ ਅਮਰੀਕਨ ਆਪ ਕਹਿੰਦੇ ਹਨ ਕਿ ਉਹ ਸਮੁੰਦਰੀ ਡਾਕੂਆਂ, ਲੁਟੇਰਿਆਂ ਅਤੇ ਕਾਤਲਾਂ ਦੀ ਕੌਮ ਹਨ। ਇਸ ਨੂੰ ਉਹ ਆਪਣੀ ਬਹਾਦਰੀ ਸਮਝਦੇ ਹਨ।

ਅਮਰੀਕਾ ਵਿਚ ਮੈਂ ਉਨ੍ਹਾਂ ਦੀਆਂ ਕਈ ਯਾਦਗਾਰਾਂ ਵੇਖੀਆਂ, ਜਿਨ੍ਹਾਂ ਵਿਚ ਉਨ੍ਹਾਂ ਨੇ ਕਾਫਲਿਆਂ ਨੂੰ ਲੁੱਟਣ, ਰਾਹਗੀਰਾਂ ਨੂੰ ਮਾਰਨ, ਸਮਾਨ ਖੋਹਣ ਆਦਿ ਦੇ ਇਤਿਹਾਸਕ ਦ੍ਰਿਸ਼ ਸਾਂਭੇ ਹੋਏ ਹਨ।

ਜੇ ਤੁਸੀਂ ਉਨ੍ਹਾਂ ਦੇ ਮਨ-ਪ੍ਰਚਾਵੇ ਵਾਲੇ ਸਥਾਨ ਵੇਖੋ ਤਾਂ ਉੱਥੇ ਅਨੇਕਾਂ ਝਾਕੀਆਂ ਰਾਹੀਂ ਇਹ ਦਰਸਾਇਆ ਗਿਆ ਹੋਵੇਗਾ ਕਿ ਅਮਰੀਕੀ ਸਮੁੰਦਰੀ ਲੁਟੇਰੇ, ਜਹਾਜ਼ ਕਿਵੇਂ ਲੁੱਟਿਆ ਕਰਦੇ ਸਨ।

ਅਮਰੀਕਾ ਸੋਹਣੀ ਸੂਰਤ ਵਾਲਾ ਪਰ ਮਾੜੇ ਇਰਾਦਿਆਂ ਵਾਲਾ ਦੇਸ਼ ਹੈ, ਜਿਸ ਦੀ ਮੌਤ-ਫਾਹੀ ਵਿਚੋਂ ਕੋਈ ਨਿਕਲ ਨਹੀਂ ਸਕਦਾ।

ਅਮਰੀਕਾ ਜਦੋਂ ਬੰਦੇ ਨੂੰ ਨਿਗਲਦਾ ਹੈ ਤਾਂ ਉਸ ਦੀਆਂ ਚੀਕਾਂ ਬਾਹਰਲਿਆਂ ਨੂੰ ਸੁਣਾਈ ਨਹੀਂ ਦਿੰਦੀਆਂ।

ਅਮਰੀਕਾ ਸੰਸਾਰ ਵਿਚ ਮਾਨਵ ਜਾਤੀ ਦੀ ਬਰਾਬਰੀ ਦਾ ਢੰਡੋਰਾ ਪਿੱਟਦਾ ਹੈ ਪਰ ਆਪਣੇ ਦੇਸ਼ ਵਿਚ ਇਸ ਦੇ ਨੀਗਰੋ ਲੋਕਾਂ ਨਾਲ ਵਿਹਾਰ ਨੂੰ ਵੇਖ ਕੇ ਧੁਰ ਰੂਹ ਅੰਦਰ ਸਨਾਟਾ ਛਾ ਜਾਂਦਾ ਹੈ।

ਵਧੇਰੇ ਆਮਦਨ ਵਾਲੇ ਅਤੇ ਸੌਖੇ ਕੰਮ ਅਮਰੀਕਨਾਂ ਨੇ ਸਾਂਭ ਲਏ ਹਨ ਜਦੋਂ ਕਿ ਘੱਟ ਉਜਰਤਾਂ ਵਾਲੇ ਭਾਰੇ ਕੰਮ ਉਨ੍ਹਾਂ ਨੇ ਕਾਲਿਆਂ ਨੂੰ ਅਤੇ ਦੂਜੀਆਂ ਕੌਮਾਂ ਦੇ ਲੋਕਾਂ ਨੂੰ ਸੰਭਾਲ ਦਿੱਤੇ ਹਨ। ਮੌਜ ਮੇਲੇ ਵਾਲੇ ਕੰਮ ਗੋਰੇ ਕਰਦੇ ਹਨ, ਜਦੋਂ ਕਿ ਬੰਧਨਾਂ ਵਾਲੇ ਕੰਮ ਨੀਗਰੋ ਕਰਨ ਲਈ ਮਜਬੂਰ ਹਨ।

ਫੌਜ ਵਿਚ ਅਤੇ ਗਿਰਜਿਆਂ ਵਿਚ ਬਹੁਤੀ ਭਰਤੀ ਨੀਗਰੋ ਲੋਕਾਂ ਦੀ ਹੈ। ਇਸ ਦਾ ਕਾਰਨ ਇਹ ਨਹੀਂ ਕਿ ਉਨ੍ਹਾਂ ਨੂੰ ਇਨ੍ਹਾਂ ਕੰਮਾਂ ਦਾ ਸ਼ੌਕ ਹੈ, ਸਗੋਂ ਇਹ ਹੈ ਕਿ ਬੇਰੋਜ਼ਗਾਰੀ ਉਨ੍ਹਾਂ ਨੂੰ ਅਜਿਹੇ ਨੀਰਸ ਕੰਮਾਂ ਲਈ ਮਜਬੂਰ ਕਰਦੀ ਹੈ।

ਪੂੰਜੀਵਾਦ ਦਾ ਅਤਿ ਕਰੂਪ ਰੂਪ ਵੇਖਣਾ ਹੋਵੇ ਤਾਂ ਅਮਰੀਕਾ ਚਲੇ ਜਾਵੋ। ਸੱਚ ਤਾਂ ਇਹ ਹੈ ਕਿ ਸਮਾਜਵਾਦ ਦੀ ਸਭ ਤੋਂ ਵਧੇਰੇ ਲੋੜ ਅਮਰੀਕਾ ਨੂੰ ਹੈ।

ਅਮਰੀਕਾ ਦੀ ਤਿੰਨ ਚੌਥਾਈ ਆਬਾਦੀ ਆਈ ਚਲਾਈ ਕਰ ਰਹੀ ਹੈ। ਨਿਰਸੰਦੇਹ ਉਨ੍ਹਾਂ ਦਾ ਜੀਵਨ ਪੱਧਰ ਸਾਡੇ ਜੀਵਨ ਪੱਧਰ ਨਾਲੋਂ ਬਹੁਤ ਉੱਚਾ ਹੈ ਪਰ ਜਿਤਨਾ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੈ, ਉਤਨੀਆਂ ਹੀ ਵਧੇਰੇ ਅਤੇ ਗੰਭੀਰ ਉਨ੍ਹਾਂ ਦੀਆਂ ਚਿੰਤਾਵਾਂ ਹਨ। ਉਹ ਸਮਾਜ ਅੰਤਾਂ ਦਾ ਨਿਰਮੋਹੀ ਹੈ ਅਤੇ ਸਾਰਾ ਪ੍ਰਬੰਧ ਇਸ ਪ੍ਰਕਾਰ ਦਾ ਹੈ ਕਿ ਤੁਸੀਂ ਖਿੜਕਦੇ ਸਾਰ ਹੂੰਝ ਕੇ ਪਰ੍ਹੇ ਸੁੱਟ ਦਿੱਤੇ ਜਾਵੋਗੇ।

ਹਰ ਇਕ ਅਮਰੀਕੀ ਨੂੰ ਲੁੱਟੇ ਜਾਣ ਦਾ ਅਤੇ ਘਰ ਦੀ ਚੋਰੀ ਹੋ ਜਾਣ ਦਾ ਹਰ ਵੇਲੇ ਡਰ ਲਗਿਆ ਰਹਿੰਦਾ ਹੈ। ਹਰ ਘਰ ਵਿਚ ਦੋ, ਤਿੰਨ, ਚਾਰ ਕਿਸਮ ਦੇ ਸੁਰੱਖਿਆ ਪ੍ਰਬੰਧ ਕੀਤੇ ਜਾਣੇ ਜ਼ਰੂਰੀ ਹਨ। ਇਹੀ ਕਾਰਨ ਹੈ ਕਿ ਉਥੇ ਤੁਹਾਨੂੰ ਕੋਈ ਬੂਹਾ ਖੁਲ੍ਹਾ ਨਹੀਂ ਮਿਲੇਗਾ, ਕਿਉਂਕਿ ਹਰ ਬੂਹਾ ਅੰਦਰੋਂ ਪੱਕੀ ਤਰ੍ਹਾਂ ਬੰਦ ਕੀਤਾ ਗਿਆ ਹੁੰਦਾ ਹੈ। ਕੋਈ ਕਿਸੇ ਦੇ ਘਰ ਨਹੀਂ ਜਾਂਦਾ, ਸੋ ਜਦੋਂ ਕੋਈ ਘਰ ਆਵੇ ਤਾਂ ਘਰ ਵਾਲਿਆਂ ਨੂੰ ਹੈਰਾਨੀ ਹੁੰਦੀ ਹੈ ਅਤੇ ਕਿਸੇ ਅਜਨਬੀ ਨੂੰ ਘਰ ਅੰਦਰ ਆਉਣ ਲਈ ਨਹੀਂ ਕਿਹਾ ਜਾਂਦਾ ।

ਅਕਸਰ ਇਵੇਂ ਹੁੰਦਾ ਹੈ ਕਿ ਵਧੇਰੇ ਜੁਰਮਾਂ ਵਾਲੇ ਵੱਡੇ ਸ਼ਹਿਰਾਂ ਵਿਚ ਜਦੋਂ ਕੋਈ ਵਿਅਕਤੀ ਕਿਸੇ ਵਲ ਚਲਦਾ ਹੈ ਤਾਂ ਉਹ ਚਲਣ ਸਮੇਂ ਟੈਲੀਫੋਨ ਕਰਦਾ ਹੈ, ਜਿਸ ਦਾ ਅਰਥ ਇਹ ਹੁੰਦਾ ਹੈ ਕਿ ਜੇ ਉਹ ਵਾਜਬ ਸਮੇਂ ਤਕ ਨਾ ਅਪੜੇ ਤਾਂ ਉਸ ਸੰਬੰਧੀ ਪੁੱਛ-ਗਿਛ ਕੀਤੀ ਜਾਵੇ। ਜੁਰਮ ਇਤਨਾ ਹੈ ਕਿ ਸ਼ਾਮ ਪੈਂਦਿਆਂ ਹੀ ਲੋਕ ਆਪਣੇ ਘਰਾਂ ਵੱਲ ਦੌੜਦੇ ਹਨ ਅਤੇ ਘਰ ਵੜਦਿਆਂ ਹੀ ਸਭ ਤੋਂ ਪਹਿਲਾਂ ਅੰਦਰੋਂ ਜਿੰਦਾ ਲਾ ਲੈਂਦੇ ਹਨ।

ਨਿਊਯਾਰਕ ਵਿਚ ਸ਼ਾਮ ਪੈਂਦਿਆਂ ਹੀ ਇਕ ਸਹਿਮ ਜਿਹਾ ਫੈਲਦਾ ਹੈ।

ਸ਼ੁਰੂ-ਸ਼ੁਰੂ ਵਿਚ ਮੈਨੂੰ ਇੰਜ ਲਗਿਆ ਜਿਵੇਂ ਅਮਰੀਕਨ ਆਪਣੇ ਘਰਾਂ ਅੰਦਰ ਰਹਿਣ ਦੇ ਇੱਛਕ ਹੋਣ ਪਰ ਜਲਦੀ ਹੀ ਸਮਝ ਪੈ ਗਈ ਕਿ ਇਹ ਇੱਛਾ ਨਹੀਂ, ਮਜਬੂਰੀ ਹੈ। ਜਰਨੈਲੀ ਸੜਕਾਂ ਉੱਤੇ ਕਿਸੇ ਨੂੰ ਪੈਦਲ ਟੁਰਨ ਦੀ ਆਗਿਆ ਨਹੀਂ, ਸੋ ਆਪਣੀ ਕਾਰ ਦੇ ਅੰਦਰ ਬੈਠਿਆ ਵਿਅਕਤੀ ਤਾਂ ਸੁਰੱਖਿਅਤ ਮਹਿਸੂਸ ਕਰਦਾ ਹੈ ਪਰ ਸ਼ੀਸ਼ੇ ਖੋਲ੍ਹ ਕੇ ਕਾਰ ਚਲਾਉਣ ਦੀ ਆਦਤ ਲਗਭਗ ਨਾ ਹੋਣ ਦੇ ਬਰਾਬਰ ਹੈ।

ਖੁਲ੍ਹੇ ਬੂਹੇ ਸਾਡੇ ਸਭਿਆਚਾਰ ਦੀ ਪਹਿਚਾਣ ਹਨ, ਬੂਹੇ ਇਸ਼ਕ-ਦਰਬਾਰ ਦੇ ਸਦਾ ਖੁਲ੍ਹੇ, ਪਰ ਅਮਰੀਕਾ ਵਿਚ ਖੁਲ੍ਹਾ ਬੂਹਾ ਖਤਰੇ ਨੂੰ ਸਿੱਧਾ ਸੱਦਾ ਹੁੰਦਾ ਹੈ।

ਅਮਰੀਕਾ ਦੇ ਲੋਕ ਇਸ ਹੱਦ ਤਕ ਆਪਣੇ ਆਪ ਵਿਚ ਮਗਨ ਹਨ ਅਤੇ ਉਨ੍ਹਾਂ ਦਾ ਦੂਜਿਆਂ ਪ੍ਰਤੀ ਵਿਹਾਰ ਇਤਨਾ ਰੁੱਖਾ ਹੈ ਕਿ ਤੁਸੀਂ ਵੇਖ ਕੇ ਉਦਾਸ ਹੋ ਜਾਂਦੇ ਹੋ।

ਇਕ ਥਾਂ ਅਚਾਨਕ ਮੈਨੂੰ ਇਕ ਅਮਰੀਕਨ ਮਿਲ ਗਿਆ ਅਤੇ ਉਸਨੇ ਮੈਨੂੰ ਦਸਿਆ ਕਿ ਉਸ ਦਿਨ ਉਸ ਦਾ ਜਨਮ ਦਿਨ ਸੀ, ਮੈਂ ਉਸ ਨੂੰ ਵਧਾਈ ਦਿੱਤੀ। ਉਸ ਕਿਹਾ, ਕੀ ਮੈਂ ਉਸ ਲਈ ਇਕ ਬੋਤਲ ਨਹੀਂ ਖਰੀਦਾਂਗਾ? ਉਸ ਦੀ ਅਪਣਤ ਨੂੰ ਵੇਖ ਕੇ ਮੈਂ ਬੋਤਲ ਖਰੀਦ ਦਿੱਤੀ। ਉਸ ਫਿਰ ਕਿਹਾ ਕਿ ਕੀ ਮੈਂ ਉਸ ਨੂੰ ਕੋਈ ਤੋਹਫ਼ਾ ਲੈ ਕੇ ਨਹੀਂ ਦਿਆਂਗਾ? ਭਾਵੇਂ ਮੈਨੂੰ ਚੰਗਾ ਨਾ ਲਗਿਆ ਪਰ ਮੈਂ ਉਸ ਨੂੰ ਇਕ ਕਮੀਜ਼ ਖਰੀਦ ਕੇ ਦਿੱਤੀ। ਉਸ ਨੇ ਮੈਨੂੰ ਆਪਣਾ ਪਤਾ, ਟੈਲੀਫੋਨ ਨੰਬਰ ਅਤੇ ਬੁਲਾਵਾ ਦਿੱਤਾ। ਉਸ ਦਾ ਇਹ ਵਿਹਾਰ ਮੈਨੂੰ ਚੰਗਾ ਲੱਗਿਆ। ਮੈਂ ਉਸ ਦੇ ਦੱਸੇ ਸ਼ਹਿਰ ਜਾਣਾ ਸੀ, ਸੋਚਿਆ ਉਸ ਨੂੰ ਮਿਲਾਂਗਾ। ਜਦੋਂ ਮੈਂ ਉਸ ਨੂੰ ਆਪਣੇ ਉਸ ਦੇ ਸ਼ਹਿਰ ਪਹੁੰਚਣ ਦੀ ਸੂਚਨਾ ਦਿੱਤੀ ਤਾਂ ਉਸ ਨੇ ਟੈਲੀਫੋਨ ਉਤੇ ਹੀ ਮੇਰਾ ਹਾਲ-ਚਾਲ ਪੁਛਿਆ ਅਤੇ ਮੇਰੇ ਦਿਨ ਦੇ ਚੰਗੇ ਗੁਜ਼ਰਨ ਦੀ ਕਾਮਨਾ ਕਰਦਿਆਂ ਟੈਲੀਫੋਨ ਰੱਖ ਦਿੱਤਾ। ਉਸ ਨੇ ਮੇਰੀ ਇਕ ਨਾ ਸੁਣੀ ਕਿ ਮੈਂ ਤਾਂ ਉਸ ਕੋਲ ਦਿਨ ਗੁਜ਼ਾਰਨ ਆਇਆ ਸਾਂ। ਮੈਨੂੰ ਸੋਝੀ ਹੋ ਗਈ ਕਿ ਮੈਂ ਹੀ ਕੁਝ ਵਧੇਰੇ ਆਸ ਲਾ ਲਈ ਸੀ।

ਇਸ ਅਨੁਭਵ ਨੇ ਮੈਨੂੰ ਬਹੁਤ ਉਦਾਸ ਕੀਤਾ ਸੀ।

ਸ਼ੁਰੂ-ਸ਼ੁਰੂ ਵਿਚ ਅਮਰੀਕਾ ਇਕ ਸਵਰਗ ਪ੍ਰਤੀਤ ਹੁੰਦਾ ਹੈ। ਸਭ ਕੁੱਝ ਸਾਫ਼-ਸੁਥਰਾ ਅਤੇ ਕਾਨੂੰਨ ਅਨੁਸਾਰ ਅਤੇ ਨੇਮ ਅਨੁਸਾਰ ਚਲ ਰਿਹਾ ਦਿਖਾਈ ਦਿੰਦਾ ਹੈ ਪਰ ਕੁਝ ਦਿਨਾਂ ਮਗਰੋਂ ਹੀ ਇਵੇਂ ਵਾਪਰਦਾ ਹੈ, ਜਿਵੇਂ ਭਾਂਡੇ ਤੋਂ ਕਲੀ ਉਤਰ ਗਈ ਹੋਵੇ ਅਤੇ ਕੋਈ ਤੁਹਾਨੂੰ ਧੱਕਾ ਦੇ ਕੇ ਤੁਹਾਡੇ ਉਤੇ ਹੱਸ ਰਿਹਾ ਹੋਵੇ।

ਮੈਨੂੰ ਉਥੇ ਬੱਚਪਨ ਦੀ ਸੁਣੀ ਹੋਈ ਇਕ ਕਹਾਣੀ ਯਾਦ ਆਈ। ਇਕ ਵਾਰੀ ਸਾਡੀ ਧਰਤੀ ਦਾ ਇਕ ਵਿਅਕਤੀ ਰੱਬ ਕੋਲ ਪਹੁੰਚਿਆ ਅਤੇ ਉਸ ਦੇ ਜੀਵਨ ਦਾ ਵੇਰਵਾ ਸੁਣ ਕੇ ਰੱਬ ਨੇ ਉਸ ਨੂੰ ਪੁੱਛਿਆ ਸਵਰਗ ਜਾਣਾ ਹੈ ਕਿ ਨਰਕ? ਉਸ ਵਿਅਕਤੀ ਨੇ ਵੇਖਿਆ ਕਿ ਨਰਕ ਦੇ ਦਰਵਾਜ਼ੇ ਅੰਦਰ ਗਾਣੇ ਗਾਏ ਜਾ ਰਹੇ ਸਨ, ਨਾਚ ਨੱਚੇ ਜਾ ਰਹੇ ਸਨ, ਖੂਬ ਮੇਲਾ ਲਗਿਆ ਹੋਇਆ ਸੀ, ਉਸ ਨੂੰ ਇਹ ਸਭ ਕੁਝ ਚੰਗਾ ਲਗਿਆ ਅਤੇ ਉਹ ਅੰਦਰ ਲੰਘ ਗਿਆ ਪਰ ਥੋੜ੍ਹੇ ਫਾਸਲੇ ਉਤੇ ਹੀ ਜਦੋਂ ਉਸ ਨੂੰ ਕੁਰਲਾਹਟ ਸੁਣਾਈ ਦੇਣ ਲੱਗੀ ਤਾਂ ਉਸ ਵਿਅਕਤੀ ਦੇ ਪੁੱਛਣ ਉਤੇ ਕਿ ਬਾਹਰ ਤਾਂ ਬੜਾ ਚੰਗਾ ਸੀ, ਉੱਤਰ ਮਿਲਿਆ ਕਿ ਉਹ ਤਾਂ ਨਰਕ ਦੀ ਇਸ਼ਤਿਹਾਰਬਾਜ਼ੀ ਸੀ। ਅਮਰੀਕਾ ਵੀ ਪਹਿਲਾਂ ਹਰ ਕਿਸੇ ਨੂੰ ਭਰਮਾਉਂਦਾ ਹੈ ਅਤੇ ਫਿਰ ਉਸ ਨੂੰ ਰੁਲਾਉਂਦਾ ਹੈ।

ਅਮਰੀਕਾ ਤੁਹਾਡੇ ਨਾਲ ਹੱਥ ਨਹੀਂ ਮਿਲਾਉਂਦਾ, ਤੁਹਾਨੂੰ ਪਕੜਦਾ ਹੈ।

ਅਮਰੀਕਾ ਨੇ ਆਪਣੇ ਡਾਲਰਾਂ ਦੀ ਚਮਕ ਨਾਲ ਸੰਸਾਰ ਭਰ ਦੇ ਸਿਆਣੇ ਅਤੇ ਮਾਹਿਰ ਲੋਕਾਂ ਨੂੰ ਆਪਣੇ ਵਲ ਖਿੱਚਿਆ ਹੈ ਅਤੇ ਪਦਾਰਥਕ ਸੁੱਖਾਂ ਦਾ ਜਲਵਾ ਵਿਖਾ ਕੇ ਗ਼ਰੀਬ ਦੇਸ਼ਾਂ ਨੂੰ ਉਨ੍ਹਾਂ ਦੇ ਸਿਆਣੇ ਲੋਕਾਂ ਤੋਂ ਵਿਰਵਾ ਕੀਤਾ ਹੈ।

ਅਮਰੀਕਾ ਦੀ ਅਮੀਰੀ ਵਿਚ ਸੰਸਾਰ ਭਰ ਦਾ ਯੋਗਦਾਨ ਹੈ।

ਅਮਰੀਕਾ ਦੀ ਅਮੀਰੀ ਉਤਨਾ ਚਿਰ ਹੀ ਰਹੇਗੀ, ਜਿਤਨਾ ਚਿਰ ਸੰਸਾਰ ਦੇ ਘਟ ਵਸੀਲਿਆਂ ਵਾਲੇ ਲੋਕ ਆਪਣੇ ਲੁਟੇ ਜਾਣ ਦਾ ਵਿਰੋਧ ਨਹੀਂ ਕਰਦੇ। ਅਨੇਕਾਂ ਦੇਸ਼ ਇਸ ਲਈ ਗਰੀਬ ਹਨ, ਕਿਉਂਕਿ ਉਨ੍ਹਾਂ ਨੂੰ ਅਮਰੀਕਾ ਨੇ ਲੁੱਟਿਆ ਹੈ। ਅਨੇਕਾਂ ਦੇਸ਼ ਇਸ ਕਰਕੇ ਅਮੀਰ ਨਹੀਂ ਹੋ ਸਕਣਗੇ, ਕਿਉਂਕਿ ਅਮਰੀਕਾ ਉਨ੍ਹਾਂ ਨੂੰ ਲੁੱਟ ਰਿਹਾ ਹੈ। ਅਮਰੀਕਾ ਹਰ ਕਿਸੇ ਤੋਂ ਆਪਣੀ ਮਰਜ਼ੀ ਮੰਨਵਾਉਂਦਾ ਹੈ।

ਸਾਡਾ ਦੇਸ਼ ਵੱਡੀਆਂ ਰਕਮਾਂ ਖਰਚ ਕੇ ਡਾਕਟਰ ਅਤੇ ਇੰਜੀਨੀਅਰ ਬਣਾਉਂਦਾ ਹੈ ਪਰ ਅਮਰੀਕਾ ਉਨ੍ਹਾਂ ਬਣੇ-ਬਣਾਏ ਡਾਕਟਰਾਂ ਅਤੇ ਇੰਜੀਨੀਅਰਾਂ ਨੂੰ ਆਪਣੇ ਵਲ ਖਿੱਚ ਕੇ ਆਪਣੀ ਅਮੀਰੀ ਅਤੇ ਸਾਡੀ ਗਰੀਬੀ ਵਿਚ ਵਾਧਾ ਕਰਦਾ ਹੈ। ਖਰਚ ਸਾਡਾ ਹੁੰਦਾ ਹੈ, ਲਾਭ ਉਨ੍ਹਾਂ ਨੂੰ ਪਹੁੰਚਦਾ ਹੈ, ਇਵੇਂ ਸਾਡੇ ਖਰਚ ਉੱਤੇ ਅਮਰੀਕਾ ਖ਼ੁਸ਼ਹਾਲ ਹੋ ਰਿਹਾ ਹੈ।

ਇੱਥੇ ਹੀ ਬਸ ਨਹੀਂ, ਅਮਰੀਕਾ ਸਾਨੂੰ ਨਿਚੋੜਦਾ ਤਾਂ ਹੈ ਹੀ, ਉਹ ਸਾਡੇ ਬਣਾਏ ਡਾਕਟਰਾਂ ਅਤੇ ਇੰਜੀਨੀਅਰਾਂ ਵਿਚ ਸਾਡੇ ਦੇਸ਼ ਪ੍ਰਤੀ ਨਫ਼ਰਤ ਵੀ ਉਪਜਾਂਦਾ ਹੈ ਅਤੇ ਨਤੀਜਾ ਇਹ ਹੈ ਕਿ ਸਾਡਾ ਹਰ ਡਾਕਟਰ, ਇੰਜੀਨੀਅਰ ਅੱਡੀਆਂ ਚੁੱਕ ਕੇ ਅਮਰੀਕਾ ਵਲ ਵੇਖ ਰਿਹਾ ਹੈ ਅਤੇ ਬੁਲਾਵੇ ਦੀ ਉਡੀਕ ਵਿਚ ਕੰਨ ਉਧਰ ਲਾਈ ਖਲੋਤਾ ਹੈ।

ਇਹ ਇਕ-ਤਰਫ਼ਾ ਪ੍ਰਵਾਹ ਜਦੋਂ ਤਕ ਰੋਕਿਆ ਨਹੀਂ ਜਾਂਦਾ, ਸਾਡੇ ਦੇਸ਼ ਨਾਲ ਦੁਖਾਂਤ ਵਾਪਰਦਾ ਰਹੇਗਾ।

ਅਮਰੀਕਾ ਨੇ ਵਿਸ਼ਵ ਪੱਧਰ ਉਤੇ ਵਪਾਰ ਨੂੰ ਕੁਝ ਇਸ ਤਰ੍ਹਾਂ ਵਿਉਂਤ ਦਿੱਤਾ ਹੈ ਕਿ ਦੁਨੀਆਂ ਦਾ ਹਰ ਦੇਸ਼ ਆਪਣਾ ਮਾਲ ਉਥੇ ਵੇਚਣਾ ਚਾਹੁੰਦਾ ਹੈ ਅਤੇ ਨਤੀਜਾ ਇਹ ਹੁੰਦਾ ਹੈ ਕਿ ਸਾਡੇ ਦੇਸ਼ ਦੀਆਂ ਵਧੀਆ ਵਸਤਾਂ ਅਮਰੀਕਨ ਵਰਤਦੇ ਹਨ। ਖੀਰ ਉਹ ਖਾਂਦੇ ਹਨ, ਜਦੋਂ ਕਿ ਸਾਨੂੰ ਕੜਾਹੀ ਦੀ ਖੁਰਚਣ ਨਾਲ ਸੰਤੋਖ ਕਰਨਾ ਪੈਂਦਾ ਹੈ।

ਸਾਡੇ ਦੇਸ਼ ਦੀ ਚੰਗੀ ਚਾਹ, ਯੋਰਪ ਅਤੇ ਅਮਰੀਕਾ ਦੇ ਲੋਕ ਪੀਂਦੇ ਹਨ, ਜਦੋਂ ਕਿ ਅਸੀਂ ਭਾਰਤਵਾਸੀ ਚਾਹ ਦੀ ਧੂੜ ਅਤੇ ਰਹਿੰਦ-ਖੂੰਹਦ ਨਾਲ ਹੀ ਗੁਜ਼ਾਰਾ ਕਰਦੇ ਹਾਂ।

ਅਮਰੀਕਾ ਸੰਸਾਰ ਦੀ ਸਭ ਤੋਂ ਵੱਡੀ ਮੰਡੀ ਹੈ, ਸੋ ਸੰਸਾਰ ਦਾ ਹਰ ਦੇਸ਼ ਆਪਣੀਆਂ ਵਸਤਾਂ ਉਸ ਮੰਡੀ ਵਿਚ ਢੇਰੀ ਕਰਦਾ ਹੈ ਅਤੇ ਇਸ ਸਥਿਤੀ ਦਾ ਲਾਭ ਅਮਰੀਕਨਾਂ ਨੂੰ ਹੁੰਦਾ ਹੈ। ਕਿਉਂਕਿ ਉਹ ਆਪਣੀ ਮਰਜ਼ੀ ਮੰਨਵਾਉਂਦੇ ਹਨ, ਸੋ ਹਰ ਦੇਸ਼ ਵਲੋਂ ਮੁਕਾਬਲੇ ਕਾਰਨ ਵਸਤਾਂ ਦੇ ਭਾਅ ਡਿੱਗਦੇ ਹਨ।

ਇਵੇਂ ਅਮਰੀਕਨ ਮੌਜਾਂ ਕਰਦੇ ਹਨ ਜਦੋਂ ਕਿ ਮਾਲ ਵੇਚਣ ਵਾਲੇ ਦੇਸ਼ ਦਿਨੋ-ਦਿਨ ਵਧਦੀ ਗਰੀਬੀ ਦੇ ਹਨੇਰੇ ਵਿਚ ਨਿਘਰ ਰਹੇ ਹਨ।

ਅਮਰੀਕਾ ਸਾਨੂੰ ਇਕ ਫੌਜੀ ਜਹਾਜ਼ ਦੇ ਕੇ ਸਾਡੇ ਤੋਂ ਜਿਹੜੀ ਕੀਮਤ ਵਸੂਲਦਾ ਹੈ ਅਸੀਂ ਉਹ ਤਾਰਦੇ-ਤਾਰਦੇ ਕੰਗਾਲ ਹੋ ਜਾਂਦੇ ਹਾਂ।

ਇਹੀ ਕਾਰਨ ਹੈ ਕਿ ਸੰਸਾਰ ਦੇ ਬਹੁਤੇ ਦੇਸ਼ ਗਰੀਬ ਹਨ, ਕਿਉਂਕਿ ਉਨ੍ਹਾਂ ਉਤੇ ਅਮਰੀਕਾ ਦਾ ਕਰਜ਼ਾ ਚੜ੍ਹਿਆ ਹੋਇਆ ਹੈ।

ਅਮਰੀਕਾ, ਜੰਗੀ ਸਾਮਾਨ ਦਾ ਵਿਸ਼ਵ ਭਰ ਵਿਚ ਥੋਕ ਦਾ ਵਪਾਰੀ ਹੈ।

ਹਥਿਆਰਾਂ ਨੇ ਤਾਂ ਹਥਿਆਰਾਂ ਵਜੋਂ ਹੀ ਵਰਤੇ ਜਾਣਾ ਹੁੰਦਾ ਹੈ, ਸੋ ਸੰਸਾਰ ਵਿਚ ਸ਼ਾਂਤੀ ਅਮਰੀਕਾ ਨੂੰ ਸੁਖਾਂਦੀ ਨਹੀਂ, ਕਿਉਂਕਿ ਸ਼ਾਂਤੀ ਦੇ ਸਥਾਪਤ ਹੋਣ ਨਾਲ ਅਮਰੀਕਾ ਦੇ ਜੰਗੀ ਉਦਯੋਗਾਂ ਲਈ ਸੰਕਟ ਉਪਜਦਾ ਹੈ ਅਤੇ ਅਮਰੀਕਾ ਵਿਚ ਬੇਰੋਜ਼ਗਾਰੀ ਦੀ ਦਰ ਵੱਧਦੀ ਹੈ। ਆਪਣੇ ਲੋਕਾਂ ਦਾ ਰੋਜ਼ਗਾਰ ਬਣਾਈ ਰੱਖਣ ਲਈ ਅਮਰੀਕਾ ਲਈ ਲਾਜ਼ਮੀ ਹੈ ਕਿ ਉਹ ਸੰਸਾਰ ਦੇ ਕਿਸੇ ਨਾ ਕਿਸੇ ਭਾਗ ਵਿਚ ਲੜਾਈ ਛੇੜੀ ਰੱਖੇ।

ਅਮਰੀਕਾ ਦੀ ਖੁਸ਼ਹਾਲੀ ਵਿਚ ਵਾਧਾ ਉਦੋਂ ਤੇਜ਼ੀ ਨਾਲ ਹੁੰਦਾ ਹੈ, ਜਦੋਂ ਲੜਨ ਵਾਲੇ ਦੋਵੇਂ ਗਵਾਂਢੀ ਦੇਸ਼ ਅਮਰੀਕਨ ਹਥਿਆਰਾਂ ਨਾਲ ਲੜ ਰਹੇ ਹੋਣ ਅਤੇ ਹੋਰ ਹਥਿਆਰ ਜਾਂ ਹਿਸੇ-ਪੁਰਜ਼ੇ ਖਰੀਦਣ ਲਈ ਮਜਬੂਰ ਹੋਣ।

ਅਮਰੀਕੀ ਸਰਕਾਰ ਹਰ ਸੰਭਵ ਯਤਨ ਕਰਦੀ ਹੈ ਕਿ ਅਮਰੀਕਨਾਂ ਨੂੰ ਸੰਸਾਰ ਦੀ ਗਰੀਬੀ ਦਾ ਗਿਆਨ ਨਾ ਹੋਵੇ। ਜਿਸ ਨਿਰਦਈ ਢੰਗ ਨਾਲ ਅਤੇ ਬੇਸ਼ਰਮੀ ਨਾਲ ਅਮਰੀਕਾ ਦੂਨੀਆਂ ਦੇ ਗਰੀਬ ਮੁਲਕਾਂ ਨੂੰ ਲੁੱਟ ਰਿਹਾ ਹੈ, ਉਸ ਨੂੰ ਵੇਖ ਕੇ ਅਮਰੀਕਾ ਨੂੰ ਕੇਵਲ ਨਫ਼ਰਤ ਹੀ ਕੀਤੀ ਜਾ ਸਕਦੀ ਹੈ।

ਛੇ ਅਰਬ ਵਾਲੀ ਸਾਡੀ ਦੁਨੀਆਂ ਵਿਚ ਛੱਬੀ ਕਰੋੜ ਦੀ ਆਬਾਦੀ ਵਾਲਾ ਅਮਰੀਕਾ ਸੰਸਾਰ ਦੇ ਹਰ ਸੌ ਰੁਪਏ ਵਿਚੋਂ ਦੋ ਤਿਹਾਈ ਖਾ ਰਿਹਾ ਹੈ। ਤਿੰਨ ਅਰਬ ਨਾਲੋਂ ਵੱਧ ਆਬਾਦੀ ਵਾਲੇ ਏਸ਼ੀਆਈ ਮੁਲਕਾਂ ਨੂੰ ਸੌ ਰੁਪਏ ਵਿਚੋਂ ਕੇਵਲ ਚਾਰ ਰੁਪਏ ਮਿਲਦੇ ਹਨ। ਸੰਸਾਰ ਦੇ ਹਰ ਸੌ ਰੁਪਏ ਵਿਚੋਂ ਭਾਰਤ ਨੂੰ ਪੰਜਾਹ ਪੈਸੇ ਨਾਲੋਂ ਵੀ ਘਟ ਮਿਲਦੇ ਹਨ, ਸੋ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਅਸੀਂ ਕਿਉਂ ਗਰੀਬ ਹਾਂ ਅਤੇ ਕਿਤਨੇ ਗਰੀਬ ਹਾਂ।

ਅਮਰੀਕਾ ਦੀ ਅਮੀਰੀ ਦਾ ਦੌਰ ਦੂਜੇ ਵਿਸ਼ਵ ਯੁੱਧ ਵਿਚ ਆਰੰਭ ਹੋਇਆ ਸੀ, ਜਦੋਂ ਸੰਸਾਰ ਵਿਚ ਅਮਰੀਕਾ ਦਾ ਮਾਲ ਖੂਬ ਵਿਕਿਆ ਪਰ ਅਮਰੀਕਾ ਨੂੰ ਆਪਣੀ ਧਰਤੀ ਉੱਤੇ ਤਬਾਹੀ ਦਾ ਸਰਾਪ ਨਹੀਂ ਹੰਢਾਉਣਾ ਪਿਆ। ਤਬਾਹੀ ਦਾ ਸਾਹਮਣਾ ਯੋਰਪ ਨੂੰ ਕਰਨਾ ਪਿਆ ਸੀ। ਇਸੇ ਕਰਕੇ ਦੂਜੇ ਵਿਸ਼ਵ ਯੁੱਧ ਉਪਰੰਤ ਅਮਰੀਕਾ ਦੀ ਚੜ੍ਹਤ ਅਤੇ ਯੋਰਪ ਦਾ ਪਤਨ ਆਰੰਭ ਹੋਇਆ ਸੀ।

ਜੇ ਰੂਸ ਅਤੇ ਅਮਰੀਕਾ ਵਿਚਕਾਰ ਜੰਗ ਲੱਗ ਜਾਵੇ ਤਾਂ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਰੂਸ, ਅਮਰੀਕਾ ਵਿਚ ਤਬਾਹੀ ਮਚਾ ਸਕੇਗਾ ਪਰ ਅਮਰੀਕਾ, ਰੂਸ ਦਾ ਸਿੱਧੇ ਢੰਗ ਨਾਲ ਕੁਝ ਨਹੀਂ ਵਿਗਾੜ ਸਕੇਗਾ ਕਿਉਂਕਿ ਅਮਰੀਕਾ ਦੇ ਨੇੜੇ ਲਗਦੇ ਰੂਸ ਦੇ ਇਲਾਕੇ ਬਰਫ਼ਾਂ ਨਾਲ ਢਕੇ ਹੋਏ ਹਨ। ਇਸ ਸਥਿਤੀ ਦੀ ਮਜਬੂਰੀ ਕਾਰਨ ਹੀ ਰੂਸ ਦੇ ਆਬਾਦੀ

ਵਾਲੇ ਇਲਾਕਿਆਂ ਦੇ ਨੇੜੇ ਲਗਦੇ ਯੋਰਪੀਨ ਦੇਸ਼ਾਂ ਨੂੰ ਅਮਰੀਕਾ, ਰੂਸ ਵਿਰੁਧ ਭੜਕਾਉਂਦਾ ਰਹਿੰਦਾ ਹੈ ਅਤੇ ਉਨ੍ਹਾਂ ਦੇ ਇਲਾਕਿਆਂ ਵਿਚ ਜੰਗੀ ਅੱਡੇ ਬਣਾਉਂਦਾ ਹੈ।

ਅਮਰੀਕਾ ਇਹ ਆਸ ਲਾਈ ਬੈਠਾ ਹੈ ਕਿ ਉਸ ਦੇ ਯੋਰਪੀਨ ਸਾਥੀ ਦੇਸ਼, ਅਮਰੀਕਾ ਨੂੰ ਬਚਾਉਣ ਲਈ ਆਪਣੇ ਆਪ ਨੂੰ ਤਬਾਹ ਕਰਵਾ ਲੈਣਗੇ।

ਅਮਰੀਕਾ ਅਮਨ ਦਾ ਹਿਤੈਸ਼ੀ ਹੋ ਹੀ ਨਹੀਂ ਸਕਦਾ।

ਅਮਨ ਤਾਂ ਉਸ ਲਈ ਨਿਸ਼ਚਿਤ ਮੌਤ ਹੋਵੇਗੀ।

ਅਮਰੀਕਾ ਨੇ ਅਨੇਕਾਂ ਦੇਸ਼ਾਂ ਨੂੰ ਕਾਬੂ ਕੀਤਾ ਹੋਇਆ ਹੈ ਅਤੇ ਇਨ੍ਹਾਂ ਦੇਸ਼ਾਂ ਦੇ ਤਾਨਾਸ਼ਾਹ ਅਤੇ ਡਿਕਟੇਟਰ ਅਮਰੀਕੀ ਠੁੰਮ੍ਹਣਿਆਂ ਕਾਰਨ ਹੀ ਆਪਣੇ ਲੋਕਾਂ ਲਈ ਯਹੀਆ ਖਾਨ ਬਣੇ ਹੋਏ ਹਨ।

ਅਮਰੀਕਾ ਆਪਣੇ ਆਪ ਨੂੰ ਲੋਕ-ਤੰਤਰ ਦਾ ਸਭ ਤੋਂ ਵੱਡਾ ਸਮੱਰਥਕ ਦਸਦਾ ਹੈ ਪਰ ਅਮਰੀਕਾ ਦੀਆਂ ਕਈ ਵਪਾਰਕ ਕੰਪਨੀਆਂ ਇਤਨੀਆਂ ਸ਼ਕਤੀਸ਼ਾਲੀ ਹਨ ਕਿ ਉਹ ਅਨੇਕਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਡੇਗ ਸਕਦੀਆਂ ਹਨ, ਸਾਜ਼ਸ਼ਾਂ ਨਾਲ ਉਨ੍ਹਾਂ ਦੇਸ਼ਾਂ ਦੇ ਹਾਕਮਾਂ ਨੂੰ ਹਵਾਈ ਹਾਦਸਿਆਂ ਵਿਚ ਮਰਵਾ ਸਕਦੀਆਂ ਹਨ, ਬਗਾਵਤਾਂ ਕਰਵਾ ਸਕਦੀਆਂ ਹਨ ਅਤੇ ਅਕਾਲ ਵਰਗੀ ਸਥਿਤੀ ਪੈਦਾ ਕਰ ਸਕਦੀਆਂ ਹਨ।

ਅਮਰੀਕਾ ਇਹ ਸਭ ਕੁਝ ਕਰ ਸਕਦਾ ਹੈ ਅਤੇ ਕਰ ਰਿਹਾ ਹੈ।

ਅਜੋਕੇ ਯੁੱਗ ਵਿਚ ਵਿਸ਼ਵ ਨੂੰ ਅਮਰੀਕਾ ਦੀ ਸਭ ਤੋਂ ਵੱਡੀ ਦੇਣ ਨਸ਼ੀਲੇ ਪਦਾਰਥ ਹਨ। ਨਸ਼ੀਲੇ ਪਦਾਰਥਾਂ ਦੀ ਵਰਤੋਂ ਅਮਰੀਕਾ ਵਿਚ ਇਤਨੇ ਵਿਸ਼ਾਲ ਪੱਧਰ 'ਤੇ ਹੈ ਕਿ ਜੇ ਉਨ੍ਹਾਂ ਦਾ ਮੁਲ ਪਾਇਆ ਜਾਵੇ ਤਾਂ ਭਾਰਤ ਦੇ ਸਮੁੱਚੇ ਵਰ੍ਹੇ ਦਾ ਬਜਟ ਅਮਰੀਕਾ ਵਿਚਲੇ ਨਸ਼ੀਲੇ ਪਦਾਰਥਾਂ ਉੱਤੇ ਇਕ ਤਿਮਾਹੀ ਵਿਚ ਖਰਚ ਹੋ ਜਾਂਦਾ ਹੈ।

ਅਮਰੀਕਾ ਵਿਚ ਪ੍ਰਕਿਰਤਕ ਸਾਧਨਾਂ ਦੀ ਇਸ ਹੱਦ ਤੱਕ ਦੁਰਵਰਤੋਂ ਹੋ ਰਹੀ ਹੈ ਕਿ ਵੇਖ ਕੇ ਵਿਸ਼ਵਾਸ ਨਹੀਂ ਆਉਂਦਾ। ਉਦਾਹਰਣ ਵਜੋਂ ਜਿਤਨਾ ਪੈਟਰੋਲ ਅਸੀਂ ਸਾਰਾ ਵਰ੍ਹਾ ਵਰਤਦੇ ਹਾਂ ਉਤਨਾ ਉਥੇ ਡੇਢ ਹਫ਼ਤੇ ਵਿਚ ਵਰਤਿਆ ਜਾਂਦਾ ਹੈ। ਅਮਰੀਕਾ ਨੇ ਪੈਟਰੋਲ ਆਦਿ ਦੇ ਆਪਣੇ ਖੂਹ ਬੰਦ ਕੀਤੇ ਹੋਏ ਹਨ ਅਤੇ ਆਪਣੇ ਜ਼ੋਰ ਨਾਲ ਉਹ ਦੂਜੇ ਦੇਸ਼ਾਂ ਤੋਂ ਸਸਤਾ ਤੇਲ ਖਰੀਦ ਕੇ ਵਰਤ ਰਿਹਾ ਹੈ।

ਸੰਸਾਰ ਵਿਚ ਹੁੰਦਾ ਉਹੀ ਹੈ ਜੋ ਅਮਰੀਕਾ ਚਾਹੁੰਦਾ ਹੈ, ਸੋ ਅਨੇਕਾਂ ਦੇਸ਼ਾਂ ਦੀਆਂ ਸਰਕਾਰਾਂ, ਅਮਰੀਕਾ ਦੇ ਹੱਥ-ਠੋਕੇ ਅਤੇ ਕੱਠ-ਪੁਤਲੀਆਂ ਬਣੀਆਂ ਹੋਈਆਂ ਹਨ।

ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਨੂੰ ਮਿਲਦਾ ਹੈ ਤਾਂ ਇਹ ਮਿਲਣੀ ਉਸੇ ਪ੍ਰਕਾਰ ਦੀ ਹੁੰਦੀ ਹੈ, ਜਿਵੇਂ ਇਕ ਮੁਜ਼ਾਰੇ ਦਾ ਪੁੱਤਰ ਇਕ ਧਨਵਾਨ ਰਈਸ ਨੂੰ ਮਿਲਦਾ ਹੈ।

ਨਸ਼ੀਲੇ ਪਦਾਰਥਾਂ ਦੇ ਕਾਲੇ ਧੰਦੇ ਵਿਚ ਲਗੇ ਅਮਰੀਕੀ ਲੋਕਾਂ ਨੂੰ ਮਾਫ਼ੀਆ ਕਹਿੰਦੇ ਹਨ ਅਤੇ ਮਾਫ਼ੀਏ ਦਾ ਜ਼ੋਰ ਅਤੇ ਸਹਿਮ ਇਤਨਾ ਹੈ ਕਿ ਪੁਲੀਸ ਵੀ ਥਰ-ਥਰ ਕੰਬਦੀ ਹੈ

ਅਤੇ ਇਨ੍ਹਾਂ ਦੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਜਾਣ ਤੋਂ ਕਤਰਾਉਂਦੀ ਹੈ। ਨਸ਼ੀਲੇ ਪਦਾਰਥਾਂ ਦੇ ਪੈਕਟ ਇਕ ਕਾਰਖਾਨੇ ਦੇ ਦਫ਼ਤਰ ਦੇ ਮਾਲਕ ਦੀ ਮੇਜ਼ ਉਤੇ ਸੁੱਟ ਕੇ ਇਹ ਲੁਟੇਰੇ ਧਮਕੀ ਦੇ ਕੇ ਕਹਿਣਗੇ ਕਿ ਉਹ ਅਗਲੇ ਹਫ਼ਤੇ ਇਸੇ ਦਿਨ, ਇਸੇ ਵੇਲੇ ਇਸ ਦੀ ਕੀਮਤ ਵਸੂਲਣ ਆਉਣਗੇ। ਮਾਲਕ ਦੀ ਹਿੰਮਤ ਨਹੀਂ ਪੈਂਦੀ ਕਿ ਕੁਸਕ ਸਕੇ।

ਅਸੀਂ ਤਾਂ ਅਜੇ ਬੜਾ ਹੀ ਸਾਊ ਜੀਵਨ ਜਿਉਂ ਰਹੇ ਹਾਂ, ਜੇ ਨਰਕ ਵੇਖਣਾ ਹੈ ਤਾਂ ਅਮਰੀਕਾ ਜਾਵੋ। ਪਤੀਲੇ ਦਾ ਢੱਕਣ ਚੁੱਕ ਕੇ ਵੇਖਣ ਦੀ ਲੋੜ ਹੈ ਕਿ ਕੀ ਰਿਝ ਰਿਹਾ ਹੈ। ਲੱਖਾਂ ਪਰਿਵਾਰ ਇਨ੍ਹਾਂ ਨਸ਼ੀਲੇ ਪਦਾਰਥਾਂ ਦੇ ਉਜਾੜੇ ਪਏ ਹਨ, ਲੱਖਾਂ ਜਵਾਨ ਮੁੰਡੇ, ਕੁੜੀਆਂ ਨੇ ਆਪਣੀ ਜਵਾਨੀ ਨਸ਼ਿਆਂ ਦੇ ਹਵਾਲੇ ਕੀਤੀ ਹੋਈ ਹੈ।

ਸਭ ਤੋਂ ਵੱਡਾ ਨੁਕਸਾਨ ਤਾਂ ਉਹ ਹੈ ਜਿਹੜਾ ਇਨ੍ਹਾਂ ਨਸ਼ੀਲੇ ਪਦਾਰਥਾਂ ਨੂੰ ਸੰਸਾਰ ਭਰ ਵਿਚ ਫੈਲਾ ਕੇ ਅਮਰੀਕਾ ਵਲੋਂ ਪਹੁੰਚਾਇਆ ਜਾ ਰਿਹਾ ਹੈ। ਇਸ ਕੰਮ ਵਿਚ ਪੁਲੀਸ ਅਤੇ ਫੌਜ ਤਕ ਨੂੰ ਨਾਲ ਰਲਾ ਲਿਆ ਗਿਆ ਹੈ ਅਤੇ ਨਸ਼ੀਲੇ ਪਦਾਰਥਾਂ ਦਾ ਤੇਜ਼ੀ ਨਾਲ ਆਦਾਨ-ਪ੍ਰਦਾਨ ਹੋ ਰਿਹਾ ਹੈ ਅਤੇ ਸਾਰੇ ਆਪਣਾ ਹਿੱਸਾ ਵੰਡ ਰਹੇ ਹਨ।

ਹੋਰ ਤਾਂ ਹੋਰ ਕਈ ਦੇਸ਼ਾਂ ਦੀਆਂ ਸਰਕਾਰਾਂ ਵੀ ਇਸ ਕੰਮ ਵਿਚ ਭਾਈਵਾਲ ਬਣਾ ਲਈਆਂ ਗਈਆਂ ਹਨ।

ਅਮਰੀਕਾ ਦੇ ਸਾਰੇ ਮਾਪੇ ਇਸ ਡਰ ਨਾਲ ਸਹਿਮੇ ਪਏ ਹਨ ਕਿ ਕਿਧਰੇ ਉਨ੍ਹਾਂ ਦੇ ਧੀਆਂ-ਪੁੱਤਰ ਇਸ ਮਾਫ਼ੀਏ ਦੇ ਚੁੰਗਲ ਵਿਚ ਨਾ ਫਸ ਜਾਣ।

ਇਸ ਮਾਫ਼ੀਏ ਲਈ ਹਰ ਭੈੜਾ ਕੰਮ ਸ਼ੁਭ ਹੈ।

ਪੈਸਾ ਕਮਾਉਣ ਦੀ ਲਾਲਸਾ ਨੇ ਅਮਰੀਕਨਾਂ ਨੂੰ ਹੈਵਾਨ ਬਣਾ ਦਿੱਤਾ ਹੈ ਅਤੇ ਪੈਸਾ ਕਮਾਉਣ ਲਈ ਉਹ ਸਭ ਕੁਝ ਕਰਨ ਲਈ ਤਿਆਰ ਹਨ, ਜਿਸ ਕਾਰਨ ਉਨ੍ਹਾਂ ਲਈ ਚੋਰੀ, ਡਾਕਾ, ਲੁੱਟ, ਸਭ ਜਾਇਜ਼ ਹੈ।

ਤੁਹਾਡੀ ਕਾਰ ਵਿਚ ਕੋਈ ਕੀਮਤੀ ਚੀਜ਼ ਪਈ ਹੋਵੇ ਸਹੀ, ਵਾਪਸ ਆਉਣ ਉਤੇ ਸ਼ੀਸ਼ਾ ਟੁੱਟਾ ਹੋਵੇਗਾ ਅਤੇ ਚੀਜ਼ ਗਾਇਬ ਹੋਵੇਗੀ।

ਮੈਂ ਨਿਊਯਾਰਕ ਜਾਣਾ ਸੀ। ਮੇਰੇ ਮਿੱਤਰ ਨੇ ਮੈਨੂੰ ਸਮਝਾਇਆ ਕਿ ਆਪਣੇ ਬਟੂਏ ਵਿਚ ਵੀਹ ਡਾਲਰ ਤੋਂ ਘੱਟ ਨਾ ਲੈ ਕੇ ਜਾਵਾਂ ਅਤੇ ਇਸ ਤੋਂ ਵੱਧ ਵੀ ਨਾ ਲੈ ਕੇ ਜਾਵਾਂ। ਉਸ ਨੇ ਕਿਹਾ ਕਿ ਜੇ ਕੋਈ ਚਾਕੂ, ਪਿਸਤੌਲ ਵਿਖਾਵੇ ਤਾਂ ਵੀਹ ਡਾਲਰ ਕੱਢ ਕੇ ਦੇ ਦੇਣੇ, ਦੇਰੀ ਨਹੀਂ ਕਰਨੀ, ਕਿਉਂਕਿ ਲੁਟੇਰਿਆਂ ਦਾ ਸਮਾਂ ਬੜਾ ਹੀ ਕੀਮਤੀ ਹੁੰਦਾ ਹੈ, ਬਹਿਸ ਨਹੀਂ ਕਰਨੀ, ਕੁਝ ਕਹਿਣਾ ਨਹੀਂ, ਜੇ ਇਤਨਾ ਕੁਝ ਵਾਪਰ ਜਾਵੇ ਤਾਂ ਹੈਰਾਨ ਨਹੀਂ ਹੋਣਾ।

ਉਸ ਨੇ ਮੈਨੂੰ ਇਹ ਵੀ ਦਸਿਆ ਕਿ ਗੱਡੀ ਉਤੇ ਨਹੀਂ ਚੜ੍ਹਨਾ, ਕਿਉਂਕਿ ਉਸ ਉਤੇ ਲੁਟੇਰਿਆਂ ਦਾ ਰਾਜ ਚਲਦਾ ਹੈ। ਉਸ ਨੇ ਮੈਨੂੰ ਸੁੰਨੀ ਸੜਕ ਉਤੇ ਜਾਣ ਤੋਂ ਸੰਕੋਚ ਕਰਨ ਲਈ ਕਿਹਾ ਅਤੇ ਇਹ ਵੀ ਕਿਹਾ ਕਿ ਹੱਥ ਵਿਚ ਕੋਈ ਕੀਮਤੀ ਚੀਜ਼ ਨਹੀਂ ਚੁੱਕਣੀ।

ਬਹੁਤੇ ਜੁਰਮ ਕਾਲੇ ਲੋਕ ਕਰਦੇ ਹਨ, ਕਿਉਂਕਿ ਅਮਰੀਕਾ ਨੇ ਇਨ੍ਹਾਂ ਨੂੰ ਇਸ ਹੱਦ ਤਕ ਲੁੱਟਿਆ ਹੈ ਅਤੇ ਬੇਇੱਜ਼ਤ ਕੀਤਾ ਹੈ ਕਿ ਉਨ੍ਹਾਂ ਲਈ ਸਨਮਾਨ ਭਰਿਆ ਜੀਵਨ ਗੁਜ਼ਾਰਨਾ ਸੰਭਵ ਹੀ ਨਹੀਂ ਰਿਹਾ।

ਇਨ੍ਹਾਂ ਲੋਕਾਂ ਦੀਆਂ ਬਸਤੀਆਂ ਗੰਦੀਆਂ ਹਨ, ਇਨ੍ਹਾਂ ਦੇ ਘਰਾਂ ਦੀ ਹਾਲਤ ਮਾੜੀ ਹੈ, ਬੇਰੋਜ਼ਗਾਰੀ ਕਾਰਨ ਉਹ ਜੁਰਮ ਕਰਨ ਲਈ ਮਜਬੂਰ ਹਨ। ਇਨ੍ਹਾਂ ਲੋਕਾਂ ਦੀ ਗਿਣਤੀ ਅਮਰੀਕਾ ਦੀ ਕੁਲ ਆਬਾਦੀ ਦਾ ਕੇਵਲ ਦੱਸਵਾਂ ਭਾਗ ਹੈ ਪਰ ਅਮਰੀਕਾ ਇਨ੍ਹਾਂ ਦੀ ਸਮੱਸਿਆ ਨੂੰ ਸੁਲਝਾ ਨਹੀਂ ਸਕਿਆ।

ਮੇਰੇ ਮਿੱਤਰ ਨੇ ਇਹ ਵੀ ਦੱਸਿਆ ਕਿ ਕਈ ਗੋਰੇ ਪੁਰਸ਼ ਅਤੇ ਇਸਤਰੀਆਂ ਵੀ ਲੁੱਟਣ ਦੇ ਇਸ ਧੰਦੇ ਵਿਚ ਲਗੇ ਹੋਏ ਹਨ, ਸੋ ਘਬਰਾਉਣਾ ਨਹੀਂ ਪਰ ਹਰ ਥਾਂ, ਹਰ ਵੇਲੇ, ਸੁਚੇਤ, ਸਾਵਧਾਨ ਅਤੇ ਚੁਕੰਨੇ ਜ਼ਰੂਰ ਰਹਿਣਾ ਹੈ।

ਜਦੋਂ ਸ਼ਾਮ ਪੈਂਦੀ ਹੈ ਤਾਂ ਨਿਊਯਾਰਕ ਇੰਜ ਲਗਦਾ ਹੈ, ਜਿਵੇਂ ਕਰਫਿਊ ਲੱਗਿਆ ਹੋਵੇ ਅਤੇ ਸੁੰਨੀਆਂ ਗਲੀਆਂ ਵਿਚ ਮਿਰਜ਼ੇ ਦੇ ਕਾਲੇ ਭੈਣ ਭਰਾ ਖੁਲ੍ਹੇ ਘੁੰਮਦੇ ਹਨ।

ਅਮਰੀਕੀ ਜੀਵਨ ਵਿਚ ਅਤੇ ਵਿਸ਼ੇਸ਼ ਕਰਕੇ ਵੱਡੇ ਸ਼ਹਿਰਾਂ ਵਿਚ ਇਕ ਸਹਿਮ ਜਿਹਾ ਪਸਰਿਆ ਹੋਇਆ ਹੈ।

ਅਮਰੀਕਾ ਨੇ ਸੰਸਾਰ ਦੇ ਸਭ ਤੋਂ ਵੱਧ ਨੋਬਲ ਇਨਾਮ ਜੇਤੂ ਪੈਦਾ ਕੀਤੇ ਹਨ ਅਤੇ ਅਮਰੀਕਾ ਨੇ ਹੀ ਸੰਸਾਰ ਦੇ ਸਭ ਤੋਂ ਵੱਡੇ ਮੁਜਰਿਮ ਪੈਦਾ ਕੀਤੇ ਹਨ। ਮੁਜਰਿਮਾਂ ਵਿਚ ਵੀ ਬੜੀ ਸਿਰਜਣਾਤਮਕ ਸ਼ਕਤੀ ਹੁੰਦੀ ਹੈ ਪਰ ਇਹ ਪੁਠੀ ਦਿਸ਼ਾ ਵਿਚ ਵਹਿੰਦੀ ਹੈ। ਹਰ ਮੁਜਰਿਮ ਲਈ ਅਮਰੀਕਾ ਮੱਕਾ ਹੈ।

ਪੈਸੇ ਲਈ ਹਰ ਅਮਰੀਕਨ ਕੁਝ ਵੀ ਕਰ ਸਕਦਾ ਹੈ। ਪੈਸਾ ਅਮਰੀਕੀ ਜੀਵਨ ਦੀ ਚੂਲ ਹੈ। ਉਥੇ ਹਰ ਚੀਜ਼ ਵਿਕਦੀ ਹੈ, ਹਰ ਚੀਜ਼ ਤੋਂ ਮੇਰਾ ਭਾਵ, ਹਰ ਚੀਜ਼ ਤੋਂ ਹੈ। ਉਨ੍ਹਾਂ ਦੇ ਰਾਸ਼ਟਰਪਤੀ ਦਾ ਵਾਈਟ ਹਾਊਸ ਵੀ ਵਿਕਾਊ ਹੈ, ਇਹ ਵਿਕਦਾ ਇਸ ਲਈ ਨਹੀਂ, ਕਿਉਂਕਿ ਇਸ ਦਾ ਮੁੱਲ ਬਹੁਤ ਜ਼ਿਆਦਾ ਹੈ।

ਅਮਰੀਕਨਾਂ ਦਾ ਦਾਓ ਲੱਗਣ ਦੀ ਦੇਰ ਹੈ, ਉਨ੍ਹਾਂ ਦੀ ਦਾੜ੍ਹ ਥਲੇ ਆਉਣ ਦੀ ਦੇਰ ਹੈ, ਉਨ੍ਹਾਂ ਦੇ ਅੜਿਕੇ ਚੜ੍ਹਨ ਦੀ ਦੇਰ ਹੈ, ਉਹ ਵਰਤ ਕੇ ਤੁਹਾਨੂੰ ਚੂਸੇ ਹੋਏ ਗੰਨੇ ਵਾਂਗ, ਨਿਚੋੜੇ ਹੋਏ ਨਿੰਬੂ ਵਾਂਗ ਜਾਂ ਪੁਰਾਣੀ ਅਖ਼ਬਾਰ ਵਾਂਗ ਸੁੱਟ ਦੇਣਗੇ।

ਜਿਤਨਾ ਚਿਰ ਤੁਸੀਂ ਲਾਭਦਾਇਕ ਹੋ, ਸਾਰੇ ਤੁਹਾਡਾ ਮੁੱਲ ਪਾਉਣਗੇ ਪਰ ਤੁਸੀਂ ਪੁਰਾਣੇ ਹੋਏ ਨਹੀਂ ਕਿ ਉਨ੍ਹਾਂ ਅੱਖਾਂ ਫੇਰੀਆਂ ਨਹੀਂ।

ਅਮਰੀਕਾ ਵਿਚ ਜਿਹੜੀ ਦੁਰਗੱਤ ਬਜ਼ੁਰਗਾਂ ਨਾਲ ਹੁੰਦੀ ਹੈ ਉਹ ਵੇਖਣੀ ਤਾਂ ਕੀ ਸੁਣੀ ਵੀ ਨਹੀਂ ਜਾ ਸਕਦੀ।

ਸਾਡੇ ਦੇਸ਼ ਵਿਚ ਤਾਂ ਨੂੰਹ-ਸੱਸ ਦੀ ਨਹੀਂ ਬਣਦੀ, ਉਥੇ ਕਿਸੇ ਦੀ ਵੀ ਕਿਸੇ ਨਾਲ ਨਹੀਂ ਬਣਦੀ, ਹਰ ਕੋਈ ਨੂੰਹ ਹੈ ਅਤੇ ਹਰ ਕੋਈ ਸੱਸ ਹੈ। ਉਥੇ ਬਜ਼ੁਰਗਾਂ ਨੂੰ ਪੈਸੇ ਦੇ ਪੱਖੋਂ ਤੰਗੀ ਨਹੀਂ ਹੁੰਦੀ, ਮਨੁੱਖੀ ਰਿਸ਼ਤਿਆਂ ਦੇ ਰੁਖੇਪਣ ਤੋਂ ਉਹ ਦੁੱਖੀ ਹੁੰਦੇ ਹਨ।

ਉਥੇ ਪਿਆਰ ਅਤੇ ਸਨੇਹ ਦੇ ਪ੍ਰਗਟਾਵੇ ਬਨਾਵਟੀ ਹਨ।

ਤਿੰਨ ਧੀਆਂ ਦੀ ਇਕ ਮਾਂ ਮੈਨੂੰ ਮਿਲੀ ਪਰ ਉਸ ਨੂੰ ਨਹੀਂ ਸੀ ਪਤਾ ਕਿ ਉਸ ਦੀਆਂ ਧੀਆਂ ਕਿਥੇ ਰਹਿੰਦੀਆਂ ਸਨ। ਉਹ ਨਵੇਂ ਵਰ੍ਹੇ ਦਾ ਕਾਰਡ ਜ਼ਰੂਰ ਭੇਜਦੀਆਂ ਸਨ ਪਰ ਆਪਣਾ ਪਤਾ ਨਹੀਂ ਸਨ ਲਿਖਦੀਆਂ।

ਵਿਦੇਸ਼ ਤੋਂ ਆਏ ਇਕ ਡਾਕਟਰ ਨੇ ਇਕ ਵਿਅਕਤੀ ਦੀ ਹਸਪਤਾਲ ਵਿਚ ਮੌਤ ਦੀ ਖਬਰ, ਰਾਤ ਨੂੰ ਜਦੋਂ ਉਸ ਦੇ ਪੁੱਤਰ ਨੂੰ ਟੈਲੀਫੋਨ ਉਤੇ ਦਿੱਤੀ ਤਾਂ ਪੁੱਤਰ ਨੇ ਅਗੋਂ ਕਿਹਾ, "ਕੀ ਤੁਸੀਂ ਮੈਨੂੰ ਇਹ ਗੱਲ ਸਵੇਰੇ ਨਹੀਂ ਸੀ ਦਸ ਸਕਦੇ ? ਤੁਸੀਂ ਮੇਰੀ ਨੀਂਦਰ ਖਰਾਬ ਕਿਉਂ ਕੀਤੀ ਹੈ ? "

ਉਥੇ ਕਿਸੇ ਮਿੱਤਰ-ਪਿਆਰੇ ਦੇ ਮਰਨ ਦਾ ਦੁੱਖ ਨਹੀਂ ਹੁੰਦਾ, ਸਗੋਂ ਕਈ ਉਸ ਦੀ ਮੌਤ ਉਤਸੁਕਤਾ ਨਾਲ ਉਡੀਕਦੇ ਹਨ, ਕਿਉਂਕਿ ਉਨ੍ਹਾਂ ਦੀ ਨਜ਼ਰ ਉਸ ਦੇ ਹੋਏ ਬੀਮੇ ਦੇ ਪੈਸਿਆਂ ਅਤੇ ਜਾਇਦਾਦ ਉਤੇ ਹੁੰਦੀ ਹੈ।

ਬਹੁਤੇ ਅਮਰੀਕਨ ਜਾਇਦਾਦ ਛਡੇ ਬਿਨਾਂ ਮਰਦੇ ਹਨ ਅਤੇ ਦਾਹ-ਸੰਸਕਾਰ ਕਰਨ ਵਾਲੀਆਂ ਕੰਪਨੀਆਂ ਕੋਲ ਆਪਣੇ ਦਫ਼ਨਾਏ ਜਾਣ ਲਈ ਰਕਮ ਪਹਿਲਾਂ ਹੀ ਜਮ੍ਹਾਂ ਕਰਵਾ ਛਡਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਕਿਸੇ ਸਾਕ-ਸੰਬੰਧੀ ਨੇ ਉਨ੍ਹਾਂ ਪ੍ਰਤੀ ਇਹ ਜ਼ਿੰਮੇਵਾਰੀ ਪੂਰੀ ਨਹੀਂ ਕਰਨੀ।

ਅਮਰੀਕਾ ਵਿਚ ਤੁਸੀਂ ਕਿਧਰੇ ਵੀ ਦੋ ਟੱਬਰਾਂ ਨੂੰ ਕਿਸੇ ਇਕ ਥਾਂ ਇਕੱਠੇ ਨਹੀਂ ਵੇਖੋਗੇ। ਸਾਰੇ ਵਿਜੋਗਿਆ ਹੋਇਆ ਜੀਵਨ ਜੀ ਰਹੇ ਹਨ। ਇਸ ਵਿਜੋਗੇ ਹੋਏ ਜੀਵਨ ਨੂੰ ਉਹ ਆਜ਼ਾਦੀ ਕਹਿੰਦੇ ਹਨ।

ਪਿਆਰ ਅਤੇ ਹਮਦਰਦੀ ਦੀ ਚਿੱਠੀ ਲਿਖਣ ਦੀ ਥਾਂ ਕਾਰਡ ਭੇਜਣ ਦੀ ਜਿਹੜੀ ਬੀਮਾਰੀ ਅਸੀਂ ਸਹੇੜ ਲਈ ਹੈ ਉਹ ਉਪਰੋਕਤ ਸੰਦਰਭ ਵਿਚ ਹੀ ਸਮਝੀ ਜਾ ਸਕਦੀ ਹੈ।

ਅਮਰੀਕਾ ਵਿਚ ਵਪਾਰਕ ਅਦਾਰਿਆਂ ਨੇ ਆਪਣਾ ਮਾਲ ਵੇਚਣ ਦੇ ਅਨੇਕਾਂ ਢੰਗ ਲਭੇ ਹੋਏ ਹਨ। ਪਿਤਾ ਦਾ ਦਿਹਾੜਾ, ਮਾਤਾ ਦਾ ਦਿਹਾੜਾ, ਅਧਿਆਪਕ ਦਾ ਦਿਹਾੜਾ, ਡਾਕੀਏ ਦਾ ਦਿਹਾੜਾ ਆਦਿ ਕੁਝ ਉਦਾਹਰਣਾਂ ਹਨ। ਇਨ੍ਹਾਂ ਦਿਹਾੜਿਆਂ ਉਤੇ ਦੁਕਾਨਾਂ ਉਨ੍ਹਾਂ ਚੀਜ਼ਾਂ ਨਾਲ ਵਿਸ਼ੇਸ਼ ਤੌਰ ਉਤੇ ਸਜਾਈਆਂ ਜਾਂਦੀਆਂ ਹਨ, ਜਿਹੜੀਆਂ ਤੋਹਫ਼ੇ ਵਜੋਂ ਦਿਤੀਆਂ ਜਾ ਸਕਣ। ਕਈ ਦੁਕਾਨਾਂ ਕੇਵਲ ਕਾਰਡ ਹੀ ਵੇਚਦੀਆਂ ਹਨ। ਓਪਰੀ ਨਜ਼ਰੇ ਇੰਜ ਪ੍ਰਤੀਤ ਹੋਵੇਗਾ ਜਿਵੇਂ ਇਸ ਸਮਾਜ ਵਿਚ ਲੋਕਾਂ ਦਾ ਆਪਸ ਵਿਚ ਬੜਾ ਪਿਆਰ ਹੈ ਪਰ ਸਾਰਾ ਕੁਝ ਇਸ ਹੱਦ ਤੱਕ ਮਕਾਨਕੀ ਹੈ ਕਿ ਅਕੇਵਾਂ ਪ੍ਰਤੀਤ ਹੁੰਦਾ ਹੈ।

ਸਾਡੀ ਜਵਾਨ ਪੀੜ੍ਹੀ ਨੇ ਅਮਰੀਕੀ ਜੀਵਨ ਨੂੰ ਆਪਣਾ ਆਦਰਸ਼ ਬਣਾ ਲਿਆ ਹੈ ਅਤੇ ਨਕਲ ਦੀ ਵਿਸ਼ਾਲ ਪ੍ਰਵਿਰਤੀ ਕਾਰਨ ਸਾਡੀਆਂ ਆਪਣੀਆਂ ਸਭਿਆਚਾਰਕ ਕਦਰਾਂ ਕੀਮਤਾਂ ਖੁਰਦੀਆਂ ਜਾ ਰਹੀਆਂ ਹਨ ਅਤੇ ਮਾਨਸਿਕ ਅਤੇ ਵਿਹਾਰਕ ਦੋਹਾਂ ਪੱਖਾਂ ਤੋਂ ਅਸੀਂ ਨਵੀਂ ਗੁਲਾਮੀ ਦਾ ਸ਼ਿਕਾਰ ਹੋ ਰਹੇ ਹਾਂ।

ਪੈਸੇ ਦੀ ਖਾਤਰ ਕੀਤੇ ਜੁਰਮਾਂ ਨਾਲ ਅਮਰੀਕਨ ਜੀਵਨ ਗ੍ਰਹਿਣਿਆ ਪਿਆ ਹੈ। ਜੁਰਮ-ਬਿਰਤੀ ਦਾ ਇਸ ਪੱਧਰ ਤੱਕ ਬੋਲਬਾਲਾ ਹੈ ਕਿ ਸ਼ਾਇਦ ਹੀ ਕੋਈ ਇਸ ਤੋਂ ਮੁਕਤ ਹੋਵੇ। ਜੀਵਨ ਦੀ ਗਤੀ ਇਤਨੀ ਤੇਜ਼ ਹੈ ਕਿ ਕਿਸੇ ਅਜਿਹੀ ਪ੍ਰਵਿਰਤੀ ਉਤੇ ਕਾਬੂ ਪਾਉਣਾ ਤਾਂ ਇਕ ਪਾਸੇ ਰਿਹਾ, ਉਸ ਦੀ ਰਫ਼ਤਾਰ ਨੂੰ ਹੌਲੀ ਕਰਨਾ ਵੀ ਸੰਭਵ ਨਹੀਂ। ਨਵੀਂ ਪੀੜ੍ਹੀ ਇਸ ਹੱਦ ਤਕ ਗੈਰ-ਜ਼ਿੰਮੇਵਾਰ ਅਤੇ ਬਦਤਮੀਜ਼ ਹੈ ਕਿ ਭਾਰਤ ਜਿਹੇ ਦੇਸ਼ ਦਾ ਵਾਸੀ ਉਥੇ ਬਹੁਤਾ ਚਿਰ ਤਸੱਲੀ ਨਾਲ ਨਹੀਂ ਰਹਿ ਸਕਦਾ।

ਅਖਬਾਰਾਂ ਵਿਚ ਪੈਸੇ ਦੀ ਖਾਤਰ ਪੁੱਤਰਾਂ-ਧੀਆਂ ਵਲੋਂ ਮਾਪਿਆਂ ਦੇ ਕਤਲਾਂ, ਪਤਨੀਆਂ ਵਲੋਂ ਪਤੀਆਂ ਦੇ ਕਤਲ ਆਦਿ ਦੀਆਂ ਘਟਨਾਵਾਂ ਦੀ ਭਰਮਾਰ ਹੈ। ਹੋਟਲਾਂ ਵਿਚ ਨੰਗੇ ਨਾਚ ਕਰਨ ਵਾਲੀਆਂ ਇਸਤਰੀਆਂ ਦੇ ਅਕਸਰ ਕਤਲ ਹੁੰਦੇ ਹਨ ਕਿਉਂਕਿ ਜਵਾਨ ਗਾਹਕ ਉਨ੍ਹਾਂ ਨਾਲ ਭਾਵਕ ਸਾਂਝ ਪਾ ਲੈਂਦੇ ਹਨ, ਅਤੇ ਜਦੋਂ ਉਨ੍ਹਾਂ ਦੀਆਂ ਇੱਛਾਵਾਂ ਦੀ ਪੂਰਤੀ ਨਹੀਂ ਹੁੰਦੀ ਜਾਂ ਜਦੋਂ ਕੋਈ ਨਾਚੀ ਵਧੇਰੇ ਦਾਦ ਦੇਣ ਵਾਲੇ ਗਾਹਕ ਨਾਲ ਵਧੇਰੇ ਅਪਣੱਤ ਨਾਲ ਪੇਸ਼ ਆਉਂਦੀ ਹੈ ਤਾਂ ਕਈ ਵਾਰੀ ਦੰਗਾ-ਫਸਾਦ ਹੁੰਦਾ ਹੈ।

ਮਾਪਿਆਂ ਵੱਲੋਂ ਸੰਤਾਨ ਨੂੰ ਯੋਗ ਅਗਵਾਈ ਨਾ ਮਿਲਣ ਕਾਰਨ ਸੰਤਾਨ ਨੂੰ ਨਾ ਕੋਈ ਸੇਧ ਮਿਲਦੀ ਹੈ ਨਾ ਹੀ ਅਗਵਾਈ ਅਤੇ ਨਤੀਜਾ ਇਹ ਹੁੰਦਾ ਹੈ ਕਿ ਨਵੀਂ ਪੀੜ੍ਹੀ ਨਾ ਕੇਵਲ ਲਾ-ਪ੍ਰਵਾਹ ਹੈ ਸਗੋਂ ਸਮਾਜ-ਵਿਰੋਧੀ ਵੀ ਹੈ।

ਅਮਰੀਕਾ ਵਿਚ ਬੱਚੇ, ਬੱਚੇ ਨਹੀਂ, ਵਡੀਆਂ ਆਫ਼ਤਾਂ ਹਨ।

ਅਮਰੀਕਾ ਵਿਚ ਹਥਿਆਰ ਰੱਖਣ ਦੀ ਖੁੱਲ੍ਹ ਹੈ ਅਤੇ ਅਕਸਰ ਹਰ ਵਿਅਕਤੀ ਨੇ ਬੰਦੂਕ ਜਾਂ ਪਿਸਤੌਲ ਰੱਖੀ ਹੋਈ ਹੈ।

ਸਫਰ 'ਤੇ ਹਥਿਆਰ ਬਿਨਾਂ ਜਾਣਾ ਸੁਰੱਖਿਅਤ ਨਹੀਂ ਮੰਨਿਆ ਜਾਂਦਾ।

ਜਿਸ ਵਿਅਕਤੀ ਕੋਲ ਹਥਿਆਰ ਹੋਵੇ, ਉਸ ਵਿਚ ਗੁੱਸਾ ਜਲਦੀ ਚੜ੍ਹਨ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ ਜਾਂ ਜਿਸ ਵਿਚ ਗੁੱਸਾ ਜਲਦੀ ਚੜ੍ਹਨ ਦੀ ਪ੍ਰਵਿਰਤੀ ਹੋਵੇ, ਉਹ ਹਥਿਆਰ ਰੱਖਣ ਬਾਰੇ ਸੋਚਦਾ ਹੈ।

ਹਥਿਆਰ ਉਥੇ ਇਵੇਂ ਵਿਕਦੇ ਹਨ ਜਿਵੇਂ ਸਾਡੇ ਹਲਵਾਈਆਂ ਦੀਆਂ ਦੁਕਾਨਾਂ ਉਤੇ ਖਾਣ ਵਾਲੀਆਂ ਚੀਜ਼ਾਂ ਵਿਕਦੀਆਂ ਹਨ। ਅਮਰੀਕੀ ਜੀਵਨ ਵਿਚ ਹਥਿਆਰਾਂ ਦੀ ਭਰਮਾਰ ਕਾਰਨ ਹਿੰਸਾ ਦਾ ਬੋਲਬਾਲਾ ਹੈ। ਭਾਵੇਂ ਸਭਨੀ ਥਾਂਈਂ ਪੁਲੀਸ ਦੇ ਪ੍ਰਬੰਧ ਬੜੇ ਕਰੜੇ ਹਨ ਅਤੇ ਹਰ ਇਕ ਵਿਅਕਤੀ ਨੂੰ ਪਤਾ ਹੁੰਦਾ ਹੈ ਕਿ ਦੂਜੇ ਕੋਲ ਵੀ ਹਥਿਆਰ ਹੋਵੇਗਾ, ਫਿਰ ਵੀ ਹਿੰਸਾ ਬਹੁਤ ਅਧਿਕ ਹੈ।

ਸਾਰਾ ਅਮਰੀਕੀ ਸਮਾਜ ਹਿੰਸਾ ਦੇ ਸਹਿਮ ਥੱਲੇ ਜਿਉਂ ਰਿਹਾ ਹੈ।

ਹਿੰਸਾ ਦੀ ਪ੍ਰਵਿਰਤੀ ਨੂੰ ਪ੍ਰਚਾਰਨ ਦਾ ਕੰਮ ਅਮਰੀਕਾ ਦੀਆਂ ਫਿਲਮਾਂ ਕਰਦੀਆਂ ਹਨ। ਅਮਰੀਕੀ ਫਿਲਮਾਂ ਦੀਆਂ ਦੋ ਵੰਨਗੀਆਂ ਵਿਸ਼ੇਸ਼ ਤੌਰ ਉਤੇ ਪ੍ਰਵਾਨਿਤ ਹਨ। ਇਕ

ਵੰਨਗੀ ਹਿੰਸਾ ਵਾਲੀਆਂ ਫਿਲਮਾਂ ਦੀ ਹੈ ਅਤੇ ਦੂਜੀ ਕਾਮ ਸੰਬੰਧੀ ਫ਼ਿਲਮਾਂ ਦੀ। ਇਨ੍ਹਾਂ ਫ਼ਿਲਮਾਂ ਨੂੰ ਸਮਾਜ ਦਾ ਹਰ ਵਰਗ ਵੇਖਦਾ ਹੈ ਅਤੇ ਉਸ ਦੀ ਮਾਨਸਿਕਤਾ ਸੁਭਾਵਕ ਹੀ ਫਿਲਮਾਂ ਵਿਚਲੇ ਵਰਤਾਰਿਆਂ ਨੂੰ ਵੇਖ ਕੇ ਪ੍ਰਭਾਵਿਤ ਹੁੰਦੀ ਹੈ।

ਅਮਰੀਕਨ ਹਰ ਹੀਲੇ ਅਮੀਰ ਹੋਣਾ ਚਾਹੁੰਦੇ ਹਨ, ਸੋ ਉਨ੍ਹਾਂ ਵਿਚ ਪਾਪ-ਪੁੰਨ ਦਾ ਵਿਚਾਰ ਨਹੀਂ ਉਪਜਦਾ ।

ਅਮਰੀਕਾ ਵਿਚ ਮੈਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਉੱਥੇ ਲਾਟਰੀ ਪਾਉਣ ਦੀ ਪ੍ਰਵਿਰਤੀ ਬੜੀ ਬਲਵਾਨ ਹੈ। ਹਰ ਸ਼ਹਿਰ ਦੀ, ਹਰ ਪ੍ਰਾਂਤ ਦੀ ਆਪਣੀ ਵੱਖਰੀ ਲਾਟਰੀ ਹੈ। ਪੈਸੇ ਕਮਾਉਣ ਦੇ ਲਾਟਰੀ ਅਤੇ ਜੂਏ ਵਰਗੇ ਹੋਰ ਵੀ ਅਨੇਕਾਂ ਢੰਗ ਅਤੇ ਸਾਧਨ ਹਨ।

ਹਰ ਅਮਰੀਕਨ ਲਾਟਰੀ ਰਾਹੀਂ ਅਮੀਰ ਹੋਣ ਦੇ ਸੁਪਨੇ ਲੈ ਰਿਹਾ ਹੈ ਅਤੇ ਅੰਨ੍ਹੀਂ ਦੌੜ ਵਿਚ ਰੁਝਿਆ ਹੋਇਆ ਹੈ। ਇਹੀ ਕਾਰਨ ਹੈ ਕਿ ਉਸ ਦਾ ਕਿਸੇ ਚੀਜ਼ ਨਾਲ ਮੋਹ ਨਹੀਂ। ਲਾਭ ਹੋਣਾ ਚਾਹੀਦਾ ਹੈ, ਅਮਰੀਕਨ ਹਰ ਚੀਜ਼ ਵੇਚਣ ਲਈ ਤਿਆਰ ਹਨ। ਪੈਸੇ ਦੇ ਜਾਦੂ ਨਾਲ ਸਾਰੇ ਅਮਰੀਕਨ ਅਨੇਕਾਂ ਚਲਿੱਤਰ ਕਰ ਰਹੇ ਹਨ। ਜਿਹੜੀ ਚੀਜ਼ ਵਿਚ ਲਾਭ ਨਹੀਂ, ਉਸ ਦੇ ਉਥੇ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ।

ਸਾਡੇ ਦੇਸ਼ ਵਿਚ ਗਰੀਬੀ ਜ਼ਰੂਰ ਹੈ ਅਤੇ ਇਸ ਗਰੀਬੀ ਦੇ ਅਨੇਕਾਂ ਕਾਰਨ ਹਨ ਪਰ ਫਿਰ ਵੀ ਸਾਡੇ ਜੀਵਨ ਵਿਚ ਮਨੁੱਖੀ ਹਮਦਰਦੀ ਦੀ ਭਾਵਨਾ ਹੈ, ਇਕ ਦੂਜੇ ਦੇ ਦੁੱਖ ਨੂੰ ਵੰਡਾਉਣ ਦਾ ਜਜ਼ਬਾ ਹੈ।

ਅਮਰੀਕਨ ਪੈਸੇ ਵਾਲੇ ਕੰਗਾਲ ਹਨ, ਉਹ ਮਾਨਸਿਕ ਅਤੇ ਆਤਮਿਕ ਪੱਖੋਂ ਵੀ ਗਰੀਬ ਹਨ। ਉਨ੍ਹਾਂ ਨੇ ਵਿਸ਼ਾਲ ਸਾਧਨਾਂ ਵਾਲੇ ਇਕ ਅਸੰਤੁਸ਼ਟ ਸਮਾਜ ਦੀ ਸਿਰਜਣਾ ਕੀਤੀ ਹੈ। ਅਮਰੀਕਨ ਜੀਵਨ ਦਾ ਜਿਸ ਤੇਜ਼ੀ ਨਾਲ ਸਾਡੇ ਜੀਵਨ ਉਤੇ ਪ੍ਰਭਾਵ ਪੈ ਰਿਹਾ ਹੈ, ਉਸ ਨਾਲ ਸਦਾਚਾਰਕ ਪਖੋਂ ਸਾਡਾ ਸਮਾਜ ਨਿਘਰੇਗਾ।

ਅਮਰੀਕਨ ਪ੍ਰਭਾਵਾਂ ਅਧੀਨ ਯੋਰਪ ਵੀ ਨਿਘਰ ਰਿਹਾ ਹੈ।

ਸਾਡੇ ਦੇਸ਼ ਵਿਚ ਭਰਿਸ਼ਟਾਚਾਰ ਦੇ ਸਹਾਰੇ ਚਲ ਰਹੇ ਅਮੀਰ ਘਰਾਂ ਵਿਚਲਾ ਅਮਰੀਕਨ ਜੀਵਨ-ਪ੍ਰਣਾਲੀ ਵਾਲਾ ਵਰਤਾਰਾ ਸਮੁੱਚੇ ਸਮਾਜ ਨੂੰ ਡੇਗਣ ਅਤੇ ਭਰਿਸ਼ਟ ਬਣਾਉਣ ਦਾ ਨਿਰੰਤਰ ਯਤਨ ਕਰ ਰਿਹਾ ਹੈ।

ਅਮਰੀਕੀ ਜੀਵਨ ਦੀ ਜਿਹੜੀ ਗੱਲ ਸਭ ਤੋਂ ਵੱਧ ਹੈਰਾਨ ਅਤੇ ਦੁੱਖੀ ਕਰਨ ਵਾਲੀ ਹੈ, ਉਹ ਉਨ੍ਹਾਂ ਲੋਕਾਂ ਦਾ ਬਾਕੀ ਦੇ ਸੰਸਾਰ ਪ੍ਰਤੀ ਅਵੇਸਲਾਪਣ ਹੈ। ਉਨ੍ਹਾਂ ਦੀ ਫਜ਼ੂਲ ਖਰਚੀ, ਅੰਤਾਂ ਦਾ ਸਾਮਾਨ ਅਜਾਈਂ ਗੁਆਉਣ ਦੀ ਪ੍ਰਵਿਰਤੀ ਅਤੇ ਬਾਕੀ ਦੁਨੀਆਂ ਤੋਂ ਲਾਪ੍ਰਵਾਹੀ ਆਦਿ ਇਕ ਸੋਚਵਾਨ ਵਿਅਕਤੀ ਨੂੰ ਬੇਚੈਨ ਕਰਨ ਵਾਲੀਆਂ ਗੱਲਾਂ ਹਨ। ਮਾਲ ਵੇਚਣ ਲਈ ਉਥੇ ਅਨੇਕਾਂ ਨਵੇਂ-ਨਵੇਂ ਢੰਗ ਲਭੇ ਜਾ ਰਹੇ ਹਨ। ਭਾਵੇਂ ਕਿਸੇ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਪਰ ਹਰ ਕੋਈ ਖਰੀਦੀ ਹੀ ਜਾ ਰਿਹਾ ਹੈ।

ਤੁਹਾਡੀ ਜੇਬ ਵਿਚ ਪੈਸਾ ਹੋਵੇ ਸਹੀ, ਕੱਢਣ ਦਾ ਢੰਗ ਉਹ ਆਪੇ ਲਭ ਲੈਣਗੇ।

ਕਿਉਂਕਿ ਹਰ ਚੀਜ਼ ਉਧਾਰ ਮਿਲ ਜਾਂਦੀ ਹੈ, ਸੋ ਖਰੀਦਣ ਦੀ ਬਿਰਤੀ ਵੀ ਲਾਪ੍ਰਵਾਹੀ ਦੀਆਂ ਹੱਦਾਂ ਛੋਹ ਰਹੀ ਹੈ ਅਤੇ ਨਤੀਜਾ ਇਹ ਹੈ ਕਿ ਹਰ ਘਰ ਵਿਚ ਅੰਤਾਂ ਦਾ ਬੇਲੋੜਾ ਸਾਮਾਨ ਪਿਆ ਹੈ।

ਅਮਰੀਕਨ ਘਰਾਂ ਦੇ ਗੈਰਾਜ ਵਾਧੂ ਸਾਮਾਨ ਨਾਲ ਤੂੜੇ ਪਏ ਹੋਣ ਕਰਕੇ ਵੱਡੇ ਕਬਾੜੀਆਂ ਦੀਆਂ ਦੁਕਾਨਾਂ ਦਾ ਦ੍ਰਿਸ਼ ਪੇਸ਼ ਕਰਦੇ ਹਨ।

ਜੀਵਨ ਵਿਚ ਮਿਲਵਰਤਣ ਦੀ ਥਾਂ ਮੁਕਾਬਲੇ ਦੀ ਬਿਰਤੀ, ਦੂਜਿਆਂ ਨੂੰ ਪਛਾੜ ਕੇ ਅਗੇ ਲੰਘ ਜਾਣ ਦੀ ਲਾਲਸਾ ਅਤੇ ਹਰ ਹੀਲੇ ਆਪਣਾ ਉੱਲੂ ਸਿੱਧਾ ਕਰਨ ਦੀ ਕਾਹਲ ਨਾਲ, ਬੰਦੇ ਮਸ਼ੀਨਾਂ ਬਣ ਗਏ ਹਨ।

ਮਨੁੱਖ ਨਾਲੋਂ ਮਨੁੱਖ ਦਾ ਸੰਪਰਕ ਟੁੱਟ ਗਿਆ ਹੈ, ਘਰ ਟੁੱਟ ਰਹੇ ਹਨ, ਹਰ ਕਿਸੇ ਨੂੰ ਸਰੀਰਕ ਪੱਧਰ 'ਤੇ ਜੀਵਨ ਮਾਣਨ ਦੀ ਕਾਹਲ ਹੈ, ਸੋ ਬੱਚੇ ਰੁਲ ਰਹੇ ਹਨ ਅਤੇ ਬਜ਼ੁਰਗ ਵਿਰਲਾਪ ਕਰ ਰਹੇ ਹਨ।

ਅਮਰੀਕਾ ਵਿਚ ਜੀਵਨ ਦੀ ਗਤੀ ਇਤਨੀ ਤੇਜ਼ ਹੈ ਕਿ ਕਿਸੇ ਕੋਲ ਰੁਕ ਕੇ ਸੋਚਣ ਦੀ ਸਮਰੱਥਾ ਜਾਂ ਵਿਹਲ ਨਹੀਂ। ਕਿਸੇ ਨਾਲ ਕੋਈ ਦੁਖਾਂਤ ਵਾਪਰ ਜਾਵੇ, ਕਿਸੇ ਕੋਲ ਹਮਦਰਦੀ ਦੇ ਦੋ ਬੋਲ ਬੋਲਣ ਦਾ ਸਮਾਂ ਨਹੀਂ।

ਜਦੋਂ ਇਕ ਡਾਕਟਰ ਦੀ ਮੌਤ ਹੋ ਗਈ ਤਾਂ ਉਸ ਦੀ ਉਸੇ ਹਸਪਤਾਲ ਵਿਚ ਲਗੀ ਵਿਧਵਾ ਡਾਕਟਰ ਨੂੰ ਚਾਰ ਘੰਟੇ ਵਿਚ ਮਰ ਗਏ ਪਤੀ ਦਾ ਕਮਰਾ ਖਾਲੀ ਕਰਨ ਦਾ ਨੋਟਿਸ ਜਾਰੀ ਹੋ ਗਿਆ। ਉਥੇ ਜੇ ਪਿਤਾ, ਪੁੱਤਰ ਨੂੰ ਕਾਰ ਸਾਫ਼ ਕਰਨ ਲਈ ਕਹੇ ਤਾਂ ਪੁੱਤਰ ਪੁੱਛਦਾ ਹੈ, ਪੈਸੇ ਕਿਤਨੇ ਮਿਲਣਗੇ ਅਤੇ ਇਕ ਭੈੜੇ ਮਿਸਤਰੀ ਵਾਂਗ ਅੱਧਾ ਕੰਮ ਕਰਕੇ ਹੀ ਪੁੱਤਰ, ਪਿਓ ਨਾਲ ਪੈਸਿਆਂ ਦਾ ਝਗੜਾ ਆਰੰਭ ਕਰ ਦੇਵੇਗਾ।

ਸਾਰੇ ਅਮਰੀਕਨ ਰਿਸ਼ਤੇ ਪੈਸੇ ਨਾਲ ਜੁੜ ਜਾਣ ਕਰਕੇ ਉਥੇ ਪਿਆਰ, ਹਮਦਰਦੀ, ਵਫ਼ਾਦਾਰੀ, ਦੋਸਤੀ, ਸੱਚਾਈ ਆਦਿ ਦੇ ਅਰਥ ਗੁਆਚ ਗਏ ਹਨ।

ਕਿਉਂਕਿ ਅਮਰੀਕਾ ਵਿਚ ਸੰਸਾਰ ਭਰ ਵਿਚੋਂ ਲੋਕ ਆਏ ਹਨ, ਸੋ ਅਮਰੀਕਾ ਵਿਚ ਸੰਸਾਰ ਭਰ ਦੀਆਂ ਚੰਗੀਆਂ ਅਤੇ ਮਾੜੀਆਂ ਗੱਲਾਂ ਦੀਆਂ ਵੰਨ-ਸੁਵੰਨ ਵੰਨਗੀਆਂ ਇਥੇ ਸਹਿਜੇ ਹੀ ਵੇਖੀਆਂ ਜਾ ਸਕਦੀਆਂ ਹਨ।

ਕਿਉਂਕਿ ਅਮਰੀਕਾ ਦੀ ਪ੍ਰਮੁੱਖ ਖਿੱਚ ਪੈਸੇ ਦੀ ਖਿੱਚ ਹੈ, ਸੋ ਪੈਸੇ ਦੀ ਲਾਲਸਾ ਵਿਚ ਗ੍ਰਸੇ ਭਾਂਤ-ਭਾਂਤ ਦੇ ਲੋਕ ਤੁਹਾਨੂੰ ਇੱਥੇ ਵਿਖਾਈ ਦੇਣਗੇ।

ਜਿਹੜੇ ਲੋਕ ਸੰਸਾਰ ਦੇ ਵੱਖ-ਵੱਖ ਧਰਮਾਂ ਦਾ ਪ੍ਰਚਾਰ ਕਰਨ ਲਈ ਅਮਰੀਕਾ ਪਹੁੰਚਦੇ ਹਨ, ਉਨ੍ਹਾਂ ਵਿਚ ਇਹ ਹਵਸ ਹੋਰ ਵੀ ਵਧੇਰੇ ਹੁੰਦੀ ਹੈ ਅਤੇ ਉਨ੍ਹਾਂ ਦਾ ਵਿਹਾਰ ਵਿਸ਼ੇਸ਼ ਤੌਰ ਉਤੇ ਔਸਤ ਵਿਅਕਤੀ ਦੀ ਪੱਧਰ ਨਾਲੋਂ ਵੀ ਨੀਵਾਂ ਹੁੰਦਾ ਹੈ।

ਅਮਰੀਕਨ ਆਪ ਮੰਨਦੇ ਹਨ ਕਿ ਉਨ੍ਹਾਂ ਦੇ ਵਡੇ-ਵਡੇਰੇ, ਲੁਟੇਰੇ, ਡਾਕੂ ਅਤੇ ਸਮੁੰਦਰੀ ਧਾੜਵੀ ਸਨ। ਇਹੀ ਕਾਰਨ ਹੈ ਕਿ ਅਮਰੀਕਾ ਦੇ ਅਜਾਇਬ ਘਰਾਂ ਵਿਚ ਲੁਟੇਰਿਆਂ ਅਤੇ ਵਿਸ਼ੇਸ਼ ਕਰਕੇ ਸਮੁੰਦਰੀ ਡਾਕੂਆਂ ਦੀਆਂ ਝਾਕੀਆਂ ਆਮ ਹਨ।

ਅਮਰੀਕਨਾਂ ਦੀ ਆਰਥਿਕਤਾ ਇਤਨੀ ਸ਼ਕਤੀਸ਼ਾਲੀ ਹੈ ਕਿ ਹੁਣ ਉਹ ਆਪਣੇ ਲੁਟੇਰੇ ਹੋਣ ਨੂੰ ਮੰਨਣ ਤੋਂ ਸ਼ਰਮਾਉਂਦੇ ਨਹੀਂ ਸਗੋਂ ਮਾਣ ਮਹਿਸੂਸ ਕਰਦੇ ਹਨ।

ਅਮਰੀਕਾ ਖੁਮਾਰੀ ਨਹੀਂ, ਇਕ ਨਸ਼ੇ ਦਾ ਨਾਂ ਹੈ, ਜਿਸ ਦੇ ਜਾਦੂ ਅਸਰ ਤੋਂ ਬੱਚਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ।

ਅਮਰੀਕਾ ਵਿਚ ਘੁੰਮ ਕੇ ਮੈਂ ਅਨੁਭਵ ਕੀਤਾ ਹੈ ਕਿ ਅਸੀਂ ਭਾਰਤੀ ਅਮਰੀਕਾ ਬਾਰੇ ਬਹੁਤ ਕੁਝ ਜਾਣਦੇ ਹਾਂ ਪਰ ਅਮਰੀਕਨਾਂ ਨੂੰ ਭਾਰਤ ਬਾਰੇ ਕੋਈ ਵਿਸ਼ੇਸ਼ ਸੋਝੀ ਨਹੀਂ। ਮੈਂ ਜਾਣਨਾ ਚਾਹੁੰਦਾ ਸਾਂ ਕਿ ਅਮਰੀਕਨ ਭਾਰਤ ਬਾਰੇ ਕੀ ਸੋਚਦੇ ਹਨ? ਅਮਰੀਕਾ ਲਈ ਭਾਰਤ, ਬਹੁਤ ਦੂਰ, ਧੁੰਦ ਅਤੇ ਧੂਏਂ ਵਿਚ ਲਿਪਟਿਆ ਇਕ ਗਿਆ-ਗੁਆਚਾ ਦੇਸ਼ ਹੈ। ਪਹਾੜਾਂ ਵਿਚ ਜਦੋਂ ਅਸੀਂ ਦੂਰ ਵੇਖਦੇ ਹਾਂ ਤਾਂ ਜੋ ਪ੍ਰਭਾਵ ਅਸੀਂ ਗ੍ਰਹਿਣ ਕਰਦੇ ਹਾਂ ਲਗਭਗ ਉਸ ਪ੍ਰਕਾਰ ਦਾ ਪ੍ਰਭਾਵ ਹੈ ਅਮਰੀਕਨਾਂ ਦਾ ਭਾਰਤ ਬਾਰੇ।

ਆਪਣੇ ਤੋਂ ਗਰੀਬ ਦੇਸ਼ਾਂ ਬਾਰੇ ਜਾਣਨ ਦੀ ਸੰਸਾਰ ਵਿਚ ਕਿਸੇ ਕੋਲ ਵੀ ਵਿਹਲ ਨਹੀਂ। ਸਾਡੇ ਕੋਲ ਬੰਗਲਾਦੇਸ਼, ਜਾਂ ਨੇਪਾਲ ਜਾਂ ਭੂਟਾਨ ਜਾਂ ਅਫ਼ਗਾਨਿਸਤਾਨ ਬਾਰੇ ਜਾਣਨ ਦੀ ਕਿਤਨੀ ਕੁ ਜਗਿਆਸਾ ਹੈ?

ਕਿਸੇ ਅਮਰੀਕਨ ਨੂੰ ਜਦੋਂ ਭਾਰਤ ਬਾਰੇ ਕੁਝ ਪੁਛੋ ਤਾਂ ਉਸ ਨੂੰ ਕੁਝ ਇਵੇਂ ਲੱਗਦਾ ਹੈ, ਜਿਵੇਂ ਕਿਸੇ ਇਸਤਰੀ ਨੂੰ ਉਸ ਦੀ ਉਮਰ ਜਾਂ ਪੁਰਸ਼ ਨੂੰ ਉਸ ਦੀ ਆਮਦਨ ਵਰਗੀ ਕੋਈ ਕੋਹਝੀ ਗਲ ਪੁੱਛ ਲਈ ਹੋਵੇ।

ਉਹ ਆਪਣੀ ਕਾਮ-ਖੇਡ ਵਿਚ, ਟੈਲੀਵਿਜ਼ਨ ਦੇ ਪ੍ਰੋਗਰਾਮਾਂ ਵਿਚ, ਆਪਣੀਆਂ ਕਾਰਾਂ ਵਿਚ ਅਤੇ ਕਰੈਡਿਟ ਕਾਰਡਾਂ ਵਿਚ ਇਤਨੇ ਮਗਨ ਹਨ ਕਿ ਉਹ ਜਗਾਏ ਜਾਣਾ ਪਸੰਦ ਨਹੀਂ ਕਰਦੇ। ਉਨ੍ਹਾਂ ਦਾ ਖਿਆਲ ਹੈ ਕਿ ਮਹਾਤਮਾ ਗਾਂਧੀ ਕਿਸੇ ਬੰਦੇ ਦਾ ਨਾਂ ਸੀ। ਬਹੁਤੇ ਮਹਾਤਮਾ ਬੁੱਧ ਅਤੇ ਮਹਾਤਮਾ ਗਾਂਧੀ ਵਿਚ ਅੰਤਰ ਨਹੀਂ ਦਸ ਸਕਦੇ। ਉਹ ਆਪਣੇ ਤੋਂ ਇਲਾਵਾ ਬਾਕੀ ਦੀ ਦੁਨੀਆਂ ਨੂੰ ਬਹੁਤ ਪੱਛੜੀ ਹੋਈ ਸਮਝਦੇ ਹਨ ਅਤੇ ਜੇ ਕਦੀ ਅਮਰੀਕਨ ਸਾਡੇ ਦੇਸ਼ ਆਉਣ ਤਾਂ ਉਹ ਬੀਨ ਵਜਾਉਣ ਵਾਲੇ ਸਪੇਰਿਆਂ, ਸ਼ੇਰਾਂ, ਹਾਥੀਆਂ, ਨੰਗੇ ਫ਼ਕੀਰਾਂ, ਗਊਆਂ ਆਦਿ ਦੇ ਦੇਸ਼ ਆਉਂਦੇ ਹਨ।

ਸਾਡੇ ਦੇਸ਼ ਦੀ ਨਵੀਨਤਾ ਜਾਂ ਵਿਕਾਸ ਨਾਲ ਉਨ੍ਹਾਂ ਨੂੰ ਕੋਈ ਵਾਸਤਾ ਨਹੀਂ।

ਸਾਡੇ ਦੁੱਖਾਂ, ਤਕਲੀਫਾਂ, ਮਜਬੂਰੀਆਂ, ਮਾਯੂਸੀਆਂ, ਸਮੱਸਿਆਵਾਂ ਬਾਰੇ ਜਾਣਨ ਦੀ ਉਨ੍ਹਾਂ ਵਿਚ ਕੋਈ ਦਿਲਚਸਪੀ ਨਹੀਂ।

ਕਿਉਂਕਿ ਉਨ੍ਹਾਂ ਕੋਲ ਜ਼ਰੂਰੀ ਚੀਜ਼ਾਂ ਵਾਸਤੇ ਵੀ ਸਮਾਂ ਨਹੀਂ, ਫ਼ਜ਼ੂਲ ਚੀਜ਼ਾਂ ਵਾਸਤੇ ਤਾਂ ਉੱਕਾ ਹੀ ਕੋਈ ਸਮਾਂ ਨਹੀਂ, ਭਾਰਤ ਉਨ੍ਹਾਂ ਲਈ ਫ਼ਜ਼ੂਲ ਚੀਜ਼ ਹੈ। ਉਨ੍ਹਾਂ ਕੋਲ ਸੰਸਾਰ

ਦੇ ਨਕਸ਼ੇ ਉਤਲੇ ਭਾਰਤ ਉਤੇ ਵੀ ਝਾਤ ਮਾਰਨ ਦਾ ਸਮਾਂ ਨਹੀਂ। ਪੰਜਾਬ ਦਾ ਤਾਂ ਉਨ੍ਹਾਂ ਨੇ ਨਾਂ ਵੀ ਨਹੀਂ ਸੁਣਿਆ ਹੋਇਆ। ਉਹ ਭਾਰਤ, ਪਾਕਿਸਤਾਨ, ਬੰਗਲਾਦੇਸ਼, ਲੰਕਾ, ਚੀਨ ਦਾ ਵੀ ਅੰਤਰ ਨਹੀਂ ਜਾਣਦੇ ਅਤੇ ਉਹ ਅਕਸਰ ਹੀ ਇਨ੍ਹਾਂ ਸਾਰੇ ਲੋਕਾਂ ਨੂੰ ਏਸ਼ੀਅਨ ਕਹਿ ਕੇ ਛੁਟਕਾਰਾ ਪਾ ਲੈਂਦੇ ਹਨ।

ਇਹ ਸਾਡਾ ਭਰਮ ਹੈ ਕਿ ਅਸੀਂ ਸੰਸਾਰ ਵਿਚ ਬੜੇ ਪ੍ਰਸਿੱਧ ਹਾਂ।

ਪਿਛੇ ਜਿਹੇ ਅਮਰੀਕਾ ਦੇ ਇਕ ਖਿਡਾਰੀ ਦੀ ਆਪਣੀ ਪਤਨੀ ਨਾਲ ਅਣਬਣ ਹੋ ਗਈ ਅਤੇ ਇਹ ਖਬਰ ਕਈ ਦਿਨ ਅਖਬਾਰਾਂ ਅਤੇ ਟੈਲੀਵਿਜ਼ਨ ਉੱਤੇ ਮੁਖ ਖ਼ਬਰ ਬਣੀ ਰਹੀ, ਸੋ ਵਿਸਥਾਰ ਵਿਚ ਦੱਸਣ ਦੀ ਲੋੜ ਨਹੀਂ ਕਿ ਉਨ੍ਹਾਂ ਲਈ ਕੀ ਮਹੱਤਵਪੂਰਣ ਹੈ।

ਜਿਵੇਂ ਉੱਤਰ-ਪ੍ਰਦੇਸ਼ ਜਾਂ ਬਿਹਾਰ ਦਾ ਪੂਰਬੀਆ ਆਪਣੇ ਜ਼ਿਲ੍ਹੇ ਦਾ ਨਾਂ ਕੋਈ ਵੀ ਲਏ, ਸਾਡੇ ਲਈ ਸਭ ਨਾਂ ਇਕੋ ਜਿਹੇ ਹੁੰਦੇ ਹਨ। ਉਥੇ ਪਈ ਔੜ ਜਾਂ ਆਏ ਹੜ੍ਹ ਵਲ ਅਸੀਂ ਕਿਤਨਾ ਕੁ ਧਿਆਨ ਦਿੰਦੇ ਹਾਂ? ਲਗਭਗ ਇਹੀ ਹਾਲ ਹੈ ਭਾਰਤ ਦਾ ਅਮਰੀਕਨਾਂ ਦੀਆਂ ਨਜ਼ਰਾਂ ਵਿਚ। ਉਨ੍ਹਾਂ ਲਈ ਅਸੀਂ ਕੋਈ ਅਰਥ ਨਹੀਂ ਰਖਦੇ।

ਅਮਰੀਕਨਾਂ ਦੇ ਮੁਕਾਬਲੇ ਯੋਰਪੀਨ ਲੋਕਾਂ ਵਿਚ ਬਾਕੀ ਦੁਨੀਆਂ ਨੂੰ ਵੇਖਣ ਅਤੇ ਜਾਣਨ ਪ੍ਰਤੀ ਵਧੇਰੇ ਦਿਲਚਸਪੀ ਹੈ।

ਅਮਰੀਕਨਾਂ ਦੀ ਅਮੀਰੀ ਨੇ ਉਨ੍ਹਾਂ ਨੂੰ ਸੰਸਾਰ ਨਾਲੋਂ ਤੋੜ-ਵਿਛੋੜ ਦਿੱਤਾ ਹੈ। ਉਹ ਜਦੋਂ ਯੋਰਪ ਵੀ ਜਾਂਦੇ ਹਨ ਤਾਂ ਇਵੇਂ ਜਿਵੇਂ ਸਾਡੇ ਦੇਸ਼ ਵਿਚ ਕਦੇ ਕਦੇ ਸ਼ਹਿਰੀ ਬੱਚੇ ਆਪਣੇ ਦਾਦੇ-ਦਾਦੀ ਜਾਂ ਨਾਨੇ-ਨਾਨੀ ਕੋਲ ਕੁਝ ਦਿਨਾਂ ਲਈ ਪਿੰਡ ਚਲੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਪਣੀਆਂ ਵਿਗੜੀਆਂ ਆਦਤਾਂ ਨਾਲ ਤੰਗ ਕਰਦੇ ਹਨ।

ਅਮਰੀਕਨ ਸਾਹਿਤ ਵਿਚ ਭਾਰਤ ਦਾ ਉਘੜਵਾਂ ਉਲੇਖ ਨਹੀਂ ਮਿਲਦਾ। ਉਹ ਸਾਡੇ ਧਾਰਮਿਕ ਵਿਹਾਰ ਅਤੇ ਅਧਿਆਤਮਵਾਦ ਨੂੰ ਤਮਾਸ਼ਾ ਸਮਝਦੇ ਹਨ। ਉਹ ਸਾਡੇ ਧਾਰਮਿਕ ਪ੍ਰਚਾਰਕਾਂ ਨੂੰ ਉਵੇਂ ਹੀ ਵੇਖਦੇ ਹਨ, ਜਿਵੇਂ ਅਸੀਂ ਰੇਲ ਦੇ ਪਲੇਟਫਾਰਮ ਉਤੇ ਕੁਝ ਲੋਕਾਂ ਨੂੰ ਜੇਬ-ਕਤਰੇ ਸਮਝ ਕੇ ਵੇਖਦੇ ਹਾਂ। ਉਹ ਸਾਡੇ ਪੂਜਾ-ਪਾਠ ਦੇ ਢੰਗਾਂ ਨੂੰ ਪਖੰਡ ਅਤੇ ਚਲਿੱਤਰ ਤੋਂ ਵੱਧ ਕੁਝ ਨਹੀਂ ਮੰਨਦੇ।

ਅਮਰੀਕਾ ਸਾਰੇ ਸੰਸਾਰ ਨੂੰ ਗੁਮਰਾਹ ਕਰਕੇ ਧੋਖਾ ਦੇ ਰਿਹਾ ਹੈ।

ਅਮਰੀਕਨਾਂ ਨੂੰ ਕਿਸੇ ਪੱਖੋਂ ਪ੍ਰਭਾਵਿਤ ਕਰਨਾ ਲਗਭਗ ਅਸੰਭਵ ਹੈ।

ਮੋਮਬਤੀਆਂ ਦੀ ਮਹਿ.ਫ਼ਲ

ਜੇ ਕੋਈ ਮੈਨੂੰ ਪੁੱਛੇ ਕਿ ਅਮਰੀਕਾ ਵਿਚ ਸਭ ਤੋਂ ਸੁੰਦਰ ਕੀ ਲੱਗਾ ਤਾਂ ਮੈਂ ਉੱਛਲ ਕੇ ਕਹਾਂਗਾ ਕਿ ਉਥੋਂ ਦੀਆਂ ਇਸਤਰੀਆਂ।

ਇਸਤਰੀਆਂ ਤਾਂ ਮੈਂ ਇੰਗਲੈਂਡ, ਸਕਾਟਲੈਂਡ, ਫਰਾਂਸ, ਮੈਕਸੀਕੋ ਆਦਿ ਦੀਆਂ ਵੀ ਵੇਖੀਆਂ ਪਰ ਜਿਤਨੀਆਂ ਸੋਹਣੀਆਂ, ਸੁਨੱਖੀਆਂ ਅਤੇ ਖੁਲ੍ਹੇ-ਖੁਲਾਸੇ ਸੁਭਾਅ ਵਾਲੀਆਂ ਕੁੜੀਆਂ ਅਮਰੀਕਾ ਦੀਆਂ ਹਨ, ਉਤਨੀਆਂ ਖੁਲ੍ਹੇ-ਖੁਲਾਸੇ ਸੁਭਾਅ ਵਾਲੀਆਂ ਕਿਸੇ ਹੋਰ ਦੇਸ਼ ਦੀਆਂ ਪ੍ਰਤੀਤ ਨਹੀਂ ਹੋਈਆਂ।

ਇਕ ਛੋਟੇ ਜਿਹੇ ਪਰ ਸੰਸਾਰ ਦੇ ਸਭ ਤੋਂ ਅਮੀਰ ਦੇਸ਼ ਕੁਵੈਤ ਵਿਚ ਘੁੰਮਦਿਆਂ ਮੈਂ ਇਕ ਸੁੰਦਰ ਇਸਤਰੀ ਵੇਖੀ ਅਤੇ ਵੇਖਦਾ ਹੀ ਰਹਿ ਗਿਆ। ਮੈਨੂੰ ਦਸਿਆ ਗਿਆ ਕਿ ਮੁਸਲਮਾਨ ਦੇਸ਼ਾਂ ਵਿਚ ਸਭ ਤੋਂ ਸੁੰਦਰ ਇਸਤਰੀਆਂ ਲੈਬਨਾਨ ਦੀਆਂ ਹਨ।

ਇਸਤਰੀਆਂ ਤਾਂ ਮੈਂ ਇਰਾਕ ਅਤੇ ਈਰਾਨ ਦੀਆਂ ਵੀ ਵੇਖੀਆਂ ਪਰ ਸੁਭਾਅ ਦੇ ਪੱਖੋਂ ਜਿਹੜੀ ਖੁਲ੍ਹ ਅਮਰੀਕੀ ਇਸਤਰੀਆਂ ਵਿਚ ਹੈ, ਉਹ ਹੋਰ ਕਿਧਰੇ ਵਿਖਾਈ ਨਹੀਂ ਦਿੰਦੀ। ਉਹ ਮੁਸਕਰਾਉਂਦੀਆਂ ਅਤੇ ਹੈਲੋ-ਹੈਲੋ ਕਰਦੀਆਂ ਆਲੇ-ਦੁਆਲੇ ਵਿਚ ਰੌਣਕ, ਖੁਸ਼ੀ ਅਤੇ ਖੁਸ਼ਬੂ ਖਿਲਾਰ ਦਿੰਦੀਆਂ ਹਨ।

ਰੱਬ ਕਰੇ ਉਹ ਵਸਦੀਆਂ ਰਹਿਣ।

ਇੰਗਲੈਂਡ ਅਤੇ ਹੋਰ ਯੋਰਪੀਨ ਦੇਸ਼ਾਂ ਦੇ ਲੋਕ ਬੜੇ ਚੰਗੇ ਹਨ ਪਰ ਉਹ ਖੁਲ੍ਹਦੇ ਨਹੀਂ। ਪੈਰਿਸ ਵਿਚ ਇਕ ਬਸ ਵਿਚ ਲਗਭਗ ਪੈਂਤੀ ਵਰ੍ਹੇ ਦੀ ਇਕ ਅਮਰੀਕਨ ਇਸਤਰੀ ਮਿਲੀ, ਜਿਹੜੀ ਇਕੱਲੀ ਸੀ। ਯੋਰਪ ਵਿਚ ਕੋਈ ਇਕੱਲਾ ਬਹੁਤ ਘੱਟ ਵੇਖਣ ਵਿਚ ਮਿਲਦਾ ਹੈ। ਪੁੱਛਣ ਉਤੇ ਉਸ ਦਸਿਆ ਕਿ ਉਹ ਆਪਣੀ ਸਹੇਲੀ ਨਾਲ ਅੱਕ ਗਈ ਸੀ, ਸੋ ਉਨ੍ਹਾਂ ਨੇ ਇਕ ਹ.ਫ਼ਤਾ ਵਖਰੇ ਰਹਿਣ ਦਾ ਫੈਸਲਾ ਕੀਤਾ ਸੀ। ਉਹ ਉਸ ਦਾ ਚੌਥਾ ਦਿਨ ਸੀ। ਅਸੀਂ ਸਾਰਾ ਦਿਨ ਇਕੱਠੇ ਘੁੰਮਦੇ ਰਹੇ। ਅਗਲੇ ਦਿਨ ਵੀ ਉਹ ਮੇਰੇ ਕਹਿਣ ਉਤੇ ਮੇਰੇ ਨਾਲ ਘੁੰਮਣ ਉਤੇ ਤਿਆਰ ਹੋ ਜਾਂਦੀ ਪਰ ਕਿਉਂਕਿ ਉਸ ਦਾ ਖਰਚਾ ਵੀ ਮੈਨੂੰ ਕਰਨਾ ਪੈ ਰਿਹਾ ਸੀ, ਸੋ ਮੈਂ ਕਹਿਣ ਤੋਂ ਸੰਕੋਚ ਹੀ ਕੀਤਾ ਅਤੇ ਰਾਤ ਨੂੰ ਲਗਭਗ ਦਸ ਵਜੇ ਅਸੀਂ ਆਪਣੇ-ਆਪਣੇ ਹੋਟਲ ਚਲੇ ਗਏ। ਯੋਰਪ ਅਤੇ ਅਮਰੀਕਾ ਵਿਚ ਅਜਿਹਾ ਵਾਪਰਨਾ ਬੜਾ ਸਹਿਜ

ਅਤੇ ਸੁਭਾਵਕ ਹੈ। ਸੰਸਾਰ ਵਿਚ ਜੋ ਕੁਝ ਵੀ ਸਹਿਜ ਅਤੇ ਸੁਭਾਵਕ ਹੁੰਦਾ ਹੈ, ਉਹ ਬਹੁਤ ਚੰਗਾ ਲੱਗਦਾ ਹੈ।

ਅਮਰੀਕਾ ਉਤਰਦਿਆਂ ਜਿਸ ਗੱਲ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਉਹ ਅਮਰੀਕਾ ਦੀ ਖੁਲ੍ਹ ਸੀ। ਅਮਰੀਕਾ ਬੜਾ ਖੁਲ੍ਹਾ ਦੇਸ਼ ਹੈ।

ਇਹੀ ਗੁਣ ਅਮਰੀਕਨਾਂ ਦੇ ਵਿਹਾਰ ਵਿਚ ਵੀ ਵਿਖਾਈ ਦਿੰਦਾ ਹੈ।

ਲਗਭਗ ਪੰਜਾਹ ਥਾਂਵਾਂ ਉਤੇ ਜਦੋਂ ਵੀ ਕੋਈ ਗੱਲ ਮੈਂ ਕਿਸੇ ਪੁਰਸ਼ ਨੂੰ ਪੁੱਛੀ ਉਸ ਦਾ ਉੱਤਰ ਉਸ ਦੇ ਨਾਲ ਵਾਲੀ ਇਸਤਰੀ ਨੇ ਹੀ ਦਿੱਤਾ। ਪਹਿਲਾਂ ਮੈਨੂੰ ਇੰਝ ਲੱਗਿਆ ਜਿਵੇਂ ਇਹ ਇੱਥੋਂ ਦਾ ਸਲੀਕਾ ਹੈ ਪਰ ਕੁਝ ਦਿਨਾਂ ਵਿਚ ਹੀ ਮੈਨੂੰ ਚਾਨਣਾ ਹੋ ਗਿਆ ਕਿ ਪੁਰਸ਼ ਉਤਨੇ ਚੁਸਤ-ਚਲਾਕ ਨਹੀਂ, ਜਿਤਨੀਆਂ ਉਥੋਂ ਦੀਆਂ ਇਸਤਰੀਆਂ ਹਨ। ਲਗਭਗ ਹਰ ਥਾਂ ਗਾਹਕਾਂ ਨਾਲ ਲੈਣ-ਦੇਣ ਇਸਤਰੀਆਂ ਹੀ ਕਰਦੀਆਂ ਹਨ।

ਬਹੁਤੇ ਅਮਰੀਕੀ ਪੁਰਸ਼ ਗੋਬਰਗਣੇਸ਼ ਹਨ, ਚੰਗੇ ਰਿਸ਼ਟ-ਪੁਸ਼ਟ ਪਰ ਦਿਮਾਗੋਂ ਖਾਲੀ। ਉਨ੍ਹਾਂ ਨੂੰ ਕੁਝ ਪੁੱਛ ਵੇਖੋ, ਉਹ ਬੜੇ ਮਾਣ ਨਾਲ ਕਹਿਣਗੇ, 'ਮੈਨੂੰ ਇਸ ਗੱਲ ਦਾ ਪਤਾ ਨਹੀਂ।' ਉਨ੍ਹਾਂ ਨੂੰ ਸੱਚੀ-ਮੁੱਚੀ ਬਹੁਤੀਆਂ ਗੱਲਾਂ ਦਾ ਪਤਾ ਨਹੀਂ। ਵਿਚਾਰੇ!

ਅਮਰੀਕਾ ਦੀ ਹਰ ਇਸਤਰੀ ਸੁੰਦਰ ਲਗਣ ਦੀ ਇੱਛਕ ਹੈ ਅਤੇ ਆਪਣੀ ਸੁੰਦਰਤਾ ਦੀ ਪ੍ਰਸ਼ੰਸਾ ਸੁਣ ਕੇ ਪ੍ਰਸੰਨ ਹੁੰਦੀ ਹੈ। ਦਸ ਵਰ੍ਹਿਆਂ ਦੀ ਉਮਰ ਵਿਚ ਹੀ ਯੋਰਪੀਨ ਅਤੇ ਅਮਰੀਕਨ ਲੜਕੀ ਆਪਣੀ ਸੁੰਦਰਤਾ ਪ੍ਰਤੀ ਸੁਚੇਤ ਹੋ ਜਾਂਦੀ ਹੈ ਅਤੇ ਉਹ ਹਰ ਰੋਜ਼ ਨਵਾਂ ਮੇਕ-ਅਪ ਕਰ ਕੇ ਅਤੇ ਨਵਾਂ ਲਿਬਾਸ ਪਾ ਕੇ ਨਿਕਲਦੀ ਹੈ।

ਇਕ ਸਟੋਰ ਵਿਚ ਮੈਂ ਕਈ ਦਿਨ ਰੋਜ਼ ਇਕ ਵਿਸ਼ੇਸ਼ ਇਸਤਰੀ ਨੂੰ ਉਸ ਦੇ ਨਿੱਤ-ਨਵੇਂ ਲਿਬਾਸ ਅਤੇ ਮੇਕ-ਅੱਪ ਵਿਚ ਵੇਖਣ ਲਈ ਜਾਂਦਾ ਰਿਹਾ। ਉਨ੍ਹਾਂ ਦੇ ਲਿਬਾਸ ਅਤੇ ਮੇਕ-ਅੱਪ ਵਿਚ ਬਨਾਵਟ ਨਹੀਂ ਹੁੰਦੀ ਅਤੇ ਸਭ ਕੁਝ ਸੁਭਾਵਕ ਪ੍ਰਤੀਤ ਹੁੰਦਾ ਹੈ।

ਉਨ੍ਹਾਂ ਦਾ ਹੁਸਨ ਡੁਲ੍ਹ-ਡੁਲ੍ਹ ਪੈਂਦਾ ਹੈ।

ਅੰਗਾਂ ਵਿਚ ਰੌਣਕ ਅਤੇ ਚਿਹਰੇ ਉਤੇ ਮੁਸਕਰਾਹਟ ਅਮਰੀਕਨ ਇਸਤਰੀ ਦੇ ਲਿਬਾਸ ਦਾ ਇਕ ਜ਼ਰੂਰੀ ਭਾਗ ਹੈ।

ਅਮਰੀਕਾ ਵਿਚ ਕੋਈ ਵੀ ਬੁੱਢਾ ਨਹੀਂ ਅਖਵਾਉਂਦਾ।

ਅਮਰੀਕਾ ਜਵਾਨਾਂ ਦਾ ਦੇਸ਼ ਹੈ। ਪੁਰਸ਼ਾਂ ਨੂੰ ਜਵਾਨ ਰੱਖਣ ਦਾ ਕੰਮ, ਉਥੋਂ ਦੀਆਂ ਸੋਹਣੀਆਂ-ਸੁਨੱਖੀਆਂ ਨਾਰੀਆਂ ਕਰਦੀਆਂ ਹਨ।

ਇਕ ਸਟੋਰ ਵਿਚ ਘੁੰਮ ਰਿਹਾ ਸਾਂ ਕਿ ਆਪਣੀ ਮਾਂ ਨਾਲ ਜਾ ਰਹੇ ਬੱਚੇ ਨੇ ਮੈਨੂੰ ਵੇਖ ਕੇ ਚੀਖ ਮਾਰੀ ਅਤੇ ਮਾਂ ਦਾ ਧਿਆਨ ਖਿਚਦਿਆਂ ਕਿਹਾ, 'ਜਿੰਨ, ਜਿੰਨ, ਭੂਤ' ਉਸ ਨੇ ਸ਼ਾਇਦ ਤਸਵੀਰਾਂ ਵਾਲੀ ਕਿਸੇ ਕਿਤਾਬ ਵਿਚ ਕੋਈ ਪੱਗ ਵਾਲਾ ਦਿਓ ਜਾਂ ਜਿੰਨ-ਭੂਤ ਵੇਖਿਆ ਹੋਵੇਗਾ। ਉਸ ਦੀ ਮਾਂ ਨੂੰ ਸੁਝ ਨਹੀਂ ਸੀ ਰਿਹਾ ਕਿ ਉਹ ਕੀ ਕਰੇ। ਉਸ ਨੇ ਆਪਣੇ ਬੱਚੇ ਨੂੰ ਸਮਝਾ-ਬੁਝਾ ਕੇ ਮੇਰੇ ਕੋਲ ਲੈ ਆਂਦਾ। ਜਦੋਂ ਉਸ ਬੱਚੇ ਨੇ ਮੈਨੂੰ ਆਪਣੀ ਬੋਲੀ

ਬੋਲਦਿਆਂ ਸੁਣਿਆ ਤਾਂ ਉਸ ਦਾ ਡਰ ਜਾਂਦਾ ਰਿਹਾ। ਉਹ ਇਸਤਰੀ ਆਪਣੇ ਬੱਚੇ ਵਲੋਂ ਮੈਨੂੰ ਜਿੰਨ ਕਹੇ ਜਾਣ ਉੱਤੇ ਮੁਆਫ਼ੀ ਮੰਗਦੀ ਰਹੀ।

ਫਿਰ ਅਸਾਂ ਤਿੰਨਾਂ ਨੇ ਰਲ ਕੇ ਆਈਸ ਕਰੀਮ ਖਾਧੀ।

ਇਵੇਂ ਹੀ ਡਿਜ਼ਨੀਲੈਂਡ (ਫਲੋਰੀਡਾ) ਵਿਚ ਘੁੰਮਦਿਆਂ ਇਕ ਬੱਚਾ ਮੇਰੇ ਕੋਲ ਆਇਆ ਅਤੇ ਮੇਰੀ ਪੱਗ ਵੇਖ ਕੇ ਕਹਿਣ ਲੱਗਾ, 'ਤੁਸੀਂ ਕਿਹੜੇ ਦੇਸ਼ ਦੇ ਰਾਜਾ ਹੋ ? ' ਮੇਰੇ ਪੁੱਛਣ ਉੱਤੇ ਉਸ ਨੇ ਦਸਿਆ ਕਿ ਉਸ ਨੇ ਕਿਤਾਬ ਵਿਚ ਮੇਰੇ ਨਾਲ ਮਿਲਦੀ ਜੁਲਦੀ ਤਸਵੀਰ ਵੇਖੀ ਸੀ। ਉਸ ਨੇ ਮਿੰਨਤ ਕੀਤੀ ਕਿ ਮੈਂ ਉਸ ਦੇ ਨਾਲ ਚਲਾਂ ਤਾਂ ਕਿ ਉਹ ਆਪਣੀ ਮਾਂ ਨੂੰ ਵੀ 'ਰਾਜਾ' ਵਿਖਾਵੇ।

ਅਮਰੀਕਾ ਵਿਚ ਜਦੋਂ ਕੋਈ ਇਸਤਰੀ ਤੁਹਾਡੇ ਨਾਲ ਗੱਲ ਕਰਦੀ ਹੈ ਤਾਂ ਉਸ ਦੀ ਅਪਣੱਤ ਵੇਖ ਕੇ ਹੈਰਾਨੀ ਹੁੰਦੀਂ ਹੈ।

ਉਥੇ ਨਿਝੱਕ ਹੋ ਕੇ ਹਲਕੇ-ਫੁਲਕੇ ਮਖੌਲ ਕੀਤੇ ਜਾ ਸਕਦੇ ਹਨ।

ਇਕ ਸਟੋਰ ਵਿਚ ਇਕ ਮੋਟੀ ਇਸਤਰੀ ਨੂੰ ਜਦੋਂ ਅਚਾਨਕ ਮੈਂ ਪੁੱਛ ਬੈਠਾ ਕਿ ਉਸ ਦੀ ਚੰਗੀ ਸਿਹਤ ਦਾ ਭੇਤ ਕੀ ਸੀ ? ਤਾਂ ਉਸ ਨੇ ਮੇਰੇ ਕੰਨਾਂ ਕੋਲ ਮੂੰਹ ਲਿਜਾ ਕੇ ਹੌਲੇ ਜਿਹੇ ਦਸਿਆ, 'ਮੈਂ ਸਦਾ ਖੁਸ਼ ਰਹਿੰਦੀ ਹਾਂ।' ਕਿਉਂਕਿ ਮੈਂ ਭੇਤ ਪੁੱਛਿਆ ਸੀ, ਉਸ ਨੇ ਮੈਨੂੰ ਇਕ ਭੇਤ ਵਾਂਗ ਦਸਿਆ।

ਸਾਡੇ ਦੇਸ਼ ਵਿਚ ਇਸਤਰੀ ਸਦਾ ਹੀ ਕਿਸੇ ਮਰਦ ਦੇ ਪ੍ਰਛਾਵੇਂ ਵਿਚ ਰਹਿੰਦੀ ਹੈ ਪਰ ਅਮਰੀਕਾ ਵਿਚ ਉਹ ਕਈ ਖੇਤਰਾਂ ਵਿਚ ਪੁਰਸ਼ ਨਾਲੋਂ ਵੀ ਵਧੇਰੇ ਸੁਤੰਤਰ ਹੈ। ਆਪਣੀ ਸੁੰਦਰਤਾ ਨੂੰ ਉਸ ਨੇ ਆਪਣੀ ਯੋਗਤਾ ਬਣਾ ਲਿਆ ਹੈ। ਉਥੇ ਇਸਤਰੀ ਦੀ ਸਮੁੱਚੀ ਸਥਿਤੀ ਅਜਿਹੀ ਹੈ ਕਿ ਪੁੱਤਰ ਜਾਂ ਧੀ ਦਾ ਜਨਮ ਲੈਣਾ ਇਕੋ ਗੱਲ ਹੈ। ਉਥੇ ਕੋਈ ਪੁਰਸ਼ ਕਿਸੇ ਇਸਤਰੀ ਨਾਲ ਵਧੀਕੀ ਨਹੀਂ ਕਰਦਾ।

ਮੈਂ ਲਿਖੇ ਬਿਨਾਂ ਨਹੀਂ ਰਹਿ ਸਕਦਾ ਕਿ ਆਪਣੇ ਦੇਸ਼ ਵਿਚ ਅਸੀਂ ਇਸਤਰੀ-ਪੁਰਸ਼ ਦੇ ਆਪਸੀ ਵਿਹਾਰ ਵਿਚ ਅਜੇ ਸਲੀਕਾ ਅਤੇ ਸਾਵਾਂਪਣ ਨਹੀਂ ਲਿਆ ਸਕੇ। ਸਾਡੇ ਦੇਸ਼ ਵਿਚ ਪੁਰਸ਼ ਝੱਟ ਚਾਂਭਲ ਜਾਂਦੇ ਹਨ ਅਤੇ ਸਾਡੀਆਂ ਇਸਤਰੀਆ ਦੀਆਂ ਬਹੁਤੀਆਂ ਸ਼ਿਕਾਇਤਾਂ ਛੇੜੇ ਜਾਣ ਸੰਬੰਧੀ ਹੀ ਹੁੰਦੀਆਂ ਹਨ।

ਪਤਾ ਨਹੀਂ ਕਿਉਂ ਸਾਡੇ ਪੁਰਸ਼, ਇਸਤਰੀ ਦੇ ਸਾਮ੍ਹਣੇ ਹੁੰਦਿਆਂ ਹੀ ਮੋਮ ਵਾਂਗ ਕਿਉਂ ਪਿਘਲ ਜਾਂਦੇ ਹਨ। ਇਸ ਦਾ ਕਾਰਨ ਸ਼ਾਇਦ ਸਾਡੇ ਦੇਸ਼ ਦਾ ਗਰਮ ਪੌਣ-ਪਾਣੀ ਹੈ!

ਅਮਰੀਕੀ ਇਸਤਰੀਆਂ ਵਿਚ ਜਿਹੜੀ ਗੱਲ ਮੈਨੂੰ ਵਿਸ਼ੇਸ਼ ਤੌਰ ਉਤੇ ਚੰਗੀ ਲਗੀ, ਉਹ ਹੈ, ਉਨ੍ਹਾਂ ਦੀ ਦੂਜਿਆਂ ਬਾਰੇ ਜਾਣਨ ਦੀ ਇੱਛਾ। ਕਈ ਥਾਂਈਂ ਮੇਰੇ ਤੋਂ ਆਪਣੇ ਦੇਸ਼ ਬਾਰੇ, ਧਰਮ ਬਾਰੇ, ਪੱਗ ਬਾਰੇ, ਕੜੇ ਬਾਰੇ, ਰਿਵਾਜਾਂ ਅਤੇ ਤਿਉਹਾਰਾਂ ਬਾਰੇ ਪੁੱਛਿਆ ਗਿਆ।

ਇਕ ਇਸਤਰੀ ਨੇ ਤਾਂ ਇਤਨੀ ਦਿਲਚਸਪੀ ਵਿਖਾਈ ਕਿ ਉਹ ਮੇਰੇ ਤੋਂ ਪੱਗ ਬੰਨ੍ਹਣੀ ਸਿਖਣਾ ਚਾਹੁੰਦੀ ਸੀ।

ਕੈਲੀਫੋਰਨੀਆ ਯੂਨੀਵਰਸਿਟੀ ਵਿਚ ਪੁੱਛਗਿਛ ਦੇ ਦਫਤਰ ਵਿਚ ਬੈਠੀ ਇਕ ਨੀਗਰੋ ਕੁੜੀ ਨੇ ਆਪਣੇ ਵਾਲਾਂ ਦੀਆਂ ਮੀਢੀਆਂ ਕੀਤੀਆਂ ਹੋਈਆਂ ਸਨ, ਜਦੋਂ ਮੈਂ ਮੀਢੀਆਂ ਬਾਰੇ ਜਾਣਨਾ ਚਾਹਿਆ ਤਾਂ ਉਸ ਨੇ ਮੈਨੂੰ ਸੱਦਾ ਦਿੱਤਾ ਕਿ ਮੈਂ ਉਸ ਦੇ ਘਰ ਆਵਾਂ ਅਤੇ ਉਥੇ ਉਹ ਮੇਰੇ ਸਾਮ੍ਹਣੇ ਆਪਣੀਆਂ ਮੀਢੀਆਂ ਬਣਾਵੇਗੀ।

ਮੈਂ ਆਪਣੀ ਪਤਨੀ ਨੂੰ ਵੀ ਆਪਣੇ ਨਾਲ ਇਤਨਾ ਖੁਲ੍ਹ ਕੇ ਕਦੇ ਵਿਚਰਦਿਆਂ ਨਹੀਂ ਵੇਖਿਆ, ਜਿਤਨਾ ਉਥੋਂ ਦੀਆਂ ਸਾਧਾਰਣ ਇਸਤਰੀਆ ਵਿਚਰਦੀਆਂ ਰਹੀਆਂ। ਉਥੋਂ ਦੀ ਯੂਨੀਵਰਸਿਟੀ ਵਿਚ ਭਾਂਤ-ਭਾਂਤ ਦੇ ਦੇਸ਼ਾਂ ਦੀਆਂ ਇਸਤਰੀਆਂ ਨਾਲ ਮਿਲਣ ਦਾ ਅਤੇ ਵਿਚਰਣ ਦਾ ਅਵਸਰ ਮਿਲਿਆ। ਸਭਨੀ ਥਾਂਈਂ ਮੈਂ ਹੀ ਸ਼ਰਮਾਉਂਦਾ ਰਿਹਾ।

ਅਮਰੀਕਨ ਇਸਤਰੀਆਂ ਦੇ ਖੁਲ੍ਹੇ-ਖੁਲਾਸੇ ਸੁਭਾਅ ਕਾਰਨ ਮੇਰੇ ਦਿਲ ਵਿਚ ਉਨ੍ਹਾਂ ਪ੍ਰਤੀ ਸਦਾ ਸਤਿਕਾਰ ਰਹੇਗਾ।

ਸੁਭਾਵਿਕ ਹੀ ਅਮਰੀਕਾ ਦੀਆਂ ਚੁੱਸਤ, ਸੋਹਣੀਆਂ, ਸੁਨੱਖੀਆਂ ਅਤੇ ਮਿਠੀਆਂ ਇਸਤਰੀਆਂ ਨੂੰ ਵੇਖ ਕੇ ਆਪਣੇ ਦੇਸ਼ ਦੀ ਨਾਰੀ ਦਾ ਖਿਆਲ ਆਇਆ। ਜਦੋਂ ਤੱਕ ਭਾਰਤੀ ਨਾਰੀ ਦਾ ਲਿਬਾਸ ਚੁੱਸਤ ਨਹੀਂ ਹੁੰਦਾ ਅਤੇ ਜਦੋਂ ਤਕ ਉਹ ਹਰ ਖੇਤਰ ਵਿਚ ਪੁਰਸ਼ ਦੀ ਮਿਹਰਬਾਨੀ ਨਾਲ ਨਹੀਂ, ਆਪਣੀ ਯੋਗਤਾ ਨਾਲ ਪੂਰੀ ਨਹੀਂ ਉਤਰਦੀ, ਉਹ ਵਿਸ਼ਵ ਦੀ ਨਾਰੀ ਦੇ ਬਰਾਬਰ ਨਹੀਂ ਵਿਚਰ ਸਕਦੀ।

ਸਾਡੇ ਦੇਸ਼ ਦੀ ਨਾਰੀ ਸੁੰਗੜੀ ਹੋਈ, ਝਿਜਕ ਅਤੇ ਸੰਕੋਚ ਦੀ ਮਾਰੀ, ਅਜਨਬੀਆਂ ਨੂੰ ਸ਼ੱਕ ਨਾਲ ਵੇਖਣ ਵਾਲੀ, ਢਿਲ੍ਹੇ ਕੱਪੜਿਆਂ ਵਿਚ ਬੰਨ੍ਹੀ ਹੋਈ, ਆਪਣੀ ਹੋਂਦ ਪ੍ਰਤੀ ਅਣਜਾਣ, ਪ੍ਰਛਾਵੇਂ ਵਾਂਗ ਪੁਰਸ਼ ਦੇ ਪਿੱਛੇ-ਪਿੱਛੇ ਚਲਣ ਵਾਲੀ ਹੈ।

ਅਸੀਂ ਆਪਣੇ ਦੇਸ਼ ਦੀ ਅੱਧੀ ਆਬਾਦੀ ਨੂੰ ਦੇਸ਼ ਦੇ ਨਿਰਮਾਣ ਵਿਚ ਕੋਈ ਰੋਲ ਨਿਭਾਉਣ ਨਹੀਂ ਦੇ ਰਹੇ।

ਅਮਰੀਕਾ ਦਾ ਪ੍ਰਤੀਕ ਹੱਥ ਵਿਚ ਮਿਸ਼ਾਲ ਫੜੀ ਇਕ ਨਾਰੀ ਹੈ।

ਇਹ ਨਾਰੀ ਸੁਤੰਤਰਤਾ ਅਤੇ ਗਿਆਨ ਦਾ ਪ੍ਰਤੀਕ ਹੈ।

ਇਕ ਵਿਦਿਅਕ ਸੰਸਥਾ ਵਿਚ ਹੋਣ ਕਰਕੇ ਮੈਂ ਅਮਰੀਕਾ ਦੇ ਗਿਆਨ ਦੇ ਸਰੋਤ ਅਰਥਾਤ ਉਥੋਂ ਦੇ ਵਿਦਿਅਕ ਪ੍ਰਬੰਧ ਨੂੰ ਵੀ ਨੇੜਿਉਂ ਵੇਖਣਾ ਚਾਹੁੰਦਾ ਸਾਂ। ਇਸ ਉਦੇਸ਼ ਲਈ ਯੂਨੀਵਰਸਿਟੀਆਂ ਵਿਚ ਤਾਂ ਮੈਂ ਜਾਣਾ ਹੀ ਸੀ, ਮੈਂ ਉਥੋਂ ਦੇ ਸਕੂਲਾਂ ਵਿਚ ਵੀ ਗਿਆ। ਸਮੁੱਚੇ ਤੌਰ ਉਤੇ ਅਮਰੀਕਾ ਦਾ ਵਿਦਿਅਕ ਪ੍ਰਬੰਧ ਯੋਰਪ ਦੇ ਮੁਕਾਬਲੇ ਢਿੱਲਾ ਅਤੇ ਸੁੱਸਤ ਹੈ। ਅਮਰੀਕੀ ਸਰਕਾਰ ਅਤੇ ਸਮਾਜ ਵਿਦਿਆ ਦੇ ਡਿਗਦੇ ਮਿਆਰਾਂ ਕਾਰਨ ਚਿੰਤਤ ਹਨ।

ਅਮਰੀਕਾ ਵਿਚ ਖੋਜ ਦਾ ਕੰਮ ਕਰਨ ਵਾਲੇ ਬਹੁਤੇ ਵਿਦੇਸ਼ੀ ਹਨ।

ਅਮਰੀਕਾ ਵਿਚ ਪੜ੍ਹਾਈ ਦੇ ਦੋ ਪੱਧਰ ਹਨ, ਸਕੂਲ ਅਤੇ ਕਾਲਜ। ਸਕੂਲਾਂ ਵਿਚ ਜਿਤਨੇ ਵਿਦਿਆਰਥੀ ਦਾਖਲ ਹੁੰਦੇ ਹਨ, ਉਨ੍ਹਾਂ ਵਿਚੋਂ ਅੱਧ ਨਾਲੋਂ ਵੀ ਵੱਧ ਆਪਣੀ ਬਾਰ੍ਹਾਂ ਵਰ੍ਹਿਆਂ ਦੀ ਪੜ੍ਹਾਈ ਨੂੰ ਵਿਚੇ ਛੱਡ ਦਿੰਦੇ ਹਨ ਅਤੇ ਜਿਹੜੇ ਪੂਰੀ ਕਰਦੇ ਹਨ ਉਨ੍ਹਾਂ ਵਿਚੋਂ

ਪੰਜ ਪ੍ਰਤੀਸ਼ਤ ਵੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਨਹੀਂ ਕਰਦੇ। ਅਮਰੀਕੀ ਸਕੂਲਾਂ ਵਿਚ ਸਾਡੇ ਦੇਸ਼ ਵਾਂਗ ਹੀ ਤਿੰਨ ਭਾਸ਼ਾਵਾਂ ਪੜ੍ਹਨੀਆਂ ਪੈਂਦੀਆਂ ਹਨ। ਅੰਗ੍ਰੇਜ਼ੀ ਤਾਂ ਸਭ ਨੇ ਪੜ੍ਹਨੀ ਹੀ ਹੈ, ਦੂਜੀ ਭਾਸ਼ਾ ਯੋਰਪੀਨ ਹੁੰਦੀ ਹੈ, ਜਿਹੜੀ ਵਧੇਰੇ ਕਰਕੇ ਸਪੈਨਿਸ਼ ਹੀ ਹੁੰਦੀ ਹੈ ਅਤੇ ਤੀਜੀ ਭਾਸ਼ਾ ਯੂਨਾਨੀ, ਲਾਤੀਨੀ ਜਾਂ ਹੀਬਰਿਊ ਹੁੰਦੀ ਹੈ।

ਅਮਰੀਕਨ ਲੋਕ ਵਿਆਕਰਣਕ ਨੇਮਾਂ ਅਨੁਸਾਰ ਨਾ ਬੋਲਣਾ ਜਾਣਦੇ ਹਨ, ਨਾ ਲਿਖਣਾ। ਉਹ ਭਾਸ਼ਾ ਨੂੰ ਤੋੜ-ਮਰੋੜ ਕੇ ਆਪਣਾ ਕੰਮ ਚਲਾਉਂਦੇ ਹਨ। ਸਮੁੱਚੇ ਤੌਰ ਉਤੇ ਅਮਰੀਕਨ ਸੌਖੀ ਭਾਸ਼ਾ ਬੋਲਦੇ ਹਨ ਪਰ ਉਨ੍ਹਾਂ ਦਾ ਉਚਾਰਣ ਵਿਦੇਸ਼ੀਆਂ ਨੂੰ ਜਲਦੀ ਸਮਝ ਨਹੀਂ ਆਉਂਦਾ।

ਭਾਵੇਂ ਕਾਲੇ ਅਤੇ ਗੋਰੇ ਵਿਦਿਆਰਥੀਆਂ ਵਿਚਕਾਰ ਭੇਦ-ਭਾਵ ਨਾ ਕਰਨ ਦੇ ਦਾਵ੍ਹੇ ਕੀਤੇ ਜਾਂਦੇ ਹਨ ਪਰ ਭੇਦ-ਭਾਵ ਪ੍ਰਤੱਖ ਹੈ ਅਤੇ ਇਹ ਜੀਵਨ ਦੇ ਹਰ ਖੇਤਰ ਵਿਚ ਵਿਦਮਾਨ ਹੈ। ਏਸ਼ੀਅਨ ਲੋਕਾਂ ਨਾਲ ਵੀ ਭੇਦ-ਭਾਵ ਹੁੰਦਾ ਹੈ। ਉਂਝ ਤਾਂ ਅਮਰੀਕਾ ਸਾਰਾ ਹੀ ਪ੍ਰਵਾਸੀਆਂ ਦਾ ਦੇਸ਼ ਹੈ ਪਰ ਗੋਰੇ-ਐਂਗਲੋ-ਸੈਕਸਨ-ਪ੍ਰੋਟੈਸਟੈਂਟਾਂ ਤੋਂ ਇਲਾਵਾ ਬਾਕੀ ਸਾਰੇ ਲੋਕ ਆਪਣੇ ਆਪ ਨੂੰ ਵਿਦੇਸ਼ੀ ਸਮਝਦੇ ਹਨ ਅਤੇ ਕਈ ਪੀੜ੍ਹੀਆਂ ਗੁਜ਼ਰ ਜਾਣ ਦੇ ਬਾਵਜੂਦ ਵੀ ਉਨ੍ਹਾਂ ਦੀ ਆਪਣੇ ਨਾਨਕੇ ਦੇਸ਼ ਨਾਲ ਸਾਂਝ ਨਹੀਂ ਟੁੱਟੀ।

ਇਸ ਪੱਖ ਤੋਂ ਮੈਨੂੰ ਅਮਰੀਕਾ ਸੰਸਾਰ ਦੀ ਰਾਜਧਾਨੀ ਪ੍ਰਤੀਤ ਹੋਇਆ ਹੈ।

ਸਕੂਲਾਂ ਅਤੇ ਯੂਨੀਵਰਸਿਟੀਆਂ ਵਿਚ ਏਸ਼ੀਅਨ ਵਿਦਿਆਰਥੀਆਂ ਦੀ ਭਰਮਾਰ ਹੈ ਅਤੇ ਉਹ ਆਪਣੇ ਗੂੜ੍ਹੇ ਅਤੇ ਪੱਕੇ ਪਰਿਵਾਰਕ ਜੀਵਨ ਕਾਰਨ ਮਿਹਨਤੀ ਹਨ ਅਤੇ ਪੜ੍ਹਾਈ ਵਿਚ ਅਗੇ ਹਨ।

ਵਿਦਿਆ ਦੇ ਖੇਤਰ ਵਿਚ ਉਨ੍ਹਾਂ ਨਾਲ ਪ੍ਰਤੱਖ ਵਿਤਕਰਾ ਹੁੰਦਾ ਹੈ।

ਉਦਾਹਰਣ ਵਜੋਂ ਬਹੁਤੇ ਭਾਰਤੀ ਮਾਪੇ ਆਪਣੇ ਬੱਚਿਆਂ ਨੂੰ ਡਾਕਟਰ, ਇੰਜੀਨੀਅਰ ਬਣਾਉਣਾ ਚਾਹੁੰਦੇ ਹਨ ਅਤੇ ਉਨ੍ਹਾਂ ਵਿਚ ਬਣਨ ਦੀ ਸਮਰੱਥਾ ਵੀ ਹੈ। ਹੁਣ ਉੱਥੇ ਨੇਮ ਬਣਾਇਆ ਗਿਆ ਹੈ ਕਿ ਮੈਡੀਕਲ ਕਾਲਜਾਂ ਵਿਚ ਹਰ ਇਕ ਅਮਰੀਕਨ ਵਿਦਿਆਰਥੀ ਪਿੱਛੇ ਇਕ ਏਸ਼ੀਅਨ ਵਿਦਿਆਰਥੀ ਦਾਖਲ ਕੀਤਾ ਜਾਵੇਗਾ। ਅਮਰੀਕਨ ਵਿਦਿਆਰਥੀ ਦਾਖਲ ਹੀ ਨਹੀਂ ਹੁੰਦੇ, ਸੋ ਏਸ਼ੀਅਨ ਵਿਦਿਆਰਥੀ ਵੀ ਦਾਖਲ ਹੋਣੋਂ ਰਹਿ ਜਾਂਦੇ ਹਨ।

ਬਹੁਤ ਘਟ ਅਮਰੀਕਨ ਹਨ ਜਿਹੜੇ ਔਖੀ ਪੜ੍ਹਾਈ ਕਰਨ ਲਈ ਤਿਆਰ ਹਨ, ਉਨ੍ਹਾਂ ਨੂੰ ਸੌਖੀਆਂ ਜਿੱਤਾਂ ਦੀ ਆਦਤ ਹੈ ਅਤੇ ਉਹ ਪੱਕੀ-ਪਕਾਈ ਖਾਣ ਦੇ ਆਦੀ ਹਨ।

ਅਮਰੀਕਾ ਵਿਚ ਪੜ੍ਹੇ ਲਿਖੇ ਅਤੇ ਅਨਪੜ੍ਹ ਦੀ ਆਮਦਨ ਵਿਚ ਬਹੁਤਾ ਅੰਤਰ ਨਹੀਂ, ਉਥੇ ਕੰਮ ਡਿਗਰੀਆਂ ਦੇ ਆਧਾਰ ਉਤੇ ਨਹੀਂ, ਯੋਗਤਾ ਅਤੇ ਨਿਪੁੰਨਤਾ ਦੇ ਆਧਾਰ ਉਤੇ ਮਿਲਦਾ ਹੈ। ਉਥੇ ਪੜ੍ਹਾਈ ਲਗਾਤਾਰ ਕਰਨ ਦਾ ਵੀ ਰਿਵਾਜ ਨਹੀਂ, ਜਦੋਂ ਮਰਜ਼ੀ ਛੱਡ ਦਿੱਤੀ, ਜਦੋਂ ਦਿਲ ਕੀਤਾ ਮੁੜ ਆਰੰਭ ਕਰ ਦਿੱਤੀ।

ਸਥਿਤੀ ਇਹ ਹੋ ਗਈ ਹੈ ਕਿ ਅਮਰੀਕਾ ਦੀ ਖੁਸ਼ਹਾਲੀ ਵਿਚ ਅਮਰੀਕਨਾਂ ਦੇ ਮੁਕਾਬਲੇ ਵਿਦੇਸ਼ੀਆਂ ਦਾ ਯੋਗਦਾਨ ਵਧੇਰੇ ਹੈ। ਜਿਵੇਂ ਅਸੀਂ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਮਜ਼ਦੂਰਾਂ ਦੇ ਸਹਾਰੇ ਆਪਣੀ ਖੇਤੀਬਾੜੀ ਦਾ ਵਿਕਾਸ ਕੀਤਾ ਹੈ, ਇਵੇਂ ਹੀ ਸੱਸਤੀ ਵਿਦੇਸ਼ੀ ਲੇਬਰ ਦੇ ਸਹਾਰੇ ਉਨ੍ਹਾਂ ਨੇ ਖੁਸ਼ਹਾਲੀ ਪ੍ਰਾਪਤ ਕੀਤੀ ਹੈ।

ਅਮਰੀਕਾ ਵਿਚ ਸਕੂਲ ਦੀ ਪੜ੍ਹਾਈ, ਕਿਤਾਬਾਂ ਅਤੇ ਕਈ ਥਾਂਈਂ ਖਾਣਾ ਵੀ ਮੁਫ਼ਤ ਹੈ। ਹੋਰ ਸਹੂਲਤਾਂ ਵੀ ਮੁਫ਼ਤ ਹਨ ਪਰ ਕਿਉਂਕਿ ਅਮਰੀਕਾ ਵਿਚ ਕੁਝ ਵੀ ਮੁਫ਼ਤ ਨਹੀਂ, ਉਥੇ ਜਾਇਦਾਦ ਉਤੇ ਲਗਣ ਵਾਲਾ ਸਾਰਾ ਟੈਕਸ ਸਕੂਲਾਂ ਉਤੇ ਖਰਚ ਕੀਤਾ ਜਾਂਦਾ ਹੈ। ਜਦੋਂ ਮਾਪੇ ਵੱਧ ਸਹੂਲਤਾਂ ਮੰਗਦੇ ਹਨ ਤਾਂ ਉਨ੍ਹਾਂ ਦਾ ਟੈਕਸ ਵੱਧ ਜਾਂਦਾ ਹੈ। ਜਿਤਨਾ ਚੰਗਾ ਸਕੂਲ ਹੋਵੇਗਾ, ਉਤਨਾ ਵਧੇਰੇ ਟੈਕਸ ਹੋਵੇਗਾ ਪਰ ਪੜ੍ਹਾਈ ਲਈ ਕੋਈ ਰਕਮ ਵਸੂਲ ਨਹੀਂ ਕੀਤੀ ਜਾਂਦੀ।

ਉਥੋਂ ਦੇ ਆਮ ਸਕੂਲਾਂ ਵਿਚ ਇਤਨੀਆਂ ਸਹੂਲਤਾਂ ਹਨ, ਜਿਤਨੀਆਂ ਸਾਡੀਆਂ ਯੂਨੀਵਰਸਿਟੀਆਂ ਵਿਚ ਵੀ ਨਹੀਂ ਹਨ।

ਟੈਲੀਵਿਜ਼ਨ ਅਤੇ ਮਨ-ਪ੍ਰਚਾਵੇ ਦੇ ਹੋਰ ਸਾਧਨਾਂ ਨੇ ਅਮਰੀਕਾ ਵਿਚ ਵਿਦਿਆ ਦੇ ਖੇਤਰ ਵਿਚ ਦਿਲਚਸਪੀ ਲਗਭਗ ਮੁਕਾ ਦਿੱਤੀ ਹੈ। ਗਣਿਤ ਦੇ ਖੇਤਰ ਵਿਚ ਅਮਰੀਕਨਾਂ ਦੀ ਤਰਸਯੋਗ ਹਾਲਤ ਵੇਖ ਕੇ ਹਾਸਾ ਹੀ ਆਉਂਦਾ ਹੈ। ਅਮਰੀਕਾ ਦੇ ਸਕੂਲ-ਪਾਸ ਵਿਦਿਆਰਥੀਆਂ ਨੂੰ ਪੰਜ ਦਾ ਵੀ ਪਹਾੜਾ ਨਹੀਂ ਆਉਂਦਾ।

ਇਕ ਸਟੋਰ ਵਿਚ ਇਕ ਵਸਤ ਪੰਜਤਾਲ੍ਹੀ ਡਾਲਰ ਦੀ ਮਿਲ ਰਹੀ ਸੀ ਅਤੇ ਉਸ ਉਤੇ ਤੀਹ ਪ੍ਰਤੀਸ਼ਤ ਰਿਆਇਤ ਸੀ। ਜਦੋਂ ਮੈਂ ਜ਼ਬਾਨੀ ਹੀ ਦੱਸਿਆ ਕਿ ਸਾਢੇ-ਇਕੱਤੀ ਡਾਲਰ ਬਣਦੇ ਹਨ ਤਾਂ ਪੈਸੇ ਵਸੂਲਣ ਵਾਲੀ ਕੁੜੀ ਨੇ ਹੈਰਾਨੀ ਨਾਲ ਮੇਰੇ ਤੋਂ ਪੁਛਿਆ 'ਇਹ ਸਾਰਾ ਹਿਸਾਬ ਤੁਸੀਂ ਆਪਣੇ ਦਿਮਾਗ਼ ਨਾਲ ਕੀਤਾ ਹੈ ?'

ਇਕ ਸਟੋਰ ਵਿਚ ਕੈਸ਼ੀਅਰ ਕੁੜੀ ਨੇ ਬਣਦੇ ਪੈਸਿਆਂ ਨਾਲੋਂ ਜਦੋਂ ਮੈਨੂੰ ਵੱਧ ਮੋੜ ਦਿੱਤੇ ਤਾਂ ਮੈਂ ਉਸ ਨੂੰ ਜਦੋਂ ਉਸ ਦੀ ਗਲਤੀ ਤੋਂ ਜਾਣੂ ਕਰਵਾਇਆ ਤਾਂ ਉਹ ਮੇਰੇ ਨਾਲ ਨਾਰਾਜ਼ ਜਿਹੀ ਹੋ ਗਈ । ਅਜਿਹੀਆਂ ਗਲਤੀਆਂ ਉਹ ਆਮ ਕਰਦੇ ਹਨ। ਉਹ ਆਪਣੀ ਜੇਬ ਵਿਚੋਂ ਪੈਸੇ ਪਾ ਦੇਣਗੇ ਪਰ ਹਿਸਾਬ ਨੂੰ ਘੋਖਣ-ਪਰਖਣਗੇ ਨਹੀਂ, ਕਿਉਂਕਿ ਉਨ੍ਹਾਂ ਨੂੰ ਘੋਖਣਾ ਆਉਂਦਾ ਨਹੀਂ।

ਕੰਪਿਊਟਰ ਉਤੇ ਉਨ੍ਹਾਂ ਦੀ ਨਿਰਭਰਤਾ ਨੇ ਉਨ੍ਹਾਂ ਨੂੰ ਹਾਸੋਹੀਣਾ ਬਣਾ ਦਿੱਤਾ ਹੈ। ਹਸਪਤਾਲਾਂ ਵਿਚ ਨਰਸਾਂ ਨੂੰ ਸਿਖਾਇਆ ਜਾਂਦਾ ਹੈ ਕਿ ਮਰੀਜ਼ ਦੀ ਨਬਜ਼ ਦਸ ਸਕਿੰਟ ਵੇਖ ਕੇ ਛੇ ਨਾਲ ਗੁਣਾ ਕਰਕੇ ਇਕ ਮਿੰਟ ਦੀ ਨਬਜ਼-ਗਿਣਤੀ ਦਾ ਹਿਸਾਬ ਲਾਇਆ ਜਾਵੇ ਪਰ ਛੇ ਸਕਿੰਟ ਵੇਖ ਕੇ ਹੀ ਨਰਸਾਂ ਗਿਣਤੀ ਨਾਲ ਸਿਫਰ ਲਾ ਲੈਂਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਛੇ ਦਾ ਪਹਾੜਾ ਨਹੀਂ ਆਉਂਦਾ।

ਅਮਰੀਕਨ ਸੁਸਤ ਅਤੇ ਨਾਲਾਇਕ ਇਤਨੇ ਹਨ ਕਿ ਉਨ੍ਹਾਂ ਵਿਚ ਸਿਖਣ ਦੀ ਅਭਿਲਾਸ਼ਾ ਹੀ ਨਹੀਂ। ਉਨ੍ਹਾਂ ਨੂੰ ਭਰਮ ਹੈ ਕਿ ਜੋ ਕੁਝ ਜਾਨਣ ਯੋਗ ਹੈ, ਉਹ ਜਾਣਦੇ ਹਨ, ਸੋ ਹੈਰਾਨੀ ਦੀ ਗੱਲ ਨਹੀਂ ਕਿ ਅਮਰੀਕਾ ਵਿਚ ਵਿਦੇਸ਼ਾਂ ਤੋਂ ਆਏ ਲੋਕ ਉੱਨਤੀ ਕਰਕੇ ਅਮੀਰ ਹੋ ਰਹੇ ਹਨ।

ਅਮਰੀਕਾ ਵਿਚ ਸਕੂਲੀ ਬੱਚਿਆਂ ਨੂੰ ਘਰ ਲਈ ਕੰਮ ਦਿੱਤਾ ਹੀ ਨਹੀਂ ਜਾਂਦਾ ਕਿਉਂਕਿ ਉਸ ਨੂੰ ਕਰਵਾਉਣਾ ਮਾਪਿਆਂ ਦੇ ਵੱਸ ਦੀ ਗੱਲ ਨਹੀਂ ਹੁੰਦੀ। ਸਕੂਲਾਂ ਵਿਚ ਟੈਲੀਵਿਜ਼ਨ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਲਿਖਣ ਦਾ ਅਭਿਆਸ ਇਤਨਾ ਘੱਟ ਹੈ ਕਿ ਉਹ ਕੁਝ ਵੀ ਨਹੀਂ ਲਿਖ ਸਕਦੇ। ਇਹੀ ਕਾਰਨ ਹੈ ਕਿ ਚਿੱਠੀ ਲਿਖਣ ਦਾ ਰਿਵਾਜ ਹੀ ਨਹੀਂ, ਟੇਪਾਂ ਭਰ ਕੇ ਭੇਜੀਆਂ ਜਾਂਦੀਆਂ ਹਨ ਅਤੇ ਟੈਲੀਫੋਨ ਉਤੇ ਗੱਲ ਕਰਕੇ ਹੀ ਕੰਮ ਸਾਰਿਆ ਜਾਂਦਾ ਹੈ। ਜਿਹੜੀਆਂ ਕਿਤਾਬਾਂ ਪ੍ਰਚਲਿਤ ਹਨ, ਉਹ ਆਮ ਕਰਕੇ ਜਾਸੂਸੀ ਅਤੇ ਕਾਮ-ਉਕਸਾਊ ਕਿਸਮ ਦੇ ਨਾਵਲ ਹੀ ਹੁੰਦੇ ਹਨ। ਅਮਰੀਕਨ ਲੋਕ ਅਖਬਾਰਾਂ-ਰਿਸਾਲੇ ਖਰੀਦਦੇ ਹਨ, ਕੇਵਲ ਤਸਵੀਰਾਂ ਵੇਖਣ ਲਈ।

ਲਾਇਬਰੇਰੀਆਂ ਵਿਚੋਂ ਕਿਤਾਬਾਂ ਹੀ ਨਹੀਂ, ਸਭ ਪ੍ਰਕਾਰ ਦੀਆਂ ਟੇਪਾਂ, ਰਿਕਾਰਡ, ਕੈਸਟਾਂ ਆਦਿ ਵੀ ਮਿਲਦੀਆਂ ਹਨ। ਲਾਇਬਰੇਰੀਆਂ ਵਿਚ ਪੁਰਾਣੀਆਂ ਹੋ ਗਈਆਂ ਕਿਤਾਬਾਂ ਨੂੰ, ਸੱਸਤੀ ਕੀਮਤ 'ਤੇ ਵੇਚਣ ਲਈ ਰਖਿਆ ਜਾਣਾ ਮੈਨੂੰ ਚੰਗਾ ਲਗਿਆ।

ਯੂਨੀਵਰਸਿਟੀ ਦੀ ਪੜ੍ਹਾਈ ਨਾ ਕੇਵਲ ਮੁਸ਼ਕਿਲ ਹੈ ਸਗੋਂ ਅੰਤਾਂ ਦੀ ਮਹਿੰਗੀ ਵੀ ਹੈ। ਯੂਨੀਵਰਸਿਟੀਆਂ ਆਪਣੇ ਆਲੇ-ਦੁਆਲੇ ਦੀਆਂ ਲੋੜਾਂ ਅਨੁਸਾਰ ਕੋਰਸ ਕਰਵਾਉਂਦੀਆਂ ਹਨ। ਉਦਾਹਰਣ ਵਜੋਂ ਨਿਊਯਾਰਕ ਵਪਾਰ ਦਾ ਕੇਂਦਰ ਹੈ, ਉਥੇ ਯੂਨੀਵਰਸਿਟੀ ਵਿਚ ਵਪਾਰ ਨਾਲ ਸੰਬੰਧਤ ਕੋਰਸ ਵਧੇਰੇ ਹਨ। ਵਾਸ਼ਿੰਗਟਨ ਰਾਜਨੀਤੀ ਦਾ ਕੇਂਦਰ ਹੈ, ਉਥੇ ਦੀ ਯੂਨੀਵਰਸਿਟੀ ਵਿਚ ਰਾਜਨੀਤੀ ਨਾਲ ਸੰਬੰਧਤ ਕੋਰਸ ਵਧੇਰੇ ਵਿਕਸਿਤ ਹਨ। ਲਾਸ ਵੇਗਾਸ ਜੂਏ ਦਾ ਕੇਂਦਰ ਹੈ ਉਥੇ ਜੂਆ ਖਿਡਾਉਣ ਆਦਿ ਦੇ ਕੋਰਸ ਵਧੇਰੇ ਹਨ। ਬਹੁਤੀ ਪੜ੍ਹਾਈ ਅਮਲੀ ਹੈ ਅਤੇ ਉਪਜੀਵਕਾ ਨਾਲ ਸਿੱਧੀ ਜੁੜੀ ਹੋਈ ਅਤੇ ਨਿਪੁੰਨ ਯੋਗਤਾ ਉਪਜਾਉਣ ਵਾਲੀ ਹੁੰਦੀ ਹੈ।

ਆਮ ਕਰਕੇ ਯੂਨੀਵਰਸਿਟੀ ਪਹੁੰਚਣ ਤਕ ਵਿਦਿਆਰਥੀ ਦਾ ਵਿਆਹ ਹੋ ਚੁੱਕਾ ਹੁੰਦਾ ਹੈ, ਸੋ ਇਕ ਜੀਅ ਕੰਮ ਕਰਦਾ ਹੈ, ਦੂਜਾ ਪੜ੍ਹਦਾ ਹੈ। ਇਵੇਂ ਪਤੀ-ਪਤਨੀ ਵਾਰੀ ਸਿਰ ਪੜ੍ਹਦੇ ਹਨ। ਜੇ ਮਾਪੇ ਹਮਦਰਦ ਹੋਣ ਤਾਂ ਉਹ ਕੁਝ ਮਦਦ ਕਰਦੇ ਹਨ, ਵਜ਼ੀਫ਼ੇ ਵੀ ਮਿਲਦੇ ਹਨ ਪਰ ਤਾਂ ਵੀ ਕੰਮ ਜ਼ਰੂਰ ਕਰਨਾ ਪੈਂਦਾ ਹੈ।

ਅਮਰੀਕਾ ਵਿਚ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਵੇਖ ਕੇ ਤਾਂ ਇਉਂ ਲਗਦਾ ਹੈ ਜਿਵੇਂ ਸਾਡੇ ਦੇਸ਼ ਵਿਚ ਵਿਦਿਆਰਥੀ ਤਾਂ ਕਾਲਜਾਂ-ਯੂਨੀਵਰਸਿਟੀਆਂ ਵਿਚ ਘੁੰਮਣ- ਫਿਰਨ ਅਤੇ ਚੁਹਲ-ਮੁਹਲ ਕਰਨ ਹੀ ਆਉਂਦੇ ਹਨ।

ਅਮਰੀਕੀ ਗਿਰਜਿਆਂ ਦੇ ਮੁਕਾਬਲੇ ਉਨ੍ਹਾਂ ਦੀਆਂ ਲਾਇਬਰੇਰੀਆਂ ਵਿਚ ਵਧੇਰੇ ਭੀੜ ਹੁੰਦੀ ਹੈ। ਉਥੇ ਪੜ੍ਹਾਈ ਬੜੀ ਮਿਹਨਤ ਮੰਗਦੀ ਹੈ।

ਮੇਰੇ ਉਥੇ ਹੁੰਦਿਆਂ ਇਕ ਪ੍ਰੋਫੈਸਰ ਨੇ ਛੇ ਸੌ ਪੰਨਿਆਂ ਦੀ ਇਕ ਕਿਤਾਬ ਇਕ ਵਿਦਿਆਰਥੀ ਨੂੰ ਦਿੰਦਿਆਂ ਕਿਹਾ ਕਿ ਇਸ ਨੂੰ ਪੜ੍ਹ ਕੇ ਕੱਲ੍ਹ ਇਸ ਉਤੇ ਲੇਖ ਲਿਖ ਕੇ ਲਿਆਉਣਾ। ਵਿਦਿਆਰਥੀ ਨੇ ਕਿਹਾ, 'ਇਸ ਨੂੰ ਪੜ੍ਹਨ ਲਈ ਹੀ ਦੋ ਦਿਨ ਚਾਹੀਦੇ ਹਨ।' ਉੱਤਰ ਮਿਲਿਆ, 'ਤਾਂ ਫਿਰ ਤੁਸੀਂ ਆਪਣੇ ਦੇਸ਼ ਵਾਪਸ ਪਰਤ ਜਾਓ।'

ਉੱਥੇ ਯੂਨੀਵਰਸਿਟੀ ਵਿਚ ਪੜ੍ਹਨਾ ਅਤੇ ਲਾਪ੍ਰਵਾਹ ਹੋਣਾ ਸੰਭਵ ਹੀ ਨਹੀਂ। ਕੈਲੀਫੋਰਨੀਆ ਯੂਨੀਵਰਸਿਟੀ ਵਿਚ ਪੜ੍ਹਾਈ ਦੇ ਕੰਮ ਦੇ ਬੋਝ ਥਲੇ ਦੱਬੇ ਅਤੇ ਸਹਿਮੇ ਹੋਏ ਵਿਦਿਆਰਥੀ ਅਜੇ ਵੀ ਮੇਰੀਆਂ ਅੱਖਾਂ ਅਗੇ ਆਉਂਦੇ ਰਹਿੰਦੇ ਹਨ।

ਉਥੇ ਦੀਆਂ ਲਾਇਬਰੇਰੀਆਂ ਵਿਚ ਕਿਸੇ ਨੂੰ ਵੇਖ ਕੇ ਤੁਸੀਂ ਨਹੀਂ ਦਸ ਸਕਦੇ ਕਿ ਕਿਹੜਾ ਪ੍ਰੋਫੈਸਰ ਹੈ ਅਤੇ ਕਿਹੜਾ ਵਿਦਿਆਰਥੀ, ਕਿਉਂਕਿ ਉਥੇ ਹਰ ਉਮਰ ਦੇ ਵਿਦਿਆਰਥੀ ਅਤੇ ਹਰ ਪ੍ਰਕਾਰ ਦੇ ਪ੍ਰੋਫੈਸਰ ਮਿਲ ਜਾਣਗੇ।

ਅਮਰੀਕਨ ਸਕੂਲਾਂ ਵਿਚ ਅਤੇ ਵਿਸ਼ੇਸ਼ ਕਰਕੇ ਯੂਨੀਵਰਸਿਟੀਆਂ ਵਿਚ ਵਾਤਾਵਰਣ ਬੜਾ ਆਜ਼ਾਦ ਅਤੇ ਰਚਨਾਤਮਕ ਹੈ। ਜੋ ਕੁਝ ਕਰਨਾ ਚਾਹੁੰਦੇ ਹੋ ਕਰੋ, ਸਭ ਸਹੂਲਤਾਂ ਖਿੜੇ-ਮੱਥੇ ਦਿੱਤੀਆਂ ਜਾਣਗੀਆਂ।

ਬਹੁਤੇ ਲੋਕ ਸ਼ਾਮ ਦੇ ਕੋਰਸਾਂ ਵਿਚ ਪੜ੍ਹਦੇ ਹਨ, ਪੜ੍ਹਾਈ ਘੰਟਿਆਂ ਦੇ ਹਿਸਾਬ ਹੁੰਦੀ ਹੈ ਅਤੇ ਪੜ੍ਹਾਈ ਦਾ ਅਰਥ ਪੜ੍ਹਾਈ ਹੈ। ਸੱਠ ਘੰਟੇ ਦਾ ਕੋਰਸ ਸੱਠ ਘੰਟੇ ਵਿਚ ਹੀ ਹੋਵੇਗਾ, ਤੁਸੀਂ ਭਾਵੇਂ ਇਕ ਮਹੀਨੇ ਵਿਚ ਪੂਰਾ ਕਰੋ, ਭਾਵੇਂ ਛੇ ਮਹੀਨੇ ਵਿਚ।

ਪੜ੍ਹਾਈ ਵਾਂਗ ਹੀ ਸਭਿਆਚਾਰਕ ਪ੍ਰੋਗਰਾਮਾਂ ਦੀ ਭਰਮਾਰ ਹੈ। ਨਿਊਯਾਰਕ ਯੂਨੀਵਰਸਿਟੀ ਤਾਂ ਪੂਰਾ ਸ਼ਹਿਰ ਹੈ, ਜਿਥੇ ਪੰਜ ਹਜ਼ਾਰ ਪੱਕੇ ਪ੍ਰੋਫੈਸਰ ਅਤੇ ਪੰਜ ਹਜ਼ਾਰ ਮਹਿਮਾਨ ਪ੍ਰੋਫੈਸਰ ਹਨ। ਵਿਦਿਆਰਥੀਆਂ ਦੀ ਗਿਣਤੀ ਦਾ ਸ਼ੁਮਾਰ ਹੀ ਨਹੀਂ, ਦਿਨ ਰਾਤ ਮੇਲੇ ਵਾਲਾ ਵਾਤਾਵਰਣ ਹੁੰਦਾ ਹੈ।

ਮੈਂ ਜਾਣਨਾ ਚਾਹੁੰਦਾ ਸਾਂ ਕਿ ਅਮਰੀਕਾ ਦੀ ਖੁਸ਼ਹਾਲੀ ਵਿਚ ਉਥੋਂ ਦੀਆਂ ਵਿਦਿਅਕ ਸੰਸਥਾਵਾਂ ਦਾ ਕੀ ਰੋਲ ਹੈ। ਉਥੇ ਰਵਾਇਤੀ ਪੜ੍ਹਾਈ ਦਾ ਮਹੱਤਵ ਬਹੁਤ ਘੱਟ ਗਿਆ ਹੈ ਪਰ ਅਮਲੀ ਪੜ੍ਹਾਈ ਅਤੇ ਕੋਰਸਾਂ ਦਾ ਮਹੱਤਵ ਵੱਧ ਗਿਆ ਹੈ।

ਮੈਂ ਇਹ ਵੀ ਅਨੁਭਵ ਕੀਤਾ ਹੈ ਕਿ ਉਨ੍ਹਾਂ ਦੀ ਅਮੀਰੀ, ਉਨ੍ਹਾਂ ਦੇ ਸਭ ਦੋਸ਼ ਢੱਕ ਲੈਂਦੀ ਹੈ ਜਦੋਂ ਕਿ ਸਾਡੀ ਗਰੀਬੀ ਕਾਰਨ ਸਾਡੇ ਗੁਣ ਵੀ ਦੋਸ਼ ਬਣ ਜਾਂਦੇ ਹਨ।

ਹਰੇਕ ਭਾਰਤੀ ਵਿਦਿਆਰਥੀ ਔਸਤ ਅਮਰੀਕੀ ਵਿਦਿਆਰਥੀ ਨਾਲੋਂ ਵਧੇਰੇ ਚੇਤੰਨ ਹੈ। ਉਥੇ ਕੰਮ ਦੇ ਅਥਾਹ ਮੌਕੇ ਘੁਗੂਆਂ ਨੂੰ ਵੀ ਵਿਸ਼ੇਸ਼ੱਗ ਬਣਾ ਦਿੰਦੇ ਹਨ, ਜਦੋਂ ਕਿ ਸਾਡੇ ਦੇਸ਼ ਵਿਚ ਕਿਸੇ ਵਿਰਲੇ ਨੂੰ ਹੀ ਆਪਣੀ ਯੋਗਤਾ ਵਿਖਾਉਣ ਦਾ ਅਵਸਰ ਮਿਲਦਾ ਹੈ।

ਅਮਰੀਕਾ ਦੀ ਉੱਨਤੀ ਵਿਚ ਵਿਗਿਆਨ ਦੀ ਸਿਖਿਆ ਫੈਸਲਾਕੁਨ ਰੋਲ ਨਿਭਾ ਰਹੀ ਹੈ। ਉਥੇ ਵਿਗਿਆਨ ਦਾ ਬੋਲਬਾਲਾ ਹੈ।

ਉਹ ਚੰਦਰਮਾ ਉਤੇ ਪਹੁੰਚ ਗਏ ਹਨ ਅਤੇ ਅਸੀਂ ਚੰਦਰਮਾ ਦੀ ਦੂਜ-ਤੀਜ ਅਤੇ ਪੰਚਮੀ ਨੂੰ ਮੱਥੇ ਟੇਕ ਰਹੇ ਅਤੇ ਕੁੰਭ ਸਮੇਂ ਇਸ਼ਨਾਨ ਕਰ ਰਹੇ ਹਾਂ।

ਉਨ੍ਹਾਂ ਸਾਮ੍ਹਣੇ ਜੀਵਨ ਦਾ ਉਦੇਸ਼ ਜ਼ਿੰਦਗੀ ਨੂੰ ਮਾਣਨਾ ਹੈ, ਜਦੋਂ ਕਿ ਸਾਡਾ ਜ਼ੋਰ ਵਰਤ ਰਖ ਕੇ, ਤੀਰਥਾਂ ਉਤੇ ਇਸ਼ਨਾਨ ਕਰਕੇ, ਮੁਕਤੀ ਪ੍ਰਾਪਤ ਕਰਨਾ ਹੈ। ਉਹ ਸੋਚ ਨੂੰ ਤਿਖਾ ਕਰਨ ਦੇ ਨਵੇਂ-ਨਵੇਂ ਢੰਗ-ਤਰੀਕੇ ਲਭ ਰਹੇ ਹਨ, ਅਸੀਂ ਅਜ ਵੀ ਕਰਾਮਾਤਾਂ ਅਤੇ ਸੂਰਜ ਗ੍ਰਹਿਣ ਦੀਆਂ ਕਹਾਣੀਆਂ ਨਾਲ ਭਰਮਾਏ ਜਾ ਰਹੇ ਹਾਂ।

ਔਸਤ ਅਮਰੀਕਨ ਆਪਣੇ ਸਕੂਲ ਵਿਚ ਭਾਵੇਂ ਬਹੁਤ ਕੁਝ ਨਹੀਂ ਸਿਖਦਾ ਪਰ ਜਦੋਂ ਉਹ ਜ਼ਿੰਦਗੀ ਦੇ ਅਖਾੜੇ ਵਿਚ ਉਤਰਦਾ ਹੈ, ਸਭ ਦਾਓ-ਪੇਚ ਉਸ ਨੂੰ ਸਿਖਣੇ ਪੈਂਦੇ ਹਨ। ਭਾਰਤ ਵਿਚ ਵਿਦਿਅਕ ਖੇਤਰ ਵਿਚ ਜਿਤਨੀਆਂ ਕੁ ਸਾਡੇ ਕੋਲ ਸਹੂਲਤਾਂ ਹਨ, ਉਨ੍ਹਾਂ ਦੇ ਅਨੁਪਾਤ ਵਿਚ ਸਾਡੀਆਂ ਪ੍ਰਾਪਤੀਆਂ ਨਿਗੁਣੀਆਂ ਨਹੀਂ ਪਰ ਅਸੀਂ ਅਜੇ ਬਹੁਤ ਲੰਮਾ ਸਫਰ ਤਹਿ ਕਰਨਾ ਹੈ।

ਸਾਨੂੰ ਆਪਣੀ ਚਾਲ ਗੱਡੇ ਤੋਂ ਵੱਧਾ ਕੇ ਰਾਕਟ ਵਾਲੀ ਕਰਨੀ ਪਵੇਗੀ।

ਕਾਰ ਉਹ ਚੂਲ ਹੈ ਜਿਸ ਦੇ ਦੁਆਲੇ ਸਾਰਾ ਅਮਰੀਕਾ ਘੁੰਮਦਾ ਹੈ। ਅਮਰੀਕਾ ਦੇ ਵਾਸੀਆਂ ਨੂੰ ਕਾਰ ਤੋਂ ਨਿਖੇੜ ਕੇ ਵੇਖਿਆ ਹੀ ਨਹੀਂ ਜਾ ਸਕਦਾ। ਉਹ ਜਦੋਂ ਵੀ ਸੰਸਾਰ ਦੇ ਕਿਸੇ ਦੇਸ਼ ਨਾਲ ਆਪਣਾ ਮੁਕਾਬਲਾ ਕਰਦੇ ਹਨ ਤਾਂ ਕਾਰਾਂ ਦੀ ਆਪਣੀ ਗਿਣਤੀ ਨਾਲ ਹੀ ਕਰਦੇ ਹਨ। ਮੈਂ ਹੈਰਾਨ ਹਾਂ ਕਿ ਅਮਰੀਕਨ ਝੰਡੇ ਵਿਚ ਕਾਰ ਦਾ ਨਿਸ਼ਾਨ ਕਿਉਂ ਨਹੀਂ।

ਉਥੇ ਇਤਨੀਆਂ ਕਾਰਾਂ ਹਨ ਕਿ ਪੂਰਬ ਦੇ ਵਾਸੀ ਨੂੰ ਉਨ੍ਹਾਂ ਨੂੰ ਵੇਖ-ਵੇਖ ਸਿਰ-ਦਰਦ ਹੋਣ ਲੱਗ ਪੈਂਦੀ ਹੈ।

ਵੀਹਵੀਂ ਸਦੀ ਦੇ ਆਰੰਭ ਵਿਚ ਰੇਲ ਕੰਪਨੀਆਂ ਨੇ ਮੁਸਾਫਰਾਂ ਲਈ ਸਹੂਲਤਾਂ ਦੇ ਪੱਖੋਂ ਜਦੋਂ ਲਾਪ੍ਰਵਾਹੀ ਵਰਤੀ ਤਾਂ ਕਾਰ ਹਰਮਨ ਪਿਆਰੀ ਹੋ ਗਈ ਅਤੇ ਰੇਲ ਗੱਡੀ ਦੇ ਮੁਕਾਬਲੇ ਆਣ ਖਲੋਤੀ। ਸਭ ਤੋਂ ਵੱਡਾ ਅੰਤਰ ਇਹ ਵੇਖਣ ਵਿਚ ਆਇਆ ਕਿ ਗੱਡੀ ਤਾਂ ਸਟੇਸ਼ਨ ਤੋਂ ਸਟੇਸ਼ਨ ਤਕ ਹੀ ਜਾਂਦੀ ਸੀ, ਜਦੋਂ ਕਿ ਕਾਰ ਦਰਵਾਜ਼ੇ ਤੋਂ ਦਰਵਾਜ਼ੇ ਤਕ ਜਾਣ ਲੱਗ ਪਈ। ਉਨ੍ਹਾਂ ਦਿਨਾਂ ਤੋਂ ਅਮਰੀਕਨਾਂ ਨੇ ਪਿਛੇ ਮੁੜ ਕੇ ਨਹੀਂ ਵੇਖਿਆ।

ਰੇਲ ਗੱਡੀ ਉਨ੍ਹਾਂ ਦੇ ਜੀਵਨ ਵਿਚੋਂ ਲਗਭਗ ਨਿਕਲ ਗਈ ਹੈ।

ਕਾਰ ਤੋਂ ਬਿਨਾਂ ਅਮਰੀਕਾ ਵਿਚ ਜਿਊਣਾ ਸੰਭਵ ਨਹੀਂ।

ਮੈਂ ਸਮਝਦਾ ਹਾਂ ਉਥੇ ਕਿਸੇ ਨੂੰ ਫਾਂਸੀ ਦੇਣ ਦੀ ਲੋੜ ਨਹੀਂ, ਉਸ ਦਾ ਡਰਾਈਵਿੰਗ ਲਾਈਸੈਂਸ ਖੋਹ ਲਵੋ, ਉਹ ਦੋ ਹਫਤਿਆਂ ਵਿਚ ਆਤਮਘਾਤ ਕਰ ਲਵੇਗਾ।

ਅਮਰੀਕਾ ਵਿਚ ਫਾਸਲੇ ਬਹੁਤ ਲੰਮੇ ਹਨ, ਟੁਰ ਕੇ ਤਾਂ ਸਬਜ਼ੀ ਵੀ ਨਹੀਂ ਲਿਆਂਦੀ ਜਾ ਸਕਦੀ। ਅਮਰੀਕਾ ਦਾ ਵਾਸੀ ਹਰ ਮਜਬੂਰੀ ਨਾਲ ਸਮਝੌਤਾ ਕਰ ਸਕਦਾ ਹੈ ਪਰ ਜੇ ਉਹ ਕਾਰ-ਵਿਹੂਣਾ ਹੈ ਤਾਂ ਸਮਝੋ ਉਹ ਬਹੁਤਾ ਚਿਰ ਤੁਹਾਨੂੰ ਦਿਖਾਈ ਨਹੀਂ ਦੇਵੇਗਾ।

ਕਾਰ ਅਮਰੀਕਨ ਆਰਥਿਕਤਾ ਦਾ ਧੁਰਾ ਹੈ।

ਕਾਰ ਦੇ ਸਹਾਰੇ ਹੀ ਉਥੇ ਨਵੇਂ ਸ਼ਹਿਰ, ਸੈਰ-ਸਪਾਟੇ ਦੇ ਸਥਾਨ, ਹੋਟਲ, ਨਵੇਂ ਧੰਦੇ ਅਤੇ ਸ਼ਾਹ-ਮਾਰਗ ਹੋਂਦ ਵਿਚ ਆਏ ਹਨ।

ਸਾਡੇ ਦੇਸ਼ ਵਿਚ ਟੈਲੀਵਿਜ਼ਿਨ ਅਤੇ ਟੈਲੀਫੋਨ ਨੂੰ ਸਾਡੀ ਆਰਥਿਕਤਾ ਦਾ ਧੁਰਾ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਕਾਰਨ ਹੀ ਹੁਣ ਸਾਡੇ ਜੀਵਨ ਦੇ ਸਭ ਖੇਤਰਾਂ ਵਿਚ ਤਬਦੀਲੀ ਵਾਪਰ ਰਹੀ ਹੈ।

ਉਥੇ ਇਤਨੀਆਂ ਕਾਰਾਂ ਹਨ ਕਿ ਸਾਡੇ ਦੇਸ਼ ਦੀ ਸਾਰੀ ਆਬਾਦੀ ਵੀ ਜੇ ਕਾਰਾਂ ਵਿਚ ਬਹਿ ਜਾਵੇ ਤਾਂ ਵੀ ਕਈ ਲੱਖ ਕਾਰਾਂ ਖਾਲੀ ਰਹਿ ਜਾਣਗੀਆਂ।

ਹਰ ਅਮਰੀਕਨ ਸਭ ਤੋਂ ਵੱਧ ਆਪਣੀ ਕਾਰ ਬਾਰੇ ਸੋਚਦਾ ਹੈ।

ਪਤਨੀ ਨਾਲੋਂ ਵੀ ਵਧੇਰੇ ਉਸ ਨੂੰ ਕਾਰ ਦੀ ਚਿੰਤਾ ਹੁੰਦੀ ਹੈ।

ਦੁਨੀਆਂ ਦੀ ਹਰ ਕਾਰ ਤੁਹਾਨੂੰ ਅਮਰੀਕਾ ਦੀਆਂ ਸੜਕਾਂ ਉਤੇ ਦੌੜਦੀ ਵਿਖਾਈ ਦੇਵੇਗੀ। ਜਦੋਂ ਮੈਂ ਉਥੇ ਸੋਹਣੀਆਂ ਕਾਰਾਂ ਵੇਖੀਆਂ ਤਾਂ ਆਪਣੀ ਪਤਨੀ ਨੂੰ ਚਿੱਠੀ ਲਿਖੀ ਕਿ ਉਹ ਮੇਰੀ ਕਾਰ ਨੂੰ ਕਿਸੇ ਟੋਭੇ ਵਿਚ ਸੁਟਵਾ ਦੇਵੇ।

ਉਹ ਕਾਰਾਂ ਵੇਖ ਕੇ ਮੈਨੂੰ ਆਪਣੀ ਕਾਰ ਚਲਾਉਣ ਵੇਲੇ ਬੜੀ ਸ਼ਰਮ ਆਉਂਦੀ ਹੈ। ਅਸੀਂ ਆਪਣੀ ਗਰੀਬੀ ਕਾਰਨ ਆਪਣੀਆਂ ਛੋਟੀਆਂ-ਛੋਟੀਆਂ ਕਾਰਾਂ ਉਤੇ ਬਹੁਤ ਅਧਿਕ ਮਾਣ ਕਰਦੇ ਹਾਂ। ਅਮਰੀਕਾ ਦੀਆਂ ਕਾਰਾਂ ਵਿਚਲੀਆਂ ਸਹੂਲਤਾਂ ਦੇ ਮੁਕਾਬਲੇ ਸਾਡੀਆਂ ਕਾਰਾਂ ਲੋਹੇ ਦੇ ਭਾਰੇ ਤਖਤ-ਪੋਸ਼ ਹੀ ਹਨ ਪਰ ਹੁਣ ਸਥਿਤੀ ਬਦਲ ਰਹੀ ਹੈ।

ਅਮਰੀਕਾ ਵਿਚ ਬਣਨ ਵਾਲੀਆਂ ਕਾਰਾਂ ਸੁਖ ਅਤੇ ਆਰਾਮ ਦੇ ਪੱਖੋਂ ਪ੍ਰਸਿਧ ਹਨ, ਜਾਪਾਨੀ ਕਾਰਾਂ ਬਹੁਤੀਆਂ ਹੰਢਣਸਾਰ ਨਹੀਂ ਪਰ ਸਸਤੀਆਂ ਹੋਣ ਕਰਕੇ ਵਿਕਦੀਆਂ ਹਨ। ਅਮਰੀਕਨ ਤਾਂ ਜਰਮਨ ਕਾਰਾਂ ਵਾਸਤੇ ਤਾਂਘਦੇ ਹਨ।

ਜਰਮਨ ਕਾਰਾਂ ਆਪਣੀ ਵਧੀਆ ਕਾਰੀਗਰੀ ਅਤੇ ਮਜ਼ਬੂਤੀ ਕਰਕੇ ਪ੍ਰਸਿਧ ਹਨ ਅਤੇ ਜਰਮਨ ਕਾਰ ਵਿਚ ਬੈਠਾ ਵਿਅਕਤੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ।

ਸਪੋਰਟਸ ਕਾਰਾਂ ਬੜੀਆਂ ਮਹਿੰਗੀਆਂ ਹਨ ਅਤੇ ਬਹੁਤ ਹੀ ਤੇਜ਼ ਚਲਦੀਆਂ ਹਨ। ਹਬਸ਼ੀ ਵਧੀਆ ਅਤੇ ਮਹਿੰਗੀਆਂ ਕਾਰਾਂ ਰਖਣ ਦੇ ਸ਼ੌਕੀਨ ਹਨ। ਉਥੇ ਕਾਰ ਇਸ ਆਧਾਰ ਉਤੇ ਨਹੀਂ ਖਰੀਦੀ ਜਾਂਦੀ ਕਿ ਉਹ ਕਿਤਨੀ ਹੰਢਣਸਾਰ ਹੈ, ਸਗੋਂ ਇਸ ਆਧਾਰ ਤੇ ਖਰੀਦੀ ਜਾਂਦੀ ਹੈ ਕਿ ਉਹ ਕਿਤਨੀ ਸੁਰੱਖਿਅਤ ਹੈ। ਉਨ੍ਹਾਂ ਦੀਆਂ ਕਾਰਾਂ ਦੇ ਲੰਮੀਆਂ ਹੋਣ ਦਾ ਕਾਰਨ ਵੀ ਇਹੋ ਹੈ ਤਾਂ ਕਿ ਦੁਰਘਟਨਾ ਦੀ ਹਾਲਤ ਵਿਚ ਦਬਾਓ ਅਗਲੇ ਜਾਂ ਪਿਛਲੇ ਹਿੱਸੇ ਤੇ ਪਵੇ ਅਤੇ ਸਵਾਰੀ ਬਚ ਜਾਵੇ।

ਉਥੇ ਬਿਸਤਰੇ ਉਤੇ ਮਰਨ ਵਾਲਿਆਂ ਨਾਲੋਂ ਸੜਕਾਂ ਉਤੇ ਵਧੇਰੇ ਲੋਕ ਮਰਦੇ ਹਨ, ਸੋ ਉਹ ਜਾਨ ਬਚਾਉਣ ਵਾਲੀਆਂ ਕਾਰਾਂ ਖਰੀਦਦੇ ਹਨ।

ਹਰ ਅਮਰੀਕਨ ਆਪਣੇ ਦਿਨ ਦੇ ਤਿੰਨ-ਚਾਰ ਘੰਟੇ ਕਾਰ ਵਿਚ ਗੁਜ਼ਾਰਦਾ ਹੈ। ਉਥੇ ਕੰਮ ਕਰਨ ਦੇ ਘੰਟੇ ਘੱਟ ਰਹੇ ਹਨ ਪਰ ਕੰਮ ਵਾਲੀ ਥਾਂ ਉੱਤੇ ਪਹੁੰਚਣ ਵਿਚ ਲੱਗਣ ਵਾਲਾ ਸਮਾਂ ਵੱਧ ਰਿਹਾ ਹੈ। ਇਹੀ ਕਾਰਨ ਹੈ ਕਿ ਉਥੇ ਕਾਰ ਇਕ ਵਰਦਾਨ ਨਹੀਂ ਰਹੀ, ਸਗੋਂ ਇਕ ਸਰਾਪ ਬਣ ਗਈ ਹੈ।

ਹਰ ਕਾਰ ਵਿਚ ਕੰਮ ਕਰਨ ਵਾਲੇ ਦਿਨਾਂ ਦੌਰਾਨ ਅਕਸਰ ਇਕ ਵਿਅਕਤੀ ਹੀ ਹੋਵੇਗਾ, ਸੋ ਉਨ੍ਹਾਂ ਦੇ ਵਿਹਾਰ ਵਿਚ ਇਕੱਲਤਾ ਅਤੇ ਵਿਜੋਗਿਆਪਣ ਪ੍ਰਤਖ ਹੈ।

ਇਸ ਸਥਿਤੀ ਕਾਰਨ ਹੀ ਉਥੇ ਜੀਵਨ ਵਿਚ ਉਲਾਰ ਵੱਧ ਰਿਹਾ ਹੈ, ਘਰ ਟੁੱਟ ਰਹੇ ਹਨ ਅਤੇ ਜੁਰਮ ਵੱਧ ਰਹੇ ਹਨ।

ਅਮਰੀਕਾ ਵਿਚ ਕਾਰ ਲੈਣੀ ਸੌਖੀ ਹੈ ਪਰ ਉਸ ਨੂੰ ਚਲਦਾ ਰਖਣਾ ਔਖਾ ਹੈ। ਕਾਰ ਦੇ ਭਾਂਤ-ਭਾਂਤ ਦੇ ਬੀਮੇ, ਕਿਸ਼ਤਾਂ ਆਦਿ ਅਮਰੀਕਾ ਦੀ ਅੱਸੀ ਪ੍ਰਤੀਸ਼ਤ ਆਬਾਦੀ ਦੀ ਕਮਾਈ ਦਾ ਇਕ-ਤਿਹਾਈ ਖਾ ਜਾਂਦੀਆਂ ਹਨ। ਆਮਦਨ ਦਾ ਇਕ-ਤਿਹਾਈ ਮਕਾਨ ਦੇ ਬੀਮੇ, ਕਿਸ਼ਤਾਂ ਆਦਿ ਵਿਚ ਲੱਗ ਜਾਂਦਾ ਹੈ।

ਬਹੁਤੇ ਅਮਰੀਕਨ ਥੁੜ੍ਹੇ ਹੀ ਰਹਿੰਦੇ ਹਨ ਅਤੇ ਹਰ ਇਕ ਅਮਰੀਕਨ ਅੱਖਾਂ ਤਕ ਕਰਜ਼ੇ ਵਿਚ ਡੁਬਿਆ ਹੋਇਆ ਹੈ। ਉਥੇ ਬੱਚਤ ਦੀ ਬਹੁਤੀ ਆਦਤ ਨਹੀਂ, ਇਹੀ ਇਕ ਕਾਰਨ ਹੈ ਕਿ ਉਥੇ ਕੋਈ ਵੀ ਵਿਹਲਾ ਰਹਿਣਾ ਗਵਾਰਾ ਨਹੀਂ ਕਰ ਸਕਦਾ, ਸੋ ਜਿਹੜਾ ਵੀ ਕੰਮ ਮਿਲੇ, ਉਹ ਕਰਨ ਲਈ ਤਿਆਰ ਹੋ ਜਾਂਦੇ ਹਨ।

ਅਮਰੀਕਾ ਵਿਚ ਵਸਦੇ ਭਾਰਤੀ, ਉਥੇ ਵੀ ਬੱਚਤ ਦੀ ਆਪਣੀ ਆਦਤ ਕਾਰਨ ਪੈਸੇ ਦੇ ਪੱਖੋਂ ਨਿਸ਼ਚਿੰਤ ਹਨ ਅਤੇ ਉਨ੍ਹਾਂ ਕੋਲ ਵੱਧੀਆ ਅਤੇ ਨਵੀਆਂ ਕਾਰਾਂ ਹਨ ਪਰ ਜਦੋਂ ਉਨ੍ਹਾਂ ਦੀ ਸੰਤਾਨ ਅਮਰੀਕਨ ਜੀਵਨ ਵਾਲੀ ਖੁਲ੍ਹ ਮੰਗਦੀ ਅਤੇ ਮਾਣਦੀ ਹੈ ਤਾਂ ਮਾਪੇ ਕੰਬ ਜਾਂਦੇ ਹਨ।

ਇਹ ਧੀਆਂ-ਪੁੱਤਰ ਜਦੋਂ ਵੱਖਰੀ ਕਾਰ ਮੰਗਦੇ ਹਨ ਤਾਂ ਇਹ ਉਨ੍ਹਾਂ ਵੱਲੋਂ ਆਜ਼ਾਦੀ ਦਾ ਐਲਾਨ ਹੁੰਦਾ ਹੈ।

ਇਕ ਅਜਿਹਾ ਸਮਾਂ ਅਵੱਸ਼ ਆਉਂਦਾ ਹੈ, ਜਦੋਂ ਹਰ ਭਾਰਤੀ ਨਿਰਾਸ਼ ਹੋ ਜਾਂਦਾ ਹੈ ਪਰ ਭਾਰਤੀ ਜੀਵਨ ਵਿਚਲੀ ਗਰੀਬੀ ਨੂੰ ਯਾਦ ਕਰਕੇ ਉਹ ਆਪਣੇ ਦਿਲ ਨੂੰ ਧਰਵਾਸ ਦਿੰਦਾ ਹੈ। ਉਹ ਜਦੋਂ ਇਹ ਸੋਚਦਾ ਹੈ ਕਿ ਉਸ ਕੋਲ ਜਿਹੜੀ ਕਾਰ ਹੈ, ਉਹ ਭਾਰਤ ਦੇ ਰਾਸ਼ਟਰਪਤੀ ਕੋਲ ਵੀ ਨਹੀਂ ਤਾਂ ਉਸ ਨੂੰ ਕੁਝ ਚਿਰ ਲਈ ਤਸੱਲੀ ਮਿਲਦੀ ਹੈ।

ਅਮਰੀਕਾ ਵਿਚ ਕਾਰ ਨਿਰੰਤਰ ਭੱਟਕਣ ਦਾ ਪ੍ਰਤੀਕ ਹੈ, ਟਿਕੇ ਹੋਏ ਸ਼ਾਂਤ ਜੀਵਨ ਦਾ ਵੇਰਵਾ ਨਹੀਂ ਪਰ ਅਮਰੀਕਾ ਦੀ ਕਾਰ ਉਸ ਦੇਸ਼ ਦੀ ਮਜ਼ਬੂਤ ਆਰਥਿਕ ਵਿਵਸਥਾ ਅਤੇ ਵਿਅਕਤੀਗਤ ਸੁਤੰਤਰਤਾ ਦੀ ਨਿਸ਼ਾਨੀ ਵੀ ਹੈ।

ਅਮਰੀਕਾ ਦੀ ਸ਼ਕਤੀਸ਼ਾਲੀ ਆਰਥਿਕ ਵਿਵਸਥਾ ਦਾ ਮੁਖ ਆਧਾਰ ਇਹ ਹੈ ਕਿ ਅਮਰੀਕਾ ਨੇ ਮੁੱਢਲੇ ਦੌਰ ਵਿਚ ਭਰਪੂਰ ਬੱਚਤ ਕਰਕੇ ਆਪਣੀ ਆਰਥਿਕ ਵਿਵਸਥਾ ਦੇ

ਆਧਾਰ ਨੂੰ ਨਿੱਗਰ ਬਣਾਇਆ ਸੀ। ਅਮਰੀਕਾ ਨੇ ਇਤਨੀ ਬੱਚਤ ਕਰ ਲਈ ਹੈ ਕਿ ਉਸੇ ਦੀ ਆਮਦਨ 'ਤੇ ਮੌਜਾਂ ਮਾਣ ਰਿਹਾ ਹੈ। ਦੂਜਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਅਮਰੀਕਾ ਨਵੀਆਂ ਵਸਤਾਂ ਦੇ ਨਿਰਮਾਣ ਦੀ ਤਕਨੀਕੀ ਸੂਝ-ਬੂਝ ਵੇਚ ਕੇ ਅਰਬਾਂ-ਖਰਬਾਂ ਡਾਲਰ ਵਿਦੇਸ਼ਾਂ ਤੋਂ ਪ੍ਰਾਪਤ ਕਰਦਾ ਹੈ।

ਅਮਰੀਕਾ ਆਪਣੀ ਸ਼ਕਤੀ ਆਮ ਸਾਧਾਰਣ ਵਸਤਾਂ ਬਣਾਉਣ ਉਤੇ ਖਰਚ ਨਹੀਂ ਕਰਦਾ, ਉਹ ਮਹਿੰਗੀਆਂ ਅਤੇ ਝਟਪਟ ਵਿਕਣ ਵਾਲੀਆਂ ਵਸਤਾਂ, ਮਸ਼ੀਨਾਂ, ਔਜ਼ਾਰ, ਕੰਪਿਊਟਰ ਆਦਿ ਬਣਾਉਂਦਾ ਹੈ। ਅਮਰੀਕਾ ਨੇ ਇਤਨੇ ਤਕਨੀਕੀ ਭੇਤ ਸਾਂਭੇ ਹੋਏ ਹਨ ਕਿ ਉਨ੍ਹਾਂ ਨੂੰ ਵੇਚ-ਵੇਚ ਕੇ ਉਹ ਦੋ ਸਦੀਆਂ ਆਪਣੀ ਮੋਹਰੀ ਸਥਿਤੀ ਨੂੰ ਬਣਾਈ ਰਖ ਸਕਦਾ ਹੈ। ਸੰਸਾਰ ਵਿਚ ਅਮਰੀਕਾ ਦੀਆਂ ਅਨੇਕਾਂ ਵਸਤਾਂ ਦਾ ਕੇਵਲ ਨਾਂ ਵਿਕਦਾ ਹੈ, ਜਿਸ ਤੋਂ ਹੋਣ ਵਾਲੀ ਆਮਦਨ ਸਾਡੇ ਦੇਸ਼ ਦੇ ਸਮੁੱਚੇ ਬੱਜਟ ਨਾਲੋਂ ਵੀ ਵਧੇਰੇ ਹੁੰਦੀ ਹੈ।

ਖੇਤੀਬਾੜੀ ਦੇ ਖੇਤਰ ਵਿਚ ਵੀ ਅਮਰੀਕਾ ਦੇ ਵਿਸ਼ਵ ਵਿਚ ਆਗੂ ਹੋਣ ਦੇ ਅਨੇਕਾਂ ਕਾਰਨ ਹਨ। ਉਥੇ ਕੁਆਰੀ, ਪੱਧਰੀ ਧਰਤੀ ਦੀ ਵਿਸ਼ਾਲਤਾ ਦਾ ਕੋਈ ਅੰਤ ਨਹੀਂ। ਉਥੇ ਕਿਸੇ ਵੀ ਚੀਜ਼ ਦੀ ਸੀਮਾ ਨਹੀਂ, ਕੋਈ ਵੀ ਵਿਅਕਤੀ ਜਿਤਨੀ ਚਾਹੇ ਜ਼ਮੀਨ ਦਾ ਮਾਲਕ ਹੋ ਸਕਦਾ ਹੈ। ਕਈ ਵਿਅਕਤੀਆਂ ਦੀ ਨਿਜੀ ਜਾਇਦਾਦ ਸਾਡੇ ਕਈ ਸ਼ਹਿਰਾਂ ਦੇ ਬਰਾਬਰ ਹੋਵੇਗੀ। ਉਥੇ ਦੀ ਧਰਤੀ ਪੱਧਰੀ ਹੀ ਨਹੀਂ, ਕੁਆਰੀ ਵੀ ਹੈ ਅਤੇ ਉਪਜਾਊ ਵੀ ਅਤੇ ਕੁਦਰਤ ਵੀ ਅਮਰੀਕਾ ਉਤੇ ਮਿਹਰਬਾਨ ਹੈ।

ਜਿਹੜੇ ਖੇਤੀਬਾੜੀ ਵਾਲੇ ਇਲਾਕੇ ਹਨ, ਉਥੇ ਪੌਣ-ਪਾਣੀ ਕੁਝ ਇਸ ਪ੍ਰਕਾਰ ਦਾ ਹੈ ਕਿ ਜਦੋਂ ਫਸਲ ਨੂੰ ਪਾਣੀ ਲਾਉਣ ਦੀ ਲੋੜ ਪੈਂਦੀ ਹੈ ਤਾਂ ਲਗਭਗ ਉਸੇ ਵੇਲੇ ਮੀਂਹ ਪੈ ਜਾਂਦਾ ਹੈ, ਸੋ ਬਿਜਲੀ ਦੀ ਵੀ ਬੱਚਤ ਹੋ ਜਾਂਦੀ ਹੈ।

ਖੇਤੀਬਾੜੀ ਦਾ ਭਰਪੂਰ ਮਸ਼ੀਨੀਕਰਣ ਹੋਣ ਕਰਕੇ ਲੇਬਰ ਦੀ ਵੀ ਬੱਚਤ ਹੈ।

ਅਮਰੀਕਾ ਦੀਆਂ ਪੰਜੇ ਉਂਗਲਾਂ ਘਿਓ ਵਿਚ ਹਨ, ਇਹ ਵਖਰੀ ਗੱਲ ਹੈ ਕਿ ਉਥੇ ਘਿਓ ਕੋਈ ਖਾਂਦਾ ਨਹੀਂ।

ਫਸਲਾਂ ਦੀ ਢੇਰ ਉਪਜ ਜਾਨਵਰਾਂ ਦੇ ਹਿੱਸੇ ਆਉਂਦੀ ਹੈ ਅਤੇ ਦੁੱਧ-ਮੱਖਣ ਹੀ ਸੱਸਤਾ ਨਹੀਂ ਹੁੰਦਾ, ਮੀਟ-ਮਾਸ ਦੀ ਵੀ ਭਰਮਾਰ ਹੈ। ਮੈਨੂੰ ਇਵੇਂ ਲਗਿਆ ਹੈ ਜਿਵੇਂ ਅਮਰੀਕਾ ਕੋਲ ਕੋਈ ਪਾਰਸ ਹੈ, ਜਿਸ ਚੀਜ਼ ਨੂੰ ਵੀ ਉਹ ਛੂੰਹਦਾ ਹੈ, ਉਹ ਹੀ ਸੋਨਾ ਬਣ ਜਾਂਦੀ ਹੈ। ਉਸ ਦੀ ਕਿਸਮਤ ਖੁਲ੍ਹੀ ਹੋਈ ਹੈ।

ਪ੍ਰਤੀਤ ਹੁੰਦਾ ਹੈ ਕਿ ਰੱਬ ਅਜ ਕਲ ਅਮਰੀਕਾ ਵਿਚ ਰਹਿੰਦਾ ਹੈ ਅਤੇ ਭਾਰਤ ਨਾਲ ਤਾਂ ਰੱਬ ਨਾਰਾਜ਼ ਹੀ ਪ੍ਰਤੀਤ ਹੁੰਦਾ ਹੈ।

ਅਮਰੀਕਾ ਵਿਚ ਘੁੰਮਦਿਆਂ ਮੈਂ ਅਮਰੀਕਨਾਂ ਦੇ ਰੱਬ ਪ੍ਰਤੀ ਦ੍ਰਿਸ਼ਟੀਕੋਣ ਨੂੰ ਵੀ ਜਾਣਨਾ ਚਾਹੁੰਦਾ ਸਾਂ। ਉਨ੍ਹਾਂ ਦੇ ਗਿਰਜੇ ਬੜੇ ਸੋਹਣੇ, ਸਜੇ ਹੋਏ ਅਤੇ ਬੜੇ ਸੁਖਾਵੇਂ ਵਾਤਾਵਰਣ ਵਾਲੇ ਹਨ। ਮੈਂ ਮਹਿਸੂਸ ਕੀਤਾ ਹੈ ਕਿ ਸਾਡਾ ਰੱਬ ਸੰਬੰਧੀ ਸੰਕਲਪ ਸਾਡੇ

ਧਾਰਮਿਕ ਸਥਾਨਾਂ ਦੇ ਵਾਤਾਵਰਣ ਉਤੇ ਨਿਰਭਰ ਕਰਦਾ ਹੈ। ਗਿਰਜੇ ਦਾ ਖੁਲਾਸਾਪਣ, ਦਿਲ ਵਿਚ ਰੱਬ ਦੀ ਵਿਸ਼ਾਲਤਾ ਦਾ ਪ੍ਰਭਾਵ ਉਸਾਰਦਾ ਹੈ।

ਅਮਰੀਕਨ, ਰੱਬ ਨੂੰ ਈਸਾ ਮਸੀਹ ਰਾਹੀਂ ਮਿਲਦੇ ਹਨ। ਉਨ੍ਹਾਂ ਦੇ ਗਿਰਜਾ ਘਰ ਲੋਕਾਂ ਲਈ ਮਿਲਣ-ਗਿਲਣ ਦੀਆਂ ਥਾਂਵਾਂ ਹਨ, ਅਰਦਾਸਾਂ ਵਿਚ ਮੰਗਾਂ ਦੀਆਂ ਸੂਚੀਆਂ ਪੜ੍ਹਨ ਦੇ ਸਥਾਨ ਨਹੀਂ। ਉਨ੍ਹਾਂ ਦਾ ਧਰਮ ਪ੍ਰਤੀ ਦ੍ਰਿਸ਼ਟੀਕੋਣ ਅੰਧ ਵਿਸ਼ਵਾਸੀ ਹੀ ਹੈ ਪਰ ਉਨ੍ਹਾਂ ਦਾ ਰੱਬ ਨਾਲ ਰਿਸ਼ਤਾ ਉਸੇ ਪ੍ਰਕਾਰ ਦਾ ਹੈ, ਜਿਹੋ ਜਿਹਾ ਸਾਡੇ ਦੇਸ਼ ਵਿਚ ਬੱਚੇ ਦਾ ਆਪਣੇ ਪੜਦਾਦੇ ਨਾਲ ਹੁੰਦਾ ਹੈ।

ਮੈਂ ਵੇਖਿਆ ਹੈ ਕਿ ਅਸੀਂ ਭਾਰਤੀ, ਮੌਤ ਨੂੰ ਵਧੇਰੇ ਸਹਿਜ ਨਾਲ ਸਵੀਕਾਰ ਕਰਦੇ ਹਾਂ ਅਰਥਾਤ ਅਸੀਂ ਮੌਤ ਤੋਂ ਡਰਦੇ ਨਹੀਂ ਪਰ ਜਦੋਂ ਕੋਈ ਮਰ ਜਾਵੇ ਤਾਂ ਅਸੀਂ ਬਹੁਤ ਅਧਿਕ ਰੋਂਦੇ ਅਤੇ ਵਿਰਲਾਪ ਕਰਦੇ ਹਾਂ।

ਉਥੇ ਇਸ ਦੇ ਉਲਟ ਹੈ। ਉਹ ਮਰਨ ਤੋਂ ਅਰਥਾਤ ਮੌਤ ਤੋਂ ਬੜੇ ਡਰਦੇ ਹਨ ਪਰ ਜਦੋਂ ਕੋਈ ਮਰ ਜਾਵੇ ਤਾਂ ਸਾਡੇ ਵਾਂਗ ਉਹ ਰੋਂਦੇ-ਪਿਟਦੇ ਨਹੀਂ ਸਗੋਂ ਸ਼ਾਂਤ, ਚੁੱਪ ਅਤੇ ਗੰਭੀਰ ਹੋ ਜਾਂਦੇ ਹਨ।

ਉਹ ਜਦੋਂ ਮੁਰਦੇ ਨੂੰ ਦਫਨਾਉਣ ਲਈ ਲੈ ਕੇ ਜਾਂਦੇ ਹਨ ਤਾਂ ਪੂਰੇ ਗੰਭੀਰ ਲਿਬਾਸ ਵਿਚ ਜਾਂਦੇ ਹਨ। ਉਹ ਮੁਰਦੇ ਨੂੰ ਵਿਦਾ ਕਰਦੇ ਹਨ, ਅਸੀਂ ਮੁਰਦੇ ਤੋਂ ਵਿਛੜਦੇ ਹਾਂ। ਅਸੀਂ ਸਵਰਗ ਤਾਂ ਸਾਰੇ ਜਾਣਾ ਚਾਹੁੰਦੇ ਹਾਂ ਪਰ ਮਰਨ ਲਈ ਕੋਈ ਤਿਆਰ ਨਹੀਂ। ਮੈਨੂੰ ਸਮਝ ਨਹੀਂ ਆਈ ਕਿ ਅਮਰੀਕਨਾਂ ਦਾ ਸਵਰਗ ਸੰਬੰਧੀ ਕੀ ਸੰਕਲਪ ਹੈ।

ਅਸੀਂ ਕਿਸੇ ਦੇ ਮਰ ਜਾਣ ਉਤੇ ਨਾ ਕੇਵਲ ਬਹੁਤ ਅਧਿਕ ਵਿਰਲਾਪ ਕਰਦੇ ਹਾਂ ਸਗੋਂ ਰੱਬ ਨੂੰ ਵੀ ਕੋਸਦੇ ਹਾਂ। ਇੱਥੇ ਮੈਂ ਉਨ੍ਹਾਂ ਦੇ ਵਿਹਾਰ ਦੀ ਇਕ ਉਦਾਹਰਣ ਦੇਣੀ ਚਾਹੁੰਦਾ ਹਾਂ। ਜਿਥੇ ਮੈਂ ਰਹਿ ਰਿਹਾ ਸਾਂ ਉਥੇ ਗੁਆਂਢ ਵਿਚ ਇਕ ਇਸਤਰੀ ਦਾ ਇਕਲੌਤਾ ਪੁੱਤਰ ਤੇਰ੍ਹਾਂ ਸਾਲਾਂ ਦੀ ਉਮਰ ਵਿਚ ਚਲ ਵਸਿਆ। ਮੈਂ ਉਸ ਇਸਤਰੀ ਨੂੰ ਕਹਿੰਦੇ ਹੋਏ ਸੁਣਿਆ, 'ਹੇ ਯਿਸੂ ਮਸੀਹ, ਮੈਂ ਤੁਹਾਡੀ ਸ਼ੁਕਰ ਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਤੇਰ੍ਹਾਂ ਸਾਲ ਆਪਣੇ ਬੇਟੇ ਨੂੰ ਪਿਆਰ ਕਰਨ ਦਾ ਅਵਸਰ ਦਿੱਤਾ ਅਤੇ ਆਪਣੇ ਬੇਟੇ ਦੇ ਪਿਆਰ ਨੂੰ ਮਾਣਨ ਦੀ ਮੌਜ ਦਿੱਤੀ। ਯਿਸੂ ਮਸੀਹ, ਮੈਂ ਤੁਹਡੀ ਮਿਹਰਬਾਨੀ ਲਈ ਧੰਨਵਾਦ ਕਰਦੀ ਹਾਂ।'

ਅਮਰੀਕਾ ਵਿਚ ਕਿਸੇ ਨੇ ਆਪਣੇ ਘਰ ਵਿਚ ਗਿਰਜਾ ਨਹੀਂ ਬਣਾਇਆ ਹੋਇਆ। ਉਹ ਵੀ ਕਈ ਗੱਲਾਂ ਸਬੰਧੀ ਅੰਧ-ਵਿਸ਼ਵਾਸੀ ਹਨ ਪਰ ਉਹ ਕਿਸੇ ਨਾਲ ਧਾਰਮਿਕ ਬਹਿਸ ਨਹੀਂ ਕਰਦੇ। ਉਨ੍ਹਾਂ ਵਿਚ ਈਸਾ ਮਸੀਹ ਦੀ ਨਿੰਦਾ ਸੁਣਨ ਦੀ ਵੀ ਦਲੇਰੀ ਹੈ।

ਉਹ ਬਹੁਤ ਘਟ ਚੀਜ਼ਾਂ ਜਾਂ ਵਿਚਾਰਾਂ ਪ੍ਰਤੀ ਕੱਟੜ ਹਨ।

ਉਥੇ ਚਰਚ ਵਿਚ ਚੰਦਾ ਦੇਣਾ ਪੈਂਦਾ ਹੈ ਅਤੇ ਵੱਖ-ਵੱਖ ਚਰਚ ਆਪਣੀ ਮੈਂਬਰਸ਼ਿਪ ਵਧਾਉਣ ਲਈ ਇਸ਼ਤਿਹਾਰ ਵੀ ਦਿੰਦੇ ਹਨ।

ਹਰ ਕਿਸੇ ਨੂੰ ਕੇਵਲ ਆਪਣੇ ਧਰਮ ਵਿਚੋਂ ਹੀ ਨਿੱਘ ਮਿਲਦਾ ਹੈ, ਸੋ ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਨਿੱਘ ਦਿੰਦਾ ਹੋਵੇਗਾ।

ਮੇਰੇ ਲਈ ਉਨ੍ਹਾਂ ਦੇ ਗਿਰਜਾ ਘਰ ਸੋਹਣੀ ਇਮਾਰਤ-ਸਾਜ਼ੀ ਦੇ ਨਮੂਨੇ ਸਨ ਅਤੇ ਮੈਂ ਇਸੇ ਆਧਾਰ ਉਤੇ ਉਨ੍ਹਾਂ ਵਿਚ ਦਿਲਚਸਪੀ ਲੈਂਦਾ ਰਿਹਾ। ਅਮਰੀਕਾ ਵਿਚ ਸਭ ਧਰਮਾਂ ਦੇ ਧਾਰਮਿਕ ਸਥਾਨ ਹਨ, ਬੋਧੀਆਂ ਦੇ, ਜੈਨੀਆਂ ਦੇ, ਹਿੰਦੂਆਂ ਦੇ, ਸਿਖਾਂ ਦੇ, ਮੁਸਲਮਾਨਾਂ ਦੇ ਅਤੇ ਦੁਨੀਆ ਭਰ ਦੇ ਹੋਰ ਧਰਮਾਂ ਦੇ। ਉਥੇ ਹਰ ਧਰਮ ਨੂੰ ਆਪਣਾ ਝੰਡਾ ਜਾਂ ਨਿਸ਼ਾਨ ਝੁਲਾਉਣ ਦਾ ਅਧਿਕਾਰ ਹੈ ਪਰ ਨਾਲ ਅਮਰੀਕੀ ਝੰਡਾ ਝੁਲਾਉਣਾ ਪਵੇਗਾ ਅਤੇ ਅਮਰੀਕੀ ਝੰਡਾ ਉਚੇਰਾ ਰਖਣਾ ਪਵੇਗਾ।

ਅਮਰੀਕਾ ਵਿਚਲੇ ਕਈ ਗੁਰਦਵਾਰਿਆਂ ਦੇ ਬਾਹਰ ਮੈਂ ਕੇਸਰੀ ਨਿਸ਼ਾਨ ਨਾਲੋਂ ਉਚੇਰਾ ਅਮਰੀਕੀ ਝੰਡਾ ਝੁਲਦਾ ਵੇਖਿਆ ਹੈ। ਭਾਰਤ ਵਿਚ ਅਜਿਹਾ ਕਰਨ ਲਈ ਕਿਹਾ ਜਾਵੇ ਤਾਂ ਵਿਰੋਧ ਕਰਨ ਲਈ ਮੋਰਚੇ ਲੱਗ ਜਾਣਗੇ।

ਸੰਸਾਰ ਭਰ ਦੇ ਯੋਗੀ, ਸਾਧ, ਸੰਤ, ਗੁਰੂ ਅਮਰੀਕਾ ਵਿਚ ਆਪਣੇ ਸ਼ਰਧਾਲੂਆਂ ਨੂੰ ਉਪਦੇਸ਼ ਦੇਣ ਜਾਂਦੇ ਹਨ ਪਰ ਉਨ੍ਹਾਂ ਵਿਚੋਂ ਬਹੁਤੇ ਉਥੇ ਹੀ ਟਿਕ ਜਾਂਦੇ ਹਨ ਅਤੇ ਸ਼ਰਧਾਲੂਆਂ ਨਾਲੋਂ ਵੀ ਵਧੇਰੇ ਭੋਗੀ ਅਤੇ ਲੋਭੀ ਬਣ ਜਾਂਦੇ ਹਨ।

ਅਮਰੀਕਾ ਵਿਚ ਸਮਾਧੀ ਲਾਉਣੀ ਸੰਭਵ ਨਹੀਂ, ਕਿਉਂਕਿ ਅਮਰੀਕਾ ਦੀਆਂ ਮੇਨਕਾਵਾਂ ਤੋਂ ਨਿਰਲੇਪ ਰਹਿਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ।

ਅਮਰੀਕਨ ਖੁਸ਼ਕ ਫ਼ਲਸਫੇ ਸੁਣਨ ਜਾਂ ਮੁੰਡਣ ਕਰਵਾਉਣ ਜਾਂ ਵਰਤ ਰਖਣ ਜਾਂ ਇਸਤਰੀ ਤੋਂ ਦੂਰ ਰਹਿਣ ਦੇ ਆਦੀ ਨਹੀਂ। ਇਹੀ ਕਾਰਨ ਹੈ ਕਿ ਜਿਹੜੇ ਇਧਰ ਸੰਨਿਆਸ ਦਾ ਪ੍ਰਚਾਰ ਕਰਦੇ ਹਨ, ਉਧਰ ਉਹ ਭੋਗ-ਵਿਲਾਸੀ ਯੋਗ-ਆਸਣ ਦਸਣ ਅਤੇ ਸਿਖਾਉਣ ਵਿਚ ਨਿਪੁੰਨ ਹੋ ਨਿਬੜਦੇ ਹਨ।

ਅਮਰੀਕਾ ਨੇ ਪਾਪ-ਪੁੰਨ ਦਾ ਫ਼ਲਸਫਾ ਬਹੁਤ ਚਿਰ ਪਹਿਲਾਂ ਹੀ ਤਿਆਗ ਦਿੱਤਾ ਸੀ, ਹੁਣ ਤਾਂ ਅਮਰੀਕਾ ਖੁਲ੍ਹ ਕੇ ਜੀਵਨ ਮਾਣਨ ਵਿਚ ਰੁਝਿਆ ਹੋਇਆ ਹੈ।

ਕਲਗੀ ਵਾਲਾ ਸਿਹਰਾ ਅਤੇ ਚੂੜੇ ਵਾਲੀ ਬਾਂਹ

ਬੱਚਪਨ ਤੋਂ ਹੀ ਪੈਰਿਸ ਜਾਣ ਵਾਸਤੇ ਦਿਲ ਵਿਚ ਮੁਕਲਾਵੇ ਵਾਲਾ ਚਾਅ ਸੀ।

ਲੰਦਨ ਵੇਖਣ ਦੇ ਸੁਪਨੇ ਮੈਂ ਸ਼ਾਇਦ ਜੰਮਣ ਤੋਂ ਵੀ ਪਹਿਲਾਂ ਵੇਖਣ ਲੱਗ ਪਿਆ ਸਾਂ। ਆਪਣੇ ਬੱਚਪਨ ਤੋਂ ਉਥੇ ਰਹਿੰਦੀ ਮੇਰੀ ਮਾਸੀ, ਜਦੋਂ ਵੀ ਦੋ-ਚਾਰ ਵਰ੍ਹਿਆਂ ਮਗਰੋਂ ਆਪਣੀ ਭੈਣ ਅਤੇ ਮੇਰੀ ਮਾਂ ਕੋਲ ਆਉਂਦੀ ਤਾਂ ਉਸ ਦੀਆਂ ਗੱਲਾਂ ਵਿਚੋਂ ਅਮਰਤੀਆਂ ਵਾਲਾ ਸੁਆਦ ਆਉਂਦਾ। ਤਪੀ ਹੋਈ ਕੋਰੀ ਰੇਤ ਦੀ ਕੜਾਹੀ ਵਿਚ ਫੁੱਟ ਕੇ, ਤਿੜਕ ਕੇ, ਸਫੈਦ ਹੋ ਰਹੇ ਮੱਕਈ ਦੇ ਦਾਣਿਆਂ ਵਰਗੇ ਸੋਹਣੇ ਦੰਦਾਂ ਵਾਲਾ ਉਸ ਦਾ ਹਾਸਾ, ਅੱਜ ਵੀ ਮੇਰੇ ਚੇਤੇ ਵਿਚ ਸੱਜਰਾ ਹੈ।

ਉਹ ਜਿਤਨਾ ਚਿਰ ਸਾਡੇ ਕੋਲ ਰਹਿੰਦੀ, ਅਸੀਂ ਸਾਰੇ ਉਸ ਦੇ ਦੁਆਲੇ ਇਵੇਂ ਬੈਠੇ ਰਹਿੰਦੇ, ਜਿਵੇਂ ਲੋਹੜੀ ਦੇ ਆਲੇ-ਦੁਆਲੇ ਬੈਠੇ ਹੋਈਏ।

ਉਸ ਵੇਲੇ ਸਾਡੇ ਘਰ ਵਿਚ ਬਿਜਲੀ ਨਹੀਂ ਸੀ ਹੁੰਦੀ ਪਰ ਉਸ ਦੀ ਹਾਜ਼ਰੀ ਨਾਲ ਸਾਨੂੰ ਆਪਣਾ ਆਪ ਅੰਦਰੋਂ-ਬਾਹਰੋਂ ਚਾਨਣਾ-ਚਾਨਣਾ ਲੱਗਦਾ। ਉਹ ਆਪਣੀ ਹਾਜ਼ਰੀ ਨਾਲ ਸਾਡੀਆਂ ਸਾਰੀਆਂ ਖਾਲੀ ਥਾਂਵਾਂ ਭਰ ਦਿੰਦੀ ਸੀ।

ਦੀਵੇ ਦੀ ਲੋਅ ਵਿਚ, ਸਾਡੀਆਂ ਅੱਖਾਂ ਉਸ ਦੀਆਂ ਬਾਤਾਂ ਦੇ ਜਾਦੂ ਵਿਚ, ਹੋਰ ਵੀ ਵੱਡੀਆਂ ਲੱਗਦੀਆਂ। ਮੈਨੂੰ ਯਾਦ ਹੈ ਉਨ੍ਹਾਂ ਦਿਨਾਂ ਵਿਚ ਸਾਡੇ ਘਰ ਦਾ ਬੂਹਾ ਚੂੰ ਕਰਕੇ ਖੁਲ੍ਹਦਾ ਸੀ ਅਤੇ ਚੀਂਅ ਕਰਕੇ ਬੰਦ ਹੁੰਦਾ ਸੀ ਪਰ ਉਸ ਦੀ ਰੱਜੀ ਹੋਈ ਮੁਸਕਰਾਹਟ ਨਾਲ, ਸਾਡੇ ਕੋਲ ਚੂੰ-ਚੀਂਅ ਤੋਂ ਇਲਾਵਾ ਕੁਝ ਵੀ ਨਾ ਹੋਣ ਦੇ ਬਾਵਜੂਦ ਸਾਨੂੰ ਆਪਣਾ ਘਰ ਭਰਿਆ ਹੋਇਆ ਅਤੇ ਅਮੀਰ-ਅਮੀਰ ਲੱਗਦਾ ਸੀ।

ਉਹ ਮੇਰੇ ਭੋਲੇਪਣ ਦੇ ਦਿਨ ਸਨ। ਮੈਂ ਵੇਖਿਆ ਹੈ ਕਿ ਭੋਲਾਪਣ ਸਾਨੂੰ ਆਪਸ ਵਿਚ ਜੋੜਦਾ ਹੈ। ਅੱਜ ਲੋਕੀਂ ਬਹੁਤੇ ਹੀ ਸਿਆਣੇ ਹੋ ਗਏ ਹਨ ਅਤੇ ਇਹੀ ਕਾਰਨ ਹੈ ਕਿ ਕਵਿਤਾ ਵਾਂਗ, ਰਿਸ਼ਤਿਆਂ ਵਿਚੋਂ ਨਿੱਘ ਮੁੱਕ ਗਿਆ ਹੈ, ਕਿਉਂਕਿ ਸਾਡੇ ਮਨਾਂ ਦੇ ਕਾਫ਼ੀਏ ਹੁਣ ਨਹੀਂ ਜੁੜਦੇ।

ਉਸ ਸਮੇਂ ਮੈਨੂੰ ਇੰਗਲੈਂਡ ਜਾਣਾ ਅਤੇ ਲੰਦਨ ਵੇਖਣਾ ਇੰਝ ਲੱਗਦਾ ਸੀ, ਜਿਵੇਂ ਮੇਰੀ ਰੱਸੀ ਛੋਟੀ ਸੀ ਅਤੇ ਖੂਹੀ ਦਾ ਪਾਣੀ ਬਹੁਤ ਹੇਠਾਂ ਸੀ।

ਸੁਪਨੇ ਵੇਖਣ ਦੀ ਮੁਢੋਂ ਹੀ ਆਦਤ ਸੀ ਪਰ ਜਦੋਂ ਹੋਸ਼ ਸੰਭਾਲੀ ਤਾਂ ਚੰਗੀ ਤਰ੍ਹਾਂ ਪਤਾ ਲੱਗ ਗਿਆ ਕਿ ਸੁਪਨੇ ਸੌਖਿਆਂ ਸਾਕਾਰ ਨਹੀਂ ਹੁੰਦੇ।

ਮੇਰੇ ਮਨ ਨੂੰ ਇਸ ਗੱਲ ਦੀ ਸਦਾ ਤਸੱਲੀ ਰਹੀ ਹੈ ਕਿ ਕੁਝ ਨਾ ਕੁਝ ਅਜਿਹਾ ਵਾਪਰ ਜਾਵੇਗਾ ਕਿ ਮੈਂ ਲੰਦਨ ਵੇਖ ਸਕਾਂਗਾ।

ਤੁਸੀਂ ਜਦੋਂ ਮੁਹੱਬਤ ਕਰ ਰਹੇ ਹੋਵੋ ਤਾਂ ਤੁਹਾਨੂੰ ਦੁਨੀਆਂ ਦਾ ਕੋਈ ਬੰਦਾ ਕੋਝਾ ਨਹੀਂ ਲਗਦਾ ਅਤੇ ਸਭ ਕੁਝ ਆਪਣੀ ਪਹੁੰਚ ਵਿਚ ਪ੍ਰਤੀਤ ਹੁੰਦਾ ਹੈ। ਇਵੇਂ ਹੀ ਮੈਂ ਕਹਾਂਗਾ ਕਿ ਜੇ ਕਿਸੇ ਇੱਛਾ ਦਾ ਸੱਚਾ ਅਤੇ ਸਦੀਵੀ ਜਨੂੰਨ ਹੋਵੇ ਤਾਂ ਉਹ ਪੂਰੀ ਹੋ ਜਾਂਦੀ ਹੈ।

ਮੈਂ ਤਾਂ ਇਹ ਵੀ ਕਹਾਂਗਾ ਕਿ ਉਹ ਗੱਲ ਭਾਵੇਂ ਪੂਰੀ ਨਾ ਵੀ ਹੋਵੇ ਪਰ ਜਨੂੰਨ ਦਾ ਨਸ਼ਾ ਆਪਣੇ ਆਪ ਵਿਚ ਇਕ ਬੜਾ ਉੱਚਾ ਅਨੁਭਵ ਹੁੰਦਾ ਹੈ।

ਮੈਨੂੰ ਇਕ ਵਿਸ਼ਵਾਸ ਜਿਹਾ ਸੀ ਕਿ ਮਨ ਦੀਆਂ ਵਾਦੀਆਂ ਵਿਚ ਵਗਦੀ ਕਲਪਨਾ ਦੀ ਅਵਾਰਾ ਹਵਾ, ਇਤਿਹਾਸ ਦੇ ਤਲਾਅ ਵਿਚ ਨਿਤਰੇ ਪਾਣੀ ਵਰਗੇ ਲੰਦਨ ਵਿਚ, ਮੈਨੂੰ ਕਿਵੇਂ ਨਾ ਕਿਵੇਂ, ਕਿਸੇ ਦਿਨ ਲੈ ਜਾਵੇਗੀ।

ਸੰਸਾਰ ਦੇ ਆਧੁਨਿਕ ਇਤਿਹਾਸ ਵਿਚ ਲੰਦਨ ਨੇ ਜਿਹੜੀਆਂ ਪੈੜਾਂ ਪਾਈਆਂ ਹਨ, ਉਹ ਅੱਜ ਵੀ ਬਲੂੰਗੜੇ ਦੀਆਂ ਅੱਖਾਂ ਵਾਂਗ ਲਿਸ਼ਕਦੀਆਂ ਹਨ।

ਲੰਦਨ ਮੈਨੂੰ ਰਾਜਨੀਤਿਕ ਸ਼ਕਤੀ ਦਾ ਸਦਾ-ਸੁਹਾਗਣ ਵਿਹੜਾ ਪ੍ਰਤੀਤ ਹੋਇਆ ਹੈ। ਲੰਦਨ ਵਿਚ ਬੜੇ ਚਮਕੀਲੇ ਅਤੇ ਕਰਾਰੇ ਦਿਨ ਗੁਜ਼ਰੇ। ਲੰਦਨ ਨੂੰ ਵੇਖ ਕੇ ਮੇਰੇ ਮਨ ਵਿਚਲੀ ਸੱਧਰ ਹੋਰ ਪੱਕੀ ਹੋਈ ਹੈ ਕਿ ਬੰਦੇ ਨੂੰ ਰਹਿਣਾ ਰਾਜਧਾਨੀ ਵਿਚ ਚਾਹੀਦਾ ਹੈ। ਰਾਜਧਾਨੀ ਭਾਵੇਂ ਸੂਬੇ ਦੀ ਹੋਵੇ ਭਾਵੇਂ ਦੇਸ਼ ਦੀ, ਪਰ ਰਾਜਧਾਨੀ ਹੋਵੇ।

ਲੰਦਨ ਦੁਨੀਆਂ ਦੀ ਰਾਜਧਾਨੀ ਰਿਹਾ ਹੈ।

ਲੰਦਨ ਨੂੰ ਮੈਂ ਕਿਸੇ ਟੀਰ ਜਾਂ ਭੈਂਗ ਤੋਂ ਬਿਨਾਂ ਵੇਖਣਾ ਚਾਹੁੰਦਾ ਸਾਂ। ਉਨ੍ਹਾਂ ਕਾਰਨਾਂ ਨੂੰ ਸਮਝਣ ਦੀ ਇੱਛਾ ਸੀ, ਜਿਨ੍ਹਾਂ ਕਾਰਨ ਇੰਗਲੈਂਡ ਦਾ ਲਗਭਗ ਸਾਰੀ ਦੁਨੀਆਂ ਉੱਤੇ ਰਾਜ ਹੋਇਆ। ਸਾਡੇ ਇਤਿਹਾਸ ਵਿਚ ਅੰਗਰੇਜ਼ਾਂ ਨੂੰ ਕੁਟਲਨੀਤੀ ਵਾਲੇ ਰਾਜ-ਪ੍ਰਬੰਧਕ ਦੱਸਿਆ ਗਿਆ ਹੈ, ਜਦੋਂ ਕਿ ਅੰਗਰੇਜ਼ਾਂ ਦੇ ਲਿਖੇ ਇਤਿਹਾਸ ਵਿਚ ਉਨ੍ਹਾਂ ਨੂੰ ਨਵੀਂ ਸਭਿਅਤਾ ਦੇ ਮਸੀਹੇ ਵਿਖਾਇਆ ਗਿਆ ਹੈ। ਕਿਹੜਾ ਇਹਿਤਾਸ ਠੀਕ ਹੈ? ਉਨ੍ਹਾਂ ਦਾ ਕਿ ਸਾਡਾ?

ਇਤਿਹਾਸ ਕਦੇ ਨਿਰਪੱਖ ਹੋ ਕੇ ਲਿਖੇ ਹੀ ਨਹੀਂ ਜਾ ਸਕਦੇ।

ਇਹ ਗੱਲ ਮੈਨੂੰ ਲੰਦਨ ਅਤੇ ਪੈਰਿਸ ਘੁੰਮ ਕੇ ਸਮਝ ਆਈ ਕਿ ਜਿਹੜੀ ਕੌਮ ਆਜ਼ਾਦ ਹੋਣਾ ਜਾਣਦੀ ਹੈ, ਉਸ ਨੂੰ ਕੋਈ ਗੁਲਾਮ ਨਹੀਂ ਬਣਾ ਸਕਦਾ।

ਸੋ ਮੈਂ ਕਹਾਂਗਾ ਕਿ ਉਹ ਚਲਾਕ ਨਹੀਂ ਸਨ, ਅਸੀਂ ਹੀ ਮੂਰਖ ਸਾਂ।

ਜਿਹੜਾ ਵੀ ਆਇਆ, ਸਾਡੀ ਪਿੱਠ ਉੱਤੇ ਚੜ੍ਹ ਬੈਠਾ।

ਭਾਰਤ ਵਿਚ ਆਰੀਅਨ ਆਏ, ਯੂਨਾਨੀ ਆਏ, ਤੁਰਕ ਆਏ, ਲੋਧੀ ਆਏ, ਮੁਗ਼ਲ ਅਤੇ ਅੰਗਰੇਜ਼ ਆਏ, ਜਿਹੜੇ ਨਹੀਂ ਆਏ, ਪਤਾ ਨਹੀਂ ਕਿਉਂ ਨਹੀਂ ਆਏ ?

ਮੈਂ ਤਾਂ ਚਾਹਵਾਂਗਾ ਕਿ ਸਾਨੂੰ ਆਜ਼ਾਦੀ ਦਿਵਸ ਮਨਾਉਣਾ ਬੰਦ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇਹ ਸਾਨੂੰ ਸਾਡੀ ਗ਼ੁਲਾਮੀ ਦੀ ਯਾਦ ਦਿਵਾਉਂਦਾ ਹੈ। ਗ਼ੁਲਾਮੀ ਕੋਈ ਵੀ ਹੋਵੇ, ਇਹ ਕਦੇ ਵੀ ਮਾਣਯੋਗ ਨਹੀਂ ਹੁੰਦੀ।

ਇੰਗਲੈਂਡ ਵਿਚ ਆਜ਼ਾਦੀ ਦਿਵਸ ਨਹੀਂ ਮਨਾਇਆ ਜਾਂਦਾ, ਕਿਉਂਕਿ ਉਹ ਸਦਾ ਆਜ਼ਾਦ ਸਨ। ਆਜ਼ਾਦ ਲੋਕਾਂ ਦੀ ਕਦਰ ਕਰਨ ਦੀ ਸਾਨੂੰ ਜਾਚ ਸਿਖਣੀ ਚਾਹੀਦੀ ਹੈ।

ਸੰਸਕ੍ਰਿਤ ਸਾਹਿਤ ਵਿਚ ਰਾਜਨੀਤਕ ਜਾਂ ਆਰਥਿਕ ਆਜ਼ਾਦੀ ਦਾ ਸੰਕਲਪ ਹੀ ਨਹੀਂ। ਆਜ਼ਾਦੀ ਦੇ ਅਰਥਾਂ ਵਾਲੇ ਜਿਹੜੇ ਸ਼ਬਦ ਅਸੀਂ ਵਰਤਦੇ ਹਾਂ ਉਹ ਬਹੁਤੇ ਮੁਕਤੀ ਨਾਲ ਸੰਬੰਧਤ ਹਨ। ਉਨ੍ਹਾਂ ਵਿਚੋਂ ਆਜ਼ਾਦੀ ਦੇ ਉਹ ਅਰਥ ਨਹੀਂ ਨਿਕਲਦੇ, ਜਿਹੜੇ ਯੋਰਪ ਵਿਚ ਪ੍ਰਚਲਿਤ ਹਨ। ਆਜ਼ਾਦੀ ਦਾ ਸੰਕਲਪ ਸਾਨੂੰ ਅੰਗਰੇਜ਼ਾਂ ਨੇ ਦਿੱਤਾ।

ਆਜ਼ਾਦੀ ਦੇ ਉਨ੍ਹਾਂ ਵਲੋਂ ਦਿੱਤੇ ਇਸੇ ਸੰਕਲਪ ਨੂੰ ਲੈ ਕੇ ਅਸੀਂ ਅੰਗਰੇਜ਼ਾਂ ਦੇ ਵਿਰੁੱਧ ਲੜੇ ਅਤੇ ਆਜ਼ਾਦ ਹੋਏ।

ਮੈਂ ਅੰਗਰੇਜ਼ਾਂ ਦਾ ਪ੍ਰਸ਼ੰਸਕ ਨਹੀਂ ਪਰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਅਸੀਂ ਅਤਿ ਦਰਜੇ ਦੇ ਅੰਧ-ਵਿਸ਼ਵਾਸੀ ਸਾਂ ਇਸੇ ਲਈ ਅਸੀਂ ਧੁੰਦਲਾ, ਦੁੱਖਦਾਈ ਅਤੇ ਧੁਆਂਖਿਆ ਜੀਵਨ ਜਿਉਂਦੇ ਰਹੇ ਅਤੇ ਅਜ ਵੀ ਜਿਉਂ ਰਹੇ ਹਾਂ।

ਲੰਦਨ ਮੈਨੂੰ ਬੁੱਢਾ ਹੋ ਰਿਹਾ ਪਹਿਲਵਾਨ ਪ੍ਰਤੀਤ ਹੋਇਆ ਹੈ।

ਲੰਦਨ ਵਿਚ ਮੈਂ ਉਨ੍ਹਾਂ ਲੋਕਾਂ ਨੂੰ ਵੇਖਿਆ, ਜਿਹੜੇ ਉਸ ਨੂੰ ਵੇਖਣ ਗਏ ਅਤੇ ਅਜੇ ਤੱਕ ਵੀ ਵੇਖੀ ਹੀ ਜਾ ਰਹੇ ਹਨ।

ਪੰਜਾਬੀ ਮਾਪਿਆਂ ਦੇ ਬੱਚੇ ਜਿਹੜੇ ਉਥੇ ਜੰਮੇ ਹਨ, ਉਹ ਭਾਵੇਂ ਕੁਝ ਕਹੀ ਜਾਣ, ਉਨ੍ਹਾਂ ਦਾ ਵਤਨ ਪੰਜਾਬ ਨਹੀਂ ਹੋ ਸਕਦਾ। ਉਹ ਮਾਨਤਾ ਪ੍ਰਾਪਤੀ ਲਈ ਪੌਡਾਂ ਨਾਲ ਸਿਰਜਿਆ ਹਰ ਹੀਲਾ ਵਰਤ ਰਹੇ ਹਨ, ਪਰ ਉਨ੍ਹਾਂ ਦੀਆਂ ਧੁੱਪਾਂ ਵਿਚ ਉਹ ਚਮਕ ਅਤੇ ਨਿੱਘ ਨਹੀਂ, ਕਿਉਂਕਿ ਜਿਉਂ-ਜਿਉਂ ਬੰਦਾ ਆਪਣੀ ਬੋਲੀ ਤੋਂ ਦੂਰ ਜਾਂਦਾ ਹੈ, ਤਿਉਂ-ਤਿਉਂ ਉਸ ਦੀ ਆਪਣੇ ਸਭਿਆਚਾਰ ਨਾਲੋਂ ਵਿੱਥ ਵੱਧਦੀ ਜਾਂਦੀ ਹੈ।

ਅੰਗਰੇਜ਼ਾਂ ਨੂੰ ਵੇਖ ਕੇ ਇੰਝ ਲੱਗਿਆ ਜਿਵੇਂ ਅੱਧੀ ਰਾਤ ਦੇ ਟਿਕੇ ਹੋਏ ਤਾਰਿਆਂ ਨੂੰ ਵੇਖ ਰਿਹਾ ਹੋਵਾਂ।

ਕਿਸੇ ਦੇਸ਼ ਦੀ ਦ੍ਰਿੜ੍ਹਤਾ ਵੇਖਣੀ ਹੋਵੇ ਤਾਂ ਉਸ ਦੇਸ਼ ਦੇ ਸਿਪਾਹੀ ਦੇ ਖਲੋਣ ਦੇ ਅੰਦਾਜ਼ ਤੋਂ ਵੇਖੋ। ਲੰਦਨ ਦਾ ਸਿਪਾਹੀ ਆਪਣੇ ਪਿਓ ਨਾਲੋਂ ਵੀ ਨੇੜੇ ਲੱਗਿਆ। ਉਸ ਦਾ ਸਾਊ ਸੁਭਾਅ ਹਰ ਕਿਸੇ ਨੂੰ ਮੋਹ ਲੈਂਦਾ ਹੈ।

ਅੰਗਰੇਜ਼ਾਂ ਦੀ ਅਮੀਰੀ, ਤਾਕਤ ਅਤੇ ਰਾਜਨੀਤਕ ਸ਼ਕਤੀ ਖੁਰਦੀ ਜਾ ਰਹੀ ਹੈ ਪਰ ਉਹ ਗਰੀਬ ਅਤੇ ਕਮਜ਼ੋਰ ਹੋਣ ਵਿਚ ਅਜੇ ਬਹੁਤ ਲੰਮਾ ਸਮਾਂ ਲਾਉਣਗੇ।

ਉਨ੍ਹਾਂ ਦੇ ਸੁਭਾਅ ਦੇ ਕੁਝ ਪੱਖ ਕਾਲੀ ਟਾਹਲੀ ਵਾਂਗ ਪੱਕੇ ਹਨ।

ਸਫ਼ਾਈ ਪ੍ਰਤੀ ਉਨ੍ਹਾਂ ਦਾ ਪਿਆਰ ਬੀਮਾਰ ਦੇ ਚਿਹਰੇ ਉੱਤੇ ਵੀ ਮੁਸਕਰਾਹਟ ਲੈ ਆਉਣ ਵਾਲਾ ਹੈ। ਉਨ੍ਹਾਂ ਵਲੋਂ ਦੂਜਿਆਂ ਦਾ ਖਿਆਲ ਰੱਖਣ ਦੀ ਬਿਰਤੀ, ਤੁਹਾਨੂੰ ਕਦੇ ਇਕਲਿਆਂ ਮਹਿਸੂਸ ਨਹੀਂ ਹੋਣ ਦਿੰਦੀ। ਹਰ ਕੰਮ ਵਿਚ ਉਨ੍ਹਾਂ ਦੇ ਡਸਿਪਲਿਨ ਨੂੰ ਵੇਖ ਕੇ, ਮੈਨੂੰ ਆਪਣੀ ਕੌਮ ਦਾ ਹਰ ਬੰਦਾ ਗੈਰ-ਜ਼ਿੰਮੇਵਾਰ ਪ੍ਰਤੀਤ ਹੁੰਦਾ ਹੈ।

ਉਨ੍ਹਾਂ ਦੇ ਚਰਿੱਤਰ ਦੀ ਦ੍ਰਿੜ੍ਹਤਾ ਨੂੰ ਵੇਖ ਕੇ ਪ੍ਰਸ਼ੰਸਾ ਕਰਨ ਦੇ ਪਖੋਂ ਕੇਵਲ ਚਰਿੱਤਰਹੀਣ ਹੀ ਚੁੱਪ ਰਹਿਣਗੇ। ਉਨ੍ਹਾਂ ਦਾ ਦੇਸ਼-ਪਿਆਰ ਉਨ੍ਹਾਂ ਦੀ ਨੇਕ-ਕਮਾਈ ਹੈ। ਉਨ੍ਹਾਂ ਦੇ ਆਪਣੇ ਝੰਡੇ ਪ੍ਰਤੀ ਪਿਆਰ ਨੂੰ ਵੇਖ ਕੇ ਹੀ ਮੈਨੂੰ ਝੰਡੇ ਦੇ ਅਰਥ ਸਮਝ ਆਏ ਹਨ।

ਸੰਸਾਰ ਪ੍ਰਤੀ ਆਪਣੀ ਜ਼ਿੰਮੇਵਾਰੀ ਦੇ ਪੱਖੋਂ ਉਹ ਇਤਨੇ ਸੁਚੇਤ ਰਹੇ ਹਨ ਕਿ ਉਹ ਸੌਂਦੇ ਵੀ ਅੱਖਾਂ ਖੋਲ੍ਹ ਕੇ ਰਹੇ ਹਨ।

ਇੰਗਲੈਂਡ ਵਿਚ ਘੁੰਮ ਕੇ ਮਹਾਤਮਾ ਗਾਂਧੀ ਵੀ ਮੈਨੂੰ ਲੰਗੋਟੀ ਵਾਲਾ ਅੰਗਰੇਜ਼ ਪ੍ਰਤੀਤ ਹੁੰਦਾ ਹੈ, ਕਿਉਂਕਿ ਮਹਾਤਮਾ ਗਾਂਧੀ ਦੇ ਵਿਹਾਰ ਵਿਚ ਬਹੁਤੀਆਂ ਗੱਲਾਂ ਮਜ਼ਬੂਤ ਅਤੇ ਡੂੰਘੇ ਅੰਗਰੇਜ਼ੀ ਚਰਿੱਤਰ ਵਾਲੀਆਂ ਸਨ।

ਲੰਦਨ ਵਿਚ ਘੁੰਮਦਿਆ ਇੰਝ ਲੱਗਿਆ ਜਿਵੇਂ ਇਤਿਹਾਸ ਦੀਆਂ ਗਲੀਆਂ ਅਤੇ ਵਕਤ ਦੇ ਮੁਹੱਲਿਆਂ ਵਿਚ ਘੁੰਮ ਰਿਹਾ ਹੋਵਾਂ।

ਉਥੇ ਮਨ ਚਿੱਤ ਭਰਿਆ-ਭਰਿਆ ਲੱਗਿਆ।

ਉਥੇ ਹੋਸ਼ ਨੂੰ ਧਿਆਨ ਮਿਲਣ ਵਾਲਾ ਅਹਿਸਾਸ ਹੋਇਆ। ਲੰਦਨ ਹੱਸਦਾ, ਵੱਸਦਾ, ਰੋਂਦਾ, ਗਾਉਂਦਾ, ਨੱਚਦਾ, ਸੋਚਦਾ, ਉੱਡਦਾ, ਢਹਿੰਦਾ, ਪਰ ਮਸਤ ਚਾਲ ਚਲਦਾ ਪ੍ਰਤੀਤ ਹੋਇਆ ਅਤੇ ਇੰਵ ਲੱਗਿਆ, ਜਿਵੇਂ ਕਿਸੇ ਕਿਲ੍ਹੇ ਦੀ ਮੰਮਟੀ ਉੱਤੇ ਝੂਲ ਕੇ ਚੱਲਣ ਵਾਲੀ ਕੋਈ ਬਹੁਤ ਪੁਰਾਣੀ ਘੜੀ ਲੱਗੀ ਹੋਵੇ।

ਜੇ ਕਿਸੇ ਇਸਤਰੀ ਨਾਲ ਤੁਲਨਾ ਦੇਣੀ ਹੋਵੇ ਤਾਂ ਲੰਦਨ ਮੈਨੂੰ ਕਿਸੇ ਜਰਨੈਲ ਦੀ ਮਾਣ-ਮੱਤੀ ਮਜਾਜਣ ਮਾਂ ਵਾਂਗ ਲੱਗਿਆ।

ਅੰਗਰੇਜ਼ਾਂ ਦੀ ਸ਼ਕਤੀ ਅਤੇ ਸੁੰਦਰਤਾ ਦੀਆਂ ਨੀਹਾਂ ਵਿਸ਼ਾਲ ਸੰਜਮ ਅਤੇ ਡੂੰਘੇ ਧਿਆਨ ਉੱਤੇ ਟਿਕੀਆਂ ਹੋਈਆਂ ਹਨ, ਜਿਸ ਨਾਲ ਸਿਧਾਰਥ ਬੁੱਧ ਬਣ ਜਾਂਦੇ ਹਨ ਅਤੇ ਜਿਸ ਨਾਲ ਕਾਂਵਾਂ ਤੋਂ ਹੰਸ ਬਣਦੇ ਹਨ।

ਆਪਣੇ ਦੇਸ਼ ਤੋਂ ਜਲਾਵਤਨ ਹੋਏ ਕਾਰਲ ਮਾਰਕਸ ਨੂੰ ਲੰਦਨ ਨੇ ਆਪਣੀ ਗੋਦ ਦਾ ਨਿੱਘ ਦਿੱਤਾ ਸੀ। ਦੁਨੀਆਂ ਭਰ ਦੇ ਬਾਗੀ ਲੰਦਨ ਵਿਚ ਪਨਾਹ ਲੈਂਦੇ ਰਹੇ ਹਨ। ਲੰਦਨ, ਮੈਨੂੰ ਨਿਓਟਿਆਂ ਦੀ ਓਟ ਅਤੇ ਗਵਾਚਿਆਂ ਦਾ ਤੰਬੂ ਲੱਗਾ।

ਲੰਦਨ ਦੁਨੀਆਂ ਭਰ ਦੇ ਠੁਕਰਾਏ ਹੋਏ ਲੋਕਾਂ ਦੀ ਪਨਾਹਗਾਹ ਰਿਹਾ ਹੈ। ਕੋਈ ਸਮਾਂ ਸੀ, ਜਦੋਂ ਸਾਰਾ ਸੰਸਾਰ ਅੱਡੀਆਂ ਚੁੱਕ ਕੇ ਲੰਦਨ ਵਲ ਝਾਕਦਾ ਸੀ।

ਅਸੀਂ ਇੰਗਲੈਂਡ ਦਾ ਸੱਖਣਾਪਣ ਹੀ ਵੇਖਣ ਦੇ ਆਦੀ ਹਾਂ, ਉਸ ਦੀ ਭਰਪੂਰਤਾ ਵੇਖਣ ਦੀ ਜਾਚ ਅਜੇ ਸਾਨੂੰ ਨਹੀਂ ਆਈ।

ਲੰਦਨ ਘੁੰਮਣਾ ਇੰਝ ਲੱਗਿਆ ਜਿਵੇਂ ਤਾਏ ਦੀ ਹਵੇਲੀ ਵਿਚ ਘੁੰਮ ਰਿਹਾ ਹੋਵਾਂ। ਲੰਦਨ ਵਿਚ ਘੁੰਮਦਿਆਂ ਇਹ ਅਹਿਸਾਸ ਸਦਾ ਨਾਲ ਰਹਿੰਦਾ ਹੈ ਕਿ ਇਥੇ ਘੁੰਮਿਆ ਹੀ ਜਾ ਸਕਦਾ ਹੈ, ਰਿਹਾ ਨਹੀਂ ਜਾ ਸਕਦਾ।

ਲੰਦਨ ਵਿਚ ਇਤਨਾ ਰੋਹਬ ਹੈ ਕਿ ਉਸ ਵਿਚ ਬਹੁਤਾ ਚਿਰ ਸੌਖਿਆਂ ਘੁੰਮਿਆ ਵੀ ਨਹੀਂ ਜਾ ਸਕਦਾ। ਚੁੱਪ-ਚੁੱਪ, ਸੁੰਗੜ ਕੇ ਵਿਚਰਣ ਦੀ ਮਜਬੂਰੀ, ਬਹੁਤਾ ਚਿਰ ਨਹੀਂ ਝੱਲੀ ਜਾ ਸਕਦੀ। ਉਥੇ ਘੁੰਮਦਿਆਂ ਕਿਸੇ ਬਹੁਤ ਪ੍ਰਸਿੱਧ ਥਾਂ ਨੂੰ ਵੇਖਣ ਦਾ ਨਹੀਂ, ਕਿਸੇ ਬਹੁਤ ਪ੍ਰਸਿੱਧ ਬੰਦੇ ਨੂੰ ਮਿਲਣ ਵਾਲਾ ਅਹਿਸਾਸ ਹੋਇਆ ।

ਲੰਦਨ ਅੱਜ ਵੀ ਸੰਸਾਰ ਵਿਚ ਆਵਾਜਾਈ ਦਾ ਸਭ ਤੋਂ ਵੱਡਾ ਜੰਕਸ਼ਨ ਹੈ ਅਤੇ ਸੰਸਾਰ ਭਰ ਦੇ ਲੋਕ ਤੁਹਾਨੂੰ ਇਥੇ ਮਿਲ ਜਾਣਗੇ।

ਰਾਜਨੀਤਕ ਪੱਖੋਂ ਭਾਰਤ ਵੀ ਇੰਗਲੈਂਡ ਵਾਂਗ ਆਜ਼ਾਦ ਹੈ, ਸੋ ਲੰਦਨ ਨੂੰ ਮੈਂ ਮੁਰੰਮਤ ਕਰਨ ਵਾਲੇ ਇਕ ਕਾਰੀਗਰ ਦੀ ਦ੍ਰਿਸ਼ਟੀ ਤੋਂ ਨਹੀਂ, ਮੇਲੇ ਵਿਚ ਪਹਿਲੀ ਵਾਰੀ ਗਈ ਕੁੜੀ ਦੀ ਨਜ਼ਰ ਨਾਲ ਵੇਖਣਾ ਚਾਹੁੰਦਾ ਸਾਂ।

ਲੰਦਨ ਦੀ ਚਮਕ-ਦਮਕ ਅਜੇ ਵੀ ਕਾਇਮ ਹੈ ਪਰ ਪੁਰਾਣੀ ਹਵੇਲੀ ਵਾਂਗ ਇਹ ਨਿਰੰਤਰ ਘਟ ਰਹੀ ਹੈ।

ਲੰਦਨ ਵਿਚ ਵਿਸ਼ਵ ਪੱਧਰ ਦਾ ਕੁਝ ਨਾ ਕੁਝ ਹਰ ਵੇਲੇ ਹੁੰਦਾ ਰਹਿੰਦਾ ਹੈ।

ਮੈਨੂੰ ਆਪਣੇ ਆਧੁਨਿਕ ਇਤਿਹਾਸ ਦੇ ਕਈ ਕਾਂਡ ਇੰਗਲੈਂਡ ਨੂੰ ਵੇਖ ਕੇ ਸਮਝ ਆਏ ਹਨ। ਵਿਸ਼ਾਲਤਾ ਦੇ ਅਰਥ ਲੰਦਨ ਵਿਚ ਸਮਝ ਆਉਂਦੇ ਹਨ। ਪੜ੍ਹਾਈ ਦੌਰਾਨ ਕਈ ਅੰਗਰੇਜ਼ੀ ਕਵਿਤਾਵਾਂ ਪੜ੍ਹੀਆਂ ਜ਼ਰੂਰ ਸਨ, ਪਰ ਉਨ੍ਹਾਂ ਦੀ ਆਤਮਾ ਉਨ੍ਹਾਂ ਦੇ ਰਚਣਹਾਰਿਆਂ ਦੇ ਦੇਸ਼ ਵਿਚ ਘੁੰਮ ਕੇ ਹੀ ਪਕੜ ਵਿਚ ਆਉਂਦੀ ਹੈ।

ਸ਼ੈਕਸਪੀਅਰ ਦੇ ਪਿੰਡ ਘੁੰਮਦਿਆਂ ਉਹ ਆਪਣਾ ਸਾਕ-ਸੰਬੰਧੀ ਪ੍ਰਤੀਤ ਹੋਇਆ। ਉਨ੍ਹਾਂ ਨੇ ਆਪਣੇ ਵੱਡੇ-ਵਡੇਰਿਆਂ ਦੀਆਂ ਯਾਦਾਂ ਅਤੇ ਰਿਹਾਇਸ਼-ਗਾਹਾਂ ਨੂੰ ਸਾਂਭ ਕੇ ਬੜੇ ਸਤਿਕਾਰ ਨਾਲ ਰੱਖਿਆ ਹੋਇਆ ਹੈ।

ਇੰਗਲੈਂਡ ਵਿਚ ਸੰਸਾਰ ਦੀ ਹਰ ਸ਼ਕਲ ਅਤੇ ਨਸਲ ਦੇ ਲੋਕ ਮਿਲ ਜਾਣਗੇ।

ਉਥੇ ਪੰਜਾਬੀਆਂ ਦੀ ਗਿਣਤੀ ਵੀ ਚੋਖੀ ਹੈ। ਪੰਜਾਬੀਆਂ ਦਾ ਗੜ੍ਹ ਸਾਊਥਹਾਲ ਪੁਰਾਣੀ ਦਿੱਲੀ ਜਿਹਾ ਲੱਗਿਆ। ਇੰਗਲੈਂਡ ਵਿਚ ਵੱਸਦੇ ਪੰਜਾਬੀਆਂ ਦੀ ਸਭਿਆਚਾਰਕ ਭੁੱਖ ਪੂਰੀ ਨਹੀਂ ਹੁੰਦੀ, ਸੋ ਉਹ ਆਪਣੇ ਧਾਰਮਿਕ ਸਥਾਨਾਂ ਨਾਲ ਬਹੁਤ ਨੇੜਿਓਂ ਜੁੜੇ ਹੋਏ ਹਨ। ਕਿਉਂਕਿ ਧਰਮ ਗਰੀਬਾਂ ਨੂੰ ਆਪਣੀ ਗਰੀਬੀ ਨੂੰ ਰੱਬ ਦੀ ਰਜ਼ਾ ਸਮਝ ਦੇ ਸਬਰ ਕਰਨ ਦਾ ਉਪਦੇਸ਼ ਦਿੰਦਾ ਰਿਹਾ ਹੈ, ਇਸ ਲਈ ਜਦੋਂ ਲੋਕ ਅਮੀਰ ਹੋ ਜਾਣ ਤਾਂ ਉਨ੍ਹਾਂ ਲਈ ਧਰਮ ਦੇ ਅਰਥ ਵੀ ਬਦਲ ਜਾਂਦੇ ਹਨ।

ਇੰਗਲੈਂਡ ਵਿਚ ਭਾਰਤੀਆਂ ਦੇ ਧਾਰਮਿਕ ਸਥਾਨ ਆਪਸੀ ਈਰਖਾ ਅਤੇ ਖਿਚੋਤਾਣ ਦੇ ਅਖਾੜੇ ਬਣੇ ਹੋਏ ਹਨ, ਜਿਥੇ ਹਰ ਕੋਈ ਆਪਣੇ ਮਨ ਦੇ ਗੁਬਾਰ ਕੱਢਦਾ ਹੈ। ਧਾਰਮਿਕ ਸਥਾਨਾਂ ਵਿਚ ਉਨ੍ਹਾਂ ਦੇ ਬੋਲਣ ਦੇ ਢੰਗ ਤੋਂ ਇੰਝ ਲੱਗਦਾ ਹੈ ਕਿ ਉਹ ਜਿਵੇਂ ਜਾਂ ਲਲਕਾਰੇ ਮਾਰ ਰਹੇ ਹੋਣ ਜਾਂ ਵੈਣ ਪਾ ਰਹੇ ਹੋਣ।

ਇੰਗਲੈਂਡ ਵਿਚ ਵੱਸਦੇ ਪੰਜਾਬੀ ਬੜੀ ਮਿਹਨਤ ਨਾਲ ਰੱਜਵਾਂ ਜੀਵਨ ਜੀ ਰਹੇ ਹਨ ਪਰ ਮਾਨਸਿਕ ਪੱਖੋਂ ਉਹ ਦਿਨੋ-ਦਿਨ ਖੋਖਲੇ ਹੁੰਦੇ ਜਾ ਰਹੇ ਹਨ। ਗੱਲ-ਬਾਤ ਦੇ ਪੱਖੋਂ ਉਥੇ ਕੋਈ-ਕੋਈ ਵਿਅਕਤੀ ਹੀ ਤਸੱਲੀ ਦਿੰਦਾ ਹੈ।

ਉਨ੍ਹਾਂ ਦੇ ਰੱਜੇ ਹੋਏ ਸਰੀਰਾਂ ਵਿਚੋਂ ਮਾਨਸਿਕ ਕੰਗਾਲੀ ਝਲਕਦੀ ਹੈ। ਉਥੇ ਪੰਜਾਬੀਆਂ ਨੂੰ ਵੇਖ ਕੇ ਮੈਨੂੰ ਇੰਞ ਲੱਗਿਆ ਹੈ, ਜਿਵੇਂ ਹਰ ਪੰਜਾਬੀ ਵਿਚ ਇਕ ਹੋਰ ਬੰਦਾ ਫਸਿਆ ਹੋਇਆ ਹੈ ਅਤੇ ਉਹ ਬਾਹਰ ਨਿਕਲਣ ਦਾ ਯਤਨ ਕਰ ਰਿਹਾ ਹੈ।

ਪੰਜਾਬੀਆਂ ਦਾ ਬਹੁਤਾ ਮੇਲ-ਜੋਲ ਆਪਣੇ ਲੋਕਾਂ ਨਾਲ ਹੀ ਹੈ ਪਰ ਉਥੇ ਹਿੰਦੁਸਤਾਨ ਅਤੇ ਪਾਕਿਸਤਾਨ ਦੂਰ ਪਰ ਨਾਲ-ਨਾਲ ਵਸਦੇ ਦਾਦਕੇ-ਨਾਨਕੇ ਪਿੰਡ ਪ੍ਰਤੀਤ ਹੁੰਦੇ ਹਨ।

ਲੰਦਨ ਵਿਚ ਘੁੰਮਦਿਆਂ ਆਪਣੇ ਆਪ ਨੂੰ ਅੰਤਰਰਾਸ਼ਟਰੀ ਹੀ ਨਹੀਂ, ਸਗੋਂ ਵਿਸ਼ਵ ਪੱਧਰ ਉੱਤੇ ਵਿਚਰਦਿਆ ਅਨੁਭਵ ਕੀਤਾ।

ਅਮਰੀਕਾ ਨੇ, ਇੰਗਲੈਂਡ ਦੀ ਨਕਲ ਕੀਤੀ ਹੈ ਪਰ ਚਲਾਕ ਜਮੂਰੇ ਵਾਂਗ, ਅਮਰੀਕਾ ਇੰਗਲੈਂਡ ਨਾਲੋਂ ਵੀ ਵਧੇਰੇ ਚੁਸਤ-ਚਲਾਕ ਹੋ ਗਿਆ ਹੈ।

ਲੰਦਨ ਵਿਚ ਡੂੰਘਾਈ ਹੈ, ਵਾਸ਼ਿੰਗਟਨ ਵਿਚ ਵਿਸ਼ਾਲਤਾ ਹੈ, ਪੈਰਿਸ ਵਿਚ ਨੱਖਰਾ ਹੈ, ਦਿੱਲੀ ਵਿਚ ਹਫੜਾਦਫੜੀ ਹੈ।

ਮੈਂ ਜਾਣਦਾ ਸਾਂ ਕਿ ਉਨ੍ਹੀਵੀਂ ਸਦੀ ਵਿਚ ਇੰਗਲੈਂਡ ਨੇ ਦੁਨੀਆਂ ਭਰ ਦੇ ਮਜ਼ਦੂਰਾਂ ਨੂੰ ਅਤੇ ਵਿਸ਼ੇਸ਼ ਕਰਕੇ ਕੈਦੀਆਂ ਨੂੰ ਧਰਤੀ ਥੱਲੇ ਆਪਣੀ ਰੇਲ ਵਿਛਾਉਣ ਦੇ ਕੰਮ ਲਾਇਆ ਸੀ। ਇਨ੍ਹਾਂ ਵਿਚੋਂ ਸੈਂਕੜੇ ਇਸ ਰੇਲ ਦੀਆਂ ਨੀਹਾਂ ਵਿਚ ਦਫ਼ਨ ਹੋ ਗਏ। ਇਹ ਰੇਲ ਧਰਤੀ ਦੇ ਇਤਨੀ ਅੰਦਰ ਹੈ, ਜਿੰਨੀ ਕੋਲੇ ਦੀ ਖਾਣ ਹੁੰਦੀ ਹੈ। ਧਰਤੀ ਥੱਲੇ ਚਲਦੀ ਰੇਲ ਵਿਚ ਸਫ਼ਰ ਕਰਦਿਆਂ ਗੱਡੀ ਦੀ ਆਵਾਜ਼ ਵਿਚੋਂ ਮਰ ਗਏ ਮਜ਼ਦੂਰਾਂ ਦੀ ਹਾਲ-ਦੁਹਾਈ ਅਤੇ ਚੀਕਾਂ ਸੁਣਾਈ ਦੇਣ ਵਾਲਾ ਅਹਿਸਾਸ ਹੋਇਆ। ਜੇ ਮੈਨੂੰ ਇਸ ਰੇਲ ਦੇ ਇਤਿਹਾਸ ਦਾ ਪਤਾ ਨਾ ਹੁੰਦਾ ਤਾਂ ਮੈਂ ਵੀ ਦੂਜੇ ਲੋਕਾਂ ਵਾਂਗ ਆਰਾਮ ਨਾਲ ਬਹਿ ਕੇ ਸਫ਼ਰ ਕਰ ਸਕਦਾ ਸਾਂ ਪਰ ਮੈਨੂੰ ਇੰਜ ਲੱਗਿਆ ਜਿਵੇਂ ਮੈਂ ਕਬਰਾਂ ਦੇ ਉੱਤੇ ਵਾਹੋਦਾਹੀ ਦੌੜ ਰਿਹਾ ਹੋਵਾਂ ਅਤੇ ਉਹ ਮਰ ਗਏ ਮਜ਼ਦੂਰ, ਮੈਨੂੰ ਪਿੱਛੋਂ ਆਵਾਜ਼ਾਂ ਮਾਰ ਰਹੇ ਹੋਣ।

ਇੰਗਲੈਂਡ ਦੇ ਘਰ ਛੋਟੇ ਹਨ ਪਰ ਬੜੇ ਸਾਫ਼-ਸੁਥਰੇ ਹਨ।

ਉਥੇ ਅਮਰੀਕਾ ਦੇ ਮੁਕਾਬਲੇ ਆਮਦਨਾਂ ਥੋੜ੍ਹੀਆਂ ਹਨ ਪਰ ਜੀਵਨ ਵਿਚ ਸੰਜਮ ਹੋਣ ਕਾਰਨ ਗੁਜ਼ਾਰੇ ਲਈ ਕਾਫ਼ੀ ਹਨ।

ਇੰਗਲੈਂਡ ਹੁਣ ਅਮਰੀਕਾ ਦਾ ਮੱਧਰਾ ਭਰਾ ਪ੍ਰਤੀਤ ਹੁੰਦਾ ਹੈ।

ਲੰਦਨ ਵਿਚ ਘੁੰਮਣਾ, ਇਕ ਅਜਿਹਾ ਕੰਮ ਹੈ ਜਿਸ ਵਿਚ ਰੁਝੇ ਰਹਿਣ ਨੂੰ ਮਨ ਕਰਦਾ ਹੈ। ਮੈਂ ਲੰਦਨ ਦਾ ਉਹ ਬਾਗ ਵੇਖਿਆ ਜਿਥੇ ਦੁਨੀਆਂ ਦਾ ਕੋਈ ਵਿਅਕਤੀ, ਜੋ ਚਾਹੇ ਬੋਲ ਸਕਦਾ ਹੈ। ਲੰਦਨ ਦਾ ਹਰ ਬਾਜ਼ਾਰ ਇਤਿਹਾਸ ਦੀ ਇਕ ਦਸਤਾਵੇਜ਼ ਹੈ।

ਜਦੋਂ ਲੰਦਨ ਉਤਰਿਆ ਤਾਂ ਚਿਰਾਂ ਦਾ ਕੋਈ ਸੁਪਨਾ, ਕੋਈ ਚਿਰੋਕਣੀ ਰੀਝ ਪੂਰੀ ਹੋਣ ਵਾਲਾ ਅਹਿਸਾਸ ਹੋਇਆ।

ਇੰਗਲੈਂਡ ਦੀ ਮੈਂ ਇਸ ਆਧਾਰ ਉੱਤੇ ਕਦਰ ਕਰਦਾ ਹਾਂ ਕਿ ਇਸ ਨੇ ਸਾਨੂੰ ਪਾਰਲੀਮੈਂਟ ਦਿੱਤੀ, ਅਖ਼ਬਾਰ ਦਿੱਤੇ, ਸੜਕਾਂ ਅਤੇ ਪੁਲ ਦਿੱਤੇ, ਨਹਿਰਾਂ ਦਿੱਤੀਆਂ, ਸਕੂਲ, ਕਾਲਜ, ਯੂਨੀਵਰਸਿਟੀਆਂ ਦਿੱਤੀਆਂ, ਪੁਸਤਕਾਂ ਅਤੇ ਬਲੈਕ-ਬੋਰਡ ਦਿੱਤੇ, ਸ਼ਹਿਰ, ਮੰਡੀਆਂ, ਹਸਪਤਾਲ ਅਤੇ ਡਿਸਪੈਨਸਰੀਆਂ ਦਿੱਤੀਆਂ, ਵਿਗਿਆਨ ਦਿੱਤਾ, ਬਿਜਲੀ ਦਿੱਤੀ, ਰੇਲ ਦਿੱਤੀ, ਡਾਕਖਾਨੇ ਦਿੱਤੇ, ਕਾਨੂੰਨ ਦਿੱਤਾ ਅਤੇ ਸਭ ਤੋਂ ਵੱਧ ਇੰਗਲੈਂਡ ਨੇ ਸਾਨੂੰ ਚੰਗੇ ਅਤੇ ਖੁਸ਼ਹਾਲ ਜੀਵਨ ਦਾ ਅਤੇ ਆਜ਼ਾਦੀ ਦਾ ਸੰਕਲਪ ਦਿੱਤਾ।

ਭਾਵੇਂ ਇਹ ਸਭ ਕੁਝ ਕਰਨ ਪਿੱਛੇ ਉਨ੍ਹਾਂ ਦੇ ਉਦੇਸ਼ ਹੋਰ ਸਨ ਪਰ ਸਾਡੀ ਗੁਲਾਮੀ ਦੇ ਲੰਮੇ ਇਤਿਹਾਸ ਵਿਚ ਉਨ੍ਹਾਂ ਨੇ ਹੀ ਸਾਨੂੰ ਗੁਲਾਮੀ ਨਾਲ ਘਿਰਣਾ ਕਰਨੀ ਸਿਖਾਈ। ਉਨ੍ਹਾਂ ਨੇ ਹੀ ਸਾਨੂੰ ਆਧੁਨਿਕ ਲੀਹਾਂ ਉੱਤੇ ਪਾਇਆ।

ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸਾਡੀਆਂ ਫੌਜਾਂ ਭੀੜ ਦੇ ਰੂਪ ਵਿਚ ਚੱਲਦੀਆਂ ਸਨ। ਲਾਈਨ ਵਿਚ ਖਲੋਣਾ ਸਾਨੂੰ ਉਨ੍ਹਾਂ ਨੇ ਹੀ ਸਿਖਾਇਆ, ਇਹ ਵੱਖਰੀ ਗੱਲ ਹੈ ਕਿ ਠੀਕ ਢੰਗ ਨਾਲ ਇਹ ਅਸੀਂ ਅਜੇ ਤੱਕ ਵੀ ਨਹੀਂ ਸਿਖ ਸਕੇ। ਉਨ੍ਹਾਂ ਨੇ ਸਾਨੂੰ ਜਮਾਤ ਵਿਚ ਬਹਿਣ ਦਾ ਸਲੀਕਾ ਸਿਖਾਇਆ, ਇਹ ਵੱਖਰੀ ਗੱਲ ਹੈ ਕਿ ਅਸੀਂ ਨਕਲ ਮਾਰਨ ਦੀਆਂ ਨਵੀਆਂ-ਨਵੀਆਂ ਵਿਧੀਆਂ ਦਾ ਨਿਰਮਾਣ ਕਰਕੇ ਭਾਰਤੀ ਵਿਦਿਅਕ ਪ੍ਰਣਾਲੀ ਦਾ ਵਿਲੱਖਣ ਰੂਪ ਉਸਾਰ ਰਹੇ ਹਾਂ।

ਗਿਲੇ-ਸ਼ਿਕਵੇ ਕਦੇ ਵੀ ਨਹੀਂ ਮੁਕਦੇ ਪਰ ਹਰ ਵੇਲੇ ਗਿਲੇ-ਸ਼ਿਕਵੇ ਕਰਦੇ ਰਹਿਣਾ, ਮਾਨਸਿਕ ਮੰਦਹਾਲੀ ਦਾ ਹੀ ਪ੍ਰਮਾਣ ਹੁੰਦਾ ਹੈ।

ਜੇ ਕਿਸੇ ਨੇ ਆਜ਼ਾਦੀ ਦੇ ਸਹੀ ਅਰਥ ਸਮਝਣੇ ਹਨ ਤਾਂ ਉਹ ਇਕ ਵਾਰੀ ਲੰਦਨ ਦੀ ਪ੍ਰਕਰਮਾ ਜ਼ਰੂਰ ਕਰ ਆਵੇ। ਉਸ ਨੂੰ ਹੋਰ ਕੁਝ ਮਿਲੇ ਨਾ ਮਿਲੇ, ਦ੍ਰਿਸ਼ਟੀ ਦੀ ਵਿਸ਼ਾਲਤਾ, ਸੋਚ ਦੀ ਅਮੀਰੀ ਅਤੇ ਰੂਹ ਦਾ ਰੱਜ ਜ਼ਰੂਰ ਮਿਲੇਗਾ।

ਇਹ ਵੱਖਰੀ ਗੱਲ ਹੈ ਕਿ ਪ੍ਰਕਰਮਾ ਕਰਨ ਜਾਣ ਵਾਲਾ, ਮਨ ਦੀ ਕਟੋਰੀ ਲੈ ਕੇ ਜਾਂਦਾ ਹੈ ਜਾਂ ਵਲਟੋਹੀ ।

ਜੈਸੀ ਨਜ਼ਰ, ਤੈਸਾ ਨਜ਼ਾਰਾ; ਜੈਸੀ ਝੋਲੀ, ਤੈਸੀ ਦਾਤ।

ਪਿਤਾ ਜੀ ਕਿਹਾ ਕਰਦੇ ਸਨ ਕਿ ਸਿਆਣਾ ਬੰਦਾ ਆਪਣੇ ਕਮਰੇ ਵਿਚ ਬਹਿ ਕੇ ਵੀ ਬੜੀਆ ਸਿਆਣੀਆਂ ਗੱਲਾਂ ਕਰ ਸਕਦਾ ਹੈ ਪਰ ਮੂਰਖ ਭਾਵੇਂ ਸਾਰੀ ਦੁਨੀਆਂ ਘੁੰਮ ਆਵੇ, ਮੂਰਖ ਹੀ ਰਹਿੰਦਾ ਹੈ।

ਕਿਸੇ ਨੇ ਕਿਹਾ ਸੀ 'ਮੇਰੀ ਖੱਚਰ ਸਾਰੀ ਦੁਨੀਆਂ ਘੁੰਮੀ ਹੋਈ ਹੈ ਪਰ ਇਹ ਘੋੜੀ ਨਹੀਂ ਬਣੀ।' ਮੈਂ ਤਾਂ ਕਹਾਂਗਾ ਕਿ ਖੱਚਰ ਦੀ ਦਿਲਚਸਪੀ ਵਾਲਾ ਲੰਦਨ ਵਿਚ ਕੁਝ ਨਹੀਂ।

ਜਿਹੜਾ ਕਲਗੀ ਵਾਲਾ ਸਿਹਰਾ ਬੰਨ੍ਹਦਾ ਹੈ, ਉਹੀ ਘੋੜੀ ਉੱਤੇ ਸੱਜਦਾ ਹੈ। ਲੰਦਨ ਕਲਗੀ ਵਾਲਾ ਸਿਹਰਾ ਹੈ।

ਪੈਰਿਸ ਪਹੁੰਚ ਕੇ ਮੇਰੇ ਦਿਲ ਦੇ ਦੀਵੇ ਜੱਗ ਉਠੇ।

ਦੋ ਦਹਾਕਿਆਂ ਤੋਂ ਪੈਰਿਸ ਮੇਰੇ ਖਿਆਲਾਂ ਅਤੇ ਕਲਪਨਾ ਦੇ ਵਿਹੜੇ ਵਿਚ ਸੁਪਨਿਆਂ ਦੇ ਜੁਗਨੂੰ ਜਗਾਉਂਦਾ ਰਿਹਾ ਸੀ।

ਪੈਰਿਸ ਦੀ ਪੌਣ ਵਿਚ ਕਵਿਤਾ ਹੈ।

ਪੈਰਿਸ ਦੁਨੀਆਂ ਦੀ ਚੂੜੇ ਵਾਲੀ ਬਾਂਹ ਹੈ। ਇਹ ਦੁਨੀਆਂ ਦੀ ਪੱਗੜੀ ਵਿਚ ਟੰਗੀ ਅੱਗ ਦੀ ਕਲਗੀ ਹੈ।

ਪੈਰਿਸ ਦੀਆਂ ਸੋਹਣੀਆ ਨਾਰਾਂ ਦੇ ਨਕਸ਼ਾਂ ਵਿਚੋਂ ਸੂਰਜ ਨਿਕਲਦਾ ਹੈ।

ਉਨ੍ਹਾਂ ਦੇ ਅੰਗਾਂ ਵਿਚ ਅੰਤਾਂ ਦੀ ਰੌਣਕ ਹੈ।

ਉਥੇ ਚੁੰਮੀ ਲਈ ਨਹੀਂ ਜਾਂਦੀ, ਦਿੱਤੀ ਜਾਂਦੀ ਹੈ।

ਇਸ ਸ਼ਹਿਰ ਦੀਆਂ ਗਲੀਆਂ ਵਿਚ ਜਦੋਂ ਹੀਰਾਂ ਦੇ ਝੁੰਡ ਨਿਕਲਦੇ ਹਨ ਤਾਂ ਸਾਰਾ ਪੈਰਿਸ ਲਾਚੀਆਂ ਦਾ ਬਾਗ ਪ੍ਰਤੀਤ ਹੁੰਦਾ ਹੈ, ਸ਼ਹਿਨਾਈ ਦੀ ਆਵਾਜ਼ ਨਾਲ ਗੂੰਜ ਰਿਹਾ, ਅਗਰਬਤੀ ਦੀ ਮਹਿਕ ਨਾਲ ਮਹਿਕਿਆ ਹੋਇਆ।

ਪੈਰਿਸ ਦੀ ਹਵਾ ਵਿਚ ਟੂਣਾ ਹੈ।

ਇਸ ਸ਼ਹਿਰ ਵਿਚ ਹਰ ਕਿਸੇ ਨੂੰ ਕਵੀ ਬਣਾਉਣ ਦੀ ਯੋਗਤਾ ਹੈ।

ਤਾਰੇ ਪੈਰਿਸ ਦੀ ਕਵਿਤਾ ਦੇ ਬੋਲ ਹਨ, ਚੰਨ ਇਸ ਕਵਿਤਾ ਦਾ ਸਿਰਲੇਖ ਹੈ। ਇਥੇ ਇਹ ਫ਼ਰਕ ਦਸਣਾ ਮੁਸ਼ਕਿਲ ਹੁੰਦਾ ਹੈ ਕਿ ਕੌਣ ਕਵਿਤਾ ਪੜ੍ਹ ਰਿਹਾ ਹੈ, ਕੌਣ ਸੁਣ ਰਿਹਾ ਹੈ ? ਇਥੇ ਦੇ ਸੰਗੀਤ ਅਤੇ ਨਾਚ ਨੂੰ ਵੇਖ ਕੇ ਇਹ ਦਸਣਾ ਸੰਭਵ ਨਹੀਂ ਕਿ ਸੰਗੀਤ ਦੀ ਤਾਲ ਨਾਲ ਕਦਮ ਨੱਚ ਰਹੇ ਹਨ ਕਿ ਕਦਮਾਂ ਦੀ ਤਾਲ ਨਾਲ ਸੰਗੀਤ ਵਜ ਰਿਹਾ ਹੈ।

ਇਥੇ ਸ਼ਰਾਬ ਅੰਮ੍ਰਿਤ ਹੈ, ਅੰਮ੍ਰਿਤ ਸ਼ਰਾਬ ਹੈ।

ਸ਼ਰਾਬ ਪੁਰਾਣੀ ਤੋਂ ਪੁਰਾਣੀ ਅਤੇ ਪਾਣੀ ਤਾਜ਼ੇ ਤੋਂ ਤਾਜ਼ਾ, ਇਕ-ਦੂਜੇ ਵਿਚ ਜਲਦੀ ਘੁਲ-ਮਿਲ ਜਾਂਦੇ ਹਨ।

ਇਥੇ ਬਹੁਤ ਕੁਝ ਇਕ ਦੂਜੇ ਵਿਚ ਘੁਲਿਆ-ਮਿਲਿਆ ਹੋਇਆ ਹੈ।

ਪੈਰਿਸ ਮੈਨੂੰ ਇਕ ਵਿਸ਼ਾਲ ਰਸੋਈ ਪ੍ਰਤੀਤ ਹੋਇਆ, ਜਿਥੇ ਮਤਵਾਲੇ, ਕਲਾਕਾਰ, ਕਵੀ ਪੁਰਸ਼ ਆਪਣੀ ਮਹਿਬੂਬ ਦੇ ਖਾਣ ਲਈ ਭਾਂਤ-ਭਾਂਤ ਦੀਆਂ ਵਸਤਾਂ ਨੂੰ ਆਪਣੇ ਦਿਲ ਦੀ ਕੜਾਹੀ ਵਿਚ ਪਾ ਕੇ, ਆਪਣੀ ਮੁਸਕਰਾਹਟ ਨਾਲ ਤੜਕਾ ਲਾਉਂਦੇ ਹਨ ਅਤੇ ਆਪਣੇ ਮਨ ਦੀ ਥਾਲੀ ਵਿਚ ਪਰੋਸਦੇ ਹਨ।

ਉਥੇ ਘੁੰਮਦਿਆਂ ਇੰਝ ਲੱਗਿਆ ਜਿਵੇਂ ਆਪਣੇ ਤਾਏ ਦੇ ਘਰ ਦੀ ਛੱਤ ਉਤੇ ਘੁੰਮ ਰਿਹਾ ਹੋਵਾਂ। ਸਭ ਕੁਝ ਆਪਣਾ ਲਗਿਆ, ਨੇੜੇ ਨੇੜੇ, ਚੰਗਾ ਚੰਗਾ।

ਬੱਚਪਨ ਤੋਂ ਹੀ ਸੱਧਰ ਸੀ, ਬਸ ਪੈਰਿਸ ਜਾਣਾ ਹੈ।

ਮੇਰਾ ਵਿਚਾਰ ਹੈ ਕਿ ਖੁਸ਼ੀ, ਬੱਚਪਨ ਦੀ ਕਿਸੇ ਤੀਬਰ ਇੱਛਾ ਦੀ ਪੂਰਤੀ ਦਾ ਨਾਂ ਹੈ ਅਤੇ ਸੱਚੀ ਖੁਸ਼ੀ ਉਹ ਹੈ ਜਿਹੜੀ ਸਮਾਂ ਅਤੇ ਸਥਾਨ ਭੁਲਾ ਦੇਵੇ।

ਜਿਵੇਂ ਮਹਿਬੂਬ ਨੂੰ ਚੁੰਮਣ ਵੇਲੇ ਬੰਦਾ ਅੱਖਾਂ ਬੰਦ ਕਰ ਲੈਂਦਾ ਹੈ, ਮੇਰੀ ਬਿਲਕੁਲ ਉਹੋ ਜਿਹੀ ਹਾਲਤ ਸੀ, ਪੈਰਿਸ ਵਿਚ। ਮੇਰੀਆਂ ਅੱਖਾਂ ਬੰਦ ਸਨ ਪਰ ਅੰਦਰ ਦੋ ਜਹਾਨਾਂ ਦਾ ਚਾਨਣ ਹੋਇਆ ਹੋਇਆ ਸੀ।

ਮੈਨੂੰ ਮੁੜ ਅਮਰੀਕਾ ਜਾਣ ਦਾ ਅਵਸਰ ਮਿਲੇ, ਸ਼ਾਇਦ ਮੈਂ ਨਾ ਜਾਵਾਂ, ਪਰ ਪੈਰਿਸ ਜੇ ਮੈਨੂੰ ਸੌ ਵਾਰੀ ਬੁਲਾਵੇ, ਮੈਂ ਪੈਰ ਜੁੱਤੀ ਵੀ ਨਾ ਪਾਵਾਂ, ਮੈਂ ਆਪਣੀ ਘਰ ਵਾਲੀ ਨੂੰ ਵੀ ਨਾ ਦਸਾਂ ਕਿ ਮੈਂ ਕਿਥੇ ਚਲਿਆ ਹਾਂ।

ਪੈਰਿਸ ਜਾਣ ਦੀ ਇੱਛਾ ਨਾਲ ਹੀ ਮੈਂ ਫਰਾਂਸੀਸੀ ਬੋਲੀ ਸਿਖੀ ਸੀ।

ਫਰਾਂਸੀਸੀ ਵਿਚ ਉਰਦੂ-ਫਾਰਸੀ ਵਾਲੀ ਲੱਚਕ ਹੈ। ਫਰਾਂਸੀਸੀ ਵਿਚ ਵੀ ਜੰਗ ਦੇ ਮੈਦਾਨ ਨੂੰ ਮੈਦਾਨ-ਏ-ਜੰਗ, ਸ਼ਹਾਦਤ ਦੇ ਜਾਮ ਨੂੰ ਜਾਮ-ਏ-ਸ਼ਹਾਦਤ ਕਹਿੰਦੇ ਹਨ।

ਫਰਾਂਸੀਸੀ ਬੋਲੀ ਵਿਚ ਸੋਹਣੀ ਜ਼ਨਾਨੀ ਵਾਲਾ ਨਖਰਾ ਹੈ।

ਇਹ ਲੋਕ ਸ਼ਬਦਾਂ ਨਾਲੋਂ ਅੱਖਾਂ ਨਾਲ ਵਧੇਰੇ ਬੋਲਦੇ ਹਨ। ਸ਼ੇਅਰੋ-ਸ਼ਾਇਰੀ ਦਾ ਜਿਹੜਾ ਨਖਰਾ ਉਰਦੂ-ਫਾਰਸੀ ਵਿਚ ਹੈ, ਉਹੋ ਜਿਹਾ ਫਰਾਂਸੀਸੀ ਕਵਿਤਾ ਵਿਚ ਹੈ। ਪੈਰਿਸ ਵਿਚ ਕਢੀਆਂ ਜਾਣ ਵਾਲੀਆਂ ਗਾਲ੍ਹਾਂ ਵੀ ਸੋਹਣੀਆਂ ਹਨ ਜਿਵੇਂ, ਰੱਬ ਕਰੇ ਤੈਨੂੰ ਆਪਣੀ ਮਹਿਬੂਬਾ ਦਾ ਨਾਂ ਭੁਲ ਜਾਵੇ, ਰੱਬ ਕਰੇ ਤੈਨੂੰ ਪਿਆਰ ਕਰਨ ਵਾਲੇ ਨੂੰ, ਪਿਆਰ ਕਰਨ ਦੀ ਜਾਚ ਭੁਲ ਜਾਵੇ, ਆਦਿ।

ਫਰਾਂਸੀਸੀ ਦੇ ਕਈ ਲੇਖਕ ਪੜ੍ਹੇ ਸਨ, ਜਿਨ੍ਹਾਂ ਵਿਚੋਂ ਬਲਜ਼ਾਕ ਬਹੁਤ ਚੰਗਾ ਲਗਿਆ ਸੀ, ਜਿਸ ਵਾਸਤੇ ਅਨੇਕਾਂ ਘਰਾਂ ਦੀਆਂ ਕੁੜੀਆਂ ਉਜੜੀਆਂ ਸਨ।

ਪੈਰਿਸ ਵਿਚ ਇਸ ਗੱਲ ਦੀ ਸਮਝ ਆਈ ਕਿ ਇਸਤਰੀਆਂ ਕਿਵੇਂ ਸੁੰਦਰਤਾ ਦੇ ਸੇਕ ਨਾਲ ਆਲਾ ਦੁਆਲਾ ਗਰਮਾ ਦਿੰਦੀਆਂ ਹਨ, ਕਵੀ ਜਾਂ ਲੇਖਕ ਤਾਂ ਇਸ ਆਲੇ-ਦੁਆਲੇ ਦੀ ਵਿਆਖਿਆ ਹੀ ਕਰਦੇ ਹਨ।

ਪੈਰਿਸ ਵਿਚ ਹਰ ਅਮੀਰ ਇਸਤਰੀ ਆਪਣੀ ਦੌਲਤ ਨਾਲ ਕਿਸੇ ਕਲਾਕਾਰ ਦੀ ਕਲਾ ਦੇ ਚਿਰਾਗ ਨੂੰ ਜਗਦਾ ਰਖਦੀ ਹੈ ਅਤੇ ਉਸ ਨੂੰ ਕਹਿੰਦੀ ਹੈ ਕਿ ਮੈਨੂੰ ਅਮਰ ਕਰ ਦੇਹ। ਪੈਰਿਸ ਵਿਚ ਮੈਂ ਅਨੇਕਾਂ ਅਜਿਹੇ ਚਿਹਰੇ ਵੇਖੇ, ਜਿਨ੍ਹਾਂ ਦੀ ਇਕੋ ਨਜ਼ਰ ਉਮਰਾਂ ਦੇ ਭੇਤ ਪਾ ਲੈਂਦੀ ਹੈ। ਇਹ ਚਿਹਰੇ ਵਡੀ ਹਿੰਮਤ ਨਾਲ ਹੀ ਵੇਖੇ ਜਾ ਸਕਦੇ ਹਨ।

ਪੈਰਿਸ ਵਿਚ ਮਸ਼ਹੂਰ ਹੈ ਕਿ ਜਿਹੜੀ ਵੀ ਸੋਹਣੀ ਇਸਤਰੀ ਕਿਸੇ ਕਲਾਕਾਰ ਨੂੰ ਪਿਆਰ ਕਰਦੀ ਹੈ, ਉਸ ਨੂੰ ਬੜੇ ਦੁੱਖ ਝਲਣੇ ਪੈਂਦੇ ਹਨ ਪਰ ਇਹ ਦੁੱਖ ਉਸ ਦੀ ਆਤਮਾ ਨੂੰ ਧੋ ਦਿੰਦੇ ਹਨ ਅਤੇ ਉਸ ਦੀ ਕਲਾ ਨੂੰ ਨਿਖਾਰ ਦਿੰਦੇ ਹਨ।

ਇਸਤਰੀ ਆਪਣਾ ਦਿਲ ਭੇਟ ਕਰਦੀ ਹੈ, ਇਸਤਰੀ ਨੂੰ ਬਹੁਤੀਆਂ ਚੀਜ਼ਾਂ ਦੀ ਇੱਛਾ ਨਹੀਂ ਹੁੰਦੀ ਪਰ ਉਸ ਨੂੰ ਜਿਸ ਚੀਜ਼ ਦੀ ਵੀ ਇੱਛਾ ਹੁੰਦੀ ਹੈ, ਉਹ ਇੱਛਾ ਪੁਰਸ਼ ਨਾਲੋਂ ਵਧੇਰੇ ਸ਼ਿੱਦਤ ਨਾਲ ਹੁੰਦੀ ਹੈ।

ਜਿਨ੍ਹਾਂ ਨਿਗੂਣੀਆਂ ਵਸਤਾਂ ਪਿੱਛੇ ਸੰਸਾਰ ਝੱਲਾ ਹੋਇਆ ਫਿਰਦਾ ਹੈ, ਉਨ੍ਹਾਂ ਵਲ ਫਰਾਂਸੀਸੀਆਂ ਦਾ ਧਿਆਨ ਹੀ ਨਹੀਂ ਜਾਂਦਾ ।

ਫਰਾਂਸੀਸੀ ਦਾ ਇਕ ਅਖਾਣ ਹੈ ਕਿ ਜਦੋਂ ਪ੍ਰਸਿੱਧੀ ਅਤੇ ਹਉਮੈ ਇਕ ਸੀਮਾ ਤੋਂ ਵੱਧ ਜਾਵੇ ਤਾਂ ਵਿਅਕਤੀ ਬਦਕਾਰ ਹੋ ਜਾਂਦਾ ਹੈ ਅਤੇ ਉਹ ਤਾਨਾਸ਼ਾਹ ਵਾਂਗ ਵਿਚਰਦਾ ਹੈ। ਫਰਾਂਸੀਸੀ ਸਭ ਪ੍ਰਕਾਰ ਦੀ ਤਾਨਾਸ਼ਾਹੀ ਦੇ ਵਿਰੁੱਧ ਹਨ।

ਫਰਾਂਸ ਵਿਚ ਹਰ ਕੋਈ ਪ੍ਰਸਿੱਧ ਹੋਣਾ ਚਾਹੁੰਦਾ ਹੈ ਪਰ ਇਕ ਸੀਮਾ ਤਕ।

ਫਰਾਂਸ ਵਿਚ ਗਿਆਨ ਦਾ ਸੂਰਜ ਕਦੇ ਨਹੀਂ ਛਿਪਦਾ।

ਉਨ੍ਹਾਂ ਵਿਚ ਇੰਗਲੈਂਡ ਵਾਂਗ ਸਭ ਕੁਝ ਜਾਣਨ ਦੀ ਇੱਛਾ ਨਹੀਂ ਪਰ ਉਹ ਜੋ ਕੁਝ ਕਰਦੇ ਜਾਂ ਜਾਣਦੇ ਹਨ, ਉਹ ਪੂਰੀ ਸ਼ਿੱਦਤ ਨਾਲ ਜਾਣਦੇ ਅਤੇ ਕਰਦੇ ਹਨ।

ਸ਼ਿੱਦਤ, ਜੋਸ਼ ਅਤੇ ਤੀਬਰਤਾ ਫਰਾਂਸ ਦੇ ਪਛਾਣ ਚਿੰਨ੍ਹ ਹਨ।

ਇਥੇ ਜ਼ਿੰਦਗੀ ਅੱਡੀ ਮਾਰ ਕੇ ਚਲਦੀ ਹੈ।

ਕਈ ਕੌਮਾਂ ਇਕ ਦਹਾਕੇ ਵਿਚ ਸਦੀਆਂ ਉਲੰਘ ਜਾਂਦੀਆਂ ਹਨ, ਫਰਾਂਸੀਸੀ ਉਹੀ ਕੌਮ ਹੈ। ਸੰਸਾਰ ਦੀਆਂ ਇਤਿਹਾਸਕ ਘਟਨਾਵਾਂ ਦੇ ਸਿਰਲੇਖ ਫਰਾਂਸ ਨੇ ਸਿਰਜੇ ਹਨ।

ਮੈਂ ਆਪ ਹੈਰਾਨ ਹਾਂ ਕਿ ਮੈਂ ਪੈਰਿਸ ਤੋਂ ਮੁੜ ਕੇ ਅਜੇ ਵੀ ਜ਼ਿੰਦਾ ਹਾਂ।

ਇਕ ਇਸਤਰੀ ਸਭ ਤੋਂ ਵੱਧ ਖ਼ੂਬਸੂਰਤ ਉਦੋਂ ਹੁੰਦੀ ਹੈ, ਜਦੋਂ ਉਹ ਪੁਰਸ਼ ਉਤੇ ਝੁਕ ਕੇ ਉਸ ਤੋਂ ਪਿਆਰ ਮੰਗਦੀ ਹੈ, ਪੈਰਿਸ ਇਕ ਅਜਿਹੀ ਇਸਤਰੀ ਵਾਂਗ ਹੈ।

ਪੈਰਿਸ ਵਿਚ ਮੈਂ ਮਲਾਈ ਦੇ ਰੰਗ ਅਤੇ ਤਾਸੀਰ ਵਾਲੀਆਂ ਕੁੜੀਆਂ ਵੇਖੀਆਂ, ਉਥੇ ਮੈਂ ਅੰਗੂਰਾਂ ਦੇ ਗੁੱਛਿਆਂ ਵਾਂਗ ਝੂਮਦੇ ਅਤੇ ਝੁਕੇ ਹੋਏ ਪੁਰਸ਼ ਵੇਖੇ ਹਨ।

ਪੈਰਿਸ ਨੂੰ ਵੇਖ ਕੇ ਮੈਨੂੰ ਬੱਚਪਨ ਦੀ ਇਕ ਘਟਨਾ ਯਾਦ ਆਈ। ਘਰ ਦੇ ਨੇੜਲੇ ਗੁਰਦਵਾਰੇ ਵਿਚ ਭਾਈ ਜੀ ਦੇ ਚਲਾਣੇ ਉਪਰੰਤ, ਸੰਗਤ ਨੇ ਉਨ੍ਹਾਂ ਦੇ ਪੰਦਰ੍ਹਾਂ ਵਰ੍ਹਿਆਂ ਦੇ ਮੁੰਡੇ ਨੂੰ ਭਾਈ ਜੀ ਬਣਾ ਦਿੱਤਾ ਸੀ। ਗੁਰਦਵਾਰੇ ਜਾਣ ਵਾਲੀਆਂ ਮੁਹੱਲੇ ਦੀਆਂ ਜ਼ਨਾਨੀਆਂ ਨਾਲੇ ਉਸ ਨੂੰ ਮੱਥਾ ਟੇਕ ਜਾਂਦੀਆਂ, ਨਾਲੇ ਉਸ ਦੀ ਗਲ੍ਹਾਂ ਪਲੋਸ ਜਾਂਦੀਆਂ।

ਪੈਰਿਸ ਨੂੰ ਮੱਥਾ ਟੇਕਣ ਨੂੰ ਦਿਲ ਕਰਦਾ ਹੈ, ਪੈਰਿਸ ਦੀਆਂ ਗਲ੍ਹਾਂ ਹੀ ਨਹੀਂ, ਸਭ ਕੁਝ ਪਲੋਸਣ ਨੂੰ ਦਿਲ ਤਾਂਘਦਾ ਹੈ।

ਪੈਰਿਸ ਦੀ ਔਰਤ ਇਤਨੀ ਉੱਚੀ ਚੀਜ਼ ਹੈ ਕਿ ਮਰਦ ਨੂੰ ਉਸ ਦੀ ਬਰਾਬਰੀ ਕਰਨ ਲਈ ਉੱਚਿਆਂ ਹੋਣ ਦੀ ਕੋਸ਼ਿਸ਼ ਕਰਨੀ ਪਵੇਗੀ।

ਕਹਿੰਦੇ ਹਨ ਜਿਹੜਾ ਵੀ ਪੈਰਿਸ ਗਿਆ, ਦਿਲ ਉਥੇ ਛੱਡ ਆਇਆ। ਪੈਰਿਸ ਦੁਲਹਨ ਵਾਂਗ ਸੱਜਦਾ ਅਤੇ ਸ਼ਰਮਾਉਂਦਾ ਹੈ। ਪੈਰਿਸ ਦੇ ਇਕ ਹੋਟਲ ਵਿਚ ਖਾਣਾ ਖਾਣ ਗਿਆ ਸਾਂ। ਖਾਣਾ ਪਰੋਸ ਰਹੀ ਕੁੜੀ ਦੀਆਂ ਅੱਖਾਂ ਸ਼ਹਿਦ ਦੇ ਦੋ ਛੋਟੇ ਛੋਟੇ ਚੁਬੱਚੇ ਪ੍ਰਤੀਤ ਹੋਏ, ਜਿਨ੍ਹਾਂ ਵਿਚ ਮੈਂ ਡੁੱਬਦਾ-ਡੁੱਬਦਾ ਬਚਿਆ।

ਫਰਾਂਸੀਸੀ ਸ਼ਹਾਨਾ ਠਾਠ ਅਤੇ ਜ਼ਿੰਦਗੀ ਦੇ ਜਸ਼ਨ ਦੇ ਪ੍ਰਵਾਨੇ ਹਨ।

ਉਨ੍ਹਾਂ ਦੇ ਹੋਟਲ ਸਾਡੇ ਮਹਿਲਾਂ ਨਾਲੋਂ ਵੀ ਸੋਹਣੇ ਹਨ। ਉਨ੍ਹਾਂ ਦੇ ਹਿਸਾਬ ਨਾਲ ਸਾਡੇ ਵਧੀਆਂ ਹੋਟਲ ਵੀ ਅਸਤਬਲ ਹੀ ਪ੍ਰਤੀਤ ਹੋਣਗੇ।

ਹਰ ਪਤਨੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਤੀ ਨੂੰ ਕਹੇ ਕਿ ਉਹ ਉਸਨੂੰ ਪੈਰਿਸ ਲੈ ਕੇ ਜਾਵੇ। ਜੇ ਉਹ ਨਹੀ ਲੈ ਕੇ ਜਾਂਦਾ ਤਾਂ ਇਕੱਲਿਆਂ ਚਲੇ ਜਾਣ ਦੀ ਧਮਕੀ ਦੇਵੇ ਅਤੇ ਅਜਿਹੀ ਧਮਕੀ ਅੱਗੇ ਹਰ ਪਤੀ ਨੂੰ ਗੋਡੇ ਟੇਕ ਦੇਣੇ ਚਾਹੀਦੇ ਹਨ।

ਇਟਲੀ ਦੇ ਸ਼ਾਹੀ ਮਹਿਲ, ਅਮਰੀਕਾ ਦੇ ਸ਼ਾਹਰਾਹ, ਬਰਤਾਨੀਆ ਦੇ ਪਾਰਕ, ਸਵਿਟਜ਼ਰਲੈਂਡ ਦੇ ਪਹਾੜ ਅਤੇ ਪੈਰਿਸ ਦੀਆਂ ਹਰਿਆਲੀਆਂ ਸੜਕਾਂ, ਸਦੀਵੀ ਉਡੀਕ ਵਿਚ ਖੁਲ੍ਹੀਆਂ ਮਹਿਬੂਬ ਦੀਆਂ ਬਾਂਹਵਾਂ ਵਾਂਗ ਹਨ।

ਜੇ ਤੁਸੀਂ ਪੈਰਿਸ ਬਿਨਾਂ ਬੁਲਾਏ ਅਤੇ ਬਿਨਾਂ ਪਤਾ ਦਿੱਤੇ ਵੀ ਚਲੇ ਜਾਵੋ ਤਾਂ ਵੀ ਪੈਰਿਸ ਤੁਹਾਨੂੰ ਆਪਣੀ ਭੂਆ ਵਾਂਗ ਅਪਨਾ ਲਵੇਗਾ।

ਯੋਰਪ ਵਿਚ ਪੜ੍ਹਿਆ ਲਿਖਿਆ ਉਸ ਨੂੰ ਮੰਨਦੇ ਹਨ, ਜਿਸ ਨੂੰ ਫਰਾਂਸੀਸੀ ਆਉਂਦੀ ਹੈ। ਫਰਾਂਸੀਸੀ ਬੋਲੀ ਦੇ ਅਨੇਕਾਂ ਅਖਾਣ ਮੇਰੇ ਚੇਤੇ ਵਿਚ ਉਛਲ ਰਹੇ ਹਨ, ਜਿਵੇਂ ਕੰਮ ਆਉਣ ਵਾਲੀ ਚੀਜ਼ ਕਦੀ ਭਾਰੀ ਨਹੀਂ ਹੁੰਦੀ। ਜੇ ਤੁਹਾਨੂੰ ਕਿਧਰੇ ਜਾਣ ਦੀ ਕਾਹਲੀ ਹੈ ਤਾਂ ਕੱਪੜੇ ਹੌਲੀ ਪਾਉ। ਜਿਹੜਾ ਘੋੜਾ ਸਭ ਤੋਂ ਵੱਧ ਭਾਰ ਢੋਂਦਾ ਹੈ, ਉਸੇ ਨੂੰ ਸਭ ਤੋਂ ਵੱਧ ਚਾਬਕਾਂ ਪੈਂਦੀਆਂ ਹਨ। ਦੋਸਤ ਨੂੰ ਉਧਾਰ ਦੇ ਵੇਖੋ, ਦੋਵੇਂ ਨਹੀਂ ਮੁੜਨਗੇ। ਜਿਸ ਦੀ ਸ਼ਕਲ ਆਪਣੇ ਪਿਓ ਨਾਲ ਨਹੀਂ ਮਿਲਦੀ, ਉਸ ਦੀ ਮਾਂ ਸਦਾ ਫਿਕਰਮੰਦ ਰਹਿੰਦੀ ਹੈ। ਜੋ ਸੰਭਵ ਹੈ, ਉਹ ਹੋ ਚੁਕਿਆ ਹੈ, ਜੋ ਅਸੰਭਵ ਹੈ ਉਹ ਹੋਵੇਗਾ। ਥੱਕੇ ਹੋਏ ਵਿਅਕਤੀ ਨਾਲ ਬਹਿਸ ਨਾ ਕਰੋ। ਭੈੜੀਆਂ ਚੀਜ਼ਾਂ ਕਦੀ ਸੱਸਤੀਆਂ ਨਹੀਂ ਹੁੰਦੀਆਂ। ਜੇ ਤੁਸੀਂ ਨਵਾਂ ਵਿਆਹ ਕਰਵਾਇਆ ਹੈ ਤਾਂ ਜਵਾਨ ਰਸੋਈਆ ਨਾ ਰਖੋ। ਹਰ ਚੰਗੇ ਕੰਮ ਦੀ ਤੁਹਾਨੂੰ ਇਕ ਨਾ ਇਕ ਦਿਨ ਸਜ਼ਾ ਜ਼ਰੂਰ ਮਿਲੇਗੀ। ਬਹੁਤ ਘਟ ਲੋਕਾਂ ਨੂੰ ਬੁੱਢੇ ਹੋਣ ਦਾ ਹੁਨਰ ਆਉਂਦਾ ਹੈ। ਔਰਤ ਕੇਵਲ ਆਪਣੀ ਉਮਰ ਦਾ ਭੇਤ ਰਖ ਸਕਦੀ ਹੈ। ਜਿਹੜਾ ਧਮਕੀ ਦਿੰਦਾ ਹੈ, ਉਹ ਡਰਪੋਕ ਹੈ। ਚੰਗਾ ਵਕੀਲ ਚੰਗਾ ਗਵਾਂਢੀ ਨਹੀਂ ਹੁੰਦਾ। ਘਰ ਉਸਾਰਨ ਸਮੇਂ ਗਰਮੀ ਦੇ ਮੌਸਮ ਨੂੰ ਧਿਆਨ ਵਿਚ ਰਖੋ। ਜਿਹੜੀ ਕਲਾ ਵਿਚ ਤੁਸੀਂ ਪੰਜਾਹ ਵਰ੍ਹੇ ਦੀ ਉਮਰ ਤਕ ਨਿਪੁੰਨ ਨਹੀਂ ਹੋਏ, ਉਹ ਤਿਆਗ ਦਿਓ। ਇਨ੍ਹਾਂ ਅਖਾਣਾਂ ਵਿਚ ਉਮਰਾਂ ਦਾ ਨਿਚੋੜ ਹੈ।

ਯੋਰਪ ਵਿਚ ਜੋ ਕੁਝ ਵਾਪਰਦਾ ਹੈ, ਉਹ ਪਹਿਲਾਂ ਪੈਰਿਸ ਵਿਚ ਵਾਪਰਦਾ ਹੈ।

ਉਥੇ ਪਿਆਰ ਰੀਝ ਵਾਂਗ ਫੈਲਦਾ ਹੈ, ਮਜਬੂਰੀ ਵਾਂਗ ਸਿਮਟਦਾ ਨਹੀਂ।

ਲੰਦਨ ਵਿਚ ਸ਼ਕਤੀਸ਼ਾਲੀ ਹੋਣ ਦੀ ਲਾਲਸਾ ਹੈ, ਮਾਸਕੋ ਵਿਚ ਅੱਗੇ ਲੰਘ ਜਾਣ ਦੀ ਇੱਛਾ ਹੈ, ਨਿਊਯਾਰਕ ਵਿਚ ਧਨਵਾਨ ਹੋਣ ਦਾ ਲੋਭ ਹੈ, ਪੈਰਿਸ ਵਿਚ ਸੋਹਣੇ ਬਣਨ ਅਤੇ ਮਟਕ ਨਾਲ ਜਿਉਣ ਦੀ ਸੱਧਰ ਹੈ।

ਫਰਾਂਸ ਸੋਹਣਾ ਹੈ, ਅਮੀਰ ਨਹੀਂ ਪਰ ਦੁਨੀਆਂ ਭਰ ਦੇ ਅਮੀਰਾਂ ਨੂੰ ਇਥੇ ਮਾਂ ਦੀ ਬੁੱਕਲ ਵਾਲਾ ਨਿੱਘ ਮਿਲਦਾ ਹੈ।

ਪੈਰਿਸ ਫ਼ੱਕਰਾਂ ਦਾ ਤਕੀਆ ਹੈ। ਇਹ ਜੋਗੀਆਂ ਦਾ ਟਿੱਲਾ ਹੈ। ਇਹ ਮੋਮਬਤੀਆਂ ਦਾ ਮੇਲਾ ਹੈ। ਇਹ ਕਲਾਕਾਰਾਂ ਦੀ ਮਹਿਫ਼ਲ ਹੈ। ਇਹ ਬਾਗੀਆਂ ਦਾ ਵਤਨ ਹੈ। ਇਹ ਇਨਕਲਾਬ ਦੀ ਕੁੱਖ ਅਤੇ ਬਗਾਵਤ ਦੀ ਗੋਦ ਹੈ।

ਪੈਰਿਸ ਵਿਚ ਲੋਕ ਰੋਂਦੇ ਵੀ ਤਾਲ ਵਿਚ ਹਨ, ਉਹ ਤਿਲ੍ਹਕਦੇ ਵੀ ਸਲੀਕੇ ਨਾਲ ਹਨ, ਉਨ੍ਹਾਂ ਦੀ ਦੁਸ਼ਮਣੀ ਵੀ ਨਸੀਬਾਂ ਵਾਲਿਆਂ ਨੂੰ ਨਸੀਬ ਹੁੰਦੀ ਹੈ।

ਪੈਰਿਸ ਵਿਚ ਭਟਕ ਜਾਣਾ, ਗੁਆਚ ਜਾਣਾ ਅਤੇ ਰਸਤਾ ਭੁੱਲ ਜਾਣਾ, ਆਮ ਜਿਹੀ ਗੱਲ ਹੈ ਪਰ ਪੈਰਿਸ ਤੁਹਾਨੂੰ ਗੁਆਚਣ ਨਹੀਂ ਦਿੰਦਾ।

ਪੈਰਿਸ ਵਿਚ ਰਹਿਣਾ ਅਤੇ ਕਲਾਕਾਰ ਨਾ ਹੋਣਾ, ਅਸੰਭਵ ਜਿਹੀਆਂ ਗੱਲਾਂ ਹਨ।

ਪੈਰਿਸ ਦੀਆਂ ਸੜਕਾਂ, ਪੁਲ, ਇਮਾਰਤਾਂ ਆਦਿ ਬਾਕੀ ਦੀ ਦੁਨੀਆਂ ਵਾਂਗ ਹੀ ਹਨ ਪਰ ਅੰਤਰ ਤਾਂ ਪੈਰਿਸ ਦੀ ਰੂਹ ਵਿਚ ਹੈ।

ਇਨਕਲਾਬ ਦਾ ਮੋਢੀ ਰੂਸ ਨਹੀਂ, ਫਰਾਂਸ ਹੈ।

ਦੁਨੀਆਂ ਨੂੰ ਇਨਕਲਾਬ ਦਾ ਸੰਕਲਪ ਪੈਰਿਸ ਨੇ ਦਿੱਤਾ ਹੈ, ਜਿਸ ਨੇ ਅਠਾਰਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਸੰਸਾਰ ਦੇ ਪਹਿਲੇ ਇਨਕਲਾਬ ਨੂੰ ਜਨਮ ਦਿੱਤਾ ਸੀ

ਚੰਗੇ ਭਾਗਾਂ ਨੂੰ ਮੈਂ ਜਦੋਂ ਪੈਰਿਸ ਵਿਚ ਸਾਂ ਤਾਂ ਇਨਕਲਾਬ ਦੀ ਦੂਜੀ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ, ਵਿਆਹ ਦੀਆਂ ਤਿਆਰੀਆਂ ਵਾਂਗ ਹੋ ਰਹੀਆਂ ਸਨ। ਮੈਂ ਆਪਣੇ ਆਪ ਨੂੰ ਫਰਾਂਸ ਦਾ ਨਾਨਕਾ-ਮੇਲ ਸਮਝ ਰਿਹਾ ਸਾਂ।

ਫਰਾਂਸ ਦੇ ਲੋਕ ਆਜ਼ਾਦੀ ਦੇ ਇਸ ਹੱਦ ਤਕ ਮਤਵਾਲੇ ਹਨ ਕਿ ਉਨ੍ਹਾਂ ਨੂੰ ਆਜ਼ਾਦੀ ਤੋਂ ਸਿਵਾਏ ਕਿਸੇ ਹੋਰ ਜੀਵਨ ਦਾ ਅਨੁਭਵ ਹੀ ਨਹੀਂ। ਜੇ ਦੁਨੀਆਂ ਭਰ ਨੂੰ ਗੁਲਾਮ ਬਣਾਇਆ ਜਾਵੇ ਤਾਂ ਗੁਲਾਮੀ ਦਾ ਵਿਰੋਧ ਸਭ ਤੋਂ ਪਹਿਲਾਂ ਪੈਰਿਸ ਕਰੇਗਾ।

ਪੈਰਿਸ ਆਜ਼ਾਦ ਸੀ, ਆਜ਼ਾਦ ਹੈ, ਆਜ਼ਾਦ ਰਹੇਗਾ।

ਪੈਰਿਸ ਵਿਚ ਸਾਰਾ ਵਰ੍ਹਾ ਦੀਵਾਲੀ ਵਾਲੀ ਰੌਣਕ ਹੁੰਦੀ ਹੈ। ਜਵਾਨੀ ਦੀਆਂ ਦਹਿਲੀਜ਼ਾਂ ਉਤੇ ਹੁਸਨ ਦਾ ਟੂਣਾ ਵੇਖਣਾ ਹੋਵੇ ਤਾਂ ਪੈਰਿਸ ਦੀਆਂ ਗਲੀਆਂ ਵਿਚ ਇਕੱਲੇ ਘੁੰਮੋ। ਇਥੇ ਕਲਾ ਦੀ ਮਹਿਫ਼ਲ ਬਾਰ੍ਹਾਂ ਮਹੀਨੇ ਚਲਦੀ ਹੈ। ਪੈਰਿਸ ਵਿਚ ਜੇਬਾਂ ਨਹੀਂ, ਮਨ

ਮਾਪੇ ਜਾਂਦੇ ਹਨ। ਤੁਹਾਨੂੰ ਉਥੇ ਕਈ ਸਾਹਿਤਕ ਟੈਗੋਰ ਮਿਲ ਜਾਣਗੇ। ਉਥੇ ਹੀ ਤੁਹਾਨੂੰ ਮਿਲੇਗੀ ਮੁਸਕਰਾਂਦੀ ਚੇਤਨਾ ਦੀ ਮਹਿਕ, ਰੰਗੀਨੀ ਦਾ ਸੁਨੇਹਾ, ਕਰਾਰੇ ਸ਼ਬਦਾਂ ਦਾ ਰੰਗੀਨ ਭਾਂਬੜ, ਅੜੀਅਲ ਮੁਰਸ਼ਦ, ਮਿਰਜ਼ਾ, ਰਾਂਝਾ ਅਤੇ ਪੁਨੂੰ, ਯੁਗਾਂ ਦਾ ਸੰਗਮ, ਫੁਰਨਿਆਂ ਦੀ ਆਤਸ਼ਬਾਜ਼ੀ, ਤੀਆਂ ਦੀਆਂ ਮਛਰੀਆਂ ਕੁੜੀਆਂ ਵਾਲਾ ਗਿੱਧਾ। ਸੰਤਾਪ ਅਤੇ ਸਿਰਜਣਾ ਦਾ ਸੁਮੇਲ ਹੋਰ ਕਿਧਰੇ ਨਹੀਂ, ਕੇਵਲ ਪੈਰਿਸ ਵਿਚ ਮਿਲੇਗਾ।

ਮੈਨੂੰ ਪੈਰਿਸ ਦੀਆਂ ਦਾਤਾਂ ਸਾਹਮਣੇ ਆਪਣੀ ਝੋਲੀ ਬਹੁਤ ਛੋਟੀ ਲਗੀ।

ਪੈਰਿਸ ਨੇ ਦੁਨੀਆਂ ਨੂੰ ਆਧੁਨਿਕ ਨਾਹਰੇ ਦਿੱਤੇ ਹਨ। 'ਇਨਕਲਾਬ ਜ਼ਿੰਦਾਬਾਦ' ਸਭ ਤੋਂ ਪਹਿਲੇ ਪੈਰਿਸ ਵਿਚ ਉਚਾਰਿਆ ਗਿਆ ਸੀ।

ਪੈਰਿਸ ਨੇ ਸੰਸਾਰ ਨੂੰ ਝੰਡੇ ਦਿੱਤੇ ਹਨ।

ਪੈਰਿਸ ਨੇ ਜਲੂਸ ਕੱਢਣ ਅਤੇ ਜਲਸੇ ਕਰਨ ਦੀ ਕਲਾ ਦਿੱਤੀ ਹੈ।

ਪੈਰਿਸ ਨੇ ਧਾਰਮਿਕ ਤਿਉਹਾਰਾਂ ਵਾਂਗ ਰਾਜਨੀਤਕ ਅਤੇ ਕੌਮੀ ਦਿਹਾੜੇ ਮਨਾਉਣ ਦਾ ਰਿਵਾਜ ਪਾਇਆ ਹੈ।

ਅਮਰੀਕਾ ਦੇ ਤੱਟ ਉੱਤੇ ਲਗੀ ਹੋਈ ਮਿਸ਼ਾਲ ਵਾਲੀ ਆਜ਼ਾਦੀ ਦੀ ਦੇਵੀ, ਪੈਰਿਸ ਵਲੋਂ ਅਮਰੀਕਾ ਨੂੰ ਤੋਹਫ਼ਾ ਸੀ।

ਅਮਰੀਕਾ ਅਤੇ ਰੂਸ ਸਾਹਮਣੇ ਨਾਂਹ ਕਹਿਣ ਦਾ ਜਿਗਰਾ ਫਰਾਂਸ ਤੋਂ ਸਿਵਾਏ ਕਿਸੇ ਕੋਲ ਨਹੀਂ। ਅਜੋਕੀ ਦੁਨੀਆਂ ਦੇ ਸਾਰੇ ਨਵੇਂ ਫ਼ਲਸਫੇ, ਵਿਚਾਰ-ਪ੍ਰਣਾਲੀਆਂ, ਕਾਰਜ-ਵਿਧੀਆਂ, ਸਾਹਿਤਕ-ਪਰੰਪਰਾਵਾਂ ਪੈਰਿਸ ਦੀ ਕੁੱਖ ਵਿਚ ਪਲੀਆਂ ਹਨ। ਆਧੁਨਿਕ ਸੰਸਾਰ ਦਾ ਇਤਿਹਾਸ ਫਰਾਂਸ ਵਿਚ ਦੋ ਸਦੀਆਂ ਪਹਿਲਾ ਵਾਪਰੀ ਕ੍ਰਾਂਤੀ ਤੋਂ ਅਰੰਭ ਹੋਇਆ ਮੰਨਿਆ ਜਾਂਦਾ ਹੈ।

ਅਜੋਕੀ ਦੁਨੀਆਂ ਵਿਚ ਜੋ ਕੁਝ ਵੀ ਨਵਾਂ ਵਾਪਰਦਾ ਹੈ, ਉਸ ਵਿਚ ਪੈਰਿਸ ਦਾ ਯੋਗਦਾਨ ਹੁੰਦਾ ਹੈ।

ਦੁਨੀਆਂ ਦੇ ਕਲਾਕਾਰ ਮਰ ਕੇ ਸਵਰਗ ਨਹੀਂ, ਪੈਰਿਸ ਜਾਣਾ ਚਾਹੁੰਦੇ ਹਨ। ਪੈਰਿਸ ਵਿਚ ਸੋਹਣੇ ਬੁੱਤਾਂ ਦਾ ਇਤਨਾ ਪ੍ਰਭਾਵ ਹੈ ਕਿ ਹਰ ਕੋਈ ਉਨ੍ਹਾਂ ਵਾਂਗ ਬੈਠਣਾ, ਖਲੋਣਾ ਅਤੇ ਪ੍ਰਤੀਤ ਹੋਣਾ ਚਾਹੁੰਦਾ ਹੈ।

ਇਹ ਬੁੱਤ ਇਤਨੇ ਸਜੀਵ ਹਨ, ਜਿਵੇਂ ਤੁਹਾਡੇ ਨਾਲ ਉੱਠ ਕੇ ਟੁਰ ਪੈਣਗੇ।

ਇਨ੍ਹਾਂ ਬੁੱਤਾਂ ਦੀ ਨਗਨਤਾ ਪਵਿੱਤਰ ਹੈ।

ਪੈਰਿਸ ਵਿਚ ਘੁੰਮਣਾ ਇਕ ਹੋਰ ਜਿਹੀ ਗੱਲ ਹੈ, ਉਹੋ ਜਿਹੀ ਗੱਲ ਜਿਹੜੀ ਹੌਲੀ ਜਿਹੇ ਦੱਸਣ ਵਾਲੀ ਹੁੰਦੀ ਹੈ, ਪਹਿਲਾ ਗਰਭ ਠਹਿਰਣ ਵਰਗੀ ਗੱਲ, ਮਹਿਬੂਬ ਦੀ ਪਹਿਲੀ ਚੁੰਮੀ ਵਾਲੀ ਗੱਲ, ਕਿਸੇ ਸੋਹਣੀ ਵਲੋਂ ਇਸ਼ਾਰਾ ਕਰਕੇ ਬੁਲਾਏ ਜਾਣ ਵਾਲੀ ਗੱਲ, ਆਪਣੇ ਪਿਆਰੇ ਵਲੋਂ ਗਲੇ ਲਾਏ ਜਾਣ ਵਾਲੀ ਗੱਲ।

ਰਾਜਨੀਤੀ ਦੀਆਂ ਖੜਾਵਾਂ ਪਾ ਕੇ ਪੈਰਿਸ ਦੀ ਦਹਿਲੀਜ਼ ਨਹੀਂ ਟੱਪੀ ਜਾ ਸਕਦੀ। ਜਿਵੇਂ ਸੁਹਾਗਰਾਤ ਵਿਚ ਬਹਿਸ ਲਈ ਕੋਈ ਥਾਂ ਨਹੀਂ ਹੁੰਦੀ, ਇਵੇਂ ਹੀ ਪੈਰਿਸ ਨਾਲ ਅਸਹਿਮਤ ਨਹੀਂ ਹੋਇਆ ਜਾ ਸਕਦਾ।

ਪੈਰਿਸ ਵਿਚ ਬੰਦੇ ਨੂੰ ਮਨਾਉਣ ਅਤੇ ਰੀਝਾਉਣ ਦੇ ਇਤਨੇ ਢੰਗ-ਤਰੀਕੇ ਹਨ ਕਿ ਇੱਥੇ ਰੁੱਸਣਾ ਸੰਭਵ ਹੀ ਨਹੀਂ। ਜਿਵੇਂ ਹਨੀਮੂਨ ਵਿਚ ਕੋਈ ਇਕੱਲਿਆਂ ਨਹੀਂ ਸੌਂਦਾ, ਇਵੇਂ ਹੀ ਪੈਰਿਸ ਵਿਚ ਇਕੱਲਿਆਂ ਸੌਣਾ, ਸਮੇਂ ਨੂੰ ਵਿਅਰਥ ਗੁਆਉਣ ਵਾਂਗ ਹੈ।

ਪੈਰਿਸ ਵਿਚ ਇਤਨਾ ਸਲੀਕਾ ਹੈ ਕਿ ਇਹ ਜੰਗ ਦੇ ਮੈਦਾਨ ਵਿਚ ਵੀ ਦੁਸ਼ਮਣ ਨੂੰ ਆਪਣੀ ਤਲਵਾਰ ਉਧਾਰੀ ਦੇ ਦੇਵੇ।

ਲੰਦਨ ਮਰਦਾਨਾ ਸ਼ਹਿਰ ਹੈ ਪਰ ਪੈਰਿਸ ਜ਼ਨਾਨਾ।

ਦੁਨੀਆਂ ਭਰ ਵਿਚ ਵਰਤੇ ਜਾਂਦੇ ਇੱਤਰ-ਫੁਲੇਲ ਪੈਰਿਸ ਵਿਚ ਹੀ ਬਣਦੇ ਹਨ। ਸੰਸਾਰ ਦੀਆਂ ਵਧੀਆ ਸ਼ਰਾਬਾਂ ਇਥੇ ਹੀ ਮਿਲਦੀਆਂ ਹਨ। ਫਰਾਂਸ ਵਿਚ ਤਿੰਨ ਸੌ ਪ੍ਰਕਾਰ ਦਾ ਪਨੀਰ ਬਣਦਾ ਹੈ। ਕਿਹਾ ਜਾਂਦਾ ਹੈ ਕਿ ਜਿਸ ਨੇ ਪੈਰਿਸ ਦਾ ਪਨੀਰ ਨਹੀਂ ਖਾਧਾ, ਉਹ ਸਵਾਦ ਨਹੀਂ ਜਾਣਦਾ। ਇਸਤਰੀ ਨਾਲ ਸੰਬੰਧਤ ਹਰ ਚੀਜ਼ ਦੀ ਅਸਲੀਅਤ ਇਥੇ ਹੀ ਹੈ, ਬਾਕੀ ਤਾਂ ਸਭ ਥਾਂਵਾਂ 'ਤੇ ਨਕਲ ਹੀ ਨਕਲ ਹੈ।

ਇਸਤਰੀ ਦੀ ਅੰਗੀ, ਪੈਰਿਸ ਦਾ ਇਸਤਰੀ ਜਾਤੀ ਨੂੰ ਇਕ ਤੋਹਫ਼ਾ ਹੈ। ਡਬਲ-ਬੈੱਡ ਪੈਰਿਸ ਦੀ ਦੇਣ ਹੈ। ਸ਼ਨੀਲ ਦੀ ਰਜ਼ਾਈ ਦੁਨੀਆਂ ਨੂੰ ਪੈਰਿਸ ਨੇ ਦਿੱਤੀ ਹੈ। ਝਾੜ-ਫਨੂਸ ਪੈਰਿਸ ਦੀ ਵਿਸ਼ੇਸ਼ ਕਾਢ ਹਨ। ਸ਼ਹਿਰ ਦਾ ਸੰਕਲਪ ਪੈਰਿਸ ਨੇ ਉਸਾਰਿਆ ਹੈ। ਉੱਚੀ ਅੱਡੀ ਵਾਲੇ ਸੈਂਡਲਾਂ ਦਾ ਰਿਵਾਜ ਪੈਰਿਸ ਤੋਂ ਆਰੰਭ ਹੋਇਆ। ਬੁਲ੍ਹਾਂ ਉਤੇ ਚੁੰਮਣਾ ਦੁਨੀਆਂ ਨੂੰ ਪੈਰਿਸ ਨੇ ਸਿਖਾਇਆਂ ਹੈ। ਪ੍ਰੇਮ-ਪੱਤਰ ਸਭ ਤੋਂ ਪਹਿਲਾਂ ਪੈਰਿਸ ਵਿਚ ਹੀ ਲਿਖੇ ਗਏ। ਭਵਨ-ਉਸਾਰੀ, ਮੂਰਤੀ-ਕਲਾ, ਕਵਿਤਾ, ਸੰਗੀਤ, ਚਿੱਤਰਕਾਰੀ ਅਤੇ ਸੱਜ-ਸਜਾਵਟ ਦੇ ਨਵੇਂ ਮਿਆਰ ਪੈਰਿਸ ਵਿਚੋਂ ਹੀ ਆਰੰਭ ਹੁੰਦੇ ਹਨ। ਚਮਚਾ ਪੈਰਿਸ ਨੇ ਦਿੱਤਾ ਹੈ। ਬਕਸੂਆ ਪੈਰਿਸ ਦੀ ਛੋਟੀ ਜਿਹੀ ਪਰ ਮੁਲਵਾਨ ਦੇਣ ਹੈ। ਲਾਲਟੈਣ ਫਰਾਂਸ ਦੀ ਕਾਢ ਹੈ। ਪੈਰਿਸ, ਫਰਾਂਸ ਦਾ ਦਾਜ ਹੈ।

ਪੈਰਿਸ ਕੋਈ ਦੇਵਤਿਆਂ ਦਾ ਸ਼ਹਿਰ ਨਹੀਂ। ਇਥੇ ਬੰਦੇ ਵਸਦੇ ਹਨ, ਜੋਗੀ ਅਤੇ ਭੋਗੀ ਦੋਵੇਂ। ਇਥੇ ਕਲਾਕਾਰ ਵਿਚ ਕੌਸ਼ਲਤਾ ਹੋਵੇ ਸਹੀ, ਉਸ ਨੂੰ ਸਾਰਾ ਪੈਰਿਸ ਨਿਵਾਜੇਗਾ। ਜਿਨ੍ਹਾਂ ਨੂੰ ਕਲਾ ਦਾ ਸ਼ੌਕ ਨਹੀਂ, ਰੱਬ ਦੇ ਵਾਸਤੇ ਉਹ ਪੈਰਿਸ ਨਾ ਜਾਣ, ਉਨ੍ਹਾਂ ਲਈ ਆਪਣੇ ਸ਼ਹਿਰ ਦੀ ਦਾਣਾ-ਮੰਡੀ ਜਾਂ ਸਬਜ਼ੀ-ਮੰਡੀ ਹੀ ਠੀਕ ਰਹੇਗੀ।

ਆਪਣੇ ਪੱਕ ਚੁੱਕੇ ਸੰਕਲਪਾਂ ਅਤੇ ਪੱਖਪਾਤਾਂ ਨਾਲ ਪੈਰਿਸ ਨੂੰ ਸਮਝਿਆ ਨਹੀਂ ਜਾ ਸਕਦਾ। ਇਸ ਨੂੰ ਸਮਝਣ ਲਈ ਹਰ ਪ੍ਰਕਾਰ ਦੇ ਪਾਪ-ਪੁੰਨ ਤੋਂ ਮੁਕਤ, ਵਿਸ਼ਾਲ, ਵਿਆਪਕ ਅਤੇ ਉਦਾਰ ਦ੍ਰਿਸ਼ਟੀ ਦੀ ਲੋੜ ਹੈ।

ਜਿਸ ਨੇ ਕਦੀ ਪਿਆਰ ਨਹੀਂ ਕੀਤਾ, ਉਹ ਪੈਰਿਸ ਦਾ ਰਾਹ ਨਾ ਪੁੱਛੇ।

ਪੈਰਿਸ ਵਿਚ ਦੁਨੀਆਂ ਦੇ ਕਿਸੇ ਵੀ ਹੋਰ ਸ਼ਹਿਰ ਦੇ ਮੁਕਾਬਲੇ ਵਧੇਰੇ ਵੇਸਵਾਵਾਂ ਹਨ ਪਰ ਪੈਰਿਸ ਉਤੇ ਵਿਭਚਾਰ ਦਾ ਦੋਸ਼ ਕਦੇ ਨਹੀਂ ਲੱਗਾ। ਪੈਰਿਸ ਵਿਚ ਨੰਗੇ ਨਾਚ ਹੁੰਦੇ ਹਨ ਪਰ ਉਨ੍ਹਾਂ ਨੂੰ ਵੇਖ ਕੇ ਤਨ-ਮਨ ਰੱਜ ਜਾਂਦੇ ਹਨ। ਉਥੇ ਸਭ ਕੁਝ ਪਵਿੱਤਰ ਹੈ।

ਅੱਜ ਤੋਂ ਦੋ ਸਦੀਆਂ ਪਹਿਲਾਂ ਇਨਕਲਾਬ ਦੀ ਸਫਲਤਾ ਉਪਰੰਤ ਪੈਰਿਸ ਨੇ ਕਈ ਨਵੇਂ ਸੰਕਲਪ ਦਿੱਤੇ ਸਨ। ਕੁਝ ਅਪਣਾਏ ਜਾ ਚੁੱਕੇ ਹਨ, ਬਾਕੀ ਅਪਣਾਏ ਜਾਣਗੇ। ਅਜੋਕਾ ਮੀਟਰਿਕ ਸਿਸਟਮ ਫਰਾਂਸ ਨੇ ਦਿੱਤਾ ਹੈ, ਜਿਸ ਨੂੰ ਅਪਨਾਉਣ ਲਈ ਸੰਸਾਰ ਨੂੰ ਦੋ ਸਦੀਆਂ ਲੱਗੀਆਂ ਹਨ। ਉੱਥੇ ਹਰ ਮਹੀਨੇ ਦੇ ਤੀਹ ਦਿਹਾੜੇ ਮਿਥ ਕੇ ਵਾਧੂ ਪੰਜ-ਛੇ ਦਿਹਾੜਿਆਂ ਨੂੰ ਛੁੱਟੀਆਂ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਨੇ ਦਸਾਂ ਦਿਨਾਂ ਦਾ ਹਫਤਾ ਸੁਝਾਇਆ ਸੀ ਅਤੇ ਸੌ ਮਿੰਟਾਂ ਦਾ ਘੰਟਾ।

ਫਰਾਂਸ ਵਿਚ ਵੀ ਈਸਾਈ ਧਰਮ, ਤਬਦੀਲੀ ਅਤੇ ਵਿਕਾਸ ਅਤੇ ਵਿਗਿਆਨ ਦਾ ਵਿਰੋਧੀ ਸੀ ਪਰ ਜਿਸ ਸਿਦਕ ਅਤੇ ਸਿਰੜ ਨਾਲ ਵਿਗਿਆਨ ਨੂੰ ਫਰਾਂਸ ਨੇ ਅਪਨਾਇਆ, ਉਸ ਨਾਲ ਸੰਸਾਰ ਵਿਚ ਆਧੁਨਿਕ ਯੁੱਗ ਦਾ ਆਰੰਭ ਹੋਇਆ ਸੀ।

ਮੈਂ ਤਾਂ ਪੈਰਿਸ ਬਿਨਾਂ ਅਜੋਕੀ, ਸਮਕਾਲੀ, ਆਧੁਨਿਕ, ਨਵੀਂ ਅਤੇ ਕਲਾਮਈ ਦੁਨੀਆਂ ਦੀ ਕਲਪਨਾ ਵੀ ਨਹੀਂ ਕਰ ਸਕਦਾ।

ਸਮੁੱਚਾ ਸੰਸਾਰ ਪੈਰਿਸ ਦਾ ਇਸ ਪੱਖ ਤੋਂ ਰਿਣੀ ਰਹੇਗਾ ਕਿ ਉਸ ਨੇ ਸੰਸਾਰ ਨੂੰ ਜਿਉਣ ਦਾ ਸਲੀਕਾ ਅਤੇ ਪਿਆਰ ਕਰਨ ਦਾ ਹੁਨਰ ਸਿਖਾਇਆ ਹੈ।

ਪੈਰਿਸ ਅਤੇ ਲੰਦਨ ਵਿਚ ਫਾਸਲਾ ਲਗਭਗ ਪੰਜ ਸੌ ਮੀਲ ਦਾ ਹੈ ਪਰ ਦੋਹਾਂ ਸ਼ਹਿਰਾਂ ਦੇ ਢੰਗਾਂ-ਤਰੀਕਿਆਂ ਵਿਚ ਅੰਤਰ ਇਸਤਰੀ, ਪੁਰਸ਼ ਵਾਲਾ ਹੈ।

ਪੈਰਿਸ ਵਿਚ ਉਤਨੇ ਕਾਰਖਾਨੇ ਨਹੀਂ ਹਨ, ਜਿੰਨੇ ਅਜਾਇਬ ਘਰ, ਲਾਇਬਰੇਰੀਆਂ, ਫੈਸ਼ਨ-ਗੈਲਰੀਆਂ ਅਤੇ ਕਲਾ-ਕੇਂਦਰ ਹਨ।

ਲੰਦਨ ਵਿਚ ਘੁੰਮਦਿਆਂ ਆਪਣੇ ਬਿਗਾਨੇ ਹੋਣ ਦਾ ਅਹਿਸਾਸ ਹੁੰਦਾ ਹੈ ਪਰ ਪੈਰਿਸ ਦੀਆਂ ਗਲੀਆਂ ਆਪਣੇ ਪਿੰਡ ਦੀਆਂ ਜੂਹਾਂ ਲਗਦੀਆਂ ਹਨ।

ਮੇਰਾ ਵਿਚਾਰ ਹੈ ਕਿ ਸਾਡੇ ਦੇਸ਼ ਵਿਚ ਜੇ ਅੰਗਰੇਜ਼ਾਂ ਦੀ ਥਾਂ ਫਰਾਂਸੀਸੀ ਟਿੱਕ ਜਾਂਦੇ ਤਾਂ ਸਾਡੇ ਜੀਵਨ ਦੀ ਨੁਹਾਰ ਹੋਰ ਹੋਣੀ ਸੀ।

ਜਿਸ ਕਿਸੇ ਨੂੰ ਵੀ ਇਸ ਗੱਲ ਦਾ ਮਾਣ ਹੈ ਕਿ ਉਸ ਕੋਲ ਦਿਲ ਹੈ, ਉਹ ਪੈਰਿਸ ਜ਼ਰੂਰ ਜਾਵੇ, ਪੈਰਿਸ ਜਿਊਣ ਦੀ ਹਰ ਸੱਧਰ ਪੂਰੀ ਕਰੇਗਾ।

ਸੰਸਾਰ ਵਿਚ ਫਰਾਂਸ ਹੀ ਇਕ ਅਜਿਹਾ ਦੇਸ਼ ਹੈ, ਜਿਥੇ ਹਰ ਸਾਲ ਸੈਲਾਨੀਆਂ ਦੀ ਗਿਣਤੀ, ਸਮੁੱਚੇ ਦੇਸ਼ ਦੀ ਆਬਾਦੀ ਨਾਲੋਂ ਵੱਧ ਹੁੰਦੀ ਹੈ।

ਜਿਹੜਾ ਫਰਾਂਸ ਜਾਂਦਾ ਹੈ, ਉਸ ਦਾ ਪੈਰਿਸ ਜਾਣਾ ਲਾਜ਼ਮੀ ਹੁੰਦਾ ਹੈ।

ਵਿਛੋੜੇ ਤਾਂ ਸਾਰੇ ਹੀ ਦੁੱਖਦਾਈ ਹੁੰਦੇ ਹਨ ਪਰ ਪੈਰਿਸ ਤੋਂ ਵਿਛੜਨਾ ਆਤਮਾ ਦੇ ਸਰੀਰ ਨਾਲੋਂ ਵਿਛੜਨ ਵਾਂਗ ਸੀ।

ਨਾਨਕੇ ਵਤਨ ਵੱਲ ਵਾਪਸੀ

ਸੰਸਾਰ ਦਾ ਵਿਹੜਾ ਭਾਵੇਂ ਕਿਤਨਾ ਵੀ ਮੋਕਲਾ ਹੋਵੇ, ਦੁਨੀਆਂ ਦਾ ਮੇਲਾ ਭਾਵੇਂ ਕਿਤਨਾ ਵੀ ਦਿਲਚਸਪ ਅਤੇ ਰੀਝਾਉਣ ਵਾਲਾ ਹੋਵੇ, ਮਨੁੱਖ ਆਪਣੇ ਘਰ ਦੀ ਬੁੱਕਲ ਵਿਚਲੇ ਨਿੱਘ ਲਈ ਤਰਸ ਜਾਂਦਾ ਹੈ ਅਤੇ ਉਸ ਦੀ ਹਾਲਤ ਮੇਲੇ ਵਿਚ ਗੁਆਚੇ ਬੱਚੇ ਵਾਲੀ ਹੋ ਜਾਂਦੀ ਹੈ, ਜਿਸ ਨੂੰ ਸਾਰੇ ਚਿਹਰੇ ਓਪਰੇ-ਓਪਰੇ ਅਤੇ ਸਾਰੇ ਨਜ਼ਾਰੇ ਉਦਾਸ-ਉਦਾਸ ਲਗਦੇ ਹਨ।

ਸਫਰ ਉਤੇ ਨਿਕਲਿਆ ਹਰ ਵਿਅਕਤੀ ਘਰ ਦੀ ਯਾਦ ਆਉਣ ਕਾਰਨ, ਉਦਾਸ ਹੋ ਜਾਂਦਾ ਹੈ, ਕੋਈ ਪਹਿਲਾਂ, ਕੋਈ ਕੁਝ ਚਿਰ ਮਗਰੋਂ।

ਘਰ ਦਾ ਮਹੱਤਵ, ਘਰ ਤੋਂ ਦੂਰ ਜਾ ਕੇ ਹੀ ਪਤਾ ਲਗਦਾ ਹੈ।

ਆਪਣੇ ਘਰ ਦਾ ਰਾਹ ਅਜੇ ਤਕ ਕਿਸੇ ਨੂੰ ਨਹੀਂ ਭੁਲਿਆ।

ਜਿਉਂ-ਜਿਉਂ ਸਫਰ ਉਤੇ ਨਿਕਲਿਆ ਮਨੁੱਖ ਆਪਣੇ ਘਰ ਤੋਂ ਦੂਰ ਜਾਂਦਾ ਹੈ, ਉਸ ਵਿਚ ਮੁੱਢ ਵਿਚ ਉਧਲੀ ਹੋਈ ਮੁਟਿਆਰ ਵਾਲਾ ਜੋਸ਼ ਹੁੰਦਾ ਹੈ ਪਰ ਇਕ ਪੜਾਅ ਅਜਿਹਾ ਆਉਂਦਾ ਹੈ, ਜਦੋਂ ਅਗਲੇਰਾ ਰਸਤਾ ਚੰਗਾ ਨਹੀਂ ਲੱਗਦਾ ਅਤੇ ਨਜ਼ਰ ਪਰਤ-ਪਰਤ ਕੇ ਪਿੱਛੇ ਵੇਖਦੀ ਹੈ ਅਤੇ ਰਸਤਾ ਭੁੱਲ ਜਾਣ ਦਾ ਅਹਿਸਾਸ ਹੁੰਦਾ ਹੈ।

ਆਰੰਭ ਵਿਚ ਹਰ ਯਾਤਰੀ ਦੀਆਂ ਅੱਖਾਂ ਵਿਚ ਜੋਸ਼ ਦਾ ਉਮਾਹ ਅਤੇ ਜਗਿਆਸਾ ਦੇ ਸੁਰਮੇ ਦੀ ਚਮਕ ਹੁੰਦੀ ਹੈ ਪਰ ਧੁਰ ਮੰਜ਼ਲ 'ਤੇ ਅਪੜ ਕੇ ਕੁਝ ਚਿਰ ਦੀ ਖੁਸ਼ੀ ਉਪਰੰਤ ਉਦਾਸੀ ਦੀ ਕਰਕ ਸਤਾਉਣ ਲੱਗਦੀ ਹੈ ਅਤੇ ਘਰ ਦੇ ਜੀਆਂ ਦੀ ਯਾਦ ਨਿੱਤ ਨਵੇਂ ਅਤੇ ਗੂੜ੍ਹੇ ਰੰਗਾਂ ਵਿਚ ਉਘੜਦੀ ਹੈ।

ਜਿਸ ਹਸਦੇ-ਵਸਦੇ ਵਿਹੜੇ ਵਿਚੋਂ ਕੋਈ ਲੰਮੀ ਯਾਤਰਾ ਉਤੇ ਨਿਕਲਦਾ ਹੈ, ਉਸ ਦੇ ਸਾਰੇ ਜੀਆਂ ਦੀ ਯਾਦ ਆਉਂਦੀ ਹੈ ਪਰ ਮਾਂ ਅਤੇ ਪਤਨੀ ਦੀ ਯਾਦ ਕੁਝ ਵਧੇਰੇ ਹੀ ਆਉਂਦੀ ਹੈ, ਕਿਉਂਕਿ ਮਾਂ ਨੇ ਆਪਣੇ ਪਿਆਰ ਦੇ ਸਰੋਵਰ ਵਿਚ ਨੁਹਾਇਆ ਹੁੰਦਾ ਹੈ ਅਤੇ ਪਤਨੀ ਨੇ ਮੁਹੱਬਤ ਦੇ ਛੱਜ ਨਾਲ ਝੋਲੀ ਭਰੀ ਹੁੰਦੀ ਹੈ।

ਜਦੋਂ ਬੰਦੇ ਦਾ ਘਰ ਮੁੜਨ ਨੂੰ ਮਨ ਕਰੇ ਤਾਂ ਉਸ ਨਾਲ ਕੁਝ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਕਿ ਉਸ ਦਾ ਦਿਲ ਹੋਰ ਉਦਾਸ ਹੋ ਜਾਂਦਾ ਹੈ। ਅਜਿਹੀ ਹੀ ਇਕ

ਘਟਨਾ ਮੇਰੇ ਨਾਲ ਵਾਪਰੀ। ਪੈਰਿਸ ਦੇ ਸਟੇਸ਼ਨ 'ਤੇ ਮੈਨੂੰ ਹੁਸ਼ਿਆਰਪੁਰ ਵਿਚਲੇ ਇਕ ਪਿੰਡ ਦਾ ਇਕ ਜਵਾਨ ਮਿਲਿਆ। ਉਸ ਦੇ ਰੰਗ ਅਤੇ ਨੈਣ-ਨਕਸ਼ਾਂ ਤੋਂ ਮੈਂ ਜਾਣ ਗਿਆ ਕਿ ਉਹ ਜਾਂ ਹਿੰਦੁਸਤਾਨੀ ਸੀ ਜਾਂ ਪਾਕਿਸਤਾਨੀ। ਉਸ ਨੂੰ ਘਰੋਂ ਗਏ ਨੂੰ ਤਿੰਨ ਵਰ੍ਹੇ ਹੋ ਗਏ ਸਨ। ਉਸ ਦਾ ਚਿਹਰਾ ਇਕ ਨਿਰੰਤਰ ਪੱਤਝੜ ਦੀ ਮੂੰਹ ਬੋਲਦੀ ਤਸਵੀਰ ਸੀ। ਪੈਰਿਸ ਵਿਚ ਉਦਾਸ ਹੋਣਾ ਸੌਖਾ ਨਹੀਂ ਪਰ ਜਦੋਂ ਮਨ ਉਦਾਸ ਹੋਵੇ ਤਾਂ ਤਨ ਵੀ ਥੱਕ ਜਾਂਦਾ ਹੈ ਅਤੇ ਹੱਸਦੀ ਪੀਂਘ ਵੀ ਟੁੱਟਦੀ ਪ੍ਰਤੀਤ ਹੁੰਦੀ ਹੈ।

ਉਸ ਨੂੰ ਵੇਖ ਕੇ ਮੈਨੂੰ ਮਹਿਸੂਸ ਹੋਇਆ ਕਿ ਆਰੰਭ ਵਿਚ ਉਹ ਇਸ਼ਕ ਦੀ ਨਵੀਂ ਪੁੱਟੀ ਮੁਟਿਆਰ ਵਾਂਗ ਮੂੰਹ-ਜ਼ੋਰ ਰਿਹਾ ਹੋਵੇਗਾ ਪਰ ਜਦੋਂ ਉਹ ਮੈਨੂੰ ਮਿਲਿਆ ਤਾਂ ਉਹ ਬਾਹਰੋਂ ਗੁਆਚਿਆ ਹੋਇਆ ਅਤੇ ਅੰਦਰੋਂ ਸੰਤਾਪਿਆ ਹੋਇਆ ਵਿਅਕਤੀ ਲਗਿਆ।

ਮੈਨੂੰ ਉਹ ਉਸ ਦੀਵੇ ਵਾਂਗ ਲਗਿਆ, ਜਿਸ ਦਾ ਤੇਲ ਮੁੱਕ ਗਿਆ ਹੋਵੇ।

ਉਸ ਦੇ ਕੰਨ ਪੰਜਾਬੀ ਸੁਣਨ ਲਈ ਤਰਸੇ ਹੋਏ ਸਨ।

ਸਾਡੀਆਂ ਬਾਹਾਂ ਆਪ-ਮੁਹਾਰੇ ਖੁਲ੍ਹੀਆਂ ਅਤੇ ਇਕ ਦੂਜੇ ਨੂੰ ਲਿਪਟ ਗਈਆਂ। ਉਸ ਦੀਆਂ ਅੱਖਾਂ ਵਿਚ ਅੰਤਾਂ ਦੀ ਉਦਾਸੀ ਸੀ। ਉਸ ਨੂੰ ਜਦੋਂ ਮੈਂ ਪੁੱਛਿਆ ਕਿ ਕੀ ਉਹ ਆਪਣੇ ਘਰ ਵਾਲਿਆਂ ਨੂੰ ਚਿੱਠੀ-ਪੱਤਰ ਲਿਖਦਾ ਹੈ ਤਾਂ ਉਸ ਨੇ ਇਸ ਦਾ ਉੱਤਰ ਇਕ ਸਵਾਲ ਨਾਲ ਦਿੱਤਾ ਕਿ ਉਹ ਘਰ ਵਾਲਿਆਂ ਨੂੰ ਕੀ ਲਿਖੇ?

ਉਸ ਦੇ ਘਰ ਵਾਲੇ ਸੋਚਦੇ ਹੋਣਗੇ ਕਿ ਉਹ ਮੌਜਾਂ ਮਾਣ ਰਿਹਾ ਹੋਵੇਗਾ, ਕਿਉਂਕਿ ਉਨ੍ਹਾਂ ਦੇ ਸਾਹਮਣੇ ਤਾਂ ਉਸ ਦੀਆਂ ਆਰੰਭ ਦੇ ਦਿਨਾਂ ਦੀਆਂ ਰੰਗ-ਬਰੰਗੇ ਕਪੜੇ ਪਾ ਕੇ ਲੰਮੀਆਂ ਕਾਰਾਂ ਨਾਲ ਖਲੋ ਕੇ ਖਿਚਵਾਈਆਂ ਤਸਵੀਰਾਂ ਹੋਣਗੀਆਂ ਪਰ ਉਨ੍ਹਾਂ ਨੂੰ ਕੀ ਪਤਾ ਕਿ ਉਨ੍ਹਾਂ ਦਾ ਲਾਡਲਾ ਦਿਨ ਵਿਚ ਚੌਦ੍ਹਾਂ ਘੰਟੇ ਇਕ ਲਾਂਡਰੀ ਵਿਚ ਕਪੜੇ ਪ੍ਰੈਸ ਕਰਦਾ ਸੀ ਅਤੇ ਮੁਸ਼ਕਿਲ ਨਾਲ ਗੁਜ਼ਾਰਾ ਕਰ ਰਿਹਾ ਸੀ।

ਉਸ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਉਸ ਦੇ ਮਾਪੇ ਜਿਉਂਦੇ ਵੀ ਸਨ ਕਿ ਨਹੀਂ। ਉਸ ਦੀ ਕਲਪਨਾ ਵਿਚ ਘਰ ਦੇ ਜੀਆਂ ਦੇ ਚਿਹਰੇ ਧੁੰਦਲੇ ਹੋ ਗਏ ਸਨ।

ਕਈ ਵਾਰੀ ਬੰਦਾ ਇਤਨਾ ਗਰੀਬ ਹੋ ਜਾਂਦਾ ਹੈ ਕਿ ਉਸ ਕੋਲ ਆਪਣੇ ਮਾਪਿਆਂ ਦੀ ਸੁਖ-ਸਾਂਦ ਪੁੱਛਣ ਦੀ ਵੀ ਸਮਰੱਥਾ ਨਹੀਂ ਰਹਿੰਦੀ।

ਉਹ ਮੈਨੂੰ ਇੰਜ ਮਿਲਿਆ ਜਿਵੇਂ, ਇਕ ਅਮੀਰ ਘਰ ਵਿਚਲੀ, ਇਕ ਗਰੀਬ ਘਰ ਤੋਂ ਆਈ ਨੂੰਹ, ਆਪਣੇ ਪਿੰਡ ਦੇ ਕਿਸੇ ਬੰਦੇ ਨੂੰ ਮਿਲਦੀ ਹੈ।

ਅਜਿਹੀਆਂ ਮਿਲਣੀਆਂ ਵਿਚ ਬਹੁਤਾ ਕੁਝ ਬੋਲਣ ਦੀ ਲੋੜ ਨਹੀਂ ਹੁੰਦੀ।

ਉਸ ਦੀ ਚੁੱਪ ਵਿਚ ਉਦਾਸੀ ਦੇ ਯੁਗ ਬੋਲਦੇ ਸਨ। ਉਸ ਦਾ ਉਦਾਸੜਾ ਜਿਹਾ ਸੰਸਾਰ ਬਹੁਤ ਸੁੰਗੜ ਗਿਆ ਸੀ।

ਉਹ ਠਾਕਰ ਤੋਂ ਠੀਕਰੀ ਬਣ ਗਿਆ ਸੀ।

ਉਹ ਬਹੁਤ ਉਦਾਸ ਸੀ, ਉਸ ਨੇ ਮੈਨੂੰ ਵੀ ਉਦਾਸ ਕਰ ਦਿੱਤਾ।

ਇਸ ਅਚਾਨਕ ਮਿਲਣੀ ਦਾ ਹੁਣ ਵੀ ਜਦੋਂ ਚੇਤਾ ਆਉਂਦਾ ਹੈ ਤਾਂ ਮੈਂ ਕਈ ਦਿਨ ਉਦਾਸ ਰਹਿੰਦਾ ਹਾਂ। ਅਨੇਕਾਂ ਘਰਾਂ ਦੇ ਪੁੱਤਰ ਹਨ, ਜਿਹੜੇ ਯੋਰਪ ਅਤੇ ਅਮਰੀਕਾ ਗਏ, ਰਾਹ ਭੁੱਲ ਗਏ ਅਤੇ ਅਜੇ ਤੱਕ ਨਹੀਂ ਪਰਤੇ।

ਪੁੱਤਰਾਂ ਨੂੰ ਉਡੀਕਣਾ ਕੇਵਲ ਮਾਂਵਾਂ ਨੂੰ ਆਉਂਦਾ ਹੈ, ਉਹ ਜ਼ਰੂਰ ਉਡੀਕ ਰਹੀਆਂ ਹੋਣਗੀਆਂ, ਕਈ ਉਡੀਕਦੀਆਂ ਉਡੀਕਦੀਆਂ ਮੁੱਕ ਵੀ ਗਈਆਂ ਹੋਣਗੀਆਂ।

ਮੈਨੂੰ ਘਰੋਂ ਗਿਆਂ ਨੂੰ ਕਈ ਮਹੀਨੇ ਹੋ ਗਏ ਸਨ। ਸਭ ਕੁਝ ਹੋਣ ਦੇ ਬਾਵਜੂਦ ਦੂਰ ਗਿਆ ਵਿਅਕਤੀ ਆਪਣੇ ਆਪ ਨੂੰ ਨਿਆਸਰਾ ਸਮਝਦਾ ਹੈ।

ਨਵੀਨਤਾ ਕੁਝ ਦਿਨਾਂ ਉਪਰੰਤ, ਸੁਭਾਵਿਕ ਅਤੇ ਸਾਧਾਰਣ ਪ੍ਰਤੀਤ ਹੋਣ ਲਗ ਪੈਂਦੀ ਹੈ ਅਤੇ ਉਸ ਦਾ ਜਾਦੂ ਟੁੱਟ ਜਾਂਦਾ ਹੈ।

ਇਕ ਪੜਾਅ ਅਜਿਹਾ ਆ ਜਾਂਦਾ ਹੈ ਜਦੋਂ ਮਨੁੱਖ ਵਿਚ ਲੰਘ ਗਏ ਤੂਫ਼ਾਨਾਂ ਵਾਲਾ ਠਰੰਮ੍ਹਾ ਆ ਜਾਂਦਾ ਹੈ ਅਤੇ ਕੋਈ ਅਦਭੁਤ ਵਸਤ ਵੀ ਉਸ ਨੂੰ ਪ੍ਰਭਾਵਿਤ ਨਹੀਂ ਕਰਦੀ।

ਉਦਾਸ ਮਨ ਨੂੰ ਆਪਣੇ ਘਰ ਵਾਲੇ, ਵਸਤਾਂ ਨਾਲੋਂ ਵਧੇਰੇ ਪਿਆਰੇ ਲੱਗਣ ਲਗ ਪੈਂਦੇ ਹਨ। ਆਪਣੇ ਘਰ ਦਾ ਵਿਹੜਾ ਅਤੇ ਵਿਹੜੇ ਵਿਚਲੀ ਹਰ ਚੀਜ਼ ਇਸ ਤਰ੍ਹਾਂ ਵਿਖਾਈ ਦੇਣ ਲਗ ਪੈਂਦੀ ਹੈ ਕਿ ਮਨੁੱਖ ਜਾਗਦਿਆਂ ਵੀ ਸੁਪਨੇ ਵੇਖਣ ਲਗ ਪੈਂਦਾ ਹੈ।

ਕਈ ਵਾਰੀ ਤਾਂ ਦੂਰ ਗਏ ਯਾਤਰੂ ਨੂੰ ਇਸ ਗੱਲ ਦਾ ਡਰ ਵੀ ਲੱਗਣ ਲਗ ਪੈਂਦਾ ਕਿ ਮੈਂ ਵਾਪਸ ਜਾ ਵੀ ਸਕਾਂਗਾ ਕਿ ਨਹੀਂ।

ਮਨੁੱਖ ਦਾ ਦਿਲ ਕਰਦਾ ਹੈ ਪੈਦਲ ਹੀ ਟੁਰ ਪਵੇ ਪਰ ਫਾਸਲੇ ਦੀ ਲੰਬਾਈ ਉਸ ਨੂੰ ਆਪਣੀ ਲਾਚਾਰੀ ਦਾ ਅਹਿਸਾਸ ਕਰਵਾਉਂਦੀ ਹੈ। ਅਜਿਹੀ ਸਥਿਤੀ ਵਿਚ ਬੰਦੇ ਦੀ ਹਾਲਤ ਕਾਣ ਪਈ ਮੰਜੀ ਵਾਂਗ ਹੋ ਜਾਂਦੀ ਹੈ।

ਹਵਾਈ ਜਹਾਜ਼ ਬੜੇ ਤੇਜ਼ ਉਡਦੇ ਹਨ ਪਰ ਕਈ ਮਹੀਨੇ ਜਹਾਜ਼ਾਂ ਵਿਚ ਉੱਡਣ ਮਗਰੋਂ ਇਹ ਸਫਰ ਵੀ ਅੰਤਾਂ ਦੀ ਥਕਾਵਟ ਵਾਲਾ ਬਣ ਜਾਂਦਾ ਹੈ।

ਹਵਾਈ ਜਹਾਜ਼ਾਂ ਦਾ ਸਫਰ, ਮੀਲਾਂ ਵਿਚ ਨਹੀਂ, ਘੰਟਿਆਂ ਵਿਚ ਮਾਪਿਆ ਜਾਂਦਾ ਹੈ ਪਰ ਹਵਾਈ ਸਫ਼ਰ ਦੀ ਬੇਆਰਾਮੀ ਦੀ ਥਕਾਵਟ ਆਪਣੀ ਹੀ ਪ੍ਰਕਾਰ ਦੀ ਹੁੰਦੀ ਹੈ।

ਵਾਪਸੀ ਉਤੇ ਬਰਤਾਨਵੀ ਜਹਾਜ਼ ਨੇ ਨਿਊਯਾਰਕ ਤੋਂ ਲੰਦਨ ਲੈ ਆਂਦਾ। ਉਥੋਂ ਕੰਪਨੀ ਨੇ ਜਹਾਜ਼ ਬਦਲ ਕੇ ਮੈਨੂੰ ਕੁਵੈਤ ਲੈ ਕੇ ਆਉਣਾ ਸੀ।

ਜਿਹੜੇ ਜਹਾਜ਼ ਨੇ ਆਉਣਾ ਸੀ ਉਹ ਆਇਆ ਹੀ ਨਾ।

ਅਸੀਂ ਹਵਾਈ ਅੱਡੇ ਤੋਂ ਬਾਹਰ ਨਹੀਂ ਜਾ ਸਕਦੇ ਸਾਂ। ਅੰਦਰ ਉਡੀਕ ਕਰਨੀ ਬੜੀ ਔਖੀ ਸੀ। ਔਖ ਦਾ ਕਾਰਨ ਇਹ ਸੀ ਕਿ ਕੰਪਨੀ ਨੂੰ ਵੀ ਨਹੀਂ ਸੀ ਪਤਾ ਕਿ ਜਹਾਜ਼ ਕਦੋਂ ਆਵੇਗਾ ਅਤੇ ਕਦੋਂ ਜਾਵੇਗਾ।

ਮੈਂ ਵੇਖਿਆ ਹੈ ਕਿ ਗਰੀਬ ਮੁਲਕਾਂ ਵਲ ਜਾਣ ਵਾਲੇ ਰਾਹਾਂ ਉਤੇ ਜਹਾਜ਼ ਉਵੇਂ ਹੀ ਚਲਾਏ ਜਾਂਦੇ ਹਨ ਜਿਵੇਂ ਸਾਡੇ ਦੇਸ਼ ਵਿਚ ਗਈਆਂ-ਗੁਜ਼ਰੀਆਂ ਥਾਂਵਾਂ ਲਈ ਬੁੱਢੀਆਂ ਬਸਾਂ ਚਲਾਈਆਂ ਜਾਂਦੀਆਂ ਹਨ। ਬਸ ਆ ਜਾਵੇ, ਆ ਜਾਵੇ, ਨਾ ਆਵੇ, ਨਾ ਆਵੇ। ਚੀਨਣਾਂ ਦੀਆਂ ਤੰਗ ਜੁਤੀਆਂ ਵਿਚ ਜਕੜੇ ਪੈਰਾਂ ਵਾਂਗ ਘੁਟਵਾਂ ਜੀਵਨ ਜਿਉਣ ਦੇ ਅਸੀਂ ਇਤਨੇ ਆਦੀ ਹੋ ਗਏ ਹਾਂ ਕਿ ਅਸੀਂ ਸਭ ਕੁਝ ਨੂੰ ਰੱਬ ਦੀ ਰਜ਼ਾ ਅਤੇ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕਰਨ ਲਗ ਪਏ ਹਾਂ।

ਕੁਵੈਤ, ਸਾਊਦੀ ਅਰਬ ਅਤੇ ਇਰਾਕ ਵਿਚ ਮੈਂ ਇਕ ਸਪਤਾਹ ਰੁਕਣਾ ਸੀ ਪਰ ਕੁਵੈਤ ਦੀ ਗਰਮੀ ਨੇ ਪਹਿਲੇ ਦਿਨ ਹੀ ਤੋਬਾ ਕਰਵਾ ਦਿੱਤੀ।

ਇੰਜ ਲੱਗਿਆ ਜਿਵੇਂ ਤੰਦੂਰ ਵਿਚ ਲਗਾ ਹੋਵਾਂ।

ਜੇ ਕੁਵੈਤ ਵਿਚ ਪੈਸੇ ਦੀ ਖਿੱਚ ਨਾ ਹੋਵੇ ਤਾਂ ਕੋਈ ਇੱਥੇ ਦੋ ਘੰਟੇ ਵੀ ਨਾ ਰੁਕੇ। ਰਾਤ ਵੇਲੇ ਕੁਵੈਤ ਇੰਜ ਲਗਿਆ ਜਿਵੇਂ ਕੋਈ ਨਵੀਂ ਸਜ ਵਿਆਹੀ ਦਾਜ ਅਤੇ ਵਰੀ ਦੇ ਸਾਰੇ ਗਹਿਣੇ ਪਾ ਕੇ ਤੁਹਾਡੇ ਸਾਮ੍ਹਣੇ ਆ ਜਾਵੇ ਪਰ ਦਿਨ ਵੇਲੇ ਦੀਆਂ ਗਰਮ ਰੇਤ ਦੀਆਂ ਹਨੇਰੀਆਂ ਨੇ ਮੁੜ ਜਾ, ਮੁੜ ਜਾ, ਕਰਵਾ ਦਿੱਤੀ।

ਕੁਵੈਤ ਬਹੁਤ ਛੋਟਾ ਜਿਹਾ ਦੇਸ਼ ਹੈ, ਜਿਸ ਦੀ ਰਾਜਧਾਨੀ ਵਿਚ ਚੰਡੀਗੜ੍ਹ ਦੀਆਂ ਲਗਭਗ ਇਕ ਚੌਥਾਈ ਇਮਾਰਤਾਂ ਹੋਣਗੀਆਂ ਅਤੇ ਆਬਾਦੀ ਚੰਡੀਗੜ੍ਹ ਨਾਲੋਂ ਦੋ ਗੁਣਾ। ਮੈਂ ਜਿਨ੍ਹਾਂ ਕੋਲ ਠਹਿਰਿਆ ਹੋਇਆ ਸਾਂ, ਉਨ੍ਹਾਂ ਦਾ ਬੜਾ ਅਸਰ-ਰਸੂਖ ਸੀ ਪਰ ਮੌਸਮ ਅਸਰ-ਰਸੂਖ ਨੂੰ ਨਹੀਂ ਮੰਨਦਾ।

ਸ਼ਾਮ ਨੂੰ ਸਮੁੰਦਰ ਦੇ ਕਿਨਾਰੇ 'ਤੇ ਗਿਆ ਅਤੇ ਅੰਤਾਂ ਦੀ ਭੀੜ ਵੇਖੀ। ਪੁੱਛਣ ਤੇ ਪਤਾ ਲੱਗਾ ਕਿ ਇਹ ਲੋਕ ਸਮੁੰਦਰ ਦੇ ਸ਼ੌਕੀਨ ਨਹੀਂ, ਘਰ ਛੋਟੇ ਹਨ ਅਤੇ ਜੇ ਸਾਰੇ ਜੀਅ ਘਰ ਮੁੜ ਜਾਣ ਤਾਂ ਉਨ੍ਹਾਂ ਲਈ ਘਰਾਂ ਵਿਚ ਥਾਂ ਹੀ ਨਹੀਂ, ਸੋ ਉਹ ਬਾਹਰ ਘੁੰਮਣ ਲਈ ਮਜਬੂਰ ਹਨ। ਘਰ ਉਹ ਕੇਵਲ ਸੌਣ ਹੀ ਜਾਂਦੇ ਹਨ।

ਇਸਲਾਮੀ ਸਭਿਆਚਾਰ, ਯੋਰਪੀਨ ਸਭਿਆਚਾਰ ਦੇ ਮੁਕਾਬਲੇ ਇਤਨਾ ਪਛੜਿਆ ਹੋਇਆ ਲਗਿਆ ਕਿ ਵੇਖ ਵੇਖ ਸ਼ਰਮ ਆਉਂਦੀ ਰਹੀ।

ਇਕ ਇਕ ਪੁਰਸ਼ ਨੇ ਚਾਰ ਚਾਰ ਪਤਨੀਆਂ ਰਖੀਆਂ ਹੋਈਆਂ ਹਨ ਅਤੇ ਪੁੱਤਰਾਂ, ਧੀਆਂ ਦੀ ਗਿਣਤੀ ਕਰਨੀ ਨਾ ਤਾਂ ਉਸ ਪੁਰਸ਼ ਨੂੰ ਆਉਂਦੀ ਹੈ ਅਤੇ ਨਾ ਹੀ ਗਿਣਨਾ ਉਸ ਦਾ ਕੰਮ ਹੈ। ਤੀਹ ਤੀਹ ਜੀਆਂ ਵਾਲੇ ਟੱਬਰ ਵੇਖੇ।

ਉਨ੍ਹਾਂ ਕੋਲ ਪੈਸੇ ਤਾਂ ਹਨ ਪਰ ਅਕਲ ਉਨ੍ਹਾਂ ਦੇ ਨੇੜੇ ਤੇੜੇ ਦਿਖਾਈ ਨਹੀਂ ਦਿੰਦੀ। ਉਹ ਅਮੀਰ ਬਹੁਤ ਹਨ ਪਰ ਵਿਹਾਰ ਦੇ ਪਖੋਂ ਅਤਿਅੰਤ ਪਛੜੇ ਹੋਏ ਹਨ। ਮੈਨੂੰ ਤਾਂ ਉਹ ਧਨਵਾਨ ਗਰੀਬ ਹੀ ਪ੍ਰਤੀਤ ਹੋਏ ਹਨ। ਨੌਕਰਾਂ ਨਾਲ ਜਿਤਨਾ ਦੁਰਵਿਹਾਰ ਇਸਲਾਮੀ ਮੁਲਕਾਂ ਵਿਚ ਹੈ, ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਕੁਵੈਤ ਨੇ ਆਪਣੀ ਆਬਾਦੀ ਨਾਲੋਂ ਵੀ ਵਧੇਰੇ ਵਿਦੇਸ਼ੀ ਨੌਕਰ ਰਖੇ ਹੋਏ ਹਨ। ਜੇ ਪੁਰਸ਼ ਨੂੰ ਨੌਕਰ ਰਖਿਆ ਗਿਆ ਹੈ ਤਾਂ ਉਸ ਨੂੰ ਪਤਨੀ ਲਿਆਉਣ ਦੀ ਆਗਿਆ ਨਹੀਂ, ਜੇ ਇਸਤਰੀ ਨੌਕਰ ਰਖੀ ਗਈ ਹੈ ਤਾਂ ਉਸ ਨੂੰ ਨਾ ਬੱਚੇ ਲਿਆਉਣ ਦੀ ਆਗਿਆ ਹੈ ਨਾ ਪਤੀ ਨੂੰ ਉਥੇ ਬੁਲਾਉਣ ਦੀ ਆਗਿਆ ਹੈ।

ਵਿਦੇਸ਼ਾਂ ਤੋਂ ਆਏ ਨੌਕਰੀ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ ਸ਼ੁਕਰਵਾਰ ਕੁਝ ਘੰਟਿਆਂ ਦੀ ਛੁੱਟੀ ਹੁੰਦੀ ਹੈ ਅਤੇ ਇਹ ਸ਼ਹਿਰ ਦੀਆਂ ਖਾਲੀ ਥਾਂਵਾਂ 'ਤੇ ਆਪਣੇ ਦੁੱਖ-ਸੁੱਖ ਫੋਲਦੇ ਹਨ ਅਤੇ ਆਪਣੀ ਮਜਬੂਰੀ ਦਾ ਮੁਜ਼ਾਹਰਾ ਕਰਦੇ ਹਨ।

ਕੁਵੈਤੀਆਂ ਨੇ ਆਪ ਚਾਰ-ਚਾਰ ਵਿਆਹ ਕਰਵਾਏ ਹਨ ਪਰ ਨੌਕਰਾਂ ਦੇ ਕਿਸੇ ਇਸਤਰੀ ਨਾਲ ਸੰਬੰਧਾਂ ਦੀ ਭਿਣਕ ਵੀ ਪੈ ਜਾਵੇ ਤਾਂ ਉਨ੍ਹਾਂ ਨੂੰ ਖੁਲ੍ਹੇ-ਆਮ ਕੋਰੜੇ ਮਾਰੇ ਜਾਂਦੇ ਹਨ। ਇਨ੍ਹਾਂ ਲੋਕਾਂ ਦੀਆਂ ਭੀੜਾਂ ਨੂੰ ਵੇਖ ਕੇ ਮੈਂ ਬਹੁਤ ਉਦਾਸ ਹੋਇਆ। ਛੁੱਟੀ ਵਾਲੇ ਦਿਨ ਇਹ ਚਿੱਠੀਆਂ ਲਿਖਦੇ-ਲਿਖਵਾਉਂਦੇ ਹਨ ਅਤੇ ਸ਼ਾਮ ਨੂੰ ਜਦੋਂ ਇਹ ਡਾਕਖਾਨੇ ਚਿੱਠੀ ਪਾਉਣ ਜਾਂਦੇ ਹਨ ਤਾਂ ਉਥੇ ਹਜ਼ਾਰਾਂ ਦੀ ਭੀੜ ਹੁੰਦੀ ਹੈ।

ਕੁਵੈਤੀਆ ਦੀ ਸ਼ਕਲ ਗਊ ਦੇ ਗੋਹੇ ਦੀ ਬਣੀ ਪਾਥੀ ਵਰਗੀ ਹੁੰਦੀ ਹੈ ਪਰ ਉਨ੍ਹਾਂ ਦੀਆਂ ਪਤਨੀਆਂ ਸੋਹਣੀਆਂ ਹਨ।

ਕੁਵੈਤ ਵਿਚ ਪਾਕਿਸਤਾਨੀ ਅਤੇ ਹਿੰਦੁਸਤਾਨੀ ਪੰਜਾਬੀਆਂ ਦੀ ਗਿਣਤੀ ਇਤਨੀ ਹੈ ਕਿ ਸਭ ਥਾਂਈਂ ਪੰਜਾਬੀ ਹੀ ਬੋਲੀ ਜਾਂਦੀ ਹੈ।

ਪੈਸੇ ਦੀ ਖਿੱਚ ਨੇ ਇਨ੍ਹਾਂ ਲੋਕਾਂ ਨੂੰ ਉਥੇ ਜਕੜਿਆ ਹੋਇਆ ਹੈ।

ਗਿਆਨ ਵਰਗੀ ਚੀਜ਼ ਮੈਨੂੰ ਉਥੇ ਕੋਈ ਨਜ਼ਰ ਨਹੀਂ ਆਈ।

ਕੁਵੈਤ ਵਿਚ ਹਫਤਾ ਰਹਿਣ ਦਾ ਪ੍ਰੋਗਰਾਮ ਸੀ ਪਰ ਕੁਵੈਤ ਤਾਂ ਮੈਂ ਸਾਰਾ ਇਕ ਦਿਨ ਵਿਚ ਹੀ ਘੁੰਮ ਲਿਆ। ਉਥੇ ਚਾਰ ਦਿਨ ਰਿਹਾ ਪਰ ਜੇ ਉਥੇ ਨਿਰੰਤਰ ਰਹਿਣਾ ਪਵੇ ਤਾਂ ਮੈਂ ਸ਼ਾਇਦ ਦਸਵੇਂ ਕੁ ਦਿਨ ਆਤਮਘਾਤ ਕਰ ਲਵਾਂ।

ਕੁਵੈਤ ਵਿਚ ਅਜਿਹਾ ਮੌਸਮ ਲਗਭਗ ਛੇ ਮਹੀਨੇ ਰਹਿੰਦਾ ਹੈ।

ਛੇ ਮਹੀਨੇ ਇਹ ਲੋਕ ਸਹੀ ਅਰਥਾਂ ਵਿਚ ਤੱਤੀਆ ਤਵੀਆਂ ਤੇ ਬੈਠਦੇ ਹਨ।

ਮੇਰੇ ਅਨੇਕਾਂ ਜਾਣੂ ਮੇਰੇ ਨਾਲ ਇਸ ਕਰਕੇ ਨਾਰਾਜ਼ ਹਨ ਕਿ ਮੈਂ ਵਾਪਸ ਕਿਉਂ ਆ ਗਿਆ ਹਾਂ। ਵਾਪਸ ਆਉਣ ਕਰਕੇ ਉਹ ਮੈਨੂੰ ਮੂਰਖ ਵੀ ਸਮਝਦੇ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕਈ ਵਾਰੀ ਮੈਨੂੰ ਆਪਣੀ ਅਕਲ ਉਤੇ ਸ਼ੱਕ ਵੀ ਹੋਣ ਲਗ ਪੈਂਦਾ ਹੈ। ਉਨ੍ਹਾਂ ਨੇ ਯੋਰਪ ਅਤੇ ਅਮਰੀਕਾ ਬਾਰੇ ਜਿਹੜੀ ਕਲਪਨਾ ਕੀਤੀ ਹੋਈ ਹੈ ਉਹ ਸੁਣ ਕੇ ਮੈਨੂੰ ਇੰਜ ਲੱਗਦਾ ਹੈ ਜਿਵੇਂ ਮੈਂ ਅਮਰੀਕਾ ਨਹੀਂ, ਕੋਈ ਹੋਰ ਥਾਂ ਘੁੰਮ ਕੇ ਹੀ ਵਾਪਸ ਆ ਗਿਆ ਹਾਂ।

ਉਹ ਅਮਰੀਕਾ ਦੇ ਵਾਸੀਆਂ ਨੂੰ ਸਵਰਗੀ ਜੀਵ ਅਤੇ ਆਪਣੇ ਦੇਸ਼ ਨੂੰ ਕੁੰਭੀ-ਨਰਕ ਸਮਝਦੇ ਹਨ। ਇਹ ਉਵੇਂ ਹੀ ਹੈ ਜਿਵੇਂ ਅਸੀਂ ਦਿੱਲੀ, ਬੰਬਈ ਵਸਦੇ ਆਪਣੇ ਕਿਸੇ

ਰਿਸ਼ਤੇਦਾਰ ਨੂੰ ਬੜਾ ਵੱਡਾ ਆਦਮੀ ਸਮਝਣ ਲਗ ਪੈਂਦੇ ਹਾਂ ਅਤੇ ਸੋਚਦੇ ਹਾਂ ਕਿ ਜਾਂ ਤਾਂ ਉਹ ਬੰਬਈ ਵਿਚ ਸਮੁੰਦਰ ਦੇ ਕਿਨਾਰੇ ਅੱਠ-ਮੰਜ਼ਲੀ ਆਲੀਸ਼ਾਨ ਕੋਠੀ ਵਿਚ ਰਹਿੰਦਾ ਹੋਵੇਗਾ ਜਾਂ ਦਿੱਲੀ ਵਿਚ ਰਾਸ਼ਟਰਪਤੀ ਭਵਨ ਦੇ ਗਵਾਂਢ ਵਿਚ ਵਸਦਾ ਹੋਵੇਗਾ।

ਅਸਲ ਗੱਲ ਇਹ ਹੈ ਕਿ ਅਸੀਂ ਕੇਵਲ ਸਫਲ ਉਦਾਹਰਣਾਂ ਨੂੰ ਸਾਮ੍ਹਣੇ ਰਖ ਕੇ ਅਨੇਕਾਂ ਭਰਮ-ਭੁਲੇਖੇ ਉਸਾਰ ਲੈਂਦੇ ਹਾਂ ਅਤੇ ਜਿਹੜਾ ਇਨ੍ਹਾਂ ਭਰਮ-ਭੁਲੇਖਿਆਂ ਨੂੰ ਦ੍ਰਿੜ ਕਰੇ ਉਹ ਸਾਨੂੰ ਚੰਗਾ ਲੱਗਦਾ ਹੈ ਅਤੇ ਜਿਹੜਾ ਉਨ੍ਹਾਂ ਨੂੰ ਤੋੜੇ ਉਹ ਸਾਨੂੰ ਮੂਰਖ, ਉਜੱਡ ਅਤੇ ਆਪਣਾ ਦੁਸ਼ਮਣ ਪ੍ਰਤੀਤ ਹੁੰਦਾ ਹੈ।

ਦਰੋਣਾਚਾਰੀਆ ਨੇ ਬੜਿਆਂ ਨੂੰ ਤੀਰ-ਅੰਦਾਜ਼ੀ ਸਿਖਾਈ ਹੋਵੇਗੀ ਪਰ ਨਾਂ ਤਾਂ ਕੇਵਲ ਅਰਜਨ ਦਾ ਹੀ ਹੈ, ਬਾਕੀ ਕਿਧਰ ਗਏ ?

ਸੈਂਕੜੇ ਵਰ੍ਹੇ ਲਗ ਜਾਂਦੇ ਹਨ, ਕੋਈ ਮਹਾਤਮਾ ਬੁੱਧ ਬਣਦਾ ਹੈ।

ਹਰ ਸਫਲ ਉਦਾਹਰਣ ਪਿੱਛੇ ਅਸਫਲਤਾਵਾਂ ਦੀ ਲੰਮੀ ਸੂਚੀ ਹੁੰਦੀ ਹੈ, ਜਿਹੜੀ ਅਸੀਂ ਅਣਡਿੱਠ ਕਰ ਦਿੰਦੇ ਹਾਂ। ਇਸੇ ਆਦਤ ਵਿਚੋਂ ਭਰਮ-ਭੁਲੇਖੇ ਉਪਜਦੇ ਹਨ।

ਨਿਰਸੰਦੇਹ ਨਵੇਂ ਉਡਾਰੂਆਂ ਨੂੰ ਉਤਸ਼ਾਹ ਦੇਣ ਵਾਲੀ ਪਹਿਲੀ ਤਾੜੀ ਅਮਰੀਕਾ ਮਾਰਦਾ ਹੈ ਪਰ ਉਥੇ ਹਰ ਸੌ ਬੰਦਿਆਂ ਵਿਚੋਂ ਨੱਬੇ ਬੰਦੇ ਅਸਫਲ ਵੀ ਹੁੰਦੇ ਹਨ। ਨਿਰਸੰਦੇਹ ਅਮਰੀਕਾ ਬਹੁਲਤਾਵਾਂ ਦਾ ਦੇਸ਼ ਹੈ ਪਰ ਉਹ ਢਿਲਿਆਂ ਅਤੇ ਨਿਕੰਮਿਆਂ ਨੂੰ ਹੂੰਝ ਕੇ ਪਰ੍ਹੇ ਵੀ ਸੁਟ ਦਿੰਦਾ ਹੈ। ਉੱਥੇ ਮੈਨੂੰ ਉਹ ਬੰਦੇ ਵੀ ਮਿਲੇ, ਜਿਹੜੇ ਵੀਹ-ਵੀਹ ਸਾਲਾਂ ਤੋਂ ਉਥੇ ਰਹਿ ਰਹੇ ਹਨ ਅਤੇ ਅਜੇ ਵੀ ਪੌੜੀ ਦੇ ਪਹਿਲੇ ਡੰਡੇ ਉਤੇ ਹੀ ਬੈਠੇ ਹਨ। ਉਹ ਬਨੇਰੇ ਨੂੰ ਹੱਥ ਪਾਉਣ ਦਾ ਯਤਨ ਕਰਦੇ ਹਨ ਪਰ ਉਨ੍ਹਾਂ ਦਾ ਹੱਥ ਪੈਂਦਾ ਨਹੀਂ।

ਉੱਥੇ ਅਥਾਹ ਮੌਕੇ ਹਨ ਪਰ ਮੁਕਾਬਲਾ ਇਤਨਾ ਸਖਤ ਹੈ ਕਿ ਅਖਾੜੇ ਵਿਚ ਉਤਰਨ ਵਾਲਿਆਂ ਦੀ ਗਿਣਤੀ ਬਹੁਤੀ ਨਹੀਂ ਹੁੰਦੀ।

ਅਮਰੀਕਾ ਦੀ ਬਹੁਤੀ ਆਬਾਦੀ ਆਈ-ਚਲਾਈ ਕਰਦੀ ਹੈ ਅਤੇ ਮਾਇਕ ਔਕੜਾਂ ਦੀ ਸ਼ਿਕਾਰ ਹੈ।

ਸਾਡੀਆਂ ਸਮੱਸਿਆਵਾਂ ਵੱਖਰੀ ਭਾਂਤ ਦੀਆਂ ਹਨ, ਉਨ੍ਹਾਂ ਦੀਆਂ ਵੱਖਰੀ ਭਾਂਤ ਦੀਆਂ। ਉਨ੍ਹਾਂ ਨੇ ਭੁਖ-ਨੰਗ ਦੂਰ ਕਰ ਲਈ ਹੈ ਪਰ ਉਹ ਪੈਸੇ ਦੇ ਗੁਲਾਮ ਬਣ ਗਏ ਹਨ। ਉਨ੍ਹਾਂ ਨੂੰ ਸਫਲਤਾ ਉਨ੍ਹਾਂ ਦੀ ਮਿਹਨਤ ਦੇ ਅਨੁਪਾਤ ਵਿਚ ਹੀ ਮਿਲੀ ਹੈ, ਜਦੋਂ ਕਿ ਸਾਡੀ ਖੁਸ਼ਹਾਲੀ-ਮੰਦਹਾਲੀ ਸਾਡੀ ਮਿਹਨਤ ਦੇ ਅਨੁਪਾਤ ਵਿਚ ਹੈ।

ਗੁੜ ਦੀ ਡਲੀ ਜਾਂ ਖੰਡ ਦੀ ਭਰੀ ਚਮਚ ਨਾਲ ਨਾ ਸਾਡੇ ਦੇਸ਼ ਵਿਚ ਟੋਭਾ ਮਿੱਠਾ ਹੋ ਸਕਦਾ ਹੈ ਨਾ ਉਥੇ ਹੁੰਦਾ ਹੈ।

ਬੋਹੜ ਦੀਆਂ ਜੜ੍ਹਾਂ ਅਸਮਾਨ ਵਿਚ ਨਹੀਂ ਲਗਦੀਆਂ।

ਖਾਧੇ ਹੋਏ ਦੰਦਾਂ ਨਾਲ ਮੋਤੀਆ ਹਾਸਾ ਨਹੀਂ ਉਪਜਦਾ। ਉਹ ਮੱਸਿਆ ਵਿਚ ਵੀ ਅਤੇ ਪੁੰਨਿਆ ਵਿਚ ਵੀ ਦੱਖਣ ਦੀ ਪਠਾਰ ਵਾਂਗ ਅਡੋਲ ਹਨ, ਕਿਉਂਕਿ ਉਨ੍ਹਾਂ ਦੀ

ਆਰਥਿਕ ਸਥਿਤੀ ਬੜੀ ਮਜ਼ਬੂਤ ਹੈ। ਅਸੀਂ ਆਪਣੀ ਭਟਕਣ ਨੂੰ ਯਾਤਰਾ ਸਮਝਣ ਦਾ ਭੁਲੇਖਾ ਖਾਧਾ ਹੋਇਆ ਹੈ, ਇਸ ਕਰਕੇ ਅਸੀਂ ਤੁਰਦੇ ਤਾਂ ਬਹੁਤ ਹਾਂ ਪਰ ਕਿਧਰੇ ਅਪੜਦੇ ਨਹੀਂ, ਅਸੀਂ ਰੁਝੇ ਤਾਂ ਰਹਿੰਦੇ ਹਾਂ ਪਰ ਕੰਮ ਨਹੀਂ ਕਰਦੇ।

ਅਸੀਂ ਕੰਮ ਤਾਂ ਕਰਦੇ ਹਾਂ ਪਰ ਕੰਮ ਨਿਪਟਾਉਂਦੇ ਨਹੀਂ।

ਅਮਰੀਕਾ ਤੋਂ ਪਰਤ ਕੇ ਮੈਨੂੰ ਸਭ ਤੋਂ ਵੱਧ ਤਰਸ ਉਨ੍ਹਾਂ ਲੋਕਾਂ ਉਤੇ ਆਉਂਦਾ ਹੈ ਜਿਹੜੇ ਉਸ ਦੇਸ਼ ਬਾਰੇ ਸੋਚਣ ਤੋਂ ਪਹਿਲਾਂ ਆਪਣੇ ਦਿਮਾਗ ਨੂੰ ਜੰਦਰਾ ਲਾ ਲੈਂਦੇ ਹਨ। ਅਨੇਕਾਂ ਵਿਅਕਤੀ ਮੇਰੇ ਨਾਲ ਇਸ ਗੱਲ 'ਤੇ ਨਾਰਾਜ਼ ਹਨ ਕਿ ਮੈਂ ਅਮਰੀਕਾ ਦੇ ਚੰਗੇ ਪੱਖਾਂ ਦੀ ਪ੍ਰਸ਼ੰਸਾ ਕਿਉਂ ਕਰਦਾ ਹਾਂ।

ਜਦੋਂ ਮੈਂ ਅਮਰੀਕਾ ਦੇ ਮਾੜੇ ਪੱਖਾਂ ਨੂੰ ਉਭਾਰਦਾ ਹਾਂ ਤਾਂ ਉਨ੍ਹਾਂ ਦੇ ਚਿਹਰਿਆਂ ਉੱਤੇ ਮਾਲ ਗੱਡੀ ਜਿੰਨੀ ਲੰਮੀ ਮੁਸਕਰਾਹਟ ਪਸਰ ਜਾਂਦੀ ਹੈ।

ਜਿਹੜੇ ਲੋਕ ਕੇਵਲ ਇਕ ਕਿਤਾਬ ਪੜ੍ਹਦੇ ਹਨ, ਉਹ ਹੋਰਾਂ ਤੋਂ ਇਲਾਵਾ, ਆਪਣੇ ਆਪ ਨਾਲ ਵੀ ਅਨਿਆਂ ਕਰ ਰਹੇ ਹੁੰਦੇ ਹਨ।

ਅਜਿਹੇ ਲੋਕਾਂ ਨੂੰ ਅਨੇਕਾਂ ਭੁਲੇਖੇ ਹਨ। ਇਨ੍ਹਾਂ ਲੋਕਾਂ ਦੀ ਹਾਲਤ ਉਸ ਕੁੱਕੜ ਵਾਲੀ ਹੈ, ਜਿਸ ਨੂੰ ਭਰਮ ਹੋ ਗਿਆ ਸੀ ਕਿ ਸੂਰਜ ਉਸ ਦੇ ਬਾਂਗ ਦਿੱਤਿਆਂ ਹੀ ਚੜ੍ਹਦਾ ਹੈ।

ਕਈ ਵਿਅਕਤੀਆਂ ਨੇ ਮੈਨੂੰ ਵਿਸ਼ੇਸ਼ ਤੌਰ ਉਤੇ ਕਿਹਾ ਹੈ ਕਿ ਮੈ ਅਮਰੀਕਾ ਦੇ ਮਾੜੇ ਪੱਖਾਂ ਨੂੰ ਵਧੇਰੇ ਉਘਾੜਾਂ।

ਅਜਿਹੇ ਲੋਕਾਂ ਦੀ ਵਿਚਾਰਾਂ ਦੀ ਗਰੀਬੀ ਤਾਂ ਝੱਲੀ ਜਾ ਸਕਦੀ ਹੈ ਪਰ ਨੀਅਤ ਅਤੇ ਮਨ ਦੀ ਗਰੀਬੀ ਦਾ ਕੀ ਕਰੀਏ?

ਮੈਂ ਤਾਂ ਇਕ ਸਾਧਾਰਣ ਮਨੁੱਖ ਵਜੋਂ ਅਮਰੀਕਾ ਦੇ ਸਾਧਾਰਣ ਮਨੁੱਖਾਂ ਨੂੰ ਵੇਖਣ ਗਿਆ ਸਾਂ। ਮੈਂ ਕਿਸੇ ਰਾਜਸੀ ਪ੍ਰਤੀਨਿਧ ਮੰਡਲ ਦਾ ਮੁਖੀ ਨਹੀਂ ਸਾਂ। ਮੇਰੀ ਧਾਰਣਾ ਹੈ ਕਿ ਕਿਸੇ ਦੇਸ਼ ਨੂੰ ਵੇਖਣਾ ਹੈ ਤਾਂ ਇਕ ਸਾਧਾਰਣ ਵਿਅਕਤੀ ਵਾਂਗ ਵਿਚਰ ਕੇ ਵੇਖੋ।

ਮੈਨੂੰ ਪ੍ਰਤੀਤ ਹੁੰਦਾ ਹੈ ਕਿ ਅਸੀਂ ਇਤਨੇ ਗਰੀਬ ਹਾਂ ਕਿ ਕਿਸੇ ਦੇਸ਼ ਜਾਂ ਵਿਅਕਤੀ ਦੇ ਚੰਗੇ ਪੱਖਾਂ ਨੂੰ ਵੀ ਸਹਿਣ ਨਹੀਂ ਕਰ ਸਕਦੇ।

ਜਿਹੜੇ ਲੋਕ ਅਮਰੀਕਾ ਨੂੰ ਇਕੋ ਰੰਗ ਵਿਚ ਰੰਗਦੇ ਹਨ, ਮੈਨੂੰ ਉਨ੍ਹਾਂ ਲੋਕਾਂ ਦੀ ਮਾਨਸਿਕ ਕੰਗਾਲੀ ਉੱਤੇ ਤਰਸ ਆਉਂਦਾ ਹੈ। ਮੈਨੂੰ ਇਥੇ ਇਕ ਉਸ ਵਿਚਾਰਧਾਰਕ ਲਲਾਰੀ ਦੀ ਯਾਦ ਆ ਰਹੀ ਹੈ, ਜਿਸ ਕੋਲ ਕੇਵਲ ਵੈਂਗਣੀ ਰੰਗ ਸੀ। ਗਾਹਕ ਭਾਵੇਂ ਕੋਈ ਰੰਗ ਰੰਗਵਾਣਾ ਚਾਹਵੇ, ਉਹ ਕੇਵਲ ਵੈਂਗਣੀ ਹੀ ਰੰਗਦਾ ਸੀ। ਜੇ ਕੋਈ ਗਾਹਕ ਵਧੇਰੇ ਵਿਸਥਾਰ ਵਿਚ ਆਪਣੀ ਗੱਲ ਦੱਸਦਾ ਤਾਂ ਉਹ ਉੱਤਰ ਵਿਚ ਕਹਿੰਦਾ, 'ਰੰਗ ਜਿਹੜਾ ਮਰਜ਼ੀ ਰੰਗਾਓ, ਪਰ ਉਘੜੇਗਾ ਵੈਂਗਣੀ।'

ਮੈਨੂੰ ਵੈਂਗਣੀ ਰੰਗ ਚੰਗਾ ਲੱਗਦਾ ਹੈ ਪਰ ਮੈਨੂੰ ਹੋਰ ਰੰਗ ਵੀ ਚੰਗੇ ਲਗਦੇ ਹਨ।

ਅਮਰੀਕਾ ਭਾਂਤ-ਭਾਤ ਦੇ ਰੰਗਾਂ ਵਾਲਾ ਲਲਾਰੀ ਦਾ ਤਸਲਾ ਹੈ।

ਪੰਜਾਬੀ ਸਾਹਿਤ ਵਿਚ ਵੀ, ਭਾਰਤ ਦੀਆਂ ਦੂਜੀਆਂ ਬੋਲੀਆਂ ਦੇ ਸਾਹਿਤ ਵਾਂਗ, ਬਹੁਤੇ ਸਾਹਿਤਕਾਰ ਗਰੀਬ ਟੱਬਰਾਂ ਵਿਚੋਂ ਉਠੇ ਹਨ ਅਤੇ ਉਨ੍ਹਾਂ ਨੇ ਆਪਣੇ ਜੀਵਨ ਵਿਚ ਪ੍ਰਸ਼ੰਸਾਯੋਗ ਜੱਦੋ-ਜਹਿਦ ਕੀਤੀ ਹੈ।

ਇਸੇ ਕਰਕੇ ਉਨ੍ਹਾਂ ਦੇ ਰਚੇ ਸਾਹਿਤ ਵਿਚ ਸੰਘਰਸ਼, ਸੰਗਰਾਮ, ਜੱਦੋ-ਜਹਿਦ ਜਿਹੇ ਸੰਕਲਪ ਵਧੇਰੇ ਉਭਰੇ ਹਨ ਪਰ ਜਦੋਂ ਉਹ ਗਰੀਬੀ ਦੀ ਪ੍ਰਸ਼ੰਸਾ ਕਰਨ ਲੱਗ ਪੈਂਦੇ ਹਨ ਅਤੇ ਅਮੀਰੀ ਅਤੇ ਖੁਸ਼ਹਾਲੀ ਨੂੰ ਵਿਭਚਾਰ ਅਤੇ ਭ੍ਰਿਸ਼ਟਾਚਾਰ ਨਾਲ ਜੋੜਨ ਲੱਗ ਪੈਂਦੇ ਹਨ ਤਾਂ ਉਹ ਬੜੇ ਤਰਸਯੋਗ ਪ੍ਰਤੀਤ ਹੁੰਦੇ ਹਨ।

ਨਿੰਦਾ ਅਤੇ ਖੁਜਲੀ ਵਾਂਗ ਖਾਜ ਕਰਨ ਨਾਲ ਆਨੰਦ ਆਉਂਦਾ ਹੈ ਪਰ ਅਜਿਹੇ ਆਨੰਦ ਦੀ ਪੱਧਰ ਉੱਚੀ ਨਹੀਂ ਹੁੰਦੀ।

ਮੈਨੂੰ ਉਨ੍ਹਾਂ ਲੋਕਾਂ ਦੀ ਸੋਚ ਉਤੇ ਵੀ ਤਰਸ ਆਉਂਦਾ ਹੈ, ਜਿਨ੍ਹਾਂ ਨੂੰ ਅਮਰੀਕਾ ਕੇਵਲ ਚੋਰਾਂ-ਲੁਟੇਰਿਆਂ ਦਾ ਦੇਸ਼ ਨਜ਼ਰ ਆਉਂਦਾ ਹੈ।

ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸੰਸਾਰ ਵਿਚ ਨਾ ਕਦੇ ਲੁੱਚੇ ਹੀ ਮੁੱਕੇ ਹਨ ਅਤੇ ਨਾ ਹੀ ਕਦੇ ਸੁੱਚਿਆਂ ਦਾ ਕਾਲ ਪਿਆ ਹੈ।

ਅਮਰੀਕਾ ਦੇ ਲੋਕ ਵੀ ਸੰਸਾਰ ਦੇ ਦੂਜੇ ਦੇਸ਼ਾਂ ਦੇ ਲੋਕਾਂ ਵਾਂਗ ਹੀ ਗੁਣਾਂ-ਦੋਸ਼ਾਂ ਵਾਲੇ ਹਨ। ਮੈਂ ਵੇਖਿਆ ਹੈ ਕ ਸਾਧਾਰਣ ਮਨੁੱਖਾਂ ਦੀ ਸੰਸਾਰ ਭਰ ਵਿਚ ਆਪਸੀ ਸਾਂਝ ਹੈ।

ਪੂੰਜੀਵਾਦ ਅਤੇ ਸਮਾਜਵਾਦ ਇਸ ਸੰਸਾਰ ਨੂੰ ਵੇਖਣ, ਪਰਖਣ, ਘੋਖਣ ਅਤੇ ਸਮਝਣ ਦੇ ਦੋ ਵੱਖਰੇ ਦ੍ਰਿਸ਼ਟੀਕੋਣ ਅਤੇ ਢੰਗ-ਤਰੀਕੇ ਹਨ। ਇਕ ਦੇ ਨਿਰੋਲ ਖੰਡਣ ਨਾਲ ਅਤੇ ਦੂਜੇ ਦੇ ਨਿਰੋਲ ਮੰਡਣ ਨਾਲ ਸਾਡੀ ਨਜ਼ਰ ਦਾ ਭੈਂਗ ਹੀ ਵਿਖਾਈ ਦੇਵੇਗਾ।

ਇਕ ਪਾਸੀ ਰੋਟੀ ਵਾਂਗ ਸੜ ਕੇ ਸੁਆਹ ਹੋਣ ਦੀ ਥਾਂ ਜਾਂ ਮੱਕੀ ਦੇ ਦਾਣਿਆਂ ਨੂੰ ਮਖਾਣੇ ਸਮਝ ਕੇ ਖਾਣ ਦੀ ਥਾਂ ਸਾਨੂੰ ਸੰਤੁਲਤ ਪਹੁੰਚ ਅਪਨਾਉਣੀ ਚਾਹੀਦੀ ਹੈ।

ਸਖਤ ਅਤੇ ਨਿਰੰਤਰ ਮਿਹਨਤ ਤੋਂ ਬਿਨਾਂ ਪਿਤਾ-ਪੁਰਖੀ ਗਿਆਨ ਦੇ ਖਜ਼ਾਨੇ ਵੀ ਸਾਡੀ ਗਰੀਬੀ ਨਹੀਂ ਕੱਟ ਸਕਣਗੇ।

ਰਾਹ ਬਿਖੜਾ ਹੈ ਅਤੇ ਮੰਜ਼ਲ ਦੂਰ ਹੈ ਪਰ ਸਫਲਤਾ ਦੀ ਰਾਤ-ਰਾਣੀ ਇਸੇ ਰਾਹ ਉੱਤੇ ਉਗਦੀ ਹੈ। ਦੰਦਾਸੜੇ ਹੋਂਠ ਅਤੇ ਉਭਰੇ ਹੋਏ ਜੋਬਨ, ਸੌਖੀਆਂ ਜਿੱਤਾਂ ਦੇ ਆਦੀਆਂ ਨੂੰ ਨਸੀਬ ਨਹੀਂ ਹੁੰਦੇ।

ਬੜੀ ਗੰਭੀਰਤਾ ਅਤੇ ਜ਼ਿੰਮੇਵਾਰੀ ਨਾਲ ਲਿਖ ਰਿਹਾ ਹਾਂ ਕਿ ਸੰਸਾਰ ਵਿਚ ਸਭਨੀ ਥਾਂਈਂ ਸਾਡੇ ਦੇਸ਼ ਦੀ ਅਤੇ ਸਾਡੀ ਸਾਖ ਬੜੀ ਹੀ ਨੀਵੀਂ ਹੈ।

ਅਸੀਂ ਆਪਣੇ ਚਲਾਕੀਆਂ ਵਾਲੇ ਨੀਵੇਂ ਵਰਤਾਰੇ ਨਾਲ ਆਪਣਾ ਅਤੇ ਆਪਣੇ ਦੇਸ਼ ਦਾ ਮਾਣ-ਸਤਿਕਾਰ ਘਟਾਇਆ ਹੈ।

ਅਸੀਂ ਸੰਸਾਰ ਦੀ ਆਬਾਦੀ ਦਾ ਲਗਭਗ ਛੇਵਾਂ ਭਾਗ ਹਾਂ ਪਰ ਕਿਧਰੇ ਵੀ ਸਾਡੀ ਚੰਗੀ ਪੁੱਛ-ਪ੍ਰਤੀਤ ਨਹੀਂ। ਅਸੀਂ ਝੂਠ ਬੋਲਣ ਵਾਲੇ, ਬਹਾਨੇਬਾਜ਼ ਅਤੇ ਬੇਈਮਾਨ ਅਤੇ ਝਗੜਾਲੂ ਸਮਝੇ ਜਾਂਦੇ ਹਾਂ।

ਵਿਦੇਸ਼ਾਂ ਵਿਚ ਜਿਥੇ ਹਿੰਦੁਸਤਾਨੀ ਰਹਿਣ ਲੱਗ ਪੈਣ, ਉਥੇ ਜਾਇਦਾਦਾਂ ਦੀਆਂ ਕੀਮਤਾਂ ਡਿੱਗ ਪੈਂਦੀਆਂ ਹਨ। ਸੰਸਾਰ ਭਰ ਦੇ ਹਵਾਈ ਅੱਡਿਆਂ ਉੱਤੇ ਸਾਡੇ ਦੇਸ਼ ਦੇ ਪਾਸਪੋਰਟ ਨੂੰ ਵਧੇਰੇ ਘੋਖਿਆ-ਪੜਤਾਲਿਆ ਜਾਂਦਾ ਹੈ।

ਕਈ ਭਰਾ, ਆਪਣੀਆਂ ਭੈਣਾਂ ਨੂੰ ਪਤਨੀਆਂ ਬਣਾ ਕੇ ਵਿਦੇਸ਼ਾਂ ਵਿਚ ਲੈ ਗਏ।

ਮੈਂ ਸਮਝਣ ਦਾ ਯਤਨ ਕਰ ਰਿਹਾ ਹਾਂ ਕਿ ਕਿਹੜੀ ਭੁੱਖ ਹੈ, ਜਿਹੜੀ ਉਨ੍ਹਾਂ ਦੇ ਅਜਿਹੇ ਨੀਵੇਂ ਵਿਵਹਾਰ ਲਈ ਜ਼ਿੰਮੇਵਾਰ ਹੈ।

ਵਿਦੇਸ਼ਾਂ ਵਿਚ ਵਸਦੇ ਭਾਰਤੀ ਪਤੀ-ਪਤਨੀਆਂ ਵਿਚਕਾਰ ਇਸ ਗੱਲ ਦੀ ਨਿਰੰਤਰ ਬਹਿਸ ਅਤੇ ਸਲਾਹ-ਮਸ਼ਵਰਾ ਹੁੰਦਾ ਹੈ ਕਿ ਕਿਹੜੇ ਰਿਸ਼ਤੇਦਾਰ ਨੂੰ ਬੁਲਾਉਣਾ ਹੈ ਅਤੇ ਕਿਹੜੇ ਢੰਗ-ਤਰੀਕੇ ਵਰਤੇ ਜਾਣੇ ਹਨ। ਵਿਦੇਸ਼ਾਂ ਵਿਚ ਸਾਡਾ ਵਰਤਾਰਾ ਇਤਨੀ ਨੀਵੀਂ ਪੱਧਰ ਦਾ ਹੈ ਕਿ ਸ਼ਰਮ ਨਾਲ ਸਿਰ ਗੋਡਿਆਂ ਨੂੰ ਲੱਗ ਜਾਂਦਾ ਹੈ। ਸਾਡੇ ਦੇਸ਼ ਦੇ ਲੋਕਾਂ ਦੀਆਂ ਬਹੁਤੀਆਂ ਸਮੱਸਿਆਵਾਂ ਗਰੀਬੀ ਦੀ ਦੇਣ ਹਨ, ਖੁਸ਼ਹਾਲੀ ਦੀਆਂ ਉਪਜਾਈਆਂ ਨੀਵੀਆਂ ਸਮੱਸਿਆਵਾਂ ਵੇਖਣੀਆਂ ਹੋਣ ਤਾਂ ਅਮਰੀਕਾ ਅਤੇ ਇੰਗਲੈਂਡ ਵਿਚਲੇ ਭਾਰਤੀ ਟੱਬਰਾਂ ਦੇ ਜੀਵਨ-ਵਰਤਾਰੇ ਨੂੰ ਵੇਖਣ ਦੀ ਲੋੜ ਹੈ।

ਸਾਡਾ ਵਰਤਾਰਾ ਗਰੀਬੀ ਵਿਚੋਂ ਉਪਜੇ ਸੰਕੋਚ ਨਾਲ ਸੁੰਗੜਿਆ ਪਿਆ ਹੈ। ਜਦੋਂ ਕਿਸੇ ਗਰੀਬ ਵਿਅਕਤੀ ਕੋਲ ਉਸ ਦੀ ਸਮਰੱਥਾ ਜਾਂ ਕਲਪਨਾ ਨਾਲੋਂ ਵਧੇਰੇ ਧਨ ਇਕੱਤਰ ਹੋ ਜਾਵੇ ਤਾਂ ਉਸ ਦੇ ਵਿਹਾਰ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਹੋਛਾਪਣ, ਦਿਖਾਵਾ ਅਤੇ ਖੋਖਲਾਪਣ ਆ ਜਾਣਾ ਸੁਭਾਵਿਕ ਹੁੰਦਾ ਹੈ।

ਵਿਦੇਸ਼ਾਂ ਵਿਚ ਵੱਸਦੇ ਭਾਰਤੀ ਟੱਬਰ ਇਕ ਦੂਜੇ ਨਾਲੋਂ ਪੂਰਨ ਭਾਂਤ ਟੁੱਟੇ ਹੋਏ ਹਨ, ਕਿਉਂਕਿ ਈਰਖਾ, ਸਾੜਾ, ਖੋਰ, ਖੁੰਦਕ, ਸ਼ਰੀਕਪੁਣਾ ਉਨ੍ਹਾਂ ਦੇ ਵਿਹਾਰ ਦੀਆਂ ਚੂਲਾਂ ਹਨ।

ਕੋਈ ਭਾਰਤੀ ਅਮਰੀਕਾ ਨਾ ਜਾਵੇ ਤਾਂ ਵੀ ਉਹ ਸੰਤੁਸ਼ਟ ਜੀਵਨ ਬਤੀਤ ਕਰ ਸਕਦਾ ਹੈ ਪਰ ਅਮਰੀਕਾ ਵਿਚ ਰਹਿੰਦਾ ਕੋਈ ਭਾਰਤੀ, ਭਾਰਤ ਨਾ ਆਵੇ ਤਾਂ ਉਸ ਨੂੰ ਆਪਣੀਆਂ ਪ੍ਰਾਪਤੀਆਂ ਫਿੱਕੀਆਂ-ਫਿੱਕੀਆਂ ਲੱਗਦੀਆਂ ਹਨ।

ਉਸ ਨੂੰ ਮਾਨਤਾ ਪ੍ਰਾਪਤੀ ਲਈ ਭਾਰਤ ਆਉਣਾ ਪੈਂਦਾ ਹੈ। ਉਧਰ ਰਹਿਣ ਵਾਲੇ ਟੱਬਰ ਅਕਸਰ ਆਪਣੇ ਧੀਆਂ, ਪੁੱਤਰਾਂ ਲਈ ਸਾਕ ਇਧਰੋਂ ਹੀ ਲੱਭਦੇ ਹਨ ਜਦੋਂ ਕਿ ਜੇ ਉਹ ਚਾਹੁਣ ਤਾਂ ਉੱਧਰ ਵਸਦੇ ਭਾਰਤੀ ਟੱਬਰਾਂ ਵਿਚ ਵੀ ਸਾਕ ਕਰ ਸਕਦੇ ਹਨ। ਉਨ੍ਹਾਂ ਦੇ ਅਜਿਹਾ ਨਾ ਕਰਨ ਦਾ ਕਾਰਨ ਸਪੱਸ਼ਟ ਹੈ, ਉਨ੍ਹਾਂ ਨੂੰ ਉਥੇ ਦੀ ਕਮਾਈ ਨਾਲ ਤਾਂ ਤਸੱਲੀ ਹੈ ਪਰ ਉਥੋਂ ਦੇ ਸਮਾਜਿਕ ਅਤੇ ਸਭਿਆਚਾਰਕ ਜੀਵਨ ਨਾਲ ਤਸੱਲੀ ਨਹੀਂ।

ਸਾਡੇ ਦੇਸ਼-ਵਾਸੀਆਂ ਦੀ, ਸਾਡੇ ਆਪਣੇ ਦੇਸ਼ ਵਿਚ ਸਥਿਤ ਵਿਦੇਸ਼ੀ ਸਫ਼ਾਰਤਖ਼ਾਨਿਆਂ ਵਿਚ ਵੀਜ਼ਾ ਪ੍ਰਾਪਤ ਕਰਨ ਸਮੇਂ ਜਿਹੜੀ ਹਾਲਤ ਹੁੰਦੀ ਹੈ, ਉਹ ਵੇਖ ਕੇ ਹੀ ਸਮਝੀ ਜਾ ਸਕਦੀ ਹੈ। ਅੰਤਰ-ਰਾਸ਼ਟਰੀ ਦੁਨੀਆਂ ਵਿਚ ਸਾਡੀ ਗਿਣਤੀ ਗਏ-ਗੁਜ਼ਰਿਆਂ ਵਿਚ ਹੁੰਦੀ ਹੈ। ਅਸੀਂ ਡੀਂਗਾਂ ਜਿੰਨੀਆਂ ਮਰਜ਼ੀ ਮਾਰੀਏ, ਸੰਸਾਰ ਵਿਚ ਸਾਡਾ ਮਹੱਤਵ ਅਤੇ ਸਾਡੀ ਪੁੱਛ-ਪ੍ਰਤੀਤ ਨਾ ਹੋਣ ਦੇ ਬਰਾਬਰ ਹੈ।

ਸਾਡਾ ਸੁਭਾਅ ਹੈ ਕਿ ਅਸੀਂ ਗਲਬਾਤ ਕਰਨ ਅਤੇ ਸੋਚਣ ਵੇਲੇ ਕੇਵਲ ਸਫ਼ਲ ਉਦਾਹਰਣਾਂ ਨੂੰ ਹੀ ਸਾਹਮਣੇ ਰੱਖਦੇ ਹਾਂ, ਜਦੋਂ ਕਿ ਉਸ ਦੇ ਪਿੱਛੋਕੜ ਵਿਚ ਦਫ਼ਨ ਹੋ ਗਈਆਂ ਅਨੇਕਾਂ ਅਸਫਲਤਾਵਾਂ ਨੂੰ ਭੁੱਲ ਜਾਂਦੇ ਹਾਂ।

ਜੇ ਦੱਸ ਨੌਕਰੀਆਂ ਲਈ ਸਾਡੇ ਦੇਸ਼ ਵਿਚ ਇਕ ਹਜ਼ਾਰ ਵਿਅਕਤੀ ਬੇਨਤੀ-ਪੱਤਰ ਭੇਜਦੇ ਹਨ ਤਾਂ ਸਾਨੂੰ ਕੇਵਲ ਦੱਸ ਨੌਕਰੀਆਂ ਦੇ ਸੰਦਰਭ ਵਿਚ ਨਹੀਂ, ਇਕ ਹਜ਼ਾਰ ਬਿਨੈਕਾਰਾਂ ਦੇ ਸੰਦਰਭ ਵਿਚ ਸੋਚਣਾ ਚਾਹੀਦਾ ਹੈ।

ਇਤਨੀ ਵੱਡੀ ਗਿਣਤੀ ਵਿਚ ਲੋਕਾਂ ਵਲੋਂ ਬੇਨਤੀ-ਪੱਤਰ ਭੇਜਿਆ ਜਾਣਾ, ਖ਼ੁਸ਼ੀ ਦੀ ਨਹੀਂ, ਨਿਰਾਸ਼ਾ ਦੀ ਅਲਾਮਤ ਹੈ।

ਸਫ਼ਾਰਤਖ਼ਾਨਿਆਂ ਵਿਚ ਸਾਡੀ ਹਾਲਤ ਅਜਿਹੀ ਹੀ ਹੈ।

ਕਿਸੇ ਨੇ ਅਮਰੀਕਾ ਵਿਚ ਇਕ ਨਵੇਂ ਪਹੁੰਚੇ ਵਿਅਕਤੀ ਨੂੰ ਆਪਣੇ ਅਨੁਭਵ ਦੇ ਆਧਾਰ ਉੱਤੇ ਦੱਸਿਆ, 'ਇੱਥੇ ਛੇ-ਸੱਤ ਵਰ੍ਹੇ ਘੋੜੇ ਵਾਂਗ ਕੰਮ ਕਰਨਾ ਪੈਂਦਾ ਹੈ।' ਸੁਣਨ ਵਾਲੇ ਨੇ ਪੁੱਛਿਆ, 'ਕੀ ਫਿਰ ਸਭ ਕੁਝ ਠੀਕ-ਠਾਕ ਹੋ ਜਾਂਦਾ ਹੈ?' ਉੱਤਰ ਮਿਲਿਆ, 'ਕੰਮ ਤਾਂ ਫਿਰ ਵੀ ਘੋੜੇ ਵਾਂਗ ਹੀ ਕਰਨਾ ਪੈਂਦਾ ਹੈ ਪਰ ਫਿਰ ਮਹਿਸੂਸ ਨਹੀਂ ਹੁੰਦਾ, ਕਿਉਂਕਿ ਆਦਤ ਪੈ ਚੁੱਕੀ ਹੁੰਦੀ ਹੈ।'

ਸਾਡੇ ਦੇਸ਼ ਵਿਚ ਕੰਮ ਕਰਨ ਦੀ ਜਿਤਨੀ ਕੁ ਅਤੇ ਜਿਹੋ-ਜਿਹੇ ਕੰਮ ਕਰਨ ਦੀ ਸਾਡੀ ਆਦਤ ਹੈ, ਉਸ ਹਿਸਾਬ ਨਾਲ ਤਾਂ ਉਥੇ ਸਾਡਾ ਹਾਲ ਇਕ ਫੁੱਟਬਾਲ ਵਾਲਾ ਹੀ ਹੋਵੇਗਾ। ਅਮਰੀਕਾ ਵਿਚ ਮੈਨੂੰ ਅਨੇਕਾਂ ਅਜਿਹੇ ਵਿਅਕਤੀ ਮਿਲੇ ਜਿਹੜੇ ਅਸਫਲਤਾ ਦੀਆਂ ਮੂੰਹ-ਬੋਲਦੀਆਂ ਉਦਾਹਰਣਾਂ ਹਨ ਪਰ ਸ਼ਰਮ ਦੇ ਮਾਰੇ ਉਹ ਵਾਪਸ ਆਪਣੇ ਦੇਸ਼ ਆਉਣ ਤੋਂ ਵੀ ਡਰਦੇ ਹਨ।

ਇਹੀ ਉਹ ਲੋਕ ਹੁੰਦੇ ਹਨ ਜਿਹੜੇ ਡੀਂਗਾਂ ਮਾਰਦੇ ਹਨ।

ਫੜ੍ਹਾਂ ਅਤੇ ਡੀਂਗਾਂ ਮਾਰਨ ਦੀ ਲੋੜ ਹਮੇਸ਼ਾਂ ਅਸਫਲ ਬੰਦੇ ਨੂੰ ਪੈਂਦੀ ਹੈ।

ਸਫਲ ਬੰਦੇ ਨੂੰ ਆਪਣੇ ਬਾਰੇ ਕੁਝ ਕਹਿਣ ਦੀ ਲੋੜ ਨਹੀਂ ਹੁੰਦੀ, ਕਿਉਂਕਿ ਉਸ ਬਾਰੇ ਗੱਲਾਂ ਕਰਨ ਵਾਲੇ ਹੋਰ ਬਹੁਤ ਲੋਕ ਹੁੰਦੇ ਹਨ।

ਅਸੀਂ ਦੁਨੀਆਂ ਭਰ ਵਿਚ, ਯੋਗ-ਅਯੋਗ ਢੰਗ ਅਪਨਾ ਕੇ, ਯੋਰਪ ਅਤੇ ਅਮਰੀਕਾ ਵਿਚ ਦਾਖ਼ਲ ਹੋਣ ਲਈ ਬਦਨਾਮ ਹਾਂ।

ਅਮਰੀਕਾ ਵਿਚ ਰਹਿੰਦੇ ਹਰ ਭਾਰਤੀ ਨੇ ਆਪਣੇ ਰਿਸ਼ਤੇਦਾਰਾਂ ਨੂੰ ਉਥੇ ਬੁਲਾਉਣ ਲਈ ਕਾਗਜ਼-ਪੱਤਰ ਦਾਖਲ ਕੀਤੇ ਹੋਏ ਹਨ ਅਤੇ ਇਹ ਰਿਸ਼ਤੇਦਾਰ ਇਧਰ ਕਈ ਸਾਲ ਆਪਣੇ ਚਲੇ ਜਾਣ ਦੀਆਂ ਬਾਤਾਂ ਪਾਉਂਦੇ ਰਹਿੰਦੇ ਹਨ। ਜਿਹੜੇ ਪਹਿਲਾਂ ਚਲੇ ਗਏ ਹਨ ਉਨ੍ਹਾਂ ਨੇ ਉਥੇ ਹੋਰਾਂ ਲਈ ਥਾਂਵਾਂ ਉਵੇਂ ਹੀ ਮਲੀਆਂ ਹੋਈਆਂ ਹਨ, ਜਿਵੇਂ ਅਸੀਂ ਸਿਨੇਮਿਆਂ, ਬੱਸਾਂ ਅਤੇ ਗੱਡੀਆਂ ਵਿਚ ਥਾਂਵਾਂ ਮਲਦੇ ਹਾਂ।

ਉਥੇ ਜਾ ਕੇ ਕਿਸੇ ਵਲੋਂ ਪਰਤ ਕੇ ਨਾ ਆਉਣ ਦਾ ਕਾਰਨ, ਉਥੋਂ ਦੀ ਪੁਲੀਸ ਦਾ ਸਾਊ ਸੁਭਾਅ ਅਤੇ ਨਿਰਪੱਖ ਨਿਆਂ-ਪ੍ਰਣਾਲੀ ਹੈ।

ਉਥੇ ਮਨੁੱਖ ਦੀ ਕੀਮਤ ਹੈ, ਹਰ ਕਿਸੇ ਦੇ ਹੱਕਾਂ ਅਤੇ ਆਜ਼ਾਦੀ ਦੀ ਕਦਰ ਹੈ ਅਤੇ ਹਰ ਵਧੀਕੀ ਦਾ ਝੱਟਪਟ ਨਿਪਟਾਰਾ ਕੀਤਾ ਜਾਂਦਾ ਹੈ।

ਉਥੇ ਹਸਪਤਾਲਾਂ ਵਿਚ ਇਲਾਜ ਦੀਆਂ ਵਧੀਆ ਸਹੂਲਤਾਂ ਵੀ ਮਨੁੱਖ ਨੂੰ ਵਾਪਸ ਆਉਣ ਤੋਂ ਰੋਕਦੀਆਂ ਹਨ। ਇਥੇ ਮੈਨੂੰ ਕਿਸੇ ਦੀ ਕਹੀ ਗੱਲ ਯਾਦ ਆ ਰਹੀ ਹੈ ਕਿ ਕਿਸੇ ਦੇਸ਼ ਦੀ ਹਾਲਤ ਵੇਖਣੀ ਹੋਵੇ ਤਾਂ ਉਸ ਦੇਸ਼ ਦੇ ਮਜ਼ਦੂਰ ਦੀ ਹਾਲਤ ਵੇਖੋ। ਕਿਸੇ ਦੇਸ਼ ਦੀ ਉੱਨਤੀ ਵੇਖਣੀ ਹੋਵੇ ਤਾਂ ਵੇਖੋ ਕਿ ਥਾਣਿਆਂ, ਹਸਪਤਾਲਾਂ, ਬੱਸ-ਅੱਡਿਆਂ, ਰੇਲਵੇ-ਸਟੇਸ਼ਨਾਂ, ਅਦਾਲਤਾਂ ਆਦਿ ਵਿਚ ਆਮ ਸਾਧਾਰਣ ਮਨੁੱਖ ਦੀ ਹਾਲਤ ਸੁਧਰੀ ਹੈ ਕਿ ਵਿਗੜੀ ਹੈ। ਇਹ ਸਭ ਥਾਂਵਾਂ ਲੋਕਾਂ ਲਈ, ਲੋਕਾਂ ਤੋਂ ਉਗਰਾਹੇ ਟੈਕਸਾਂ ਨਾਲ, ਚਲਾਈਆਂ ਅਤੇ ਬਣਾਈਆਂ ਗਈਆਂ ਹੁੰਦੀਆਂ ਹਨ।

ਅਮਰੀਕਾ ਤੋਂ ਆਉਣ ਵਾਲੇ ਤੁਹਾਡੇ ਰਿਸ਼ਤੇਦਾਰ ਕਦੇ ਨਹੀਂ ਦਸਣਗੇ ਕਿ ਉਹ ਉਥੇ ਕਿਥੇ ਅਤੇ ਕੀ ਕੰਮ ਕਰਦੇ ਹਨ।

ਡਾਕਟਰ, ਇੰਜੀਨੀਅਰ ਆਦਿ ਅਮਰੀਕਾ ਵਿਚ ਬੜੇ ਖੁਸ਼ਹਾਲ ਹਨ, ਸੋ ਕੇਵਲ ਉਹ ਹੀ ਆਪਣੇ ਕੰਮ ਬਾਰੇ ਸੱਚ ਬੋਲਣਗੇ।

ਤੁਹਾਡਾ ਜਿਹੜਾ ਰਿਸ਼ਤੇਦਾਰ ਇਧਰ ਆ ਕੇ ਦੋ ਸਪਤਾਹ ਤੋਂ ਵੱਧ ਠਹਿਰਦਾ ਹੈ, ਸਮਝੋ ਉਹ ਉਥੇ ਚਰਖੜੀ ਉਤੇ ਚੜ੍ਹਿਆ ਹੋਇਆ ਹੈ। ਉਥੇ ਚੰਗਾ ਕੰਮ ਕਰਨ ਵਾਲੇ ਬੰਦੇ ਕੋਲ ਵਿਹਲ ਨਾਂ ਦੀ ਕੋਈ ਚੀਜ਼ ਨਹੀਂ।

ਕੰਮ ਵਾਲੇ ਵਿਅਕਤੀ ਦੋ ਸਪਤਾਹ ਹੀ ਠਹਿਰਦੇ ਹਨ, ਕਿਉਂਕਿ ਇਹ ਹਵਾਈ ਜਹਾਜ਼ ਦੀ ਟਿਕਟ ਦੀ ਸ਼ਰਤ ਹੁੰਦੀ ਹੈ ਅਤੇ ਜੇ ਕੋਈ ਦੋ ਸਪਤਾਹ ਤੋਂ ਪਹਿਲੇ ਵਾਪਸ ਮੁੜਨਾ ਚਾਹਵੇ ਤਾਂ ਉਸ ਨੂੰ ਮਹਿੰਗੀ ਟਿਕਟ ਖਰੀਦਣੀ ਪੈਂਦੀ ਹੈ।

ਅਮਰੀਕਾ ਦੇ ਸੰਦਰਭ ਵਿਚ ਉਥੇ ਵਸਦੇ ਕਿਸੇ ਭਾਰਤੀ ਲਈ ਅਮਰੀਕੀ ਅਰਥਾਂ ਵਿਚ ਖੁਸ਼ਹਾਲ ਹੋਣਾ ਆਮ ਕਰਕੇ ਅਸੰਭਵ ਹੈ।

ਅਸੀਂ ਕਿਉਂਕਿ ਗਰੀਬ ਦੇਸ਼ ਦੇ ਵਾਸੀ ਹਾਂ ਇਸ ਲਈ ਖੁਸ਼ਹਾਲ ਦੇਸ਼ਾਂ ਵਿਚ ਸਾਡੀਆਂ ਆਸਾਂ-ਉਮੰਗਾਂ ਅਤੇ ਸੁਪਨੇ ਜਲਦੀ ਹੀ ਪੂਰੇ ਹੋ ਜਾਂਦੇ ਹਨ।

ਜਦੋਂ ਆਸਾਂ-ਉਮੰਗਾਂ ਪੂਰੀਆਂ ਹੋ ਜਾਣ ਤਾਂ ਇਸ ਉਪਰੰਤ ਹੀ ਕਿਸੇ ਦੀ ਮਾਨਸਿਕ ਪੱਧਰ ਦਾ ਪਤਾ ਲਗਦਾ ਹੈ। ਜਿਹੜੇ ਭਾਰਤੀ ਯੋਰਪ ਜਾਂ ਅਮਰੀਕਾ ਗਏ ਹਨ, ਉਨ੍ਹਾਂ ਦਾ ਮਾਨਸਿਕ ਵਿਕਾਸ ਅਤੇ ਸੋਚ ਦਾ ਪੱਧਰ ਉਚੇਰਾ ਨਹੀਂ ਹੋਇਆ। ਕਿਉਂਕਿ ਉਥੇ ਤਕਨਾਲੋਜੀ ਦੀ ਪੱਧਰ ਉੱਚੀ ਹੈ, ਸੋ ਉਨ੍ਹਾਂ ਦੀ ਕਾਰਗੁਜ਼ਾਰੀ ਚੰਗੀ ਹੈ ਪਰ ਸਮੁੱਚੇ ਰੂਪ ਵਿਚ ਬਹੁਗਿਣਤੀ ਦੀ ਆਪਣੇ ਕੰਮ ਤੋਂ ਇਲਾਵਾ ਹੋਰ ਖੇਤਰਾਂ ਵਿਚ ਦਿਲਚਸਪੀ ਘਟੀ ਹੈ।

ਅਮਰੀਕਾ ਮਨੁੱਖ ਨੂੰ ਭੰਬੀਰੀ ਵਾਂਗ ਘੁੰਮਾਉਂਦਾ ਹੈ ਅਤੇ ਘੁੰਮ ਰਿਹਾ ਵਿਅਕਤੀ ਸੋਚ ਨਹੀਂ ਸਕਦਾ, ਕਿਉਂਕਿ ਉਸ ਦਾ ਸਾਰਾ ਧਿਆਨ ਸੰਭਲਣ ਵਿਚ ਲਗਿਆ ਹੁੰਦਾ ਹੈ।

ਜਿਵੇਂ ਤਿਲ੍ਹਕਦੇ ਬੰਦੇ ਦੇ ਹੱਥ ਵਿਚ ਫੜੀ ਚੀਜ਼ ਡਿਗ ਪੈਂਦੀ ਹੈ, ਉਵੇਂ ਹੀ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਦੇ ਹੱਥੋਂ ਆਪਣੀ ਜੀਵਨ-ਜਾਚ ਗੁਆਚਦੀ ਜਾ ਰਹੀ ਹੈ। ਇਵੇਂ ਹੋਣਾ ਹੀ ਹੈ। ਉਨ੍ਹਾਂ ਦੀ ਹਾਲਤ ਦਿੱਲੀ ਵਿਚ ਪਹਿਲੀ ਵਾਰ ਗਏ ਕਿਸੇ ਪਿੰਡ ਦੇ ਵਿਅਕਤੀ ਵਾਲੀ ਹੈ, ਜਿਹੜਾ ਦੋ ਜੀਵਨ-ਜਾਚਾਂ ਵਿਚ ਭਟਕਦਾ ਹੈ ਅਤੇ ਬੇਵਸ ਹੋ ਕੇ ਅਜੀਬ ਜਿਹੀ ਜੀਵਨ-ਜਾਚ ਅਪਣਾ ਲੈਂਦਾ ਹੈ।

ਜਿਵੇਂ ਬਿਗਾਨੀ ਬੋਲੀ ਬੋਲਣ ਨਾਲ ਮੂੰਹ ਦੁੱਖਣ ਲੱਗ ਪੈਂਦਾ ਹੈ, ਉਵੇਂ ਹੀ ਬਿਗਾਨੀ ਜੀਵਨ-ਜਾਚ ਨਾਲ ਸਭ ਕੁੱਝ ਦੁੱਖਣ ਲੱਗ ਪੈਂਦਾ ਹੈ। ਵਿਦੇਸ਼ਾਂ ਵਿਚ ਵਸਦੇ ਭਾਰਤੀ ਟੱਬਰ ਇਹ ਸੰਤਾਪ ਹੰਢਾ ਰਹੇ ਹਨ।

ਅਮਰੀਕਾ ਵਿਚ ਵਸਦੇ ਭਾਰਤੀਆਂ ਦੇ ਬੱਚੇ ਭਾਰਤ ਨੂੰ ਨਫ਼ਰਤ ਕਰਦੇ ਹਨ, ਜਦੋਂ ਕਿ ਮਾਪੇ ਉਥੋਂ ਦੀ ਜੀਵਨ ਜਾਚ ਨੂੰ ਨਫ਼ਰਤ ਕਰਦੇ ਹਨ।

ਮਾਪਿਆਂ ਦੀ ਹਾਲਤ ਉਸ ਵਿਅਕਤੀ ਵਾਲੀ ਹੁੰਦੀ ਹੈ, ਜਿਹੜਾ ਆਪਣੀ ਸਿਰਜੀ ਸ਼ਤਰੰਜ ਦੀ ਬਾਜ਼ੀ, ਜਿੱਤ ਕੇ ਹਾਰ ਗਿਆ ਹੋਵੇ।

ਜਿਹੜਾ ਵਿਅਕਤੀ ਪੰਜ ਵਰ੍ਹੇ ਵਿਦੇਸ਼ ਰਹਿ ਜਾਵੇ, ਉਹ ਮੁੜੇਗਾ ਨਹੀਂ, ਜੇ ਮੁੜੇਗਾ ਤਾਂ ਮੁੜ ਉਥੇ ਜਾਣ ਲਈ ਤਾਂਘਦਾ ਰਹੇਗਾ।

ਮੈਂ ਤਾਂ ਉਹ ਦੁਨੀਆਂ ਕੁਝ ਮਹੀਨੇ ਹੀ ਵੇਖੀ ਹੈ ਪਰ ਫਿਰ ਵੀ ਮੈਨੂੰ ਆ ਕੇ ਕਿੰਨੇ ਹੀ ਮਹੀਨੇ ਆਪਣੇ ਘਰ ਵਿਚ ਵੀ ਸਭ ਕੁਝ ਬੜਾ ਅਜੀਬ ਲਗਦਾ ਰਿਹਾ ਹੈ।

ਮੈਂ ਉਨ੍ਹਾਂ ਵਿਅਕਤੀਆਂ ਬਾਰੇ ਟਿਪਣੀ ਕਰਨੀ ਚਾਹਵਾਂਗਾ, ਜਿਹੜੇ ਉਥੇ ਗਏ ਨਹੀਂ ਅਤੇ ਫਿਰ ਵੀ ਮੁੜ ਆਇਆਂ ਨੂੰ ਸਮਝਾਉਣ ਦੀ ਜ਼ਿੱਦ ਕਰਦੇ ਹਨ।

ਉਨ੍ਹਾਂ ਦਾ ਸੁਭਾਅ ਵੇਖ ਕੇ ਮੈਨੂੰ ਉਹ ਵਿਅਕਤੀ ਯਾਦ ਆਉਂਦਾ ਹੈ, ਜਿਸ ਦਾ ਵਿਆਹ ਨਾ ਹੋਇਆ ਹੋਵੇ ਪਰ ਉਹ ਦੂਜਿਆਂ ਨੂੰ ਬੱਚੇ ਪਾਲਣ ਦੇ ਢੰਗ ਤਰੀਕੇ ਸੁਝਾਵੇ।

ਅਨੇਕਾਂ ਵਿਅਕਤਆਂ ਨੇ ਪੁੱਛਿਆ ਹੈ ਕਿ ਵਿਦੇਸ਼ ਜਾਣਾ ਚਾਹੀਦਾ ਹੈ ਕਿ ਨਹੀਂ ? ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਤੁਹਾਡੀ ਸੋਚ ਅਤੇ ਅਨੁਭਵ ਦੇ ਕਈ ਬੂਹੇ ਅਤੇ ਝਰੋਖੇ ਵਿਦੇਸ਼ ਯਾਤਰਾ ਦੀ ਕੁੰਜੀ ਨਾਲ ਹੀ ਖੁਲ੍ਹਣਗੇ।

ਮੈਂ ਅਨੁਭਵ ਕੀਤਾ ਹੈ ਕਿ ਸਾਡੇ ਬਹੁਤ ਸਾਰੇ ਪੱਖਪਾਤ ਇਸ ਕਰਕੇ ਪਲਦੇ ਰਹਿੰਦੇ ਹਨ, ਕਿਉਂਕਿ ਅਸੀਂ ਆਪਣੇ ਇਲਾਕੇ ਅਤੇ ਸਭਿਆਚਾਰ ਤੋਂ ਬਾਹਰ ਨਹੀਂ ਜਾਂਦੇ। ਖਲੋਤੇ ਪਾਣੀ ਵਾਂਗ ਅਸੀਂ ਬਹੇ ਅਤੇ ਪੁਰਾਣੇ ਲੱਗਣ ਲੱਗ ਪੈਂਦੇ ਹਾਂ।

ਡੰਡੀ ਨੂੰ ਸ਼ਾਹ-ਰਾਹ ਬਣਾਉਣ ਦਾ ਹੁਨਰ ਸਿਖਣ ਦੀ ਲੋੜ ਹੈ।

ਦੁਨੀਆਂ ਨੂੰ ਵੇਖ ਕੇ ਅਨੇਕਾਂ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਮੇਰਾ ਵਿਚਾਰ ਹੈ ਕਿ ਜੇ ਸਾਡੇ ਦੇਸ਼ ਵਿਚ ਯਾਤਰਾ ਦੀਆਂ ਸਹੂਲਤਾਂ ਸੌਖੀਆਂ ਅਤੇ ਸੱਸਤੀਆ ਕਰ ਦਿੱਤੀਆਂ ਜਾਣ ਤਾਂ ਦੇਸ਼ ਦੀ ਏਕਤਾ ਦਾ ਪ੍ਰਚਾਰ ਕਰਨ ਦੀ ਲੋੜ ਨਹੀਂ ਪਵੇਗੀ।

ਦੁਨੀਆਂ ਬਹੁਤ ਵਿਸ਼ਾਲ ਹੈ। ਦੁਨੀਆਂ ਬਹੁਤ ਛੋਟੀ ਹੈ। ਦੁਨੀਆਂ ਵੇਖਣੀ ਚਾਹੀਦੀ ਹੈ। ਵਾਪਸ ਮੁੜ ਕੇ ਮੈਂ ਤਾਂ ਆਪਣੇ ਬੱਚਿਆਂ ਨੂੰ ਕਿਹਾ ਕਿ ਤੁਹਾਡੇ ਵਾਸਤੇ ਮੈਂ ਕੋਈ ਜਾਇਦਾਦ ਨਹੀਂ ਛਡਾਂਗਾ ਪਰ ਤੁਹਾਨੂੰ ਦੁਨੀਆਂ ਜ਼ਰੂਰ ਵਿਖਾ ਦੇਵਾਂਗਾ।

ਮੇਰੀ ਧਾਰਨਾ ਹੈ ਕਿ ਜੇ ਬੱਚੇ ਲਾਇਕ ਹੋਣ ਤਾਂ ਉਨ੍ਹਾਂ ਨੂੰ ਮਾਪਿਆਂ ਦੀ ਜਾਇਦਾਦ ਦੀ ਲੋੜ ਨਹੀਂ ਅਤੇ ਜੇ ਲਾਇਕ ਨਹੀਂ ਤਾਂ ਉਹ ਮਾਪਿਆਂ ਦੀ ਜਾਇਦਾਦ ਦੇ ਯੋਗ ਨਹੀਂ, ਸੋ ਬੱਚਿਆਂ ਦਾ ਜਾਇਦਾਦ ਨਾਲ ਲਾਜ਼ਮੀ ਸੰਬੰਧ ਨਹੀਂ ਹੁੰਦਾ।

ਇਹ ਸੰਬੰਧ ਉਸਾਰ ਕੇ ਅਸੀਂ ਉਨ੍ਹਾਂ ਦੇ ਵਿਕਾਸ ਨੂੰ ਰੋਕਦੇ ਹਾਂ।

ਭਾਰਤ ਵਿਚ ਯੋਰਪ ਅਤੇ ਅਮਰੀਕਾ ਦੇ ਮੁਕਾਬਲੇ ਯਾਤਰਾ ਕਰਨੀ ਇਤਨੀ ਸੱਸਤੀ ਹੈ ਕਿ ਮੁਕਾਬਲਾ ਕਰਨਾ ਹਾਸੋਹੀਣਾ ਪ੍ਰਤੀਤ ਹੁੰਦਾ ਹੈ। ਭਾਰਤ ਗਰੀਬ ਦੇਸ਼ ਤਾਂ ਹੈ ਪਰ ਯੋਰਪ ਦੇ ਮੁਕਾਬਲੇ ਇਹ ਬਹੁਤ ਹੀ ਸੱਸਤਾ ਹੈ

ਦੁਨੀਆਂ ਵੇਖਣ ਤੋਂ ਪਹਿਲਾਂ ਆਪਣਾ ਦੇਸ਼ ਜ਼ਰੂਰ ਚੰਗੀ ਤਰ੍ਹਾਂ ਘੁੰਮ ਲੈਣਾ ਚਾਹੀਦਾ ਹੈ। ਨਵੇਂ ਅਨੁਭਵਾਂ ਲਈ ਵਿਦੇਸ਼ ਜਾਣ ਬਾਰੇ ਮੈਂ ਇਹ ਵੀ ਕਹਾਂਗਾ ਕਿ ਜਿਤਨੇ ਖੁਲ੍ਹੇ-ਖੁਲਾਸੇ ਮਨ ਨਾਲ ਜਾਵੋਗੇ, ਨਵੇਂ ਅਨੁਭਵ ਮਾਣਨ ਦੇ ਅਵਸਰ ਉਤਨੇ ਵਧੇਰੇ ਪ੍ਰਾਪਤ ਹੋਣਗੇ।

ਬਾਹਰ ਚਲਾਕੀ ਅਤੇ ਚੁਸਤੀ ਤੁਹਾਡੇ ਲਈ ਮੁਸੀਬਤ ਖੜੀ ਕਰ ਸਕਦੀ ਹੈ।

ਯਾਤਰਾ ਦੇ ਸੰਦਰਭ ਵਿਚ ਸਭ ਤੋਂ ਵਧ ਮਹੱਤਵਪੂਰਨ ਗੱਲ ਇਹ ਹੈ ਕਿ ਜਿਤਨੇ ਘੱਟ ਸਾਮਾਨ ਨਾਲ ਜਾਵੋਗੇ, ਉਤਨੀ ਹੀ ਤੁਹਾਡੀ ਪਰਵਾਜ਼ ਦੂਰ ਤਕ ਅਤੇ ਉੱਚੀ ਹੋਵੇਗੀ।

ਕਿਤਨਾ ਕੁ ਸਾਮਾਨ ਲੈ ਕੇ ਜਾਣਾ ਚਾਹੀਦਾ ਹੈ? ਜਿਤਨਾ ਕੁ ਪੰਛੀ ਅਤੇ ਫ਼ਕੀਰ ਲੈ ਕੇ ਚਲਦੇ ਹਨ। ਇਹ ਯਾਦ ਰਖਣਾ ਚਾਹੀਦਾ ਹੈ ਕਿ ਕਿਸੇ ਕੋਲ ਇਤਨੀ ਵਿਹਲ ਨਹੀਂ ਕਿ ਉਹ ਤੁਹਾਡੇ ਨਿਤ ਬਦਲਦੇ ਕਪੜਿਆਂ ਵੱਲ ਵੇਖੇ।

ਸਾਨੂੰ ਭਾਰਤੀਆਂ ਨੂੰ ਚੀਜ਼ਾਂ ਵਸਤਾਂ ਨਾਲ ਆਪਣੀ ਪਛਾਣ ਕਰਵਾਉਣ ਦੀ ਆਦਤ ਹੈ ਅਤੇ ਅਸੀਂ ਕਪੜਿਆਂ ਵੱਲ ਬਹੁਤ ਅਧਿਕ ਧਿਆਨ ਹੀ ਨਹੀਂ ਦਿੰਦੇ, ਬਹੁਤ ਹੀ ਅਧਿਕ ਕਪੜੇ ਪਹਿਨਦੇ ਹਾਂ।

ਯੋਰਪ ਅਤੇ ਅਮਰੀਕਾ ਵਿਚ ਲੋਕ ਕਪੜੇ ਪਾ-ਪਾ ਅੱਕ ਗਏ ਹਨ, ਸੋ ਉਹ ਕਪੜਿਆਂ ਨੂੰ ਲਾਹ ਰਹੇ ਹਨ ਜਦੋਂ ਕਿ ਅਸੀਂ ਹੁਣ ਕਪੜੇ ਪਾਉਣ ਦੇ ਯੋਗ ਹੋਏ ਹਾਂ, ਇਸ ਲਈ ਅਸੀਂ ਕਪੜੇ ਵਧੇਰੇ ਸੁਆਉਂਦੇ-ਪਾਉਂਦੇ ਹਾਂ।

ਬੜੇ ਦੁੱਖ ਦੀ ਗੱਲ ਹੈ ਕਿ ਬਹੁਤੇ ਲੋਕ ਸਫਰ ਵਾਸਤੇ ਉਹ ਚੀਜ਼ਾਂ ਵੀ ਲੈ ਟੁਰਦੇ ਹਨ, ਜਿਹੜੀਆਂ ਉਨ੍ਹਾਂ ਨੇ ਆਪਣੇ ਘਰ ਵੀ ਕਦੇ ਨਹੀਂ ਵਰਤੀਆਂ ਹੁੰਦੀਆਂ।

ਮੈਨੂੰ ਉਨ੍ਹਾਂ ਲੋਕਾਂ 'ਤੇ ਹਮਦਰਦੀ ਭਰਿਆ ਤਰਸ ਆਉਂਦਾ ਹੈ, ਜਿਹੜੇ ਸਾਰੀ ਯਾਤਰਾ ਵਿਚ ਜਾਂ ਆਪਣੇ ਨੱਗ ਗਿਣਦੇ ਰਹਿੰਦੇ ਹਨ ਜਾਂ ਸਾਮਾਨ ਢੋਂਦੇ ਰਹਿੰਦੇ ਹਨ ਜਾਂ ਸਾਮਾਨ ਪਿਛੇ ਦੂਜਿਆਂ ਨਾਲ ਲੜਦੇ ਰਹਿੰਦੇ ਹਨ ਜਾਂ ਸਾਮਾਨ ਦੀ ਰਾਖੀ ਕਰਦੇ ਰਹਿੰਦੇ ਹਨ।

ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਯਾਤਰਾ ਤਾਂ ਉਨ੍ਹਾਂ ਦਾ ਸਾਮਾਨ ਕਰਦਾ ਹੈ, ਜਦੋਂ ਕਿ ਉਹ ਸਾਮਾਨ ਦੀ ਰਾਖੀ ਲਈ ਜਾਂ ਢੋਆ-ਢੁਆਈ ਲਈ, ਕੁਲੀ ਵਜੋਂ ਨਾਲ ਜਾਂਦੇ ਹਨ। ਅਜਿਹੇ ਲੋਕ ਆਪ ਤਾਂ ਤੰਗ ਹੁੰਦੇ ਹੀ ਹਨ, ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਵੀ ਤੰਗ ਕਰਦੇ ਹਨ। ਵਿਚਾਰੇ!

ਯੋਰਪ ਅਤੇ ਅਮਰੀਕਾ ਵਿਚ ਕੁਲੀ ਨਹੀਂ ਹੁੰਦੇ ਪਰ ਹਵਾਈ ਅੱਡਿਆਂ 'ਤੇ ਬਖਸ਼ੀਸ਼ ਦੇ ਕੇ ਸਾਮਾਨ ਰੇੜ੍ਹੀ ਉਤੇ ਚੁਕਵਾਇਆ ਜਾ ਸਕਦਾ ਹੈ ਪਰ ਜੇ ਬਖਸ਼ੀਸ਼ ਦੇਣੀ ਪਈ ਤਾਂ ਜ਼ਿੰਦਗੀ ਭਰ ਤੁਹਾਨੂੰ ਆਪਣਾ ਨਾਂ ਭਾਵੇਂ ਭੁਲ ਜਾਵੇ ਪਰ ਬਖਸ਼ੀਸ ਦੀ ਰਕਮ ਨਹੀਂ ਭੁਲੇਗੀ।

ਮਨੁੱਖ ਕਿਧਰੇ ਵੀ ਚਲਾ ਜਾਵੇ, ਉਸ ਕੋਲ ਇਤਨੀ ਯੋਗਤਾ ਹੁੰਦੀ ਹੀ ਹੈ ਕਿ ਉਹ ਆਪਣੀਆਂ ਸਮੱਸਿਆਵਾਂ ਨੂੰ ਸਹਿਜੇ ਹੀ ਸੁਲਝਾ ਸਕਦਾ ਹੈ।

ਯਾਤਰਾ ਦੌਰਾਨ ਮਿੱਠੀਆਂ, ਖੱਟੀਆਂ, ਕੌੜੀਆਂ ਘਟਨਾਵਾਂ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ, ਕਿਉਂਕਿ ਇਹੀ ਤਾਂ ਯਾਦ ਰਹਿਣ ਵਾਲੀਆਂ ਗੱਲਾਂ ਹੋਣਗੀਆਂ।

ਮੈਂ ਇਹ ਸੋਚ ਕੇ ਨਿਕਲਿਆ ਸਾਂ ਕਿ ਮੈਂ ਸੰਸਾਰ ਦਾ ਪਹਿਲਾ ਮੁਸਾਫਰ ਨਹੀਂ ਅਤੇ ਨਾ ਹੀ ਅੰਤਲਾ ਮੁਸਾਫਰ ਹਾਂ।

ਯਾਤਰਾ ਦੌਰਾਨ ਉਡੀਕ ਕਰਨ ਦਾ ਸਬਰ ਹੋਣਾ ਚਾਹੀਦਾ ਹੈ

ਗੱਡੀਆਂ, ਬੱਸਾਂ ਸਾਡੇ ਦੇਸ਼ ਵਿਚ ਹੀ ਲੇਟ ਨਹੀਂ ਹੁੰਦੀਆਂ, ਸੰਸਾਰ ਦੇ ਹਰ ਦੇਸ਼ ਵਿਚ ਹੁੰਦੀਆਂ ਹਨ। ਭੁੱਖ ਸਹਾਰਨ ਦੀ ਵੀ ਹਿੰਮਤ ਹੋਣੀ ਚਾਹੀਦੀ ਹੈ, ਕਿਉਂਕਿ ਜ਼ਰੂਰੀ ਨਹੀਂ ਕਿ ਤੁਹਾਨੂੰ ਹਰ ਥਾਂ ਪਕਵਾਨ ਮਿਲਣ ਜਾਂ ਤੁਹਾਡੇ ਸੁਆਦ ਅਨੁਸਾਰ ਖਾਣਾ ਮਿਲੇ।

ਵਿਹਾਰ ਵਿਚ ਲਚਕ ਹੋਣੀ ਚਾਹੀਦੀ ਹੈ, ਕਿਉਂਕਿ ਘਰ ਵਾਲਾ ਧਿਆਨ ਅਤੇ ਆਰਾਮ ਤੁਹਾਨੂੰ ਬਾਹਰ ਕਿਧਰੇ ਵੀ ਨਹੀਂ ਮਿਲੇਗਾ, ਸੋ ਹਰ ਥਾਂ ਸਥਿਤੀ ਅਨੁਸਾਰ ਢਲ ਜਾਣ ਦੀ ਯੋਗਤਾ ਉਪਜਾਉਣੀ ਚਾਹੀਦੀ ਹੈ।

ਵਿਦੇਸ਼ ਯਾਤਰਾ ਦੌਰਾਨ ਇਕ ਸੁਨਿਹਰੀ ਅਸੂਲ ਇਹ ਹੈ ਕਿ ਜਿਵੇਂ ਹੋਰ ਕਰ ਰਹੇ ਹੋਣ, ਬਿਨਾਂ ਕਿਸੇ ਸ਼ਰਮ ਅਤੇ ਸੰਕੋਚ ਦੇ ਉਵੇਂ ਕਰਨ ਲਗ ਜਾਵੋ, ਸਭ ਠੀਕ ਹੋਵੇਗਾ।

ਵਿਦੇਸ਼ਾਂ ਵਿਚ ਘੁੰਮਦਿਆਂ ਹਰ ਇਕ ਵਿਅਕਤੀ ਨਾਲ ਇਹ ਸੁਭਾਵਕ ਹੀ ਵਾਪਰਦਾ ਹੈ ਕਿ ਉਹ ਨਵੀਆਂ ਥਾਂਵਾਂ ਦੀ ਅਤੇ ਉਥੋਂ ਦੇ ਲੋਕਾਂ ਦੀ ਆਪਣੇ ਦੇਸ਼ ਅਤੇ ਲੋਕਾਂ ਨਾਲ ਤੁਲਨਾ ਕਰਦਾ ਰਹਿੰਦਾ ਹੈ। ਇੰਗਲੈਂਡ, ਸਕਾਟਲੈਂਡ, ਫਰਾਂਸ, ਅਮਰੀਕਾ, ਮੈਕਸੀਕੋ, ਕੁਵੈਤ ਆਦਿ ਦੇਸ਼ਾਂ ਵਿਚ ਘੁੰਮਦਿਆਂ ਮੇਰੇ ਨਾਲ ਵੀ ਇੰਜ ਹੀ ਵਾਪਰਿਆ।

ਯੋਰਪ ਅਤੇ ਅਮਰੀਕਾ ਵਿਚ ਸਭ ਤੋਂ ਚੰਗੀ ਗੱਲ ਇਹ ਲੱਗੀ ਕਿ ਉਨ੍ਹਾਂ ਨੇ ਜੀਵਨ ਨੂੰ ਸੌਖਾ ਅਤੇ ਸੁਖਾਵਾਂ ਬਣਾ ਲਿਆ ਹੈ ਅਤੇ ਕਿਸੇ ਵੀ ਰੁਕਾਵਟ ਨੂੰ ਦੂਰ ਕਰਨ ਲਗਿਆਂ ਜਾਂ ਕਿਸੇ ਗਿਰਜੇ ਕਾਰਨ ਉਨ੍ਹਾਂ ਨੂੰ ਆਪਣੀ ਸੜਕ ਟੇਢੀ ਨਹੀਂ ਕਰਨੀ ਪਈ।

ਸਾਡੇ ਜੀਵਨ ਵਿਚ ਧਰਮ ਦਾ ਪ੍ਰਭਾਵ ਅਤੇ ਪਰੰਪਰਾ ਦਾ ਦਖਲ ਇਤਨਾ ਵਧੇਰੇ ਹੈ ਕਿ ਅਸੀਂ ਸਭ ਪ੍ਰਕਾਰ ਦੀ ਨਵੀਨਤਾ ਨੂੰ ਸੰਦੇਹ ਦੀ ਨਜ਼ਰ ਨਾਲ ਵੇਖਦੇ ਹਾਂ। ਇਹੀ ਕਾਰਨ ਹੈ ਕਿ ਸਾਡੇ ਦੇਸ਼ ਵਿਚ ਪਰਿਵਰਤਨ ਦੀ ਚਾਲ ਬੜੀ ਮੱਠੀ ਅਤੇ ਸੁਸਤ ਹੈ।

ਮੇਰਾ ਵਿਸ਼ਵਾਸ ਹੈ ਕਿ ਸਾਡੇ ਦੇਸ਼ ਵਿਚ ਅਗਲੇਰੀ ਖੁਸ਼ਹਾਲੀ, ਨਵੀਆਂ ਤਕਨੀਕਾਂ ਅਤੇ ਮਸ਼ੀਨਾਂ ਦੀ ਭਰਪੂਰ ਵਰਤੋਂ ਨਾਲ ਹੀ ਆਵੇਗੀ। ਮਸ਼ੀਨਾਂ ਦੀ ਵਰਤੋਂ ਨਾਲ ਰੋਜ਼ਗਾਰ ਵੱਧਣਗੇ, ਜ਼ਾਤ-ਪਾਤ ਟੁੱਟੇਗੀ, ਸੰਕੀਰਣਤਾ ਘਟੇਗੀ ਅਤੇ ਖੁਸ਼ਹਾਲੀ ਸਭ ਦੀ ਸਾਂਝੀ ਮਲਕੀਅਤ ਬਣੇਗੀ।

ਮੈਂ ਭਾਰਤ ਨੂੰ ਸੰਸਾਰ ਦੇ ਸਭ ਤੋਂ ਵੱਧ ਖੁਸ਼ਹਾਲ ਦੇਸ਼ ਵਜੋਂ ਵੇਖਣਾ ਚਾਹੁੰਦਾ ਹਾਂ।

ਸਮੁੱਚੇ ਤੌਰ ਉਤੇ ਮੈਂ ਕਹਿਣਾ ਚਾਹਾਂਗਾ ਕਿ ਅੰਨ੍ਹਿਆਂ ਦੇ ਹਾਥੀ-ਦਰਸ਼ਨ ਦੀ ਥਾਂ, ਮੱਥੇ ਦੀ ਥਾਲੀ ਵਿਚ ਪਰੋਸੀਆਂ ਹੋਈਆਂ ਜਗਿਆਸਾ ਅਤੇ ਧਿਆਨ ਦੀਆਂ ਅੱਖਾਂ ਖੋਲ੍ਹ ਕੇ, ਮਹਿਬੂਬ ਦੇ ਦਿਲ ਵਾਲੀ, ਸਰਬੱਤ ਦੇ ਭਲੇ ਵਾਲੀ, ਵਿਸ਼ਾਲ ਦ੍ਰਿਸ਼ਟੀ ਨਾਲ, ਹਨੇਰਿਆਂ ਤੋਂ ਪਾਰ ਵੇਖਣ ਵਾਲੀ ਨਜ਼ਰ ਨਾਲ, ਦੁਨੀਆਂ ਨੂੰ ਨਿਹਾਰਨਾ ਚਾਹੀਦਾ ਹੈ।

ਦੂਜਿਆਂ ਦੀਆਂ ਚੰਗੀਆਂ ਗੱਲਾਂ ਨੂੰ ਅਪਨਾਉਣ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਲਾਹੁਣ ਦੀ ਦਲੇਰੀ ਅਤੇ ਅਮੀਰੀ ਪ੍ਰਗਟਾਉਣੀ ਚਾਹੀਦੀ ਹੈ, ਕਿਉਂਕਿ ਇਵੇਂ ਆਪਾ ਬਦਲਣ ਦੀ ਹਿੰਮਤ ਉਪਜਦੀ ਹੈ।

ਮੇਰਾ ਵਿਸ਼ਵਾਸ ਹੈ ਕਿ ਮਨ ਅਤੇ ਬੁਧੀ ਦੇ ਡੂੰਘੇ ਸਰੋਵਰਾਂ ਵਿਚੋਂ ਫੁੱਟਦੇ ਫੁਰਨੇ, ਸਾਨੂੰ ਸਾਰੇ ਸੰਸਾਰ ਦੇ ਸੰਦਰਭ ਵਿਚ ਸੋਚਣ ਦਾ ਸਲੀਕਾ ਸਿਖਾਉਣਗੇ।

ਯਾਤਰਾ ਦਾ ਇਹੀ ਉਦੇਸ਼ ਹੁੰਦਾ ਹੈ ਅਤੇ ਇਹੀ ਫਲ ਹੁੰਦਾ ਹੈ ।

ਅਣਗਾਹੇ ਰਾਹ ਅਤੇ ਨਵੀਆਂ ਮੰਜ਼ਲਾਂ ਤੁਹਾਨੂੰ, ਸਾਨੂੰ, ਹਰ ਕਿਸੇ ਨੂੰ ਸੂਰਜ ਦੀਆਂ ਬਰੂਹਾਂ ਤਕ ਪਹੁੰਚਣ ਲਈ ਪ੍ਰੇਰ ਰਹੀਆਂ ਹਨ।

ਜਿਹੜੇ ਟੁਰ ਪੈਂਦੇ ਹਨ, ਉਹ ਥਿੰਦੇ ਬੂਹਿਆਂ ਤਕ ਅਪੜ ਹੀ ਜਾਂਦੇ ਹਨ।

- ਅਮਰੀਕਾ ਵਿਚ ਸਭ ਕੁਝ ਬੜਾ ਮਜ਼ਬੂਤ ਹੈ ਪਰ ਕੁਝ ਵੀ ਹੰਢਣਸਾਰ ਨਹੀਂ।
- ਵਿਦੇਸ਼ ਵਿਚ ਕਿਧਰੇ ਵੀ ਆਪਣੇ ਵਤਨ ਵਾਲਾ ਨਿੱਘ ਨਹੀਂ ਮਿਲਦਾ।
- ਆਪਣੇ ਬੁਢਾਪੇ ਨੂੰ ਬਚਾਉਂਦੇ-ਬਚਾਉਂਦੇ, ਭਾਰਤੀ ਆਪਣੀ ਜਵਾਨੀ ਲੁਟਾ ਦਿੰਦੇ ਹਨ।
- ਅਮਰੀਕਾ, ਦੁਨੀਆਂ ਦਾ ਸਭ ਤੋਂ ਵੱਡਾ ਮੇਲਾ ਹੈ।
- ਉਡੀਕ ਜਿਹਾ ਕੋਈ ਤਸੀਹਾ ਨਹੀਂ ਹੁੰਦਾ।
- ਅਜੋਕੇ ਸੰਸਾਰ ਦਾ ਹਰ ਦੇਸ਼, ਅਮਰੀਕਾ ਜਿਤਨਾ ਖੁਸ਼ਹਾਲ ਹੋਣਾ ਚਾਹੁੰਦਾ ਹੈ।
- ਜਿਹੜੇ ਕੁਝ ਨਹੀਂ ਕਰਦੇ, ਉਹ ਕੁਝ ਨਹੀਂ ਬਣਦੇ।
- ਅਮਰੀਕਨਾਂ ਨੂੰ ਕਿਸੇ ਚੀਜ਼ ਨਾਲ ਚਿਮੜੇ ਰਹਿਣ ਦੀ ਆਦਤ ਨਹੀਂ।
- ਭਾਰਤ ਵਿਚ ਪੂਜਾ ਹੀ ਕੰਮ ਹੈ, ਯੋਰਪ ਵਿਚ ਕੰਮ ਹੀ ਪੂਜਾ ਹੈ।
- ਅਮਰੀਕਾ, ਸੰਸਾਰ ਨੂੰ ਸੁਪਨੇ ਵੇਚਦਾ ਹੈ।
- ਜਦੋਂ ਜਜ਼ਬੇ ਠੰਡੇ ਪੈ ਜਾਣ ਤਾਂ ਮਨੁੱਖ ਵਸਤਾਂ ਵਿਚੋਂ ਤਸੱਲੀ ਲਭਦਾ ਹੈ।
- ਲੱਖਾਂ ਲੋਕ ਅਮਰੀਕਾ ਲਭਣ ਗਏ ਹਨ ਪਰ ਆਪ ਗੁਆਚ ਗਏ ਹਨ।
- ਅਮਰੀਕਾ ਤੁਹਾਡੇ ਨਾਲ ਹੱਥ ਨਹੀਂ ਮਿਲਾਉਂਦਾ, ਤੁਹਾਨੂੰ ਪਕੜਦਾ ਹੈ।
- ਪੁਰਾਣੀ ਸ਼ਰਾਬ ਅਤੇ ਤਾਜ਼ਾ ਪਾਣੀ ਇਕ-ਦੂਜੇ ਵਿਚ ਝੱਟ ਘੁੱਲ-ਮਿਲ ਜਾਂਦੇ ਹਨ।
- ਇਤਿਹਾਸ ਕਦੇ ਵੀ ਨਿਰਪੱਖ ਹੋ ਕੇ ਨਹੀਂ ਲਿਖੇ ਜਾਂਦੇ।
- ਫਰਾਂਸ ਵਿਚ ਹਰ ਸਾਲ ਆਉਣ ਵਾਲੇ ਸੈਲਾਨੀ ਦੇਸ਼ ਦੀ ਗਿਣਤੀ ਨਾਲੋਂ ਵੱਧ ਜਾਂਦੇ ਹਨ।
- ਫੜ੍ਹਾਂ ਮਾਰਨ ਦੀ ਲੋੜ ਹਮੇਸ਼ਾ ਪੱਛੜ ਗਏ ਬੰਦੇ ਨੂੰ ਪੈਂਦੀ ਹੈ।
- ਭਾਰਤ ਵਿਚ, ਇਸਤਰੀ ਪਤੀ ਨਾਲ ਰਹਿੰਦੀ ਨਹੀਂ, ਉਸ ਨੂੰ ਪਾਲਦੀ ਹੈ।
- ਯੋਰਪੀਨਾਂ ਦੇ ਸੁਭਾਅ ਦੇ ਅਨੇਕਾਂ ਪੱਖ ਟਾਹਲੀ ਵਾਂਗ ਪੱਕੇ ਹਨ।
- ਤੁਹਾਡੀ ਜੇਬ ਵਿਚ ਪੈਸਾ ਹੋਣਾ ਚਾਹਿਦਾ ਹੈ, ਕੱਢਣ ਦਾ ਢੰਗ ਵਪਾਰੀ ਆਪੇ ਲਭ ਲੈਣਗੇ।
- ਅਮਰੀਕਾ ਕਿਸੇ ਤੋਂ ਪ੍ਰਭਾਵਿਤ ਨਹੀਂ ਹੁੰਦਾ, ਇਹ ਹਰ ਕਿਸੇ ਨੂੰ ਪ੍ਰਭਾਵਿਤ ਕਰਦਾ ਹੈ।
- ਅਨੇਕਾਂ ਆਪਣੀ ਲਾਪ੍ਰਵਾਹੀ ਨੂੰ ਆਜ਼ਾਦੀ ਕਹਿੰਦੇ ਹਨ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-921-1
9788171429219
Rs. 100/-